# ਜਲ, ਜੰਗਲ ਅਤੇ ਜ਼ਮੀਨ ਦਾ ਸੰਕਟ

(ਲੇਖ ਸੰਗ੍ਰਹਿ)

ਡਾ. ਅਜੀਤਪਾਲ ਸਿੰਘ ਐਮ. ਡੀ.

ਤਰਕਭਾਰਤੀ ਪ੍ਰਕਾਸ਼ਨ ਬਰਨਾਲਾ

# ਜਲ, ਜੰਗਲ ਅਤੇ ਜ਼ਮੀਨ ਦਾ ਸੰਕਟ

(ਲੇਖ ਸੰਗ੍ਰਹਿ)

**ਡਾ. ਅਜੀਤਪਾਲ ਸਿੰਘ ਐਮ. ਡੀ**

ਬੀਬੀ ਵਾਲਾ ਰੋਡ, ਗਲੀ ਨੰਬਰ 6, ਬਠਿੰਡਾ।

ਫ਼ੋਨ : 0164-2213535, ਮੋ. 94172 00340

ਪਹਿਲੀ ਵਾਰ : 2013

© ਲੇਖਕ

**ਪ੍ਰਕਾਸ਼ਕ :**

*ਤਰਕਭਾਰਤੀ ਪ੍ਰਕਾਸ਼ਨ,*

ਪੁਰਾਣੀ ਸਬਜ਼ੀ ਮੰਡੀ, ਕੱਚਾ ਕਾਲੇਜ ਰੋਡ, ਬਰਨਾਲਾ-148101

ਫ਼ੋਨ : 01679-241744, 233244 ਫ਼ੈਕਸ : 241744

Email : tarksheel@gmail.com

**ਛਾਪਕ :** **ਸ਼ਿਵ ਸ਼ਕਤੀ ਪ੍ਰਿੰਟਰਜ਼, ਨਵੀਂ ਦਿੱਲੀ।**

**ਕੀਮਤ :** **100/-**

*© 2013 All rights reserved*

*This book is sold subject to the condition that it shall not, by way of trade or otherwise, be lent, resold, hired out, or otherwise circulated without publisher's prior written consent on any form of binding or cover other then that in which it is published and without a similar condition including this condition being imposed on the subsequent purchaser and without limiting the rights under copyright reserved above, no part of this publication may be reproduced, stored in or introduced into a retrieval system, or transmitted in any form or by any means (electronic, mechanical, photocopying, recording or otherwise), without the prior written permission of both the copyright owner and the above-mentioned publisher of this book.*

## ਇਸ ਲੇਖਕ ਦੀ ਕਲਮ ਤੋਂ ਹੁਣ ਤੱਕ ਛਪੀਆਂ ਪੁਸਤਕਾਂ

1. ਸਿਹਤ ਸੰਭਾਲ
2. ਸਿਹਤ ਫੁਲਵਾੜੀ
3. ਡਾਕਟਰ ਦੀ ਸਲਾਹ
4. ਤੰਦਰੁਸਤ ਕਿਵੇਂ ਰਹੀਏ
5. ਅਜੋਕਾ ਸਭਿਆਚਾਰ ਬੇਨਕਾਬ
6. ਸਾਮਰਾਜੀ ਵਿਸ਼ਵੀਕਰਨ ਬੇਨਕਾਮ
   ਭਾਗ-1 ਭਾਗ-2
   ਭਾਗ-3 ਭਾਗ-4
7. ਸਾਮਰਾਜੀ ਝੱਖੜ
8. ਸਾਮਰਾਜ ਦੇ ਮਾੜੇ ਪ੍ਰਭਾਵ
9. ਸਾਮਰਾਜੀ ਜੋਕਾਂ
10. ਵਿਸ਼ਵ ਵਿਆਪੀ ਆਰਥਕ ਮੰਦੀ
11. ਜੰਜ਼ੀਰਾਂ ਬਨਾਮ ਮੇਹਨਤਕਸ਼
12. ਕਿਵ ਕੂੜੈ ਤੁਟੈ ਪਾਲਿ
13. ਵਪਾਰੀਕਰਨ ਦੇ ਦੁਰਪ੍ਰਭਾਵ
14. ਤੰਦਰੁਸਤੀ ਇੱਕ ਨਿਆਮਤ ਹੈ
15. ਮੌਜੂਦਾ ਵਿਕਾਸ ਬਨਾਮ ਮੇਹਨਤਕਸ਼
16. ਪੂੰਜੀਵਾਦ ਦਾ ਵਿਨਾਸ਼ ਜਰੂਰੀ
17. ਕਟਹਿਰੇ 'ਚ ਰਾਜਨੀਤੀ
18. ਦਾਗੀ ਰਾਜਨੀਤੀ ਦੇ ਨਾਇਕ
19. ਆਲਮੀ ਤਪਸ਼ ਤੇ ਮਹਿੰਗਾਈ
20. ਸ਼ੀਸ਼ਾ ਬੋਲਦਾ ਹੈ
21. ਸ਼ਬਦ ਬੂੰਦ
22. ਨੰਗੇ ਹਰਫ਼
23. ਭ੍ਰਿਸ਼ਟਾਚਾਰ ਦਾ ਖਾਤਮਾ ਕਿਵੇਂ?
24. ਪਛੜੇ ਵਰਗ ਦੀ ਮੁਕਤੀ ਕਿਵੇਂ?
25. ਕੌਮਾਂਤਰੀ ਸਮੱਸਿਆਵਾਂ
26. ਔਰਤਾਂ ਦੀ ਦਸ਼ਾ ਤੇ ਦਿਸ਼ਾ
27. ਮਾਓਵਾਦੀ ਵਿਚਾਰਧਾਰਾ ਤੇ ਆਦਿਵਾਸੀ
28. ਭ੍ਰਿਸ਼ਟਾਚਾਰ ਤੇ ਹੋਰ ਭਖਦੇ ਮਸਲੇ
29. ਫਾਂਸੀ, ਦੰਗੇ ਤੇ ਹੋਰ ਕੌਮੀ ਮਸਲੇ
30. ਬਿਮਾਰੀਆਂ ਤੋਂ ਬਚਾਅ ਕਿਵੇਂ?
31. ਗਰੀਬ ਬਨਾਮ ਭਾਰਤੀ ਅਰਥਚਾਰਾ
32. ਓਸਾਮਾ ਜਾਂ ਓਬਾਮਾ ਅੱਤਵਾਦੀ ਕੌਣ?
33. ਜਲ, ਜੰਗਲ ਅਤੇ ਜ਼ਮੀਨ ਦਾ ਸੰਕਟ
34. ਅਜੋਕੀ ਸਿੱਖਿਆ ਪ੍ਰਣਾਲੀ ਦਸ਼ਾ ਤੇ ਦਿਸ਼ਾ
35. ਅਜੋਕਾ ਜਲਵਾਯੂ ਸੰਕਟ ਅਤੇ ਸਿਹਤ ਸਮੱਸਿਆਵਾਂ

# ਤਤਕਰਾ


1. ਵਿਸ਼ਵੀ ਅਨਾਜ ਤੰਤਰ, ਅਨਾਜ ਖੁਦਮਖਤਿਆਰੀ ਤੇ ਭੂਮੀ ਸੁਧਾਰ 5
2. ਬਦਲਵੇਂ ਖੇਤੀ ਕਾਰਜ ਬਨਾਮ ਕਿਊਬਾ 'ਚ ਖੇਤੀ 20
3. ਭਾਰਤ ਸਮੇਤ ਵਿਕਾਸਸ਼ੀਲ ਦੇਸ਼ਾਂ 'ਚ ਅੰਨ ਸੰਕਟ 31
4. ਦੂਜਾ ਹਰਾ ਇਨਕਲਾਬ ਕੀ ਗੁਲ ਖਿਲਾਵੇਗਾ? 45
5. ਗਰੀਬ ਕਿਸਾਨ ਬਨਾਮ ਮੀਡੀਆ ਦੀ ਬੇਰੁਖੀ 49
6. ਸੋਕਾ ਦੀ ਰਾਜਨੀਤੀ ਬਨਾਮ ਰਾਜਨੀਤੀ ਦਾ ਸੋਕਾ 53
7. ਸਬਸਿਡੀ ਦੀ ਰਾਜਨੀਤੀ ਹੈ ਕੀ? 56
8. ਕੀ ਭੁਖਮਰੀ ਨਵ-ਉਦਾਰਵਾਦੀ ਆਰਥਕ ਨੀਤੀਆਂ ਦਾ ਸਿੱਟਾ ਹੈ? 59
9. ਸਬਜ਼ੀ ਲਾਉਣ ਵਾਲੇ ਕਿਸਾਨਾਂ ਦੀ ਦੁਰਦਸ਼ਾ ਕਿਵੇਂ? 63
10. ਵਿਸ਼ਵ ਵਿਆਪੀ ਭੁਖਮਰੀ ਦਾ ਜ਼ਿੰਮੇਵਾਰ ਕੌਣ? 67
11. ਕੀ ਭਾਰਤ 'ਚ ਮੁਰਦੇ ਬੋਲਣ ਲੱਗੇ? 73
12. ਕਦੋਂ ਤਕ ਹਕੂਮਤ ਨਿਰਦੋਸ਼ ਨਾਗਰਿਕਾਂ 'ਤੇ ਝੂਠੇ ਕੇਸ ਮੜ੍ਹਦੀ ਰਹੂ? 79
13. ਸਰਕਾਰੀ ਅਤਿਆਚਾਰ ਬਾਦਸੂਤਰ ਜਾਰੀ ਕਿਵੇਂ? 82
14. ਕੀ ਇਹ ਹੀ ਹੈ ਅਪ੍ਰੇਸ਼ਨ ਗਰੀਨ ਹੰਟ ਮੁਹਿੰਮ? 87
15. ਕੀ ਹਨ ਕੌਮੀ ਅੱਤਵਾਦ ਵਿਰੋਧੀ ਕੇਂਦਰ ਦੇ ਅਰਥ? 91
16. ਨੇਪਾਲ-ਵਰਤਮਾਨ ਤੇ ਭਵਿੱਖ 93
17. ਬੇਇਨਸਾਫੀ ਦੇ ਲੰਬੇ ਹੱਥ ਕਦੋਂ ਤੱਕ? 99
18. ਬਿਹਾਰ 'ਚ ਅੱਜ ਵੀ ਪਿੰਡਾਂ 'ਚ ਸਮੂਹਕ ਕਤਲੇਆਮ ਦਾ ਡਰ ਕਿਉਂ? 104
19. ਲੋਕ ਕਤਲੇਆਮ ਤੇ ਸਿਆਸਤ ਦਾ ਸੁਮੇਲ ਕਿਵੇ? 107
20. ਹਿੰਸਾ ਦੀਆਂ ਜੜ੍ਹਾਂ ਕਿਥੇ ਹਨ? 110
21. ਕਿਵੇਂ ਬੀਜਾਪੁਰ 'ਚ ਆਦੀਵਾਸੀਆਂ ਨੂੰ ਮਾਰਿਆ ਪੁਲਸ ਨੇ? 113
22. ਜੰਗ-ਲੁਟ-ਤੇ ਅਕਾਲ ਨਾਲ ਜੂਝਦਾ ਕਾਂਗੋ 120
23. ਆਦੀਵਾਸੀਆਂ ਨਾਲ ਵਾਅਦਾ ਖਿਲਾਫੀ ਕਿਵੇ? 125
24. ਜਾਤੀ, ਜ਼ਮੀਨ ਤੇ ਜਮਹੂਰੀਅਤ ਦਾ ਸੁਆਲ ਹੈ ਕੀ? 129
25. ਦਸ ਕਰੋੜ ਬਜੁਰਗਾਂ ਨੂੰ ਸਮਾਜਕ ਸੁੱਰਖਿਆ ਕਿਵੇਂ ਮਿਲੇ? 137
26. ਉੱਤਰ ਪ੍ਰਦੇਸ਼ 'ਚ ਅਖਿਲੇਸ਼ ਸਰਕਾਰ 'ਚ ਲੱਠਮਾਰਾਂ ਦੀ ਚੜ੍ਹਤ ਕਿਵੇ? 141
27. ਸਤਾ ਤਬਦੀਲੀ ਦੇ 65 ਸਾਲਾਂ ਪਿੱਛੋਂ ਕਿੱਥੇ ਹਾਂ ਅਸੀਂ? 145
28. ਬੰਬ ਵਿਸਫੋਟਾਂ ਦੀ ਸਾਜਿਸ਼ ਕਿਸਦੀ? 148
29. ਅਮੀਰ ਸਾਂਸਦ ਬਨਾਮ ਗਰੀਬ ਜਨਤਾ 158
30. ਕੀ ਹੈ ਬਿਹਾਰ 'ਚ ਕਤਲੇਆਮਾ ਦਾ ਇਤਿਹਾਸ ਤੇ ਭੂਮੀ ਸੁਧਾਰ? 154
31. ਕੀ ਨਕਸਲੀ ਅੰਦੋਲਨ ਦੇਸ਼ 'ਚ ਲੋਕ ਰਾਜ ਦੀ ਅਣਹੋਂਦ ਕਾਰਨ ਹੈ? 156
32. ਤਕਨੀਕੀ ਕਾਰਨਾਂ ਕਰਕੇ ਦੋਸ਼ੀ ਬਰੀ ਕਿਉਂ ਹੋਣ? 159

# ਵਿਸ਼ਵੀ ਅਨਾਜ ਤੰਤਰ, ਅਨਾਜ ਖੁਦਮਖਤਿਆਰੀ ਤੇ ਭੂਮੀ ਸੁਧਾਰ

ਬਹੁਤ ਸਾਰੇ ਲੋਕ ਜਿਸ 'ਤੇ ਲੰਮੇ ਸਮੇਂ ਤੋਂ ਵਿਚਾਰ ਕਰਦੇ ਆ ਰਹੇ ਸਨ, ਉਸ ਨੂੰ ਮੌਜੂਦਾ ਸੰਕਟ ਨੇ ਸਤਹਿ ਉਪਰ ਲੈ ਆਂਦਾ ਦੁਨੀਆਂ ਦਾ ਅਨਾਜ ਤੇ ਖੇਤਰੀ ਤੰਤਰ ਟੁੱਟ ਚੁੱਕਿਆ ਹੈ। ਇਸ ਨੂੰ ਗੰਭੀਰ ਸੰਕਟ ਦੇ ਸਿੱਟੇ ਰੂਪ 'ਚ ਕੁਝ ਵਿਜੇਤਾ ਬਚੇ ਹੋਏ ਹਨ ਜਿਸ 'ਚ 2007 ਤੇ 2008 'ਚ ਬੁਨਿਆਦੀ ਖੁਰਾਕੀ ਪਦਾਰਥਾਂ ਮੱਕੀ, ਕਣਕ, ਚਾਵਲ, ਸੋਆਬੀਨ ਦੀਆਂ ਕੀਮਤ ਨਾਟਕੀ ਢੰਗ ਨਾਲ ਵਧਦੀ ਹੈ ਉਤਰ ਤੇ ਸਿਰਫ 2008 ਦੇ ਉਤਰਾਅ 'ਚ ਜਾ ਕੇ ਤੇਜੀ ਨਾਲ ਡਿਗੀਆਂ। ਹਾਲਾਂਕਿ ਆਪਣੇ ਉਚਤਮ ਬਿੰਦੂ ਤੋਂ ਗਿਰਣ ਦੇ ਬਾਵਜੂਦ ਜਿਣਸਾਂ ਦੇ ਭਾਅ ਅਜੇ ਵੀ ਸੰਨ 2000 ਤੋਂ ਪਹਿਲਾਂ ਵਾਲੇ ਭਾਵਾਂ ਤੋਂ ਦੁਗਣੇ ਹਨ। ਸਭ ਦੇਸ਼ਾਂ 'ਚ ਉਪਭੋਗਤਾ ਕੀਮਤਾਂ ਅਜੇ ਵੀ ਉਚੀਆਂ ਹੈ। ਸਭ ਦੇਸ਼ਾਂ 'ਚ ਖਪਤ ਕੀਮਤਾਂ ਜਦ ਕਿ ਬੀਜਾਂ ਤੇ ਖਾਦਾਂ ਵਰਗੀਆਂ ਮਹਿੰਗੀਆਂ ਖੇਤੀ ਲਾਭਗਤ ਸਾਮਗਾਰੀਆਂ ਚਲਦਿਆਂ ਕਿਸਾਨ ਆਪਣੀ ਉਪਜ ਦੇ ਉਚੇ ਭਾਵਾਂ ਦਾ ਲਾਭ ਨਹੀਂ ਉਠਾ ਸਕੇ ਤੇ ਹੁਣ ਤੋਂ ਫਸਲਾਂ ਦੇ ਭਾਅ ਤੋਂ ਜਖ਼ਮੀ ਹਨ। ਇਸ ਵਿਵਸਥਾ 'ਚ ਅਸਲੀ ਲੋਕ, ਚਾਹੇ ਵੀ ਪ੍ਰੀਵਾਰਿਕ ਖੇਤੀ ਵਾਲੇ ਹੋਣ ਜਾ ਕਿਸਾਨ ਜਾਂ ਬਾਕੀ ਅਸੀਂ ਲੋਕ ਜੋ ਖਾਦ ਪਦਾਰਥਾਂ ਤੋਂ ਸਿਰਫ ਖਪਤ ਕਰਦੇ ਹਨ ਅਜਿਹੇ ਲੋਕਾਂ ਦਾ ਜਿਉਣਾ ਮੁਸ਼ਕਿਲ ਲੱਗਦਾ ਹੈ। ਹਮੇਸ਼ਾ ਵਿਚੋਲਿਆਂ ਹੀ ਵਿਸ਼ਵੀ ਨਿਗਮਾਂ ਦਾ ਛੋਟਾ ਜਿੰਨਾ ਪ੍ਰਭਾਵਸ਼ਾਲੀ ਸਮੂਹ ਹੀ-ਅਖਿਦ ਮੁਨਾਫੇ ਵਜੋਂ "ਅਥਾਹ ਲਾਭ" ਕਮਾਉਂਦਾ ਹੈ। ਜਦ ਅਸੀਂ ਇਸ ਪ੍ਰਣਾਲੀ ਨੂੰ ਧਰਤੀ 'ਤੇ ਉਤਾਰਿਆ ਇਸ ਜ਼ਮੀਨ 'ਤੇ ਜਿਸ 'ਤੇ ਦੁਨੀਆ ਭਰ 'ਚ ਖੇਤੀ ਕੀਤੀ ਜਾਂਦੀ ਹੈ ਤਾਂ ਇਸ ਸੁਆਲ ਸੰਬੰਧੀ ਕਿ ਇਸ 'ਤੇ ਖੇਤੀ ਕੌਣ ਕਰਦਾ ਹੈ, ਸਾਨੂੰ ਖੇਤੀ ਪੈਦਾਵਾਰ ਦੇ ਦੋ ਮਾਡਲਾਂ ਵਿੱਚ ਟਕਰਾਅ ਨਜ਼ਰ ਆਇਆ। ਇਸ 'ਚ ਪ੍ਰਭਾਵੀ ਮਾਡਲ, ਜਿਸ ਨੇ ਮੌਜੂਦਾ ਸੰਕਟ ਨੂੰ ਜਨਮ ਦਿੱਤਾ, ਦੇ ਤਹਿਤ ਖੇਤੀ ਕਾਰੋਬਾਰੀਆਂ ਵੱਲੋਂ ਕੀਤੀ ਜਾਣ ਵਾਲੀ ਵਪਾਰਕ ਇੱਕ ਫਸਲੀ ਖੇਤੀ ਆਉਂਦੀ ਹੈ, ਚਾਹੇ ਉਹ ਅਮਰੀਕਾ ਦੇ ਆਈ ਔਵਾਂ 'ਚ ਹੀ ਕੀਤੀ ਜਾਂਦੀ ਹੋਵੇ, ਜਾਂ ਬ੍ਰਾਜ਼ੀਲ, ਮਾਲੀ, ਸਪੇਨ, ਭਾਰਤ ਜਾਂ ਥਾਈਲੈਂਡ ਵਿੱਚ। ਬਦਕਿਸਮਤੀ ਨਾਲ ਹਰ ਥਾਂ ਦੀ ਇਹ ਦੋਨੋ ਦੇਸ਼ਾਂ ਦੇ ਸਥਾਨਕ ਖਪਤਕਾਰਾਂ ਲਈ ਨਹੀਂ ਹੈ। ਕਿਉਂਕਿ ਖੇਤੀ-ਵਪਾਰੀ ਖਾਸ ਤੌਰ 'ਤੇ ਅਨਾਜ ਪਦਾਰਥਾਂ ਦੀ ਪੈਦਾਵਾਰ ਉਥੋਂ ਦੀ ਅਬਾਦੀ ਲਈ ਨਹੀਂ ਕਰਦਾ, ਇਸ ਦੀ ਬਜਾਏ ਉਹ ਬਰਾਮਦੀ-ਪ੍ਰਣਾਲੀ 'ਚ ਲਿਪਤ ਹੈ। ਜਾਂ ਤਾਂ ਬਰਾਮਦੀ ਵਪਾਰ ਲਈ ਵਸਤਾਂ ਪੈਦਾ ਕੀਤੀਆਂ ਜਾਂਦੀਆ ਹਨ ਜਾਂ ਮਨੁੱਖਾਂ ਦੀ ਬਜਾਏ ਕਾਰਾਂ ਦਾ ਢਿੱਡ ਭਰਨ ਲਈ ਏਥਨਾਮ ਜਾਂ ਬਾਇਓ ਡੀਜ਼ਲ ਬਣਾਉਣ ਹਿੱਤ ਜੈਵ-ਪਦਾਰਥ ਉਗਾਇਆ ਜਾਂਦਾ ਹੈ। ਇਸ ਤਰ੍ਹਾਂ ਮਿਸਾਲ ਵਜੋਂ ਬ੍ਰਾਜੀਲ ਦੇ ਖੇਤੀ ਵਪਾਰੀ ਬ੍ਰਾਜੀਲ ਦੇ ਲੋਕਾਂ ਦਾ ਪੇਟ ਭਰਨ ਦੀ ਬਜਾਏ ਯੂਰਪ ਦੇ ਪਸ਼ੂਆਂ ਤੇ ਮੋਟਰ ਗੱਡੀਆਂ ਦਾ ਪੇਟ ਭਰਨ ਲਈ ਬੇਚੈਨ ਰਹਿੰਦੇ ਹਨ। ਖੇਤੀ 'ਚ ਕੰਮ ਆਉਣ ਵਾਲੀ ਤਕਨੀਕ ਵੀ ਘੱਟ ਦੁਖਦਾਈ ਨਹੀਂ ਹੈ ਜਿਵੇਂ ਭਾਰੀ ਮਸ਼ੀਨਾਂ, ਵਿਸ਼ਾਲ ਸਿੰਚਾਈ

ਪ੍ਣਾਲੀ, ਕੀਟਨਾਸ਼ਕ, ਖਪਤਵਾਰ-ਨਾਸ਼ਕ, ਉਲੀਨਾਸ਼ਕ, ਜੀਨ ਪ੍ਵਰਹਿਤ ਜੀਵ (ਜੀ. ਐਮ. ਓ) ਅਤੇ ਰਸਾਇਣਕ ਖਾਦਾਂ ਵਾਲੀ ਖੇਤੀ ਦੇ ਮੁਕਾਬਲੇ ਇਸ ਇੱਕ ਫਸਲੀ ਤਕਨੀਕ ਨਾਲ ਅਸਲ 'ਚ ਪ੍ਤੀ ਏਕੜ ਘੱਟ ਪੈਦਾਵਾਰ ਹੁੰਦੀ ਹੈ ਅਤੇ ਇਹ ਅਮਲ ਜ਼ਮੀਨ ਦੀ ਊਰਜਾ ਨੂੰ ਵੀ ਨਸ਼ਟ ਕਰ ਦਿੰਦਾ ਹੈ। ਇਹ ਮਿਟੀ ਨੂੰ ਕਠੋਰ ਤੇ ਬਾਂਝ ਬਣਾ ਦਿੰਦਾ ਹੈ ਅਤੇ ਕੀਟਨਾਸ਼ਕ ਦੀ ਲਗਾਤਾਰ ਵਧਦੀ ਮਾਤਰਾ ਨਾਲ ਕੀੜੇ ਮਕੌੜਿਆਂ 'ਚ ਪ੍ਤੀ ਰੋਧਕ ਸਮਰੱਥਾ ਵਿਕਸਤ ਹੋ ਜਾਂਦੀ ਹੈ। ਇਸ ਤਰ੍ਹਾਂ ਦੀ ਖੇਤੀ ਭਾਰੀ ਪੈਮਾਨੇ 'ਤੇ ਪੈਟਰੋਲੀਅਮ 'ਤੇ ਨਿਰਭਰ ਹੈ। ਇਸ ਤੋਂ ਇਲਾਵਾ ਮੌਜੂਦਾ ਖੁਰਾਕੀ ਪਦਾਰਥਾਂ ਦੀ ਕੀਮਤਦਨੇ ਸੰਕਟ ਨੂੰ ਵੇਖਦਿਆਂ ਅਸੀਂ ਐਸੀ ਪੈਦਾਵਾਰੀ ਤਕਨੀਕ ਨੂੰ ਮੁਸ਼ਕਿਲ ਨਾਲ ਹੀ ਬਰਦਾਸ਼ਿਤ ਕਰ ਸਕਦੇ ਹਾਂ। ਜੋ ਤੇਲ ਦੇ ਭਾਅ ਅਤੇ ਖੁਰਾਕੀ ਪਦਾਰਥਾਂ ਦੇ ਭਾਅ ਵਿਚਕਾਰ ਸਬੰਧ ਨੂੰ ਚਿਰਸਥਾਈ ਬਣਾ ਦਿੰਦੀ ਹੈ। ਜਦ ਇੱਕ ਵਾਰੀ ਇਕ ਬੈਰਲ ਪ੍ਰੈਟੋਲੀਅਮ ਦਾ ਭਾਅ ਡਿਗ ਪਿਆ ਤਾਂ ਜ਼ਰੂਰੀ ਨਹੀਂ ਕਿ ਉਹ ਹਮੇਸ਼ਾ ਘੱਟ ਹੀ ਰਹੇ। ਇਸ ਲਈ ਸਾਨੂੰ ਤੁਰੰਤ ਐਸੀ ਵਾਤਾਵਰਣ ਰਖਿਅਕ ਖੇਤੀ ਤਕਨੀਕ ਦੀ ਲੋੜ ਹੈ ਜੋ ਛੋਟੀ ਜੋਤ ਵਾਲੀ ਖੇਤੀ ਲਈ ਵਧ ਫਾਇਦੇਮੰਦ ਹੋਵੇ। ਖੇਤੀ-ਵਪਾਰੀ ਦੇ ਉਲਟ? ਪ੍ਵਾਰਿਕ ਖੇਤ ਮਜ਼ਦੂਰ ਤੇ ਕਿਸਾਨ ਆਪਣੇ ਸਥਾਨਕ ਤੇ ਕੌਮੀ ਬਾਜ਼ਾਰ ਲਈ ਅੰਨ ਪੈਦਾ ਕਰਦੇ ਹਨ। ਇੱਕ ਦੇਸ਼ ਤੋਂ ਦੂਜੇ ਦੇਸ਼ ਤੱਕ ਛੋਟੇ ਕਿਸਾਨਾਂ ਦੇ ਹੱਥ 'ਚ ਜ਼ਮੀਨ ਦਾ ਜਿੰਨਾ ਰਕਬਾ ਹੈ ਉਸ ਦੇ ਅਨੁਪਾਤ 'ਚ ਉਹਨਾਂ ਦੀ ਅਨਾਜ ਪੈਦਾਵਾਰ ਦਾ ਅਨੁਪਾਤ ਵੱਧ ਇਥੋਂ ਤੱਕ ਕਿ ਦੁੱਗਣੇ ਤੋਂ ਵੀ ਵੱਧ ਹੁੰਦਾ ਹੈ। ਅਜੇਹੇ ਕਿਸਾਨ ਅਨਾਜ ਪੈਦਾਵਾਰ 'ਚ ਮੋਹਰੀ ਹਨ ਅਤੇ ਬਰਾਮਦ ਤੇ ਬਾਇਓ ਡੀਜ਼ਲ ਪੈਦਾਵਾਰ 'ਚ ਪਿੱਛੇ ਹਨ ਕਿਉਂਕਿ ਉਹ ਮੁੱਖ ਤੌਰ 'ਤੇ ਅਨਾਜ ਪੈਦਾਵਾਰ ਦੇ ਪੇਸ਼ੇ 'ਚ ਲੱਗੇ ਹੁੰਦੇ ਹਨ। ਛੋਟੇ ਕਿਸਾਨਾਂ ਨੂੰ ਖੇਤਾਂ ਤੋਂ ਉਜਾੜ ਕੇ ਉਹਨਾਂ ਨੂੰ ਉਜੜਿਆਂ ਦੀ ਧਾਰਾ 'ਚ ਸ਼ਾਮਲ ਕਰਕੇ ਅਜਾਰੇਦਾਰੀ ਮਾਡਲ ਸਿੱਧੀਸਾਦੀ ਅਨਾਜ ਪੈਦਾਵਾਰ ਦੀ ਜੜ੍ਹ ਪੁਟਦਾ ਹੈ। ਜਿਵੇਂ ਕਿ ਜੈਪਤਿਸਤਾ ਦੇ ਸਬਕਮਾਂਡੈਟ ਮਾਰਕੋਸ਼ ਨੇ ਕਿਹਾ ਹੈ – "ਮੌਤ ਦਾ ਮਾਡਲ " ਖੇਤੀ ਵਪਾਰ ਸਨਅਤੀ ਇੱਕ ਫਸਲੀ ਖੇਤੀ" "ਜੀਵਨ ਦੇ ਮਾਡਲ" ਨੂੰ ਤਬਾਹ ਕਰ ਰਹੀ ਹੈ। ਯਾਨੀ ਕਿ ਇਹ ਅਨਾਜ ਪੈਦਾਵਾਰ 'ਚ ਲੱਗੇ ਕਿਸਾਨ ਤੇ ਪ੍ਰੀਵਾਰਿਕ ਖੇਤ ਮਜ਼ਦੂਰਾਂ ਨੂੰ ਤਬਾਹ ਕਰ ਰਹੀ ਹੈ। ਇਸ ਰੁਝਾਣ ਨੂੰ ਉਲਟਾਉਣ ਤੇ ਖੇਤੀ 'ਚ ਕੰਮ ਕਰਦੇ ਲੋਕਾਂ ਨੂੰ ਸਨਮਾਨਜਨਕ ਜ਼ਿੰਦਗੀ ਮੁਹਈਆ ਕਰਨ ਦੇ ਲਈ ਤੇ ਪੇਂਡੂ ਵਾਤਾਵਰਨ ਦੀ ਰਾਖੀ ਤੇ ਅਨਾਜ ਸੰਕਟ ਦੇ ਢਾਂਚਾਗਤ ਕਾਰਨਾਂ ਨੂੰ ਸੁਧਾਰਨ ਲਈ ਸਾਨੂੰ ਪ੍ਰੀਵਾਰਿਕ ਤੇ ਕਿਸਾਨੀ ਖੇਤੀ ਨੂੰ ਪੁਨਰਜੀਵਤ ਕਰਨ ਦੀ ਲੋੜ ਹੈ। ਇਸ ਦਾ ਮਤਲਬ ਹੈ, ਨਵਉਦਾਰਵਾਦੀ ਨੀਤੀਆਂ ਤਹਿਤ ਖਤਮ ਕੀਤੇ ਜਾ ਰਹੇ ਜਨਤਕ ਖੇਤਰ ਦੇ ਪੇਂਡੂ ਬਜਟ, ਘੱਟੋ-ਘੱਟ ਮੁੱਲ ਦੀ ਗਰੰਟੀ ਉਧਾਰ ਤੇ ਦੂਜੇ ਸਰਕਾਰੀ ਸਹਿਯੋਗ ਨੂੰ ਮੁੜ ਸਥਾਪਤ ਕਰਨਾ ਤੇ ਜਮੀਨ ਦੀ ਮੁੜ ਵੰਡ ਵਾਲਾ ਖੇਤੀ ਸੁਧਾਰ ਲਾਗੂ ਕਰਨਾ। (ਬਿਨਾ ਭੂਮੀ) ਸੁਧਾਰ ਦੇ ਕਈ ਦੇਸ਼ਾਂ ਵਿੱਚ ਕਿਸਾਨੀ ਪ੍ਰੀਵਾਰਕ ਖੇਤੀ ਦੇ ਖੇਤਰ ਨੂੰ ਮੁੜ ਉਸਾਰਿਆ ਨਹੀਂ ਜਾ ਸਕਦਾ ਹੈ। ਜੋ ਕਿ ਬਰਾਮਦਕਾਰ ਅਭਿਜਾਤ ਵਰਗਾਂ ਤੋਂ ਜ਼ਮੀਨ ਲੈ ਕੇ ਉਸ ਨੂੰ ਅਨਾਜ ਉਤਪਾਦਕ ਕਿਸਾਨਾਂ ਤੇ ਪ੍ਰੀਵਾਰਿਕ ਖੇਤੀ ਮਜ਼ਦੂਰਾਂ 'ਚ ਪੁਨਰਵਿਤਰਤ ਕਰੇਗਾ। ਕੌਮੀ ਕਿਸਾਨ ਸੰਘਰਸ਼ ਰਾਹੀਂ ਪੇਸ਼ ਸਾਡੇ ਅਨਾਜ ਤੇ ਖੇਤੀ ਪ੍ਣਾਲੀ ਦੇ ਵਿਕਲਪਿਕ ਪ੍ਸਤਾਵ ਦਾ ਇਹ ਕੇਂਦਰੀ

ਥੰਮ ਹੈ।

## ਅਨਾਜ ਪ੍ਰਭੂਸੱਤਾ

ਦੁਨੀਆਂ ਦੇ ਅਨੇਕ ਕਿਸਾਨ ਪ੍ਰੀਵਾਰ, ਕਿਸਾਨ, ਭੂਮੀਹੀਣ ਪੇਂਡੂ ਮਜ਼ਦੂਰ, ਮੂਲ ਨਿਵਾਸੀ ਲੋਗ, ਪੇਂਡੂ ਨੌਜਵਾਨ ਤੇ ਪੇਂਡੂ ਔਰਤਾਂ ਇਸ ਵੇਲੇ ਵਿਸ਼ਵੀ ਗਠਜੋੜ ਲਾ ਵਿਆ ਕੈਮਪੇਸਿਨਾ 'ਚ ਸ਼ਾਮਲ ਹੋ ਗਏ। ਵਿਆ ਕੈਮਪੇਸਿਨਾ ਅਨੁਸਾਰ ਅਸੀਂ ਪੇਂਡੂ ਦੁਨੀਆਂ ਲਈ ਆਰਥਕ, ਸਮਾਜਕ ਤੇ ਸਭਿਆਚਾਰਕ ਵਿਕਾਸ ਦੇ ਦੋ ਮਾਡਲਾਂ ਵਿਚਕਾਰ ਇੱਕ ਇਤਿਹਾਸਕ ਸੰਘਰਸ਼ ਦਾ ਸਾਹਮਣਾ ਕਰ ਰਹੇ ਸਨ ਅਤੇ ਵਿਆ ਕੈਮਪਸਿਨਾ ਨੇ ਅਨਾਜ ਪ੍ਰਭੂਸੱਤਾ ਆਰਥਕ ਤੇ ਸਮਾਜਕ ਮਨੁੱਖੀ ਅਧਿਕਾਰਾਂ ਦੀ ਧਾਰਨਾ ਨਾਲ ਸ਼ੁਰੂ ਹੁੰਦੀ ਹੈ, ਜਿਸ ਵਿੱਚ ਭੋਜਨ ਦਾ ਅਧਿਕਾਰ ਸ਼ਾਮਲ ਹੈ। ਪਰ ਇਹ ਇਸ ਨਾਲ ਅਤੇ ਅੱਗੇ ਜਾ ਕੇ ਕਹਿੰਦਾ ਹੈ ਕਿ ਪੇਂਡੂ ਲੋਕਾਂ ਲਈ ਭੂਮੀ ਦਾ ਅਧਿਕਾਰ ਤੇ "ਪੈਦਾਵਾਰ ਦਾ ਅਧਿਕਾਰ" ਇੱਕ ਉਪਸਿਧਾਂਤ ਅਧਿਕਾਰ ਹੈ। ਅਨਾਜ ਪ੍ਰਭੂਸੱਤਾ ਦਾ ਤਰਕ ਹੈ ਕਿ ਕਿਸੇ ਕੌਮ ਦੇ ਲੋਕਾਂ ਨੂੰ ਭੋਜਨ ਮੁਹਈਆ ਕਰਵਾਉਣਾ ਕੌਮੀ ਸੁਰੱਖਿਆ ਦਾ ਮੁੱਦਾ ਹੈ- ਜੇ ਤੁਸੀਂ ਇਸ ਨੂੰ ਕਰ ਸਕੋਂ ਤਾਂ ਇਹ ਸਮਪ੍ਰਭੂਤਾ ਵੀ ਮੁੱਦਾ ਹੈ ਜੇ ਕਿਸੇ ਦੇਸ਼ ਦੀ ਅਬਾਦੀ ਦੋ ਵਕਤ ਦੀ ਰੋਟੀ ਲਈ ਵਿਸ਼ਵ ਅਰਥਚਾਰੇ ਦੀ ਸਨਕ ਤੇ ਮੁੱਲਾਂ 'ਚ ਉਤਰਾਅ ਚੜ੍ਹਾਅ 'ਤੇ ਜਾਂ ਕਿਸੇ ਮਹਾਂਸ਼ਕਤੀ ਦੀ ਇੱਛਾ ਉਪਰ ਕਿ ਇਹ ਭੋਜਨ ਨੂੰ ਇੱਕ ਹਥਿਆਰ ਵਜੋਂ ਵਰਤੇ ਜਾਂ ਨਾ ਵਰਤੇ, ਨਿਰਭਰ ਹੋਵੇਗੀ ਜਾਂ ਲੰਬੀ ਦੂਰੀ ਦੇ ਨੋਪ੍ਰਿਵਨ ਦੀ ਭਾਰੀ ਲਾਗਤ ਤੇ ਬੇਯਕੀਨੀ 'ਤੇ ਨਿਰਭਰ ਹੋਵੇਗੀ ਤਾਂ ਇਹ ਦੇਸ਼ ਸੁਰੱਖਿਅਤ ਨਹੀਂ ਹੈ। -ਨਾ ਤਾਂ ਕੌਮੀ ਸੁਰੱਖਿਆ ਦੇ ਨਜ਼ਰੀਏ ਤੋਂ ਤੇ ਨਾ ਹੀ ਅਨਾਜ ਸੁਰੱਖਿਆ ਦੇ ਨਜ਼ਰੀਏ ਤੋਂ। ਇਸ ਲਈ ਅਨਾਜ ਸੁਰੱਖਿਆ ਦੀ ਧਾਰਨਾ, ਅਨਾਜ ਸੁਰੱਖਿਆ ਤੋਂ ਅੱਗੇ ਜਾਂਦੀ ਹੈ ਜੋ ਇਹ ਨਹੀਂ ਦੱਸਦੀ ਕਿ ਭੋਜਨ ਕਿੱਥੋਂ ਆਉਂਦਾ ਹੈ ਤੇ ਇਸ ਦੀ ਪੈਦਾਵਾਰ ਕਿਵੇਂ ਕੀਤੀ ਜਾਂਦੀ ਹੈ। ਅਸੀਂ ਖਾਦ ਪ੍ਰਭੂਤਾ ਨੂੰ ਹਾਸਲ ਕਰਨ ਲਈ ਪੇਂਡੂ ਖੇਤਰਾਂ 'ਚ ਲੋਕਾਂ ਪਾਸ ਉਤਪਾਦਕ ਭੂਮੀ ਮੁਹਈਆ ਹੋਣੀ ਚਾਹੀਦੀ ਹੈ ਅਤੇ ਫਸਲ ਦੀ ਏਨੀ ਕੀਮਤ ਮਿਲਣੀ ਚਾਹੀਦੀ ਹੈ ਜਿਸ ਨਾਲ ਉਹ ਆਪਣੇ ਦੇਸ਼ ਵਾਸੀਆਂ ਦਾ ਪੇਟ ਭਰਦੇ ਹੋਇਆਂ ਖੁਦ ਵੀ ਇਕ ਬੇਹਤਰ ਜਿੰਦਗੀ ਜਿਉਂ ਸਕਣ। ਪਰ ਇਸਦਾ ਅਰਥ ਇਹ ਵੀ ਹੈ ਕਿ ਭੂਮੀ ਤੇ ਪੈਦਾਵਾਰੀ ਸਾਧਨਾਂ ਤਕ ਪਹੁੰਚ ਹੀ ਕਾਫੀ ਨਹੀਂ ਹੈ। ਵਪਾਰ ਗੱਲਬਾਤਾਂ ਮੌਜੂਦ ਜੋ ਬਰਾਮਦ ਲਈ ਬਜ਼ਾਰ 'ਤੇ ਪਕੜ ਬਣਾਉਣ ਤੋਂ ਉਪਰ ਹਨ। ਇਹ ਘਰੇਲੂ ਉਤਪਾਦਕਾਂ ਲਈ ਘਰੇਲੂ ਬਾਜ਼ਾਰ ਦੀ ਸੁਰੱਖਿਆ ਨੂੰ ਹਰਜਾ ਪਹੁੰਚਾਉਂਦਾ ਹੈ। ਜੋ ਕਿ ਗੰਭੀਰ ਸਮੱਸਿਆ ਹੈ। ਵਿਆ ਕੈਮਪੇਸਿਨਾ ਅਨੁਸਾਰ ਅਨਾਜ ਪ੍ਰਭੂਸੱਤਾ ਸਥਾਨਕ ਉਤਪਾਦਕਾਂ ਦੀ ਬਾਜ਼ਾਰ ਤੱਕ ਪਹੁੰਚਣੀ ਨੂੰ ਤਰਜੀਹ ਦਿੰਦੀ ਹੈ। ਉਦਾਰੀਕ੍ਰਿਤ ਖੇਤੀ ਵਪਾਰ ਜੋ ਬਾਜ਼ਾਰ ਦੀ ਸ਼ਕਤੀ ਤੇ ਅਕਸਰ ਸਰਕਾਰੀ ਮਦਦ ਰਾਹੀਂ ਘੱਟ ਕੀਮਤ ਦੇ ਅਧਾਰ 'ਤੇ ਬਾਜਾਰ 'ਚ ਪਹੁੰਚ ਮੁਹਈਆ ਕਰਦਾ ਹੈ। ਆਪਣੇ ਹੀ ਬਾਜ਼ਾਰਾਂ 'ਚ ਸਥਾਨਕ ਉਤਪਾਦਿਕਾਂ ਦੀ ਪਹੁੰਚ ਨੂੰ ਨਕਾਰਦਾ ਹੈ। ਕਿਸਾਨਾਂ ਨੂੰ ਪੈਦਾਵਾਰ 'ਚ ਕਟੌਤੀ ਕਰਨ 'ਤੇ ਮਜ਼ਬੂਰ ਕਰਦਾ ਹੈ ਅਤੇ ਸਥਾਨਕ ਤੇ ਖੇਤਰੀ ਆਰਥਕ ਵਿਕਾਸ ਨੂੰ ਘੱਟ ਕਰਦਾ ਹੈ। ਪੇਂਡੂ ਖੇਤਰਾਂ 'ਚ ਸਥਾਨਕ ਆਰਥਕ ਵਿਕਾਸ ਨੂੰ ਹੱਲਾਸ਼ੇਰੀ ਦੇਣ ਦਾ ਇੱਕ ਤਰੀਕਾ ਪੈਦਾਵਾਰ

ਤੇ ਖਪਤ ਦੇ ਸਥਾਨਕ ਪ੍ਰੀਪੱਖ ਨੂੰ ਬਹਾਲ ਕਰਦਾ ਹੈ। ਜਿਥੇ ਕਿਸਾਨ ਪਰਿਵਾਰ ਸਥਾਨਕ ਪਿੰਡਾਂ ਤੇ ਸ਼ਹਿਰਾਂ ਵਿਚ ਆਪਣੀ ਉਪਜ ਨੂੰ ਵੇਚ ਸਕਣ ਤੇ ਉਹਨਾਂ ਸ਼ਹਿਰਾਂ ਦੇ ਵਪਾਰੀਆਂ ਤੋਂ ਆਪਣੀ ਲੋੜਦੀਆਂ ਵਸਤੂਆਂ ਖਰੀਦ ਸਕਣ। ਪਿੱਛੇ ਜਿਹੇ ਹੀ ਬ੍ਰਾਜੀਲ 'ਚ ਕੀਤੇ ਗਏ ਇੱਕ ਮਹੱਤਵਪੂਰਨ ਅਧਿਐਨ ਤੋਂ ਇਹ ਸਪੱਸ਼ਟ ਰੂਪ 'ਚ ਵੇਖਿਆ ਗਿਆ ਹੈ, ਕਿ ਖੇਤੀ ਸੁਧਾਰ ਬੰਦੋਬਸਤ ਦਾ ਹੋਣਾ ਜੋ ਅਕਸਰ ਕਿਸਾਨ ਸੰਘਰਸ਼ਾਂ ਦੁਆਰਾ ਜਮੀਨ ਦੀ ਕਬਜ਼ੇਦਾਰੀ ਦੇ ਸਿੱਟੇ ਵਜੋਂ ਸੰਭਵ ਹੋਇਆ, ਸਥਾਨਕ ਅਰਥਚਾਰੇ ਦੀ ਮਜ਼ਬੂਤੀ ਵਧਾ ਦਿੰਦਾ ਹੈ। ਤੇ ਉਹ ਵੀ ਉਦੋਂ ਜਦੋਂ ਕਿਸੇ ਦੇਸ਼ ਪਾਸ ਇੱਕ ਵਿਆਪਕ ਖੇਤੀ ਸੁਧਾਰ ਨੀਤੀ ਦੀ ਘਾਟ ਹੈ।

ਬਰਾਮਦ ਮੁਖੀ ਤੇ ਅਜ਼ਾਦ ਵਪਾਰ 'ਤੇ ਅਧਾਰਤ ਜ਼ਮੀਨ ਦਾ ਸੰਕੇਂਦਰਣ, ਲੋਕਾਂ ਦਾ ਉਜਾੜਾ ਤੇ ਵੱਡੇ ਫਾਰਮਾਂ ਰਾਹੀਂ ਸਨਅਤੀ ਖੇਤੀ ਦੇ ਮਾਡਲ 'ਤੇ ਅਧਾਰਤ ਵਿਕਾਸ ਕਰਨ ਦੀ ਦਿਸ਼ਾ ਵਿੱਚ ਨੂੰ ਬਦਲ ਕੇ ਹੀ ਅਸੀਂ ਵਧਦੇ ਕੰਗਾਲੀਕਰਨ, ਘੱਟ ਮਜ਼ਦੂਰੀ, ਪਿੰਡਾਂ ਤੋਂ ਸ਼ਹਿਰਾਂ ਵੱਲ ਪਲਾਇਨ, ਵਾਤਾਵਰਣ ਦਾ ਵਿਨਾਸ਼ ਤੇ ਅਨਾਜ ਸੰਕਟ ਨੂੰ ਰੋਕ ਸਕਦੇ ਹਨ। ਪੁਨਰਵੰਡ ਭੂਮੀ ਸੁਧਾਰ ਤੇ ਦਬਾਅ ਵਾਲੀ ਵਪਾਰਕ ਨੀਤੀਆਂ 'ਚ ਤਬਦੀਲੀ ਹੀ ਉਸ ਤਬਦੀਲੀ ਦੀ ਉਮੀਦ ਜਗਾ ਸਕਦਾ ਹੈ। ਜਿਸ 'ਚ ਲੋਕਾਂ ਦਾ ਪੇਟ ਭਰਨ 'ਚ ਸਮਰੱਥ ਛੋਟੇ ਖੇਤ, ਪ੍ਰੀਵਾਰ ਅਧਾਰਤ ਮਾਡਲ ਜਾਂ ਸਹਿਕਾਰੀ ਮਾਡਲ ਨੂੰ ਹੋਰ ਵਧਾ ਸਕਦਾ ਹੈ। ਜੋ ਵਪਾਰਕ ਅਧਾਰ ਵਾਲੇ ਆਰਥਕ ਵਿਕਾਸ ਵੱਲ ਵਧਦੀ ਹੋਵੇ ਤੇ ਜੈਵ ਵਿਭੰਨਤਾ ਤੇ ਪੈਦਾਵਾਰੀ ਸਾਧਨਾਂ ਦੀ ਰਾਖੀ ਕਰ ਸਕੇ। ਇਸ ਪ੍ਰਸੰਗ 'ਚ ਖੇਤੀ ਸੁਧਾਰ ਦੇ ਮੌਜੂਦਾ ਘਟਨਾਕ੍ਰਮ ਦੀ ਸਮੀਖਿਆ ਕਰਨੀ ਫਾਇਦੇਮੰਦ ਹੈ।

**ਵੱਖ-ਵੱਖ ਥਾਵਾਂ 'ਤੇ ਚਲ ਰਿਹਾ ਖੇਤੀ ਸੁਧਾਰ** : - ਪਿਛਲੇ ਇਕ ਦਹਾਕੇ ਜਾਂ ਉਸ ਤੋਂ ਵੱਧ ਸਮੇਂ ਤੋਂ ਸੰਸਾਰ ਬੈਂਕ ਭੂਮੀਕਾਸ਼ਤਕਾਰੀ 'ਚ ਵਿਆਪਕ "ਸੁਧਾਰ" ਨੂੰ ਹੱਲਾਸ਼ੇਰੀ ਦੇਣ ਤੇ ਕੁਝ ਮਾਮਲਿਆਂ ਵਿੱਚ ਤਾਂ ਵਿਤੀ ਸਹਾਇਤਾ ਦੇਣ ਵਿੱਚ ਵੀ ਵਧ ਚੜ੍ਹ ਕੇ ਭੂਮਿਕਾ ਨਿਭਾ ਰਿਹਾ ਹੈ। ਜਿਸ 'ਚ ਜ਼ਮੀਨ ਦੀ ਹੱਕਦਾਰੀ ਮਾਲਕੀ ਦਾ ਨਕਸ਼ਾ ਤੇ ਜ਼ਮੀਨ ਦੀ ਰਜਿਸਟਰੀ ਸਮੇਤ ਜ਼ਮੀਨ ਦੀ ਖਰੀਦ-ਵਿਕਰੀ ਦੀ ਬਜ਼ਾਰ ਦੀ ਸਹੂਲਤ, ਬਾਜ਼ਾਰ ਦੇ ਸਹਿਯੋਗ ਜਾਂ ਆਪਸੀ ਗੱਲਬਾਤ ਨਾਲ ਪੁਨਰਵੰਡ ਸੁਧਰ ਤੇ ਕਰਜ਼ੇ, ਤਕਨੀਕੀ ਸਹਾਇਤਾ, ਵਿਪਣਨ ਹਮਾਇਤ ਆਦਿ ਸ਼ਾਮਲ ਹਨ। ਹਾਲਾਂ ਉਹ ਇਸ ਨੂੰ "ਭੂਮੀ ਸੁਧਾਰ" ਕਹਿੰਦੇ ਹਨ ਅਤੇ ਸ਼ੁਕਰ ਹੈ ਕਿ ਉਸਨੇ ਇਸ ਜੁਮਲੇ ਨੂੰ ਅਛੂਤ ਨਹੀਂ ਸਮਝਿਆ ਹੈ ਇਹ ਸਭ ਅਸਲ ਵਿੱਚ ਜ਼ਮੀਨ ਦੇ ਨਿਜੀਕਰਣ ਦੇ ਤੱਤ ਹਨ ਅਤੇ ਪੇਂਡੂ ਲੋਕਾਂ ਦੇ ਸਮੂਹਕ ਅਧਿਕਾਰ ਨੂੰ ਇਹ ਖਰੀਦਣ ਵੇਚਣ ਵਾਲੀ ਵਸਤੂ 'ਚ ਬਦਲ ਰਹੇ ਹਨ। ਜਿੱਥੇ ਪੈਸਾ ਹੀ ਜਮੀਨ ਹਾਸਲ ਕਰਨ ਦਾ ਮੁੱਖ ਰਾਹ ਹੈ। ਇਹਨਾਂ ਨੀਤੀਗਤ ਵਾਤਾਵਰਣ 'ਚ ਸਰਕਾਰ ਕੌਮੀ ਤੇ ਖੇਤਰੀ ਅਦਾਰੇ, ਸਹਾਇਤਾ ਏਜੰਸੀਆਂ ਤੇ ਹੋਰ ਵਿਕਾਸ ਬੈਂਕ ਵੀ ਸੰਸਾਰ ਬੈਂਕ ਦੀ ਪਹਿਲ ਦੀ ਨਕਲ ਕਰ ਰਹੇ ਹਨ। ਅਤੇ ਇਹਨਾਂ ਵਿੱਚੋਂ ਕੁਝ ਜਾਂ ਕਈ ਦੇਸ਼ਾਂ 'ਚ ਤਾਂ ਸਭ ਸੁਧਾਰਾਂ ਨੂੰ ਹਮਲਾਵਰ ਢੰਗ ਨਾਲ ਲਾਗੂ ਕਰ ਰਹੇ ਹਨ। ਸੰਸਾਰ ਬੈਂਕ ਦੀ ਜਮੀਨ ਸੰਬੰਧੀ ਨੀਤੀ ਆਪਣੇ ਬਾਜ਼ਾਰ ਅਧਾਰਿਤ ਤਰੀਕਿਆਂ ਕਾਰਨ ਜਿਸ ਨੇ ਕਈ ਕੇਸਾਂ 'ਚ ਸਥਿਤੀ ਨੂੰ ਵੱਧ ਬਦਤਰ ਬਣਾਇਆ ਹੈ, ਪ੍ਰਵਚਨਾ ਪਿੱਛੇ ਦੇ ਕਾਰਨਾਂ ਦਾ ਪਤਾ ਲਾਉਣ ਵਿੱਚ ਪੂਰੀ

ਤਰ੍ਹਾਂ ਅਸਫਲ ਰਹੀ ਹੈ। ਭੂਮੀ ਹੱਕਦਾਰੀ ਪ੍ਰੋਗ੍ਰਾਮ ਨਵੇਂ ਸਿਰੇ ਤੋਂ ਜ਼ਮੀਨ ਗੁਆਉਣ ਵੱਲ ਲੈ ਜਾ ਸਕਦਾ ਹੈ, ਜਿਵੇਂ ਕਿ ਥਾਈਲੈਂਡ ਸੰਬੰਧੀ ਹੋਇਆ। ਜਿਥੇ ਕੌਮੀ ਆਰਥਕ ਸੰਕਟ ਦੌਰਾਨ ਜਦ ਲੋਕਾਂ ਨੂੰ ਜ਼ਮੀਨ ਵੇਚਣ ਦੀ ਛੋਟ ਦੇ ਦਿੱਤੀ ਗਈ ਤਾਂ ਉਹਨਾਂ ਨੇ ਉਹ ਜਮੀਨ ਅਚਾਨਕ ਹੀ ਗੁਆ ਲਈ। ਜਿਸ ਦੀ ਉਹਨਾਂ ਨੇ ਲਗਾਤਾਰ ਕਈ ਪੀੜ੍ਹੀਆ ਤੋਂ ਵਰਤੋਂ ਕੀਤੀ ਸੀ।

ਮੈਕਸੀਕੋ ਜਿੱਥੇ ਕਦੀ ਸ਼ਕਤੀਸ਼ਾਲੀ ਰਿਸ਼ਤੇ ਆਦਰਸ਼ ਹੋਇਆ ਕਰਦੇ ਸਨ ਹੁਣ ਸਮਹੂਕ ਭੂਮੀ ਦੇ ਨਿੱਜੀ ਸੀਮਾਂਕਰਨ ਨੇ ਪੜੋਸੀਆਂ ਵਿਚਕਾਰ ਹਿੰਸਕ ਝਗੜੇ-ਫਸਾਦਾਂ ਨੂੰ ਜਨਮ ਦਿੱਤਾ। ਇਸ ਤੋਂ ਇਲਾਵਾ ਬ੍ਰਾਜੀਲ ਤੇ ਗਵਾਟੇਮਾਲਾ 'ਚ ਬੈਂਕ-ਪੋਸ਼ਿਤ ਭੂਮੀ ਕਰਜੇ ਦੇ ਅਖੌਤੀ ਲਾਭ ਅਰਥੀਆਂ ਨੂੰ ਖਰਾਬ ਕਿਸਮ ਦੀ ਮਹਿੰਗੀ ਜ਼ਮੀਨ ਬਦਲੇ ਭਾਰੀ ਕਰਜੇ 'ਚ ਜਕੜ ਦਿੱਤਾ ਗਿਆ। ਸਭ ਤੋਂ ਬੁਰੀ ਚੀਜ਼ ਇਹ ਹੈ ਕਿ ਬਾਜ਼ਾਰ ਅਧਾਰਿਤ "ਹੱਲ" ਦਾ ਝੁਕਾਅ ਬੇਜ਼ਮੀਨੀ ਦੇ ਸੁਆਲ ਦੇ ਗੈਰ ਰਾਜਨੀਤੀਕਰਨ ਦੀ ਤਰਫ ਹੁੰਦਾ ਹੈ। ਜਦਕਿ ਆਪਣੀ ਪ੍ਰਕ੍ਰਿਤੀ ਦੇ ਚਲਦੇ ਇਸ ਸਮੱਸਿਆ ਦਾ ਹੱਲ ਢਾਂਚਾਗਤ ਤਬਦੀਲੀ ਨਾਲ ਹੀ ਸੰਭਵ ਹੈ ਅਤੇ ਇਹ ਰਾਜਨੀਤੀ ਦੇ ਘੇਰੇ ਵਿੱਚ ਹੀ ਹੱਲ ਹੋ ਸਕਦਾ ਹੈ, ਬਾਜ਼ਾਰ ਰਾਹੀਂ ਨਹੀਂ। ਅੰਤ ਇਹ "ਸੁਧਾਰ" ਨਵ-ਉਦਾਰਵਾਦੀ ਨੀਤੀ ਦੇ ਵਾਤਾਵਰਣ ਤੇ ਇਸ ਦੇ ਮਾਡਲ, ਦੋਹਾਂ ਨੂੰ ਜਿਉਂ ਦਾ ਤਿਉਂ ਬਣਾਈ ਰੱਖਦੇ ਹਨ ਜੋ ਪ੍ਰੀਵਾਰਿਕ ਖੇਤੀ ਦੇ ਦੁਸ਼ਮਣ ਹਨ। ਅਸੀਂ ਇਹਨਾਂ ਦੋਨਾ ਕੋਸ਼ਿਸ਼ ਨਾਲ ਕਿਸੇ ਸਕਾਰਤਮਕ ਬਦਲਾਅ ਦੀ ਆਸ ਨਹੀਂ ਰੱਖ ਸਕਦੇ।

**ਹਕੂਮਤ ਪ੍ਰੇਰਿਤ ਭੂਮੀ ਸੁਧਾਰ** :- ਭੂਮੀ ਸੁਧਾਰ ਦੇ ਸਿਧਾਂਤਕਾਰ ਸਵਰਗੀ ਬਾਮ੍ਰਲੋ ਨੇ ਲਿਖਿਆ ਹੈ, "ਹਰੇਕ ਲਤੀਨੀ ਅਮਰੀਕੀ ਮਾਮਲੇ 'ਚ ਜਿੱਥੇ ਜਮੀਨ ਦੀ ਵੰਡ ਕੀਤੀ ਗਈ ਹੈ ਤੇ ਉਹ ਗਰੀਬ ਪੇਂਡੂਆਂ ਲਈ ਲਾਭਕਾਰੀ ਸਿੱਧ ਹੋਇਆ ਹੈ, ਹਕੂਮਤ ਨੇ ਫੈਸਲਾਕੁੰਨ ਭੂਮਿਕਾ ਨਿਭਾਈ ਹੈ" ਪਰ ਉਹਨਾਂ ਨੇ ਇਹ ਵੀ ਲਿਖਿਆ ਹੈ ਕਿ ਉਹਨਾਂ ਮਾਮਲਿਆਂ ਵਿੱਚ ਵੀ ਜਿੱਥੇ ਬਦਕਿਸਮਤੀ ਨਾਲ ਸੁਧਾਰ ਨੂੰ ਰੋਕਿਆ ਜਾਂ ਦੂਸ਼ਿਤ ਕੀਤਾ ਗਿਆ ਹੈ, ਉਥੇ ਵੀ ਹਕੂਮਤ (ਰਾਜ) ਨੇ ਅਹਿਮ ਭੂਮਿਕਾ ਨਿਭਾਈ ਹੈ। ਸਕਾਰਤਮਕ ਪੱਖ 'ਚ ਵੇਨੇਜੁਵੇਲਾ, ਬੋਲਿਵਆ, ਕਿਊਬਾ, ਇਕਵਾਡੋਰ, ਪਾਰਾਗੂਆ ਤੇ ਨੇਪਾਲ ਦੀਆਂ ਪ੍ਰਗਤੀਸ਼ੀਲ, ਸਰਕਾਰਾਂ ਨੇ ਪਹਿਲਾਂ ਨਾਲੋਂ ਅੱਗੇ ਵੱਧੇ ਹੋਏ ਸੁਧਾਰਾਂ (ਜਿਵੇਂ ਕਿਊਬਾ) ਵੱਲ ਅਤੇ ਅੱਗੇ ਲੈ ਜਾਣ ਜਾਂ ਨਵੇਂ ਢੰਗ ਨਾਲ ਸੁਧਾਰਾਂ ਨੂੰ ਵਿਕਸਤ ਕਰਨ ਦਾ ਸੰਕਲਪ ਲਿਆ ਹੈ।

ਕਿਊਬਾ ਦਾ ਮੂਲ ਇਨਕਲਾਬੀ ਭੂਮੀ-ਸੁਧਾਰ 1960 ਦੇ ਦਹਾਕੇ 'ਚ ਕੀਤਾ ਗਿਆ ਸੀ। ਪਿੱਛੋਂ ਦੇ "ਸੁਧਾਰ ਅੰਦਰ ਸੁਧਾਰ" ਨੇ 1990 ਦੇ ਦਹਾਕੇ 'ਚ ਕਿਊਬਾ ਨੂੰ ਅੰਨ ਸੰਕਟ ਤੋਂ ਬਚਾਅ ਲਿਆ। ਵਿਆ ਕੈਮਪੇਸਿਨਾ ਨੇ ਜਿਸ ਤਰ੍ਹਾਂ ਦੇ ਮਾਡਲ ਦਾ ਸੱਦਾ ਦਿੱਤਾ ਹੈ ਖੇਤੀ ਬਰਾਮਦ ਨਾਲ ਅਨਾਜ ਪ੍ਰਭੂਸੱਤਾ ਕੇਂਦਰਿਤ ਮਾਡਲ ਵੱਲ ਸੱਚਾ ਰਾਹ ਕਿਊਬਾ ਉਸ ਦੀ ਸਭ ਤੋਂ ਕਰੀਬੀ ਮਿਸਾਲ ਹੈ। ਜਦ ਕਿਊਬਾ ਨੂੰ ਸਮਾਜਵਾਦੀ ਖੇਮੇ ਦੇ ਟੁੱਟਣ ਦੇ ਝਟਕੇ ਦਾ ਸਾਹਮਣਾ ਕਰਨਾ ਪਿਆ ਤਾਂ ਦਰਾਮਦ ਕੀਤੀਆਂ ਗਈਆਂ ਖਾਦਾਂ, ਕੀਟਨਾਸ਼ਕ, ਟ੍ਰੈਕਟਰ ਦੇ ਪੁਰਜੇ, ਪੈਟਰੋਲੀਅਮ ਆਦਿ ਉਪਲੱਭਧ ਨਾ ਹੋਣ ਕਰਕੇ ਸ਼ੁਰੂ 'ਚ ਅਨਾਜ ਪੈਦਾਵਾਰ ਬੁਰੀ ਤਰ੍ਹਾਂ ਡਿੱਗ ਪਈ, ਹਾਲਤ ਏਨੀ ਬੁਰੀ ਹੋ ਗਈ ਕਿ ਪੂਰੇ ਲਤੀਨੀ ਅਮਰੀਕਾ ਤੇ ਕੈਰੀਬਿਆਈ ਦੇਸ਼ਾਂ 'ਚ ਵੀ

ਵਿਅਕਤੀ ਅਨਾਜ ਪੈਦਾਵਾਰ ਦੀ ਸਲਾਨਾ ਵਾਧਾ ਦਰ ਸੰਬੰਧੀ ਸਭ ਤੋਂ ਖਰਾਬ ਹਾਲਤ ਕਿਊਬਾ ਦੀ ਸੀ। ਖੇਤਰੀ ਔਸਤ 0.2 ਫੀਸਦੀ ਦੇ ਉਲਟ 1986 ਤੋਂ 1995 ਤੱਕ (ਜਿਥੋਂ ਤੱਕ ਅੰਕੜੇ ਮਿਲਦੇ ਹਨ) 5.1 ਫੀਸਦੀ। ਪਰ ਕਿਊਬਾ ਆਪਣੇ ਖੇਤੀ ਖੇਤਰ ਦੀ ਦਿਸ਼ਾ ਨੂੰ ਫਿਰ ਤੋਂ ਮੋੜ ਕੇ ਹਾਲਤਾਂ ਅਨੁਸਾਰ ਖੇਤੀ ਵੱਲ ਵਧਦਾ ਹੋਇਆ ਇੱਕ ਵਿਸ਼ਵ ਪੱਧਰੀ ਮਿਸਾਲ ਬਣ ਗਿਆ। 1996 ਤੋਂ 2005 ਤੱਕ ਫੀ ਵਿਅਕਤੀ ਅਨਾਜ ਪੈਦਾਵਾਰ ਦੀ ਸਲਾਨਾ ਵਾਧਾ ਦਰ 4.2 ਫੀਸਦੀ ਕਰਕੇ ਕਿਊਬਾ ਨੇ ਖੁਦ ਨੂੰ ਲਤੀਨੀ ਅਮਰੀਕਾ ਤੇ ਕੈਰੀਬਿਆਈ ਦੇਸ਼ਾਂ 'ਚ ਸਭ ਤੋਂ ਅੱਛੀ ਨੁਮਾਇਸ਼ ਕਰਨ ਵਾਲਾ ਦੇਸ਼ ਸਾਬਿਤ ਕੀਤਾ। ਜਦਕਿ ਇਸ ਦੌਰਾਨ ਉਸ ਪੂਰੇ ਇਲਾਕੇ 'ਚ ਔਸਤ ਵਾਧਾ ਦਰ ਸਿਫਰ ਹੀ ਰਹੀ।

ਅਨਾਜ ਪੈਦਾਵਾਰ ਵਧਾਉਣ 'ਚ ਸਭ ਤੋਂ ਪਹਿਲਾ ਅਹਿਮ ਕਾਰਕ ਬਹੁਗਿਣਤੀ ਪੇਂਡੂ ਅਬਾਦੀ ਦੇ ਪਾਸ ਜ਼ਮੀਨ ਦਾ ਹੋਣਾ ਸੀ। ਇਹ ਦੂਜਾ ਭੂਮੀ ਸੁਧਾਰ-ਇਸ ਲਈ ਸੰਭਵ ਹੋ ਸਕਿਆ ਹੋ ਜਿੰਮੀਦਾਰਾਂ ਦਾ ਪਹਿਲਾਂ ਹੀ ਨਬੇੜਾ ਕਰ ਦਿੱਤਾ ਗਿਆ ਸੀ। ਦੂਜਾ ਕਾਰਕ ਸੀ, ਅਮਰੀਕੀ ਵਪਾਰ ਪਾਬੰਦੀ ਰਾਹੀਂ ਡਾਪਿੰਗ ਨਾਲ ਬਚਾਅ ਜਿਸ ਨੇ ਇੱਕ ਸਕਾਰਤਮਕ ਸਥਿਤੀ ਪ੍ਰਦਾਨ ਕੀਤੀ (ਚਾਹੇ ਨਕਾਰਤਮਕ ਕਾਰਨਾਂ ਕਰਕੇ ਹੀ ਸਹੀ)। ਉਸ ਦੌਰਾਨ ਕਿਸਾਨਾਂ ਲਈ ਉਚੀ ਕੀਮਤ ਨੇ ਖੁਦ ਨੂੰ ਸੰਕਟ ਤੋਂ ਬਚਾਉਣ ਲਈ ਜ਼ਰੂਰੀ ਆਰਥਕ ਵਰਤਾਅ ਤੇ ਹੱਲਾਸ਼ੇਰੀ ਮੁਹਈਆ ਕੀਤੀ। ਇਸ ਖਾਤਰ ਹੋਰ ਅਹਿਮ ਕਾਰਕ ਸਨ- ਸਰਕਾਰੀ ਮਦਦ ਉਧਾਰ, ਖੋਜ, ਪ੍ਰਸਾਰ, ਸਿੱਖਿਆ ਆਦਿ 'ਚ ਤਬਦੀਲੀ ਕਰਕੇ ਨਵੇਂ ਮਾਡਲ ਨੂੰ ਸਹਿਯੋਗ ਵਧੇਰੇ ਜਥੇਬੰਦ ਪੇਂਡੂ ਖੇਤਰ, ਜਿਸ ਨੇ ਸੰਭਾਵਿਤ ਤਬਦੀਲੀ ਨੂੰ ਤੇਜ਼ੀ ਨਾਲ ਫੈਲਾਇਆ ਅਤੇ ਦੇਸ਼ਜ, ਖੇਤੀ ਹਾਲਤਾਂ ਅਨੁਸਾਰ ਤਕਨੀਕ ਦੀ ਹੋਂਦ ਆਦਿ। ਵਿਗਿਆਕਾ ਅਦਾਰਿਆਂ ਦੀ ਖੋਜ ਨੂੰ ਕਿਸਾਨਾਂ ਦੇ ਇਕੱਠੇ ਕੀਤੇ ਗਿਆਨ ਨਾਲ ਮਿਲਾ ਕੇ ਕਿਊਬਾ ਨੇ ਦਰਾਮਦ ਕੀਤੀਆਂ ਗਈਆਂ ਲਾਗਤ ਸਮਗਰੀਆਂ ਤੇ ਨਿਰਭਰਤਾ ਨੂੰ ਖਤਮ ਕਰ ਦਿੱਤਾ ਜੋ ਹੁਣ ਮੁਹਈਆਂ ਵੀ ਨਹੀਂ ਹੋ ਪਾ ਰਹੀਆਂ ਸਨ। ਦੁੱਖ ਦੀ ਗੱਲ ਹੈ ਕਿ ਇੱਕ ਦਹਾਕੇ ਦੇ ਬਾਅਦ ਵਾਲੇ ਸਾਲਾਂ 'ਚ ਅਨਾਜ ਦੀ ਪੈਦਾਵਾਰ ਫਿਰ ਪਿਛੜ ਗਈ ਹੈ ਕਿਉਂਕਿ ਕਿਊਬਾ ਵੱਲੋਂ ਅਮਰੀਕਾ ਤੋਂ ਅਖੌਤੀ ਮਾਨਵਤਾਵਾਦੀ ਭੋਜਨ ਦੀ ਖਰੀਦ ਕਾਰਨ ਕੌਮੀ ਪੈਦਾਵਾਰ ਦਬ ਗਈ ਹੈ ਹਾਲਾਂਕਿ ਅਨਾਜ ਕੀਮਤਾਂ 'ਚ ਮੌਜੂਦਾ ਵਿਸ਼ਵੀ ਉਛਾਲ ਦੇ ਨਾਲ, ਰਾਊਲ ਦੀ ਸਰਕਾਰ ਨੇ ਖਾਦ ਪ੍ਰਭੂਤਾ ਤੇ ਭੂਮੀ ਸੁਧਾਰ ਲਈ ਨਵੇਂ ਸਿਰੇ ਤੋਂ ਪ੍ਰਤੀਬੱਧਤਾ ਜਤਾਈ ਹੈ।

ਵੇਨੇਜ਼ੁਵੇਲਾ ਦਾ ਮਾਮਲਾ ਹਾਲਾਂਕਿ ਅਜੇ ਵੀ ਕਾਫ਼ੀ ਬੇਯਕੀਨੀ ਹੈ ਅਤੇ ਰਾਸ਼ਟਰਪਤੀ ਸ਼ਾਵੇਜ ਦੀ ਸਰਕਾਰ ਨੇ ਖੇਤੀ ਸੁਧਾਰ ਪ੍ਰਤੀ ਆਪਣੀ ਸਪੱਸ਼ਟ ਪ੍ਰਤੀਬੱਧਤਾ ਦਾ ਇਜ਼ਹਾਰ ਕੀਤਾ ਹੈ। ਪਰ ਅਜੇ ਤੱਕ ਢੇਰ ਸਾਰੇ ਕਾਰਕਾਂ ਨੇ ਤਰੱਕੀ 'ਚ ਅੜਿਕਾ ਡਾਹੁਣ ਲਈ ਸਾਜ਼ਿਸ਼ਾਂ ਕੀਤੀਆਂ ਹਨ। ਇਹਨਾਂ 'ਚ ਜਿੰਮੀਦਾਰਾਂ ਤੇ ਨੌਕਰਸ਼ਾਹਾਂ ਦਾ ਵਿਰੋਧ ਤੇ ਭੂਮੀ ਸੁਧਾਰ ਨੂੰ ਅੱਗੇ ਵਧਾਉਣ 'ਚ ਸਰਗਰਮ ਹਿੱਸੇਦਾਰੀ ਕਰਨ ਜਾਂ ਘੱਟੋ-ਘੱਟ ਸਰਗਰਮ ਨਾਗਰਿਕ ਦੀ ਭੂਮਿਕਾ ਨਿਭਾਉਣ 'ਚ ਕਿਸਾਨਾਂ ਦੀਆਂ ਜਥੇਬੰਦੀਆਂ ਦੀ ਮੁਕਾਬਲਤਨ ਕਮਜ਼ੋਰ ਹਾਲਤ ਸ਼ਾਮਲ ਹੈ। ਬੋਲੀਵਿਆ 'ਚ ਅਮਰੀਕਾ ਤੋਂ ਖੁਲ੍ਹੀ ਜਾਂ ਗੁਪਤ ਹਮਾਇਤ ਪਾਉਣ ਵਾਲੇ ਜਿੰਮੀਦਾਰ, ਇਵੋ ਮੋਰਾਲੇਸ ਦੀ "ਖੇਤੀ ਕ੍ਰਾਂਤੀ"

ਦਾ ਸਰਗਰਮ ਤੇ ਹਿੰਸਕ ਵਿਰੋਧ ਕਰ ਰਹੇ ਹਨ।

**ਹੇਠਾਂ ਤੋਂ ਭੂਮੀ ਸੁਧਾਰ** : - ਦੁਨੀਆਂ ਦੇ ਬਹੁਤੇ ਹਿੱਸਿਆਂ 'ਚ ਅਜਿਹੀਆਂ ਸਰਕਾਰਾਂ ਨਹੀਂ ਹਨ ਜੋ ਪੁਰਾਣੇ ਜਿੰਮੀਦਾਰਾਂ ਨੂੰ ਮੁਆਵਜਾ ਦੇ ਕੇ ਜਾਂ ਬਿਨਾਂ ਮੁਆਵਜਾ ਦਿੱਤੇ, ਉਹਨਾਂ ਦੀ ਜਮੀਨ ਜਬਤ ਕਰਕੇ ਉਸ ਨੂੰ ਸਰਕਾਰੀ ਦੇਖ-ਰੇਖ 'ਚ ਮੁੜ ਤਬਦੀਲ ਕਰਨ ਲਈ ਵਚਨਬੱਧ ਹੋਣ। ਹੇਠਾਂ ਤੋਂ ਭੂਮੀ ਸੁਧਾਰ ਯਾਨੀ ਜ਼ਮੀਨ 'ਤੇ ਕਬਜਾ ਤੇ ਭੂਮੀ ਸੁਧਾਰ ਦੀ ਪ੍ਰੀਘਟਨਾ ਉਭਰਨ ਪਿੱਛੇ ਇਹੀ ਬੁਨਿਆਦੀ ਕਾਰਨ ਹੈ। ਜੋ ਅੱਜ ਪੂਰੀ ਦੁਨੀਆਂ 'ਚ ਸਮਾਜਕ ਅੰਦੋਲਨਾਂ ਦੀ ਇੱਕ ਨਵੀਂ ਪੀੜ੍ਹੀ ਵੱਲੋਂ ਚਲਾਇਆ ਜਾ ਰਿਹਾ ਹੈ। ਇੰਡੋਨੇਸ਼ੀਆ 'ਚ ਸੁਹੰਤੋ ਦੀ ਤਾਨਾਸ਼ਾਹੀ ਖਤਮ ਹੋਣ ਪਿੱਛੋਂ ਤੋਂ ਹੁਣ ਤੱਕ ਭੂਮੀਹੀਣ ਕਿਸਾਨਾਂ ਨੇ ਲਗਭਗ ਦਸ ਲੱਖ ਹੇਕਟੇਅਰ ਜ਼ਮੀਨ 'ਤੇ ਕਬਜ਼ਾ ਕੀਤਾ ਹੈ। ਪਹਿਲਾਂ ਇਸ ਜ਼ਮੀਨ ਦਾ 50 ਫੀਸਦੀ ਰਬੜਾਂ ਤੇ ਪਾਮ ਵਰਗੀਆਂ ਫਸਲਾਂ ਦੀ ਬਾਗਬਾਨੀ ਦੇ ਅਧੀਨ ਸੀ, 30 ਫੀਸਦੀ ਨਿਗਮਾਂ ਦੀ ਇਮਾਰਤੀ ਲੱਕੜੀ ਦੀ ਬਾਗਬਾਨੀ ਵਿੱਚ ਅਤੇ ਬਾਕੀ ਜਮੀਨ ਸਰਕਾਰੀ ਮਾਲਕੀ ਵਾਲੀ ਤੇ ਸੈਰਸਪਾਟੇ ਵਿਕਾਸ ਖੇਤਰ ਦਾ ਮਿਸ਼ਰਨ ਸੀ। ਉਹਨਾਂ ਜਮੀਨਾਂ 'ਤੇ ਲਗਭਗ ਤਿੰਨ ਚੌਥਾਈ ਕਬਜਾ ਦੁਬਾਰਾ ਦਾਅਵੇ ਵਜੋਂ ਸੀ ਜੋ ਦਹਾਕਿਆਂ ਪਹਿਲਾਂ ਉਹਨਾਂ ਹੀ ਪਿੰਡਾਂ ਦੇ ਕਬਜੇ ਵਿੱਚ ਸੀ ਜਿੰਨ੍ਹਾਂ ਨੂੰ ਅਕਸਰ ਹਿੰਸਕ ਤਰੀਕਿਆਂ ਨਾਲ ਉਜਾੜ ਦਿੱਤਾ ਗਿਆ ਸੀ ਤਾਂ ਕਿ ਬਾਗਬਾਨੀ ਲਈ ਰਸਤਾ ਸਾਫ ਹੋਵੇ। ਇੱਕ ਚੌਥਾਈ ਜ਼ਮੀਨ 'ਤੇ ਨਵਾਂ ਕਬਜਾ ਕੀਤਾ ਗਿਆ।

ਇਹ ਇੱਕ ਸਕਾਰਤਮਕ ਵਿਕਾਸ ਹੈ, ਜੋ ਸਰਕਾਰ ਦੀ ਹਮਾਇਤ ਨਾਲ, ਨਿਗਮਾਂ ਵੱਲੋਂ ਭਾਰੀ ਪੈਮਾਨੇ 'ਚ ਭੂਮੀ ਹੜੱਪਣ ਦੀਆਂ ਅਜਿਹੀਆਂ ਕਾਰਗੁਜਾਰੀਆਂ ਦੇ ਉਲਟ ਹੈ ਜਿਸ ਦਾ ਮਕਸਦ ਖੇਤੀ ਬਾਲਣ (ਤੇਲ ਆਦਿ) ਦੀ ਦਰਾਮਦ ਲਈ ਪਾਮ ਦੀ ਬਾਗਬਾਨੀ ਕਰਦਾ ਹੈ ਅਤੇ ਜੋ ਜਮੀਨ ਲਈ ਨਵੇਂ ਟਕਰਾਵਾਂ ਨੂੰ ਜਨਮ ਦੇ ਰਹੇ ਹਨ। ਜਿੰਮਬਾਵੇ 'ਚ ਹਾਲ ਦੇ ਸਾਲਾਂ 'ਚ ਇੱਕ ਕਰੋੜ ਦਸ ਲੱਖ ਹੇਕਟੇਅਰ ਜ਼ਮੀਨ ਤਬਦੀਲੀ ਕੀਤੀ ਗਈ। ਜਿਹਨਾਂ 'ਚ ਵੱਡਾ ਭਾਗ ਸਰਕਾਰ ਦੇ ਸਹਿਯੋਗ ਨਾਲ ਕਾਲੇ ਸਾਬਕਾ ਫੌਜੀਆਂ ਵੱਲੋਂ ਗੋਰਿਆਂ ਦੇ ਕਬਜੇ ਵਾਲੀਆਂ ਵਿਰਾਟ ਜਾਗੀਰਦਾਰੀਆਂ 'ਤੇ ਕਬਜਾ ਕੀਤੇ ਜਾਣ ਕਰਕੇ ਹੋਇਆ। ਇਹ ਝਮੇਲੇ ਦਾ ਵਿਸ਼ਾ ਹੈ ਕਿ ਇਹਨਾਂ ਵਿੱਚੋਂ ਕਿੰਨੀ ਜ਼ਮੀਨ ਰਾਜਸੀ ਐਰੇ-ਗੈਰੇ ਦੇ ਹੱਥ ਲੱਗੀ। ਪਰ ਇਸ ਵਿੱਚ ਭੋਰਾ ਵੀ ਸ਼ੱਕ ਨਹੀਂ ਹੈ ਕਿ ਗਰੀਬ ਜਨਤਾ ਨੂੰ ਹਾਲਤਾਂ ਦਾ ਸੰਸਾਰ-ਪੱਧਰੀ ਤਬਾਦਲਾ ਸਿਰੇ ਚੜ੍ਹਿਆ। ਭਾਵੇਂ ਹੀ ਸਰਕਾਰ ਨੇ ਗਲਤ ਰਾਜਸੀ ਕਾਰਨਾਂ ਕਰਕੇ ਹੀ ਹਿੱਸੇਦਾਰੀ ਕੀਤੀ ਹੋਵੇ ਬ੍ਰਾਜੀਲ ਵਿੱਚ ਬੇਜ਼ਮੀਨੇ ਮਜ਼ਦੂਰਾਂ ਦਾ ਅੰਦੋਲਨ (ਐਮ. ਐਸ. ਟੀ.) ਮੁਤਾਬਕ 2002 ਤੋਂ 80 ਲੱਖ ਹੇਕਟੇਅਰ ਜਮੀਨ 'ਤੇ ਕਬਜਾ ਕੀਤਾ ਗਿਆ ਅਤੇ ਦਸ ਲੱਖ ਲੋਕਾਂ ਵੱਲੋਂ ਉਸ ਨੂੰ ਆਬਾਦ ਕੀਤਾ ਗਿਆ, ਜਿਹਨਾਂ 'ਚ ਜ਼ਿਆਦਾਤਰ ਲੋਕ ਖੇਤੀ ਦੇ ਕੰਮ 'ਚ ਨਵੇਂ ਹਨ।

ਜਮੀਨ ਦੀ ਵਧਦੀ ਕਬਜੇਦਾਰੀ ਵਾਲੇ ਹੋਰ ਦੇਸ਼ ਹਨ-ਪਾਮਗੁਆਂ, ਬੋਲੀਵਿਆ, ਨਿਕਾਰ ਗੂਆ, ਅਰਜਨ ਟਾਇਨਾ, ਹੋਂਡੂਰਾਸ, ਗਵਾਟੇਮਾਲਾ, ਮੈਕਸੀਕੋ, ਭਾਰਤ, ਥਾਈਲੈਂਡ, ਦੱਖਣੀ ਅਫਰੀਕਾ ਆਦਿ। ਜ਼ਮੀਨ ਦੇ ਕਬਜੇ ਦਾ ਇਹ ਰਣਕੌਸ਼ਲ ਹੈ। ਐਮ. ਐਸ. ਟੀ. ਨੇ ਪੂਰੀ ਦੁਨੀਆਂ ਦੀ ਭੂਮੀਹੀਣ ਜਨਤਾ ਦੇ ਹੋਰ ਸੰਘਰਸ਼ਾਂ ਲਈ

ਇੱਕ ਪੈਮਾਨਾ ਇਹ ਹੈ ਕਿੰਨੀ ਜ਼ਮੀਨ 'ਤੇ ਕਬਜਾ ਕੀਤਾ ਗਿਆ, ਕਿੰਨੀ ਗਿਣਤੀ ਦਾ ਪੈਮਾਨਾ ਇਹ ਹੈ ਕਿੰਨੀ ਜ਼ਮੀਨ 'ਤੇ ਕਬਜਾ ਕੀਤਾ ਗਿਆ, ਕਿੰਨੀ ਗਿਣਤੀ 'ਚ ਲੋਕ ਆਬਾਦ ਕੀਤੇ ਗਏ, ਅਬਾਦ ਲੋਕਾਂ 'ਚੋਂ ਕਿੰਨੀਆਂ ਨੇ ਕਬਜਾ ਛੱਡ ਦਿੱਤਾ, ਜੋ ਨਵੇਂ ਲੋਕਾਂ ਦਾ 10 ਫੀਸਦੀ ਤੋਂ ਵੀ ਘੱਟ ਹੁੰਦਾ ਹੈ ਅਤੇ ਦੂਸਰਾ ਉਹਨਾਂ ਦੇ ਅੰਤਰਿਕ ਸੰਗਠਨ ਦੀ ਕਿਰਦਾਰ ਜਾਂ ਕਿਸਮ।

ਲੋਕਾਂ ਨੂੰ ਚਰਮ ਗਰੀਬੀ ਤੋਂ ਜਮੀਨ ਦੀ ਮਾਲਕੀ ਤੇ ਖੇਤੀ ਤੱਕ ਅੱਗੇ ਵਧਾਉਣ ਲਈ ਐਮ. ਐਸ. ਟੀ. ਦੋ ਪੜਾਵਾਂ ਵਾਲਾ ਤਰੀਕਾ ਅਪਣਾਉਂਦਾ ਹੈ। ਉਹ ਬ੍ਰਾਜੀਲਿਆਈ ਸਮਾਜ ਦੇ ਸਭ ਤੋਂ ਵਾਂਝੇ ਤੇ ਕੰਗਾਲ ਤਬਕੇ ਦੇ ਪਾਸ ਪਹੁੰਚਦੇ ਹਨ, ਜਿਵੇਂ -ਭੂਮੀਹੀਣ, ਪੇਂਡੂ ਦਿਹਾਤੀ ਮਜ਼ਦੂਰ, ਸ਼ਹਿਰੀ-ਬੇਘਰੇ ਲੋਕ, ਸਮੱਸਿਆ ਗ੍ਰਸਿਤ ਲੋਕ, ਪੇਂਡੂ ਝੁਗੀਆਂ ਦੇ ਬੇਰੁਜ਼ਗਾਰ ਜਾਂ ਜ਼ਮੀਨ ਗੁਆ ਚੁੱਕੇ ਕਿਸਾਨ, ਜਥੇਬੰਦਕਰਤਾ ਸਮੂਹ ਕੇਂਦਰਾਂ, ਚਰਚਾਂ ਤੇ ਹੋਰ ਜਨਤਕ ਥਾਵਾਂ 'ਤੇ ਆਪਣੀ ਗੱਲ ਕਹਿੰਦੇ ਹਨ ਅਤੇ ਬੇਜ਼ਮੀਨੇ ਪ੍ਰੀਵਾਰਾਂ ਨੂੰ ਜ਼ਮੀਨ ਦਾ ਕਬਜਾ ਲੈਣ ਲਈ ਸਹਿਮਤੀ ਦਿੰਦਿਆਂ ਦਸਖਤ ਕਰਨ ਦਾ ਮੌਕਾ ਦਿੰਦੇ ਹਨ। ਪਹਿਲੇ ਪੜਾਅ 'ਚ ਇਹਨਾਂ ਪ੍ਰੀਵਾਰਾਂ ਨੂੰ ਪੇਂਡੂ "ਰਾਹਤ ਕੈਂਪਾਂ" 'ਚ ਲਿਜਾਇਆ ਜਾਂਦਾ ਹੈ ਜਿੱਥੇ ਉਹ ਕਾਲੇ ਪਲਾਸਟਿਕ ਪੇਪਰ ਤੋਂ ਬਣੀਆਂ ਝੁਗੀਆਂ 'ਚ ਮੁਖ ਸੜਕ ਕਿਨਾਰੇ ਉਦੋਂ ਤੱਕ ਰਹਿੰਦੇ ਹਨ ਜਦੋਂ ਤੱਕ ਸਹੀ ਜਾਗੀਰ-ਅਕਸਰ ਅਨੰਤਵਾਸੀ ਜ਼ਮੀਨ ਮਾਲਕਾਂ ਦੀ ਐਸੀ ਜ਼ਮੀਨ ਜਿਸ ਦੀ ਵਰਤੋਂ ਨਾ ਹੋ ਰਹੀ ਹੋਵੇ-ਨਾ ਮਿਲ ਜਾਏ। ਪ੍ਰੀਵਾਰਾਂ ਨੂੰ ਘੱਟੋ-ਘੱਟ ਛੇ ਮਹੀਨੇ ਤੇ ਕਦੀ-ਕਦੀ ਤਾਂ ਪੰਜ-ਪੰਜ ਸਾਲ ਤੱਕ ਰਾਹਤ ਕੈਂਪ ਦੀਆਂ ਕਠਿਨ ਹਾਲਤਾਂ 'ਚ ਰਹਿਣਾ ਪੈਂਦਾ ਹੈ ਜਿੱਥੇ ਕੋਈ ਇਕਾਂਤ ਨਹੀਂ ਹੁੰਦਾ ਅਤੇ ਤਿਖੀ ਗਰਮੀ, ਕੜਾਕੇ ਦੀ ਠੰਡ ਤੇ ਮੀਂਹ ਝਲਣਾ ਪੈਂਦਾ ਹੈ।

ਹਾਲਾਂਕਿ ਐਮ. ਐਸ. ਟੀ. ਨੇ ਅਚਾਨਕ ਹੀ ਲੱਭ ਲਿਆ ਪਰ ਰਾਹਤ ਕੈਂਪ ਉਹਨਾਂ ਲੋਕਾਂ ਨੂੰ ਅੰਦਰੋਂ ਤਪਾ ਕੇ ਨਵੇਂ ਤਰਾਂ ਦੇ ਲੋਕਾਂ ਨੂੰ ਗੰਢਣ ਦਾ ਇੱਕ ਮਹੱਤਵਪੂਰਨ ਪੜਾਅ ਹੈ ਜਿਨਾਂ ਨੇ ਅਨੇਕਾਂ ਨਿਜੀ ਕਿਸਮ ਦੇ ਮੁੱਦਿਆਂ ਤੋਂ ਖਹਿੜਾ ਛਡਵਾਉਣਾ ਹੁੰਦਾ ਹੈ। ਰਾਹਤ ਕੈਂਪ ਦਾ ਡਸਿਪਲਨ ਰਾਹਤ ਕੈਂਪ ਦੇ ਮੈਬਰਾਂ ਵੱਲੋਂ ਸਮੂਹਕ ਤੌਰ 'ਤੇ ਲਾਗੂ ਕੀਤਾ ਜਾਂਦਾ ਹੈ ਅਤੇ ਨਸ਼ੀਲੇ ਪਦਾਰਥਾਂ ਦੀ ਵਰਤੋਂ, ਘਰੇਲੂ ਹਿੰਸਾ, ਵੱਧ ਸ਼ਰਾਬ ਪੀਣਾ ਤੇ ਅਨੇਕਾਂ ਦੂਜੀਆਂ ਸਮਾਜਕ ਬੁਰਾਈਆਂ 'ਤੇ ਰੋਕ ਲਾਈ ਜਾਂਦੀ ਹੈ। ਸਭ ਪ੍ਰੀਵਾਰਾਂ ਲਈ ਲਾਜ਼ਮੀ ਹੁੰਦਾ ਹੈ ਕਿ ਉਹ ਇੱਕ ਦੂਜੇ ਦੇ ਬੱਚਿਆਂ ਦੀ ਦੇਖਭਾਲ ਕਰਨ ਜੋ ਇਕੱਠੇ ਖੇਡਦੇ ਹਨ। ਸਾਰਿਆਂ ਲਈ ਸਮੂਹ ਸਮਾਜਕ ਕੰਮਾਂ 'ਚ, ਕਰਤਵਾਂ 'ਚ ਸਹਿਯੋਗ ਕਰਨਾ ਜ਼ਰੂਰੀ ਹੁੰਦਾ ਹੈ। ਲੋਕ ਸਹਿਯੋਗੀ ਰੂਪ 'ਚ ਰਹਿਣਾ ਸਿਖਦੇ ਹਨ ਅਤੇ ਉਹ ਸਾਖਰਤਾ, ਜਨ-ਸਿਹਤ, ਖੇਤੀ, ਕੋ-ਆਪਰੇਟਿਵਾਂ ਨੂੰ ਚਲਾਉਣਾ ਤੇ ਹੋਰ ਕੌਸਲ ਦੀ ਭਰਵੀਂ ਸਿਖਾਈ ਹਾਸਲ ਕਰਦੇ ਹਨ ਤਾਂ ਕਿ ਉਹ ਭਵਿੱਖ 'ਚ ਆਪਣੇ ਕਿਸਾਨ ਫਿਰਕੇ ਦੇ ਜੀਵਨ ਨੂੰ ਸਫਲ ਬਣਾ ਸਕਣ। ਲੋਕ ਸਿੱਧਾ ਜ਼ਮੀਨ 'ਤੇ ਕਬਜਾ ਕਰਦੇ ਹਨ ਪਰ ਆਮ ਤੌਰ 'ਤੇ ਉਹ ਕੁਝ ਮਹੀਨਿਆਂ ਤੋਂ ਵੱਧ ਟਿਕ ਨਹੀਂ ਸਕਦੇ ਸਨ। ਪਰ ਜਦ ਉਹ ਪਹਿਲੀ ਵਾਰੀ ਐਮ. ਐਸ. ਟੀ. ਦੇ ਰਾਹਤ ਕੈਂਪ ਤੋਂ ਹੋ ਕੇ ਲੰਘੇ ਤਾਂ ਉਹਨਾਂ 'ਚੋਂ 90 ਫੀਸਦੀ ਤੋਂ ਵੱਧ ਲੋਕ ਆਪਣੇ ਜਮੀਨ 'ਤੇ ਲੰਬੇ ਸਮੇਂ ਤੱਕ ਟਿਕੇ ਰਹੇ। ਦੂਜਾ ਪੜਾਅ ਜਮੀਨ 'ਤੇ ਅਸਲਾ ਕਬਜਾ ਹੁੰਦਾ ਹੈ। ਇਹ ਕੰਮ ਉਦੋਂ

ਹੁੰਦਾ ਹੈ ਜਦ ਚੌਂਕੀਦਾਰ ਤੇ ਪੁਲਸ ਸੌਂ ਰਹੇ ਹੁੰਦੇ ਹਨ। ਦਰਜ਼ਨਾਂ ਤੋਂ ਲੈ ਕੇ ਹਜ਼ਾਰਾਂ ਪ੍ਰੀਵਾਰਾਂ ਤੱਕ ਆਪਣੇ ਰਾਹਤ ਕੈਂਪਾਂ ਤੋਂ ਨਿਕਲਦੇ ਉਸ ਜਾਗੀਰ ਵੱਲ ਵੱਧਦੇ ਹਨ ਜਿਹਨਾਂ 'ਤੇ ਉਹਨਾਂ ਨੇ ਕਬਜਾ ਕਰਨਾ ਹੁੰਦਾ ਹੈ। ਫੌਰਨ ਫਸਲ ਬੀਜ ਦਿੱਤੀ ਜਾਂਦੀ ਹੈ।

ਸਮੂਹਕ ਰਸੋਈ ਘਰ, ਸਕੂਲ ਤੇ ਸਿਹਤ ਕਲੀਨਿਕ ਸਥਾਪਤ ਕੀਤੇ ਜਾਂਦੇ ਹਨ ਅਤੇ ਸੁਰੱਖਿਆ ਫੋਰਸਾਂ ਜਿਹਨਾਂ ਨੂੰ ਅਹਿੰਸਾ ਦੀ ਸਿਖਲਾਈ ਮਿਲੀ ਹੁੰਦੀ ਹੈ ਉਹਨਾਂ ਕਿਰਾਏ ਦੇ ਬੰਦੂਕਧਾਰੀਆਂ ਠੱਗਾਂ ਤੇ ਛਟੇ ਹੋਏ ਪੁਲਸੀਆਂ ਤੋਂ ਆਪਣੀ ਹਿਫਾਜਤ ਕਰਦੇ ਹਨ, ਜਿਹਨਾਂ ਨੂੰ ਜਮੀਨ ਮਾਲਕ ਅਕਸਰ ਉਹਨਾਂ ਖਿਲਾਫ ਵਰਤਦੇ ਹਨ। ਅਸਲੀ ਕਬਜੇ ਪਿੱਛੋਂ ਅਧਿਕਾਰੀਆਂ ਨਾਲ ਗੱਲਬਾਤ ਹੁੰਦੀ ਹੈ ਜਿਸ ਦੇ ਸਿੱਟੇ ਵਜੋਂ ਸਮਾਜਕ ਵਰਤੋਂ ਲਈ ਜਮੀਨ ਦੀ ਲੋੜ ਨਾਲ ਸੰਬਧਿਤ ਬ੍ਰਾਜੀਲ ਦੇ ਸੰਵਿਧਾਨ ਦੇ ਨਿਯਮ ਤਹਿਤ ਮੁਆਵਜਾ ਦੇ ਕੇ ਉਸ ਜਮੀਨ ਨੂੰ ਹਾਸਲ ਕੀਤਾ ਜਾ ਸਕਦਾ ਹੈ। ਜਾਂ ਕਬਜੇ ਦੀ ਜਮੀਨ ਦੇ ਬਦਲੇ ਉਸੇ ਮੁਲ ਦੇ ਜਮੀਨ ਦੇ ਕਿਸੇ ਹੋਰ ਟੁਕੜੇ ਨਾਲ ਵਟਾਂਦਰਾ ਕਰਨ ਦਾ ਸਮਝੌਤਾ ਹੋ ਸਕਦਾ ਹੈ। ਕੁਝ ਦੇਸ਼ਾਂ 'ਚ ਸੁਰੱਖਿਆ ਫੋਰਸਾਂ ਕਬਜਾ ਕਰਨ ਵਾਲਿਆਂ ਨੂੰ ਭਜਾਉਣ 'ਚ ਸਫਲ ਹੋ ਸਕਦੇ ਹਨ, ਜੋ ਜਮੀਨ ਖਾਲੀ ਕਰ ਦਿੰਦੇ ਹਨ। ਫਿਰ ਕਬਜਾ ਕਰਨ ਤੇ ਹਟਾਉਣ ਦਾ ਇਹ ਸਿਲਸਿਲਾ ਉਦੋਂ ਤੱਕ ਚੱਲਦਾ ਰਹਿੰਦਾ ਹੈ ਜਦੋਂ ਤੱਕ ਸਮਝੌਤਾ ਨਹੀਂ ਹੋ ਜਾਂਦਾ।

**ਵੰਡ ਤੋਂ ਪਹਿਲਾਂ ਭੂਮੀ-ਸੁਧਾਰ ਦਾ ਮਾਮਲਾ** : - ਜਮੀਨ ਦੀ ਮੁੜ-ਵੰਡ ਵੱਧ ਟਿਕਾਊ ਵਿਕਾਸ ਦੇ ਮਾਡਲ ਵਿੱਚ ਅਨੇਕਾਂ ਕੰਮ ਕਰ ਸਕਦੀ ਹੈ। ਇਸ ਨਾਲ ਗਰੀਬੀ 'ਚ ਕਮੀ, ਆਰਥਕ ਵਿਕਾਸ, ਅਨਾਜ ਪੈਦਾਵਾਰ ਤੇ ਵਾਤਾਵਰਣ ਪ੍ਰਬੰਧਕੀ ਕੰਮ ਸ਼ਾਮਲ ਹਨ। ਅੱਜ ਸਾਡੇ ਸਾਹਮਣੇ ਬੀਤੇ ਦੇ ਸੁਧਾਰਾਂ ਤੋਂ ਸਬਕ ਸਿੱਖਣ ਤੇ ਉਹਨਾਂ ਨੂੰ ਵਿਕਾਸ ਦੇ ਵਿਹਾਰਕ ਉਦੇਸ਼ਾਂ 'ਤੇ ਲਾਗੂ ਕਰਨ ਦਾ ਇੱਕ ਨਵਾਂ ਮੌਕਾ ਹੈ। ਜਮੀਨੀ ਸੰਘਰਸ਼ਾਂ, ਪ੍ਰਗਤੀਸ਼ੀਲ ਸਰਕਾਰਾਂ ਤੇ ਅਨਾਜ ਸੰਕਟਾਂ ਦੀ ਮੇਹਰਬਾਨੀ ਕਰਕੇ ਭੂਮੀ ਸੁਧਾਰ ਫਿਰ ਤੋਂ ਕਾਰਜ ਸੂਚੀ ਵਿੱਚ ਆ ਗਿਆ ਹੈ। ਇੱਥੇ ਅਸੀਂ ਵੱਧ ਟਿਕਾਊ ਵਿਕਾਸ ਵੱਲ ਵਧਣ 'ਚ ਵੰਡ ਤੋਂ ਪਹਿਲਾਂ ਭੂਮੀ-ਸੁਧਾਰ ਦੀ ਭੂਮਿਕਾ 'ਤੇ ਵਿਚਾਰ ਕਰਾਂਗੇ। ਇੱਕ ਪਹਿਲੂ ਹੈ ਭੂਮੀ ਸੁਧਾਰ ਤੇ ਗਰੀਬੀ ਇਤਿਹਾਸ ਦੱਸਦਾ ਹੈ ਕਿ ਬੇਜ਼ਮੀਨੇ ਤੇ ਘੱਟ ਜਮੀਨ ਵਾਲੇ ਪੇਂਡੂ ਪ੍ਰੀਵਾਰਾਂ ਵਿਚਕਾਰ ਜਮੀਨ ਦੀ ਦੁਬਾਰਾ ਵੰਡ ਪਿੰਡ ਦੀ ਖੁਸ਼ਹਾਲੀ ਨੂੰ ਬੇਹੱਦ ਅਸਰਦਾਇਕ ਤਰੀਕੇ ਨਾਲ ਵਧਾ ਸਕਦੀ ਹੈ। ਦੂਜੀ ਸੰਸਾਰ ਜੰਗ ਪਿੱਛੋਂ ਤੋਂ ਤੀਜੀ ਦੁਨੀਆਂ ਦੇ ਦੇਸ਼ਾਂ 'ਚ ਚਲਾਏ ਗਏ ਇੱਕ ਭੂਮੀ ਸੁਧਾਰ ਪ੍ਰੋਗਾਮ 'ਚ ਜਿਸ ਨੂੰ "ਮੁਢਲੇ' "ਮੁੜ-ਵੰਡ" ਜਾਂ "ਅਸਲੀ ਭੂਮੀ ਸੁਧਾਰ ਕਹਿੰਦੇ ਹਨ, ਉਸ ਵਿਚ ਅਤੇ "ਗੈਰ-ਬਰਾਬਰੀ ਵਾਲੇ" ਸੁਧਾਰ ਜਾਂ" ਨਕਲੀ ਭੂਮੀ-ਸੁਧਾਰ 'ਚ ਫਰਕ ਕਰ ਸਕਦੇ ਹਾਂ।

ਜਿੱਥੇ ਕਿਤੇ ਅੱਛੀ ਕਿਸਮ ਦੀ ਜਮੀਨ ਸੱਚੀਂ-ਮੁੱਚੀਂ ਮੁੜ ਵੰਡੀ ਗਈ ਅਤੇ ਪੇਂਡੂ ਘੱਟ ਗਿਣਤੀ ਤਾਣੇ-ਬਾਣੇ ਵੱਲੋਂ ਉਹਨਾਂ ਨੀਤੀਆਂ ਨੂੰ ਵਿਗਾੜਨ ਅਤੇ "ਕਬਜਾ ਕਰਨ" ਦੀ ਤਾਕਤ ਨੂੰ ਤੋੜ ਦਿੱਤਾ ਗਿਆ ਉਥੇ ਹਰ ਥਾਂ ਗਰੀਬੀ ਹਟਾਓ ਤੇ ਮਨੁੱਖੀ ਭਲਾਈ 'ਚ ਬੇਹਤਰੀ ਦੇ ਅਸਲੀ ਸਿੱਟੇ ਸਾਫ-ਸਾਫ ਦਿਸਦੇ ਹਨ। ਜਪਾਨ, ਦੱਖਣੀ ਕੋਰੀਆ, ਤੈਵਾਨ, ਕਿਊਬਾ ਤੇ ਚੀਨ ਇਸ ਦੀਆਂ ਅੱਛੀਆਂ ਮਿਸਾਲਾਂ ਹਨ। ਇਸ

ਦੇ ਉਲਟ ਜਿਹਨਾਂ ਦੇਸ਼ਾਂ 'ਚ ਗਰੀਬਾਂ ਨੂੰ ਖਰਾਬ ਕਿਸਮ ਦੀ ਜਮੀਨ ਦਿੱਤੀ ਗਈ ਅਤੇ/ਜਾਂ ਜੋ ਗਰੀਬਾਂ ਖਿਲਾਫ ਕੰਮ ਕਰਨ ਵਾਲੇ ਪੇਂਡੂ ਹਕੂਮਤੀ ਸੰਬੰਧਾਂ ਨੂੰ ਉਲਟਾਉਣ 'ਚ ਅਸਫਲ ਰਹੇ ਉਹ ਦੇਸ਼ ਪੇਂਡੂ ਗਰੀਬਾਂ ਜਾਂ ਅਨਾਜ ਪੈਦਾਵਾਰ 'ਚ ਅਹਿਮ ਸੁਧਾਰ ਲਿਆਉਣ 'ਚ ਨਾਕਾਮ ਰਹੇ। ਸਫਲਤਾਪੂਰਵਕ ਸੁਧਾਰਾਂ ਨੇ ਮੁਕਾਬਲਤਨ ਵਿਆਪਕ ਅਧਾਰ ਵਾਲੇ ਆਰਥਕ ਵਿਕਾਸ ਦੀ ਸ਼ੁਰੂਆਤ ਕੀਤੀ। ਆਰਥਕ ਵਿਕਾਸ 'ਚ ਗਰੀਬੀ ਨੂੰ ਸ਼ਾਮਲ ਕਰਕੇ ਉਹਨਾਂ ਨੇ ਘਰੇਲੂ ਬਾਜ਼ਾਰ ਉਸਾਰਿਆ ਜਿਸ ਨੇ ਕੌਮੀ ਆਰਥਕ ਸਰਗਰਮੀ 'ਚ ਸਹਾਇਤਾ ਪਹੁੰਚਾਈ।

ਅਸਫਲ ਸੁਧਾਰਾਂ ਦੇ ਤ੍ਰਾਸਦ ਨਤੀਜੇ ਆਮ ਤੌਰ 'ਤੇ ਇਹ ਰਹੇ ਹਨ ਕਿ ਸੰਭਾਵਿਤ ਲਾਭਪਾਤਰੀਆਂ ਨੂੰ ਅਣਗੌਲਿਆਂ ਕਰਕੇ ਉਹਨਾਂ ਨੂੰ ਕੌਮੀ ਆਰਥਕ ਜੀਵਨ ਦੇ ਹਾਸ਼ੀਏ 'ਤੇ ਸੁਟ ਦਿੱਤਾ ਜਾਂਦਾ ਰਿਹਾ ਹੈ ਕਿਉਂਕਿ ਦੂਰ-ਦਰਾਡੇ ਦੇ ਇਲਾਕਿਆਂ 'ਚ ਮਿਲੀ ਘਟੀਆ ਕਿਸਮ ਦੀ ਜਮੀਨ ਦੀ ਕੀਮਤ ਚੁਕਾਉਣ ਲਈ ਉਹਨਾਂ ਨੂੰ ਉਧਾਰ ਜਾਂ ਬਾਜ਼ਾਰ 'ਤੇ ਪਹੁੰਚ ਬਗੈਰ ਅਕਸਰ ਭਾਰੀ ਕਰਜਾ ਲੈਣਾ ਪੈਂਦਾ ਹੈ ਤੇ ਗਰੀਬ ਕਿਸਾਨਾਂ ਵੱਲ ਦੁਸ਼ਮਣਾਨਾਂ ਨੀਤੀਗਤ ਮਾਹੌਲ 'ਚ ਗੁਜਾਰਾ ਕਰਨਾ ਪੈਂਦਾ ਰਿਹਾ ਹੈ। ਪਤਾ ਲੱਗਿਆ ਹੈ ਕਿ ਬ੍ਰਾਜੀਲ ਵਿੱਚ ਭੂਮੀ-ਸੁਧਾਰ ਵਾਲੀ ਅਬਾਦੀ ਦੇ ਲੋਕਾਂ ਦੀ ਆਮਦਨ ਪਹਿਲਾਂ ਤੋਂ ਵੱਧ ਹੈ, ਕਾਰਜ ਸ਼ਕਤੀ ਵਧ ਹੈ ਤੇ ਸਿੱਖਿਆ ਦੇ ਮੌਕਿਆਂ ਤੱਕ ਉਹਨਾਂ ਦੀ ਪਹੁੰਚ ਵੀ ਜ਼ਿਆਦਾ ਹੈ। ਉਹ ਇੱਕ ਥਾਂ ਰਹਿ ਕੇ ਆਪਣੇ ਪ੍ਰੀਵਾਰ ਦੀ ਸਮਰਥਾ ਨੂੰ ਬਣਾਈ ਰੱਖਣ 'ਚ ਸਮਰਥ ਹਨ ਬਜਾਏ ਇਸ ਦੇ ਕਿ ਪਲਾਇਨ ਕਰਕੇ ਆਪਣੇ ਪ੍ਰੀਵਾਰਕ ਮੈਂਬਰਾਂ ਨੂੰ ਖੁਦ ਤੋਂ ਦੂਰ ਰੱਖ ਦੇਣ। ਅਸਲ 'ਚ ਸੱਚਾ ਭੂਮੀ ਸੁਧਾਰ ਪਿੰਡਾਂ ਤੋਂ ਸ਼ਹਿਰਾਂ ਵੱਲ ਪਲਾਇਨ ਦਾ ਡਟ ਕੇ ਮੁਕਾਬਲਾ ਕਰਨ ਦੀ ਹਾਲਤ ਤਹਿ ਕਰਦਾ ਹੈ ਜਿਸ ਕਾਰਨ ਤੀਜੀ ਦੁਨੀਆਂ ਦੇ ਸ਼ਹਿਰਾਂ ਦਾ ਅਰਥਚਾਰਾ ਜਿੰਨੇ ਲੋਕਾਂ ਨੂੰ ਰੁਜ਼ਗਾਰ ਦੇਣ 'ਚ ਸਮਰਥ ਹੈ, ਉਹਨਾਂ ਦਾ ਵਿਸਥਾਰ ਕਿਤੇ ਵੱਧ ਤੇਜ਼ੀ ਨਾਲ ਹੁੰਦਾ ਜਾ ਰਿਹਾ ਹੈ।

ਇਸ 'ਤੇ ਇਸ ਪ੍ਰਸੰਗ ਵਿੱਚ ਵੀ ਵਿਚਾਰ ਕੀਤਾ ਜਾ ਸਕਦਾ ਹੈ ਕਿ ਇੱਕ ਨਵਾਂ ਰੁਜ਼ਗਾਰ ਪੈਦਾ ਕਰਨ ਦੀ ਲਾਗਤ ਕਿੰਨੀ ਹੈ। ਬ੍ਰਾਜੀਲ 'ਚ ਖੇਤੀ ਸੁਧਾਰ ਰਾਹੀਂ ਇੱਕ ਬੇਰੁਜ਼ਗਾਰ ਪ੍ਰੀਵਾਰ ਨੂੰ ਖੇਤੀ ਲਾਇਕ ਜਮੀਨ 'ਤੇ ਵਸਾਉਣ ਦੇ ਖਰਚ ਦੇ ਮੁਕਾਬਲੇ ਕਾਰੋਬਾਰੀ ਖੇਤਰ 'ਚ ਇੱਕ ਰੁਜ਼ਗਾਰ ਦੇ ਪੈਦਾ ਕਰਨ 'ਤੇ ਦੋ ਤੋਂ ਵੀਹ ਗੁਣਾ ਵੱਧ ਲਾਗਤ ਆਉਂਦੀ ਹੈ। ਬ੍ਰਾਜੀਲ ਦੇ ਭੂਮੀ-ਸੁਧਾਰ ਲਾਭਪਾਤਰੀਆਂ ਦੀ ਆਮਦਨ ਉਥੋਂ ਦੀ ਘੱਟੋ-ਘੱਟ ਮਜ਼ਦੂਰੀ ਦਾ 3.7 ਗੁਣਾ ਹੈ ਜਦ ਕਿ ਭੂਮੀਹੀਣ ਮਜ਼ਦੂਰ ਦੀ ਆਮਦਨ ਘੱਟੋ-ਘੱਟ ਆਮਦਨ ਦਾ 0.7 ਗੁਣਾ ਹੀ ਹੈ। ਇਹਨਾਂ ਲਾਭਪਾਤਰੀ ਪ੍ਰੀਵਾਰਾਂ 'ਚ ਸਿਸ਼ੂ ਮੌਤ ਦਰ ਘਟ ਕੇ ਕੌਮੀ ਔਸਤ ਦੀ ਅੱਧੀ ਰਹਿ ਗਈ ਹੈ। ਇਹ ਇੱਕ ਮਜ਼ਬੂਤ ਤਰਕ ਮੁਹਈਆ ਕਰਦਾ ਹੈ ਕਿ ਇੱਕ ਛੋਟੀ ਜੋਤ ਵਾਲਾ ਅਰਥਚਾਰਾ ਪੈਦਾ ਕਰਨ 'ਚ ਭੂਮੀ ਸੁਧਾਰ ਸਿਰਫ ਭਾਰਤੀ ਆਰਥਕ ਵਿਕਾਸ ਲਈ ਹੀ ਅੱਛੇ ਨਹੀਂ ਹਨ ਬਲਕਿ ਇਹ ਗਰੀਬਾਂ ਨੂੰ ਪੇਂਡੂ ਇਲਾਕਿਆਂ 'ਚੋਂ ਖਦੇੜ ਕੇ ਬੇਤਹਾਸ਼ਾ ਵਧਦੇ ਸ਼ਹਿਰਾਂ 'ਚ ਧੱਕਣ ਵਾਲੇ ਮੌਜੂਦਾ ਅਮਲ ਤੋਂ ਕਿਤੇ ਵਧ ਪ੍ਰਭਾਵੀ ਸਮਾਜਕ ਨੀਤੀ ਹੈ। ਤੀਜੀ ਦੁਨੀਆਂ ਦੇ ਜ਼ਿਆਦਾਤਰ ਦੇਸ਼ਾਂ ਵਿੱਚ ਵਿਆਪਕ ਸਥਾਈ ਅਰਧ ਬੇਰੁਜ਼ਗਾਰੀ ਦਾ ਮੁਕਾਬਲਾ ਕਰਨ ਦੀ ਤਾਕਤ ਸਿਰਫ ਭੂਮੀ ਸੁਧਾਰ ਵਿੱਚ ਹੀ ਹੈ। ਕਿਉਂਕਿ ਛੋਟੇ ਖੇਤ 'ਚ ਵੱਧ

ਕਿਰਤ ਤੇ ਅਕਸਰ ਘੱਟ ਪੂੰਜੀ ਦੀ ਵਰਤੋਂ ਹੁੰਦੀ ਹੈ। ਇਸ ਲਈ ਇੱਕ ਨਿਸ਼ਚਿਤ ਰਕਬੇ 'ਤੇ ਖੇਤੀ ਸਬੰਧੀ ਛੋਟਾ ਖੇਤ ਫਾਇਦੇਮੰਦ ਕੰਮਾਂ 'ਚ ਵਧ ਲੋਕਾਂ ਦੀ ਕਿਰਤ ਖਪਾ ਸਕਦਾ ਹੈ ਤੇ ਪੇਂਡੂ ਇਲਾਕਿਆਂ ਤੋਂ ਪਲਾਇਨ ਦੀ ਦਿਸ਼ਾ ਨੂੰ ਪਲਟ ਸਕਦਾ ਹੈ।

**ਭੂਮੀ ਸੁਧਾਰ 'ਤੇ ਉਤਪਾਦਿਕਤਾ** – ਪਿਛਲੇ ਲੰਮੇ ਸਮੇਂ ਤੋਂ ਗਰੀਬਾਂ 'ਚ ਖੇਤੀ ਦੀ ਜਮੀਨ ਦੀ ਮੁੜ–ਵੰਡ ਦੇ ਸੰਭਾਵਿਤ ਅਸਰਾਂ ਸਬੰਧੀ ਬਹਿਸ ਚਲ ਰਹੀ ਸੀ ਜੋ ਔਸਤ ਤੇ ਛੋਟੀਆਂ ਉਤਪਾਦਿਕ ਇਕਾਈਆਂ ਨਾਲ ਹੀ ਜੁੜਦੀ ਸੀ। ਇੱਕ ਚਿੰਤਾ ਇਹ ਸੀ ਕਿ ਜਦ ਲੁਟੇਰੀ ਬਟਾਈਦਾਰੀ, ਮਾਲੀਆਂ ਜਾਂ ਕਿਰਤ ਸੰਬੰਧਾਂ ਤੋਂ ਲੋਕ ਅਜ਼ਾਦ ਹੋ ਜਾਣਗੇ ਤਾਂ ਉਹ ਆਪਣੀ ਪੈਦਾਵਾਰ ਦਾ ਇੱਕ ਵੱਡਾ ਹਿੱਸਾ ਆਪਣੀ ਖਪਤ ਲਈ ਬਚਾ ਲੈਣਗੇ, ਜੋ ਕੋਈ ਬੁਰੀ ਗੱਲ ਨਹੀਂ ਹੈ, ਪਰ ਇਹ ਦੂਸਰੇ ਖਪਤਕਾਰਾਂ ਲਈ ਅਨਾਜ ਉਪਲੱਭਤਾ ਨੂੰ ਘੱਟ ਕਰ ਦੇਵੇਗਾ। ਹਾਲਾਂਕਿ ਇਸ ਤਰਕ ਨੂੰ ਇਸ ਪ੍ਰਮਾਣ ਨੇ ਖਾਰਿਜ ਕਰ ਦਿੱਤਾ, ਜੋ ਵਿਖਾਉਂਦਾ ਹੈ ਕਿ ਛੋਟੇ ਪ੍ਰੀਵਾਰ ਦੇ ਵੱਧ ਵਧੀਆ ਤਰੀਕੇ ਦੀ ਪੈਦਾਵਾਰ ਦੇ ਨਾਲ ਕਿੰਨੀ ਵੱਧ ਪੈਦਾਵਾਰ ਹਾਸਲ ਕੀਤੀ ਜਾ ਸਕਦੀ ਹੈ। ਬ੍ਰਾਜੀਲ 'ਚ ਪ੍ਰੀਵਾਰਿਕ ਖੇਤੀ ਰਾਹੀਂ ਗਊ ਮਾਸ ਦੀ ਪੈਦਾਵਾਰ ਦੇ ਕੁਲ ਕੌਮੀ ਮੁੱਲ ਦਾ 24 ਫੀਸਦੀ, ਦੁੱਧ ਦਾ 24 ਫੀਸਦੀ, ਸੂਅਰ ਦੇ ਮਾਸ ਦਾ 58 ਫੀਸਦੀ ਅਤੇ ਮੁਰਗੇ ਤੇ ਆਂਡੇ ਦਾ 40 ਫੀਸਦੀ ਪੈਦਾ ਕੀਤਾ ਜਾਂਦਾ ਹੈ। ਨਾਲ ਹੀ ਇਹ ਕਪਾਹ ਦਾ 32 ਫੀਸਦੀ, ਚੌਲਾਂ ਦਾ 31 ਫੀਸਦੀ, ਪਿਆਜ ਦਾ 72 ਫੀਸਦੀ, ਹਰੀ ਬੀਨਸ ਦਾ 67 ਫੀਸਦੀ, ਤੰਬਾਕੂ ਦਾ 97 ਫੀਸਦੀ, ਕਾਜੂ ਦਾ 84 ਫੀਸਦੀ, ਮੱਕੀ ਦਾ 49 ਫੀਸਦੀ ਸੋਆ ਦਾ 32 ਫੀਸਦੀ, ਕਣਕ ਦਾ 46 ਫੀਸਦੀ, ਕੇਲੇ ਦਾ 58 ਫੀਸਦੀ, ਸੰਤਰੇ ਦਾ 27 ਫੀਸਦੀ, ਅੰਗੂਰ ਦਾ 47 ਫੀਸਦੀ, ਕਾਫੀ ਦਾ 25 ਫੀਸਦੀ ਤੇ ਚੀਨੀ ਦਾ 10 ਫੀਸਦੀ ਪੈਦਾ ਕਰਦਾ ਹੈ। ਅੰਕੜੇ ਵਿਖਾਉਂਦੇ ਹਨ ਕਿ ਵੱਡੇ ਫਾਰਮਾਂ ਦੀ ਤੁਲਨਾ 'ਚ ਛੋਟੇ ਫਾਰਮ ਹਮੇਸ਼ਾ ਹੀ ਪ੍ਰਤੀ ਏਕੜ ਵੱਧ ਫਸਲ ਦਾ ਹੋਰ ਵੱਧ ਬੇਹਤਰ ਤਰੀਕੇ ਨਾਲ ਪੈਦਾਵਾਰ ਕਰਦੇ ਹਨ ਅਤੇ ਬਰਾਮਦ ਦੇ ਲਈ ਜਾਂ ਤੇਲ ਦੀ ਬਜਾਏ ਖੁਰਾਕ ਦੀਆਂ ਫਸਲਾਂ ਪੈਦਾ ਕਰਦੇ ਹਨ। ਚਾਹੇ ਸਨਅਤੀ ਦੇਸ਼ ਦੀ ਗੱਲ ਜਾਂ ਤੀਜੀ ਦੁਨੀਆਂ ਦੇ ਦੇਸ਼ਾਂ ਦੀ ਹਰ ਥਾਂ ਇਹ ਗੱਲ ਸਹੀ ਹੈ। ਖੇਤੀ ਅਰਥਸਾਸ਼ਤਰੀਆਂ ਵਿੱਚ ਇਹ ਵਿਆਪਕ ਤੌਰ 'ਤੇ ਮੰਜੂਰ ਹੈ ਕਿ "ਖੇਤ ਦਾ ਸਾਈਜ਼ ਤੇ ਉਪਜ ਦੇ ਵਿੱਚ ਸਬੰਧ ਹੁੰਦਾ ਹੈ।" ਜਦ ਅਸੀਂ ਤੀਜੀ ਦੁਨੀਆਂ ਦੇ 15 ਦੇਸ਼ਾਂ ਦੇ ਖੇਤ ਦੇ ਸਾਈਜ਼ ਅਤੇ ਕੁਲ ਉਪਜ ਦੀ ਜਾਂਚ ਕਰਦੇ ਹਾਂ, ਤਾਂ ਦੇਖਦੇ ਹਾਂ ਕਿ ਸਾਰੇ ਮਾਮਲਿਆਂ 'ਚ ਛੋਟੇ ਆਕਾਰ ਦੇ ਖੇਤਾਂ ਦੀ ਤੁਲਨਾ 'ਚ ਦੋ ਤੋਂ ਦਸ ਗੁਣਾ ਵੱਧ ਉਤਪਾਦਕ ਹਨ। ਇਸ ਤਰ੍ਹਾਂ ਵੰਡ ਤੋਂ ਪਹਿਲਾਂ ਭੂਮੀ–ਸੁਧਾਰ ਪੈਦਾਵਾਰ ਦੇ ਲਿਹਾਜ ਨਾਲ ਕਿਸੇ ਗਲਤ ਫਹਿਮੀ 'ਤੇ ਅਧਾਰਤ ਨਹੀਂ ਹੈ। ਪਰ ਨਿਸਚੈ ਹੀ ਸਿਰਫ ਜ਼ਿਆਦਾ ਟਨ ਅਨਾਜ ਪੈਦਾ ਕਰਨਾ ਹੀ ਖੇਤੀ ਪੈਦਾਵਾਰ ਦਾ ਇਕੋ ਇਕ ਟੀਚਾ ਨਹੀਂ ਹੁੰਦਾ, ਖੇਤੀ ਅਦਾਰਿਆਂ ਲਈ ਪੇਂਡੂ ਜੀਵਨ ਨੂੰ ਕੁਲ ਮਿਲਾ ਕੇ ਬੇਹਤਰ ਬਣਾਉਣ ਵਾਲੀ ਜਾਇਦਾਦ ਪੈਦਾ ਕਰਨਾ ਵੀ ਜ਼ਰੂਰੀ ਹੈ। ਜਿਸ ਵਿੱਚ ਬੇਹਤਰ ਰਿਹਾਇਸ਼, ਸਿਖਿਆ, ਸਿਹਤ ਸੇਵਾਵਾਂ, ਟਰਾਂਸਪੋਰਟ ਸਥਾਨਕ ਆਰਥਕ ਵਿਧੀਕਰਣ ਅਤੇ ਮਨੋਰੰਜਨ ਤੇ ਸਭਿਆਚਾਰਕ ਸਹੂਲਤਾਂ ਸ਼ਾਮਲ ਹਨ। ਅਮਰੀਕਾ 'ਚ ਇਹ ਸੁਆਲ ਅੱਧੀ ਸ਼ਤਾਬਦੀ ਪਹਿਲਾਂ ਉਠਾਇਆ ਗਿਆ ਸੀ ਕਿ ਪੇਂਡੂ ਨਗਰਾਂ ਤੇ ਫਿਰਕਿਆਂ ਲਈ ਵੱਡੇ ਪੈਮਾਨੇ ਦੀ ਸਨਅਤੀ ਖੇਤੀ ਦੇ ਵਿਕਾਸ

ਦਾ ਕੀ ਮਤਲਬ ਹੈ? ਵਾਲਟਨ ਗੋਲਡ ਸਿਮਤ ਨੇ 1940 ਦੇ ਦਹਾਕੇ 'ਚ ਕੈਲੀਫੋਰਨੀਆਂ ਦੀ ਸ਼ਾਨ ਜੋਆਕਿਵਨ ਘਾਟੀ ਬਾਰੇ ਅਧਿਐਨ ਕੀਤਾ, ਜਿਸ 'ਚ ਵੱਡੇ ਨਿਗਮ ਫਾਰਮਾਂ ਦੇ ਦਾਬੇ ਵਾਲੇ ਇਲਾਕੇ ਦੀ ਤੁਲਨਾ ਮੁਕਾਬਲਤਨ ਛੋਟੇ ਪ੍ਰੀਵਾਰਿਕ ਫਾਰਮਾਂ ਨਾਲ ਕੀਤੀ ਗਈ। ਵੱਡੇ ਨਿਗਮ ਫਾਰਮਾਂ ਦੇ ਦਾਬੇ ਵਾਲੇ ਕਿਸਾਨ ਸਮੂਹਾਂ ਦੇ ਆਸੇ-ਪਾਸੇ ਦੇ ਨਗਰ ਉਜੜ ਗਏ। ਮਸ਼ੀਨੀਕਰਨ ਦਾ ਮਤਲਬ ਇਹੀ ਸੀ ਕਿ ਬਹੁਤ ਥੋੜੇ ਸਥਾਨਕ ਲੋਕਾਂ ਨੂੰ ਰੁਜ਼ਗਾਰ ਮਿਲਿਆ ਸੀ ਅਤੇ ਹੋਰ ਤ੍ਵਾਸੀ ਮਾਲਕੀ ਦਾ ਮਤਲਬ ਸੀ ਕਿ ਖੇਤੀ ਦੇ ਪ੍ਰੀਵਾਰ ਰੂਪ ਕਿਤੇ ਨਹੀਂ ਦਿਸਦੇ ਸਨ। ਇਹਨਾਂ ਨਿਗਮ ਫਾਰਮ ਨਗਰਾਂ 'ਚ ਖੇਤੀ ਤੋਂ ਹੋਈ ਆਮਦਨ, ਦੂਰਵਰਤੀ ਸਨਅਤਾਂ ਦੀ ਸਹਾਇਤਾ ਲਈ ਵੱਡੇ ਸ਼ਹਿਰਾਂ 'ਚ ਚਲੀ ਜਾਂਦੀ ਸੀ। ਜਦ ਕਿ ਪ੍ਰੀਵਾਰਿਕ ਫਾਰਮਾਂ ਵਪਾਰਕ ਸੰਸਥਾਵਾਂ ਵਿਚਾਲੇ ਹੁੰਦੀ ਸੀ ਜਿਸ ਨਾਲ ਨੌਕਰੀਆਂ ਦੀ ਪੈਦਾਇਸ਼ ਹੁੰਦੀ ਸੀ ਅਤੇ ਫਿਰਕੇ 'ਚ ਖੁਸ਼ਹਾਲੀ ਆਉਂਦੀ ਸੀ। ਜਿੱਥੇ ਵਪਾਰਕ ਫਾਰਮਾ ਦਾ ਦਬਦਬਾ ਸੀ ਉਥੇ ਸਥਾਨਕ ਕਿਤੇ ਵੱਧ ਸਨ, ਛੋਟੀਆਂ ਸੜਕਾਂ ਤੇ ਖੜਵੰਜੇ, ਸਕੂਲ ਪਾਰਕ, ਚਰਚ, ਕਲੱਬ, ਸਮਾਚਾਰ ਪੱਤਰ, ਬੇਹਤਰ ਸੇਵਾਵਾਂ, ਵੱਧ ਰੁਜ਼ਗਾਰ ਤੇ ਵੱਧ ਨਾਗਰਿਕ ਹਿੱਸੇਦਾਰੀ ਸੀ। ਉਸ ਜਮਾਨੇ 'ਚ ਗੋਲਡਸਿਮਤ ਦਾ ਮੂਲ ਅਧਿਐਨ ਇਸ ਗੱਲ ਦੀ ਪੁਸ਼ਟੀ ਕਰਦਾ ਹੈ ਕਿ ਉਹਨਾਂ ਦੇ ਸਿੱਟੇ ਅੱਜ ਵੀ ਸਹੀ ਹਨ।

ਅਮਰੀਕਾ ਦੇ ਪੂਰਬੀ ਖੇਤਰ 'ਚ ਪਾਏ ਜਾਣ ਵਾਲੇ ਏਮਿਸ਼ ਤੇ ਮੋਨੋਨਾਈਟ ਕਿਸਾਨ ਸਮੂਹ ਵਿੱਚ ਗੋਲਡਸ਼ਿਮਤ ਵੱਲੋਂ ਵਰਨਣ ਕੀਤੇ ਨਿਗਮ ਫਾਰਮ ਸਮੂਹ ਦੀ ਅਸਲੀ ਤਬਾਹੀ ਤੋਂ ਕਿਤੇ ਇਕਦਮ ਹੀ ਉਲਟੀ ਚੀਜ਼ ਦਿਸਦੀ ਹੈ ਪੈਨਸਲ ਵਾਨੀਆ ਦੀ ਲਾਂਕਾਸਟਰ ਕਾਊਂਟੀ, ਜਿੱਥੇ ਛੋਟੇ ਕਿਸਾਨਾ ਦਾ ਦਬਦਬਾ ਹੈ ਅਤੇ ਜੋ ਅਧੁਨਿਕ ਤਕਨੀਕ ਤੇ ਇੱਥੋਂ ਤੱਕ ਕਿ ਬੈਂਕ ਕਰਜੇ ਤੋਂ ਵੀ ਦੂਰ ਰਹਿੰਦੇ ਹਨ, ਮਿਸਿਸਿਪੀ ਨਦੀ ਦੇ ਪੂਰਬ ਦੀ ਸਭ ਤੋਂ ਵੱਧ ਉਤਪਾਦਿਕ ਕਾਊਂਟੀਆਂ ਵਿੱਚੋਂ ਇੱਕ ਹੈ। ਇਥੋਂ ਦੀ ਖੇਤੀ ਪੈਦਾਵਾਰ ਦੀ ਸਲਾਨਾ ਵਿਕਰੀ 70 ਕਰੋੜ ਡਾਲਰ ਹੈ ਅਤੇ ਇਸ ਤੋਂ ਇਲਾਵਾ ਉਹ 25 ਕਰੋੜ ਡਾਲਰ ਉਹਨਾਂ ਸੈਲਾਨੀਆਂ ਤੋਂ ਹਾਸਲ ਕਰਦੇ ਹਨ, ਜੋ ਰਵਾਇਤੀ ਛੋਟੇ ਖੇਤਾਂ ਦੀ ਸੁੰਦਰਤਾ ਦਾ ਅਨੰਦ ਲੈਂਦੇ ਹਨ। ਜਦ ਅਸੀਂ ਤੀਜੀ ਦੁਨੀਆਂ ਵੱਲ ਰੁਖ ਕਰਦੇ ਹਾਂ, ਤਾਂ ਉਥੇ ਵੀ ਇਸ ਨਾਲ ਮਿਲਦੀਆਂ ਜੁਲਦੀਆਂ ਹਾਲਤਾਂ ਦੇਖਦੇ ਹਾਂ। ਇੱਕ ਪਾਸੇ ਅਸੀਂ ਵੇਖਦੇ ਹਾਂ ਕਿ ਜਮੀਨ ਦੇ ਕੇਂਦਰੀਕਰਣ ਤੇ ਖੇਤੀ ਦੇ ਸਨਅਤੀਕਰਨ ਕਰਕੇ ਤਬਾਹੀ ਦਾ ਨਜ਼ਾਰਾ ਹੈ ਜਦ ਕਿ ਦੂਜੇ ਪਾਸੇ ਸਥਾਨਕ ਫਾਇਦੇ ਹਨ ਜੋ ਉਹਨਾਂ ਛੋਟੇ ਖੇਤਾਂ ਤੋਂ ਹਾਸਲ ਹੁੰਦੇ ਹਨ ਜਿਨ੍ਹਾਂ ਦੀ ਰਚਨਾ ਖੇਤੀ ਸੁਧਾਰਾਂ ਰਾਹੀਂ ਜਾਂ ਜਮੀਨੀ ਕਬਜੇ ਦੇ ਰੂਪ 'ਚ "ਹੇਠਾਂ ਤੋਂ ਭੂਮੀ ਸੁਧਾਰ" ਨਾਲ ਵੀ ਕੀਤੀ ਜਾ ਸਕਦੀ ਹੈ। ਬ੍ਰਾਜੀਲ 'ਚ ਸਥਾਨਕ ਨਗਰ ਉਸ ਵਪਾਰ ਤੋਂ ਲਾਭ ਉਠਾਉਂਦੇ ਹਨ। ਜੋ ਹੇਠਾਂ ਤੋਂ ਚਲਦੇ ਭੂਮੀ ਸੁਧਾਰਾਂ ਰਾਹੀਂ ਅਨਅਤ੍ਵਾਸੀ ਭੋਇੰ ਮਾਲਕਾਂ ਦੀਆਂ ਜਾਗੀਰੂ ਨੂੰ ਉਤਪਾਦਕ ਪ੍ਰੀਵਾਰਿਕ ਜਾਂ ਸਹਿਕਾਰੀ ਖੇਤੀ ਦੇ ਉਦਮਾਂ 'ਚ ਬਦਲਣ ਨਾਲ ਪੈਦਾ ਹੁੰਦੀ ਹੈ। ਜੁਹਲੋ ਦੇ ਕਾਸਿਤਲਹੋ ਨਗਰਪਾਲਿਕਾ 'ਚ ਕੀਤੇ ਗਏ ਇੱਕ ਅਧਿਐਨ 'ਚ ਪਾਇਆ ਗਿਆ ਐਮ. ਐਸ. ਦੀ ਬਸਾਹਤ ਦੇ ਪਾਸ ਸਿਰਫ 0.7 ਫੀਸਦੀ ਜਮੀਨ ਹੈ ਪਰ ਇਸ ਦੇ ਮੈਂਬਰਾਂ ਨੇ ਟੈਕਸਾਂ ਦਾ 5 ਫੀਸਦੀ ਭੁਗਤਾਨ ਕੀਤਾ ਜਿਸ ਨਾਲ ਇਹ ਨਗਰਪਾਲਿਕਾ ਦੀ ਦੂਜੀ ਸਭ ਤੋਂ ਵੱਡੀ ਪੇਂਡੂ ਕਰਦਾਤਾ ਅਬਾਦੀ ਬਣ ਗਈ।" ਇਹ ਸਪੱਸ਼ਟ ਹੈ ਕਿ

ਸਥਾਨਕ ਤੇ ਖੇਤਰੀ ਆਰਥਕ ਵਿਕਾਸ ਛੋਟੇ ਫਾਰਮ ਦੇ ਅਰਥਚਾਰੇ ਤੋਂ ਫਾਇਦਾ ਉਠਾ ਸਕਦੇ ਹਨ ਤੇ ਵੈਸੇ ਹੀ ਪੇਂਡੂ, ਨਗਰਾਂ ਦਾ ਜੀਵਨ ਤੇ ਖੁਸ਼ਹਾਲੀ ਵੀ। ਪਰ ਕੌਮੀ ਆਰਥਕ ਵਿਕਾਸ ਦਾ ਕੀ ਹੋਵੇਗਾ? ਇਹ "ਵਿਕਾਸ ਦਾ ਕਿਸਾਨੀ ਰਸਤਾ" ਉਸ ਤਰਕ ਦਾ ਹਿੱਸਾ ਹੈ ਕਿ ਮਿਸਾਲ ਲਈ ਅਮਰੀਕਾ ਆਪਣੇ ਇਤਿਹਾਸ ਦੇ ਸ਼ੁਰੂ ਵਿੱਚ ਕਿਉਂ ਲਤੀਨੀ ਅਮਰੀਕੀ ਦੀ ਤੁਲਨਾ 'ਚ ਵੱਧ ਤੇਜੀ ਤੇ ਸਮਰੂਪਤਾ ਦੇ ਨਾਲ ਵਿਕਸਤ ਹੋਇਆ, ਜਦ ਵੀ ਨਾਬਰਾਬਰ ਵੰਡ ਵਾਲਾ ਲਤੀਨੀ ਅਮਰੀਕਾ, ਜਿਸ ਦੀ ਹਾਲਾਤੀ ਵਿਸੇਸ਼ਤਾ, ਗਰੀਬੀ ਤੋਂ ਗ੍ਰਸਿਤ ਗੁਜਾਰੇ ਦੀ ਖੇਤੀ ਕਰਨ ਵਾਲੇ ਕਿਸਾਨਾ ਦੇ ਨਾਲ ਛਿਤਰਾਈ ਹੋਈ ਵਿਰਾਟ ਭੋਇੰ-ਮਾਲਕੀਆਂ ਅਤੇ ਬਾਗਬਾਨੀ ਸਨ, ਪਿਛੜ ਗਿਆ। ਅਮਰੀਕਾ ਦੇ ਸ਼ੁਰੂਅਤੀ ਦਹਾਕਿਆਂ 'ਚ (ਦੱਖਣੀ ਅਮਰੀਕਾ ਦੀ ਬਾਗਬਾਨੀ ਵਿਵਸਥਾ ਤੋਂ ਉਲਟ), ਅਜ਼ਾਦ "ਭੂਮੀਘਰ" ਕਿਸਾਨਾਂ ਨੇ ਨਗਰ ਦੇ ਇਲਾਕਿਆਂ 'ਚ ਬਟਾਂਦਰੇ ਦੀਆਂ ਵਸਤਾਂ ਲਈ ਇੱਕ ਚਹਿਲ-ਬਹਿਲ ਨਾਲ ਘਰੇਲੂ ਬਾਜ਼ਾਰ ਦਾ ਨਿਰਮਾਣ ਕੀਤਾ ਗਿਆ ਸੀ ਜਿਸ 'ਚ ਖੇਤੀ ਦੇ ਉਪਕਰਣ, ਕੱਪੜਾ, ਤੇ ਹੋਰ ਜ਼ਰੂਰੀ ਵਸਤਾਂ ਸ਼ਾਮਲ ਸਨ। ਇਸ ਘਰੇਲੂ ਮੰਗ ਨੇ ਨਗਰ ਖੇਤਰਾਂ ਦੇ ਆਰਥਕ ਵਿਕਾਸ ਨੂੰ ਊਰਜਾ ਦਿੱਤੀ ਤੇ ਦੋਹਾਂ ਦੇ ਮੇਲ ਨਾਲ ਹੀ ਵਿਆਪਕ ਅਧਾਰ ਵਾਲਾ ਵਿਕਾਸ ਹੋਇਆ।

ਦੂਜੀ ਸੰਸਾਰ ਜੰਗ ਪਿੱਛੋਂ ਪੂੰਜੀਵਾਦੀ ਦੇਸ਼ਾਂ 'ਚ ਜਪਾਨ, ਦੱਖਣੀ ਕੋਰੀਆ ਤੇ ਤਾਇਵਾਨ ਤੇ "ਅਸਲ 'ਚ ਮੌਜੂਦ ਸਮਾਜਵਾਦੀ ਦੁਨੀਆਂ 'ਚ ਚੀਨ, ਕਿਊਬਾ ਤੇ ਪਿੱਛੇ ਜਿਹੇ ਹੀ ਵਿਅਤਨਾਮ ਦਾ ਅਨੁਭਵ ਇਹ ਵੀ ਵਿਖਾਉਂਦਾ ਹੈ ਕਿ ਜਮੀਨ ਦੀ ਬਰਾਬਰ ਵੰਡ ਕਿਸ ਤਰ੍ਹਾਂ ਆਰਥਕ ਵਿਕਾਸ ਨੂੰ ਊਰਜਾ ਦਿੰਦੀ ਹੈ। ਦੂਜੇ ਸੰਸਾਰ ਜੰਗ ਦੇ ਅੰਤ ਤੱਕ ਤਬਾਹੀ ਤੇ ਵਿਦੇਸ਼ੀ ਕਬਜ਼ੇ ਦੀਆਂ ਹਾਲਤਾਂ ਨਾਲ ਮਿਲਕੇ ਜਪਾਨ, ਦੱਖਣੀ ਕੋਰੀਆ ਤੇ ਤਾਇਵਾਨ 'ਚ "ਮੁਢਲੇ" ਭੂਮੀ ਸੁਧਾਰਾਂ ਲਈ ਹਾਲਾਤ ਤਿਆਰ ਕੀਤੀ। ਜਦ ਕਿ ਇਨਕਲਾਬ ਪਿੱਛੋਂ ਸਮਾਜਵਾਦੀ ਦੇਸ਼ਾਂ ਵਿੱਚ ਅਜਿਹਾ ਹੀ ਹੋਇਆ- ਪੇਂਡੂ ਆਰਥਕ ਜੀਵਨ ਦੇ ਉਪਰ ਭੂ ਸੁਆਮੀ ਵਰਗ ਦੀ ਆਰਥਕ ਜਕੜ ਨੂੰ ਤੋੜ ਦਿੱਤਾ। ਵਪਾਰ ਸੁਰੱਖਿਆ ਜਰੀਏ ਖੇਤੀ ਉਪਜ ਦੀਆਂ ਕੀਮਤਾਂ ਉਚੀਆਂ ਰੱਖਣ ਤੇ ਪੇਂਡੂ ਖੇਤਰ 'ਚ ਵਿਸੇਸ਼ ਤੌਰ 'ਤੇ ਪੂੰਜੀ ਨਿਵੇਸ਼, ਦੋਹਾਂ ਦੇ ਮੇਲ ਨਾਲ ਖੇਤੀ ਪ੍ਰੀਵਾਰਾਂ ਨੇ ਉਚੀ ਕਾਰਜ ਸ਼ਕਤੀ ਹਾਸਲ ਕਰ ਲਈ, ਜਿਸ ਨੂੰ ਉਡਾਣ ਭਰਦਿਆਂ ਉਦਯੋਗਾਂ ਲਈ ਘਰੇਲੂ ਬਜਾਰ ਦੀ ਗਰੰਟੀ ਹੋਈ। ਜੰਗ ਪਿੱਛੋਂ ਜਪਾਨ, ਦੱਖਣੀ ਕੋਰੀਆ ਤੇ ਤਾਇਵਾਨ ਨੇ ਜੋ ਆਰਥਕ "ਚਮਤਕਾਰ" ਕੀਤੇ ਉਹਨਾਂ 'ਚੋਂ ਹਰ ਇੱਕ ਦੀ ਨੂੰ ਪੇਂਡੂ ਇਲਾਕਿਆਂ 'ਚ ਕੇਂਦਰਿਤ ਸਥਾਨਕ ਬਾਜ਼ਾਰਾਂ ਨੇ ਊਰਜਾ ਮੁਹਈਆ ਕੀਤੀ ਸੀ। ਉਸ ਪਿੱਛੋਂ ਹੀ ਉਹਨਾਂ ਨੇ ਬਹੁਚਰਚਿਤ "ਬਰਾਮਦ ਮੁਖੀ" ਨੀਤੀਆਂ ਦਾ ਆਗਮਨ ਹੋਇਆ ਜਿਹਨਾਂ ਨੂੰ ਪਿੱਛੋਂ ਉਦਯੋਗਾਂ ਦੀ ਵਿਸ਼ਵ ਅਰਥਵਿਵਸਥਾ ਦੇ ਨਾਲ ਮੁਕਾਬਲਾ ਕਰਨ ਲਈ ਅੱਗੇ ਧੱਕਿਆ। ਇਹ "ਉਪਰ ਉਠਦੀਆਂ" ਅਰਥਵਿਵਸਥਾਵਾਂ ਦੇ ਪੁਨਰ ਬਟਵਾਰੇ ਨੇ, ਇੱਕ ਤੇਜ਼ ਤੇ ਮੁਕਾਬਲਤਨ ਸਮਾਵੇਸ਼ੀ ਵਿਕਾਸ ਦੇ ਆਰਥਕ ਆਧਾਰ ਤਿਆਰ ਕੀਤੇ ਸਨ। ਇਸ ਵਿਸਲੇਸ਼ਣ ਦਾ ਇਹ ਮਤਲਬ ਕਤਈ ਨਹੀਂ ਕਿ ਉਹਨਾਂ ਦੇਸ਼ਾਂ ਵੱਲੋਂ ਅਪਣਾਈਆਂ ਸਾਰੀਆਂ ਨੀਤੀਆਂ ਸਕਾਰਾਤਮਕ ਸਨ ਜਾਂ ਇਹ ਕਿ ਅੱਖਾਂ ਬੰਦ ਕਰਕੇ ਇਹਨਾਂ ਦੀ ਨਕਲ ਕੀਤੀ ਜਾਣੀ ਚਾਹੀਦੀ ਹੈ। ਪਰ ਲਤੀਨੀ ਅਮਰੀਕਾ

ਸਮੇਤ ਅਮਰੀਕਾ ਦੇ ਪੂਰਨ ਦਬ ਦਬਾਅ ਵਾਲੇ ਖੇਤਰਾਂ 'ਚ ਉਸੇ ਹਾਲ 'ਚ 'ਟ੍ਰਿਕਲ ਡਾਊਨ' ਅਰਥ ਸਾਸ਼ਤਰ ਦੀਆਂ ਕੁਝ ਖਾਸ ਹਾਸਲ ਕਰ ਲੈਣ 'ਚ ਅਸਫਲਤਾ ਦੀ ਤੁਲਨਾ 'ਚ ਇਹਨਾਂ ਦੇਸ਼ਾਂ ਦਾ ਅਨੁਭਵ ਬਿਲਕੁਲ ਹੀ ਉਲਟਾ ਹੈ। ਆਮ ਤੌਰ 'ਤੇ ਮੁਖ ਧਾਰਾ ਦੇ ਵਿਕਾਸ ਸਬੰਧੀ ਅਰਥ ਸਾਸ਼ਤਰੀਆਂ ਵਿੱਚ ਇਸ ਗੱਲ ਤੇ ਸਹਿਮਤੀ ਵਧਦੀ ਜਾ ਰਹੀ ਹੈ ਅਤੇ ਜਿਸ ਚੀਜ਼ ਨੂੰ ਲੰਬੇ ਸਮੇਂ ਤੋਂ ਨਾਗਰਿਕ ਸਮਾਜ ਦੇ ਅਨੇਕਾਂ ਲੋਕ ਮੰਗ ਕਰ ਰਹੇ ਸਨ, ਕਿ ਹਾਲਤਾਂ ਦੇ ਬਟਵਾਰੇ 'ਚ ਨਾ ਬਰਾਬਰੀ ਆਰਥਕ ਵਿਕਾਸ ਨੂੰ ਰੋਕਦੀ ਹੈ।

"ਰੁਪਾਂਤਕਾਰੀ" ਖੇਤੀ ਸੁਧਾਰ ਤੇ ਹੋਰ ਸੁਧਾਰਾਂ ਵਿਚਕਾਰ ਇੱਕ ਮਹੱਤਵਪੂਰਨ ਫਰਕ ਹੈ। ਜ਼ਿਆਦਾਤਰ ਪੁਨਰਵਿਤਰਣਕਾਰੀ ਸੁਧਾਰ ਤੇ ਹੋਰ ਸੁਧਾਰਾਂ ਵਿਚਕਾਰ 'ਚ ਜੋ ਲੋਕ ਅਸਲ 'ਚ ਜਮੀਨ ਹਾਸਲ ਕਰਦੇ ਹਨ ਉਹ ਭੂਮੀਹੀਣ ਲੋਕਾਂ ਤੋਂ, ਚਾਹੇ ਥੋੜ੍ਹਾਂ ਹੀ ਸੀ ਬੇਹਤਰ ਸਥਿਤੀ 'ਚ ਹੁੰਦੇ ਹਨ। ਘੱਟੋ-ਘੱਟ ਉਦੋਂ ਤਕ ਜਦੋਂ ਤਕ ਕਿ ਗਰੀਬ ਕਿਸਾਨ ਵਿਰੋਧੀ ਨੀਤੀਆਂ ਦੇ ਕਾਰਣ ਉਹ ਆਪਣੀ ਜਮੀਨ ਫਿਰ ਤੋਂ ਗੁਆ ਨਹੀਂ ਲੈਂਦੇ। ਹਾਲਾਂਕਿ ਕੁਝ ਭੂਮੀ ਸੁਧਾਰ ਪੂਰੇ ਦੇਸ਼ ਦੇ ਵਿਕਾਸ ਦੇ ਢਰੇ ਨੂੰ ਬਦਲਣ 'ਚ ਮਹੱਤਵਪੂਰਨ ਕਦਮ ਰਹੇ ਹਨ। ਇਹਨਾਂ ਮਾਮਲਿਆਂ 'ਚ ਕਈ ਦੇਸ਼ ਪ੍ਰਵੰਚਨਾ, ਲਗਾਤਾਰ ਵਧਦੀ ਗਰੀਬੀ ਤੇ ਵਾਤਾਵਰਣ ਵਿਨਾਸ ਦੀ ਹਾਲਤ ਤੋਂ "ਛਲਾਂਗ" ਲਾਉਂਦੇ ਹੋਏ ਜੀਵਨ ਪੱਧਰ 'ਚ ਵਿਆਪਕ ਰੂਪ ਨਾਲ ਬੇਹਤਰੀ ਤੇ ਮਜ਼ਬੂਤ ਅੰਤਰਿਕ ਬਾਜ਼ਾਰ ਦੀ ਬਰਾਮਦ ਵੱਲ ਵਧੇ ਜਿਸ ਨੇ ਉਹਨਾਂ ਨੂੰ ਹੋਰ ਵੀ ਵੱਧ ਗਤੀਸ਼ੀਲ ਤੇ ਸਮਵੇਸ਼ੀ ਵਿਕਾਸ ਵੱਲ ਪਹੁੰਚਾ ਦਿੱਤਾ। ਇਸ ਰਾਹ ਦੀ ਜਪਾਨ ਦੱਖਣੀ ਕੋਰੀਆ, ਤਾਇਵਾਨ, ਚੀਨ ਤੇ ਹੋਰ ਦੇਸ਼ਾਂ ਨੇ ਨਕਲ ਕੀਤੀ। ਤੁਲਨਾਤਮਕ ਵਿਸਲੇਸ਼ਣ ਤੋਂ ਇਹ ਸਪਸ਼ਟ ਹੁੰਦਾ ਹੈ ਕਿ ਇਹਨਾਂ ਰੁਪਾਂਤਰਕਾਰੀ ਸੁਧਾਰਾਂ ਵਿੱਚ, ਜਿਹਨਾਂ ਕਾਰਨ ਅਸਲ ਸਮਾਜਕ ਸੰਕ੍ਰਮਣ ਸੰਭਵ ਹੋਇਆ, ਕੁਝ ਚੀਜ਼ਾਂ ਆਮ ਹਨ। ਸੰਖੇਪ 'ਚ ਭੂਮੀਹੀਣ ਤੇ ਘੱਟ ਜਮੀਨਾਂ ਵਾਲਿਆਂ ਵਿੱਚੋਂ ਜ਼ਿਆਦਾਤਰ ਲੋਕਾਂ ਨੂੰ ਫਾਇਦਾ ਹੋਇਆ। ਬਹੁਤੀ ਖੇਤੀਯੋਗ ਜਮੀਨ ਅਸਰਅੰਦਾਜ ਹੋਈ, ਪੇਂਡੂ ਜੀਵਨ ਤੇ ਅਰਥਚਾਰੇ ਦੀ ਘੇਰਾਬੰਦੀ ਕਰਨ ਵਾਲੀ ਸਤਾ-ਤਾਣੇ-ਬਾਣੇ ਦੀ ਜਕੜ ਤੋੜ ਦਿੱਤੀ ਗਈ। ਅਤੇ ਅਨਕੂਲ ਸਮਰਥ ਆਰਥਕ ਨੀਤੀਆਂ ਲਾਗੂ ਕੀਤੀਆਂ ਗਈਆਂ। ਵਧ ਸਫਲ ਸੁਧਾਰਾਂ ਦਾ ਇੱਕ ਅਹਿਮ ਪਹਿਲੂ ਇਹ ਵੀ ਸੀ ਕਿ ਕੌਮੀ ਆਰਥਕ ਵਿਕਾਸ ਵਿੱਚ ਕਿਸਾਨ ਪ੍ਰੀਵਾਰਾਂ ਦੀ ਕੇਂਦਰੀ ਭੂਮਿਕਾ ਨੂੰ ਮੰਨਦਿਆਂ। ਉਹਨਾਂ ਨੂੰ ਆਮ ਤੌਰ 'ਤੇ ਦਲਿਦਰ ਸਮਝਿਆ ਗਿਆ ਜਿਹਨਾਂ ਨੂੰ ਦਾਨ ਦੇ ਕੇ ਮਦਦ ਕਰਨ ਦੀ ਲੋੜ ਹੋਵੇ।

**ਭੂਮੀ ਸੁਧਾਰ ਤੇ ਵਾਤਾਵਰਣ** : - ਛੋਟੀ ਖੇਤੀ ਵਾਲੇ ਅਰਥਚਾਰੇ ਦੇ ਫਾਇਦੇ ਆਰਥਕ ਖੇਤਰ ਤੋਂ ਅੱਗੇ ਤੱਕ ਵਧਦੇ ਗਏ। ਵੱਡੇ ਸਨਅਤੀ ਸ਼ੈਲੀ ਦੇ ਫਾਰਮ ਅਦਾਰਿਆਂ ਦੇ ਪ੍ਰਬੰਧਕਾਂ 'ਤੇ ਉਜਾੜ ਧਰਤੀ ਵਾਲੀਸ਼ੈਲੀ (ਮਾਨਸਿਕਤਾ) ਠੋਸਦੇ ਸਨ-ਪੇੜ ਨਹੀਂ ਜੰਗਲੀ ਜਾਨਵਰ ਨਹੀਂ, ਅੰਤ ਇੱਕ ਫਸਲੀ ਖੇਤੀ-ਪਰ ਛੋਟੇ ਕਿਸਾਨ ਕੁਦਰਤੀ ਸਾਧਨਾਂ ਤੇ ਮਿਟੀ ਦੇ ਪ੍ਰਭਾਵੀ ਪ੍ਰਬੰਧਕ ਹੋ ਸਕਦੇ ਹਨ। ਸ਼ੁਰੂ ਤੋਂ ਹੀ ਛੋਟੇ ਕਿਸਾਨ ਸਾਧਨਾਂ ਦੇ ਇੱਕ ਵਿਆਪਕ ਵਿਨਆਸ ਨੂੰ ਵਰਤਦੇ ਹਨ ਅਤੇ ਉਹਨਾਂ ਦਾ ਸੁਆਰਥ ਆਪਣੇ ਨੂੰ ਟਿਕਾਈ ਰੱਖਣਾ ਹੁੰਦਾ ਹੈ। ਨਾਲ ਹੀ ਉਹਨਾਂ ਦੀ ਖੇਤੀ ਪ੍ਰਣਾਲੀ 'ਚ ਵਿਭੰਨਤਾ, ਸਾਂਝਾ ਯਤਨ ਤੇ ਖੇਤ ਦੇ ਅੰਦਰ ਪ੍ਰਮੁੱਖ ਕਾਰਜਕਾਰੀ ਜੈਵ-ਵਿਭੰਨਤਾ ਦੀ

ਹਿਫਾਜਤ ਕਰਨਾ ਸ਼ਾਮਲ ਹੁੰਦਾ ਹੈ। ਜੈਵ-ਵਿਭੰਨਤਾ, ਖੁੱਲ੍ਹੀ ਥਾਂ ਤੇ ਦਰੱਖਤਾਂ ਨੂੰ ਬਚਾ ਕੇ ਤੇ ਜਮੀਨ ਦੇ ਖੋਰੇ ਨੂੰ ਘੱਟ ਕਰਕੇ ਛੋਟੇ ਖੇਤ ਸਮਾਜ ਨੂੰ ਬਹੁਮੁਲੀ ਸੇਵਾ ਹਾਲਤਾਂ ਅਨੁਸਾਰ ਮੁਹਈਆ ਕਰਦੇ ਹਨ। ਅਮਰੀਕਾ 'ਚ ਛੋਟੇ ਕਿਸਾਨ ਆਪਣੇ ਰਕਬੇ ਦਾ 17 ਫੀਸਦੀ ਜੰਗਲਾਂ ਲਈ ਛੱਡਦੇ ਹਨ ਜਦ ਕਿ ਵੱਡੇ ਫਾਰਮ ਸਿਰਫ 5 ਫੀਸਦੀ ਹੀ ਛੱਡਦੇ ਹਨ। ਛੋਟੇ ਕਿਸਾਨ ਉਹਨਾਂ ਤੋਂ ਦੁਗਣੀ ਜਮੀਨ 'ਚ "ਮਿੱਟੀ ਸੁਧਾਰ ਦੇ ਉਪਾਅ" ਲਾਉਂਦੇ ਹਨ ਜਿਹਨਾਂ 'ਚ ਘਾਹ ਤੇ ਹਰੀ ਖਾਣ ਸ਼ਾਮਲ ਹੈ। ਤੀਜੀ ਦੁਨੀਆਂ ਦੇ ਕਿਸਾਨਾਂ 'ਚ ਜਮੀਨ ਦੇ ਖੋਰੇ ਸਮੇਤ ਜਮੀਨ ਦੇ ਵਿਨਾਸ ਨੂੰ ਰੋਕਣ ਜਾਂ ਪਲਟਣ ਦੀ ਅਜੀਬ ਸਮਰਥਾ ਹੁੰਦੀ ਹੈ। ਉਹ ਪੂਰੇ ਸਮਾਜ ਨੂੰ ਅਹਿਮ ਸੇਵਾ ਮੁਹਈਆ ਕਰ ਸਕਦੇ ਹਨ, ਤੇ ਕਰਦੇ ਹਨ। ਇਨ੍ਹਾਂ 'ਚ ਸੰਕਟਪੂਰਨ ਜਲ ਸਰੋਤਾਂ ਦਾ ਟਿਕਾਊ ਪ੍ਰਬੰਧ ਕਰਕੇ, ਜਲ ਸਾਧਨਾਂ ਦਾ ਗਤੀਸ਼ੀਲ ਵਿਕਾਸ ਤੇ ਪ੍ਰਬੰਧ ਸ਼ਾਮਲ ਹੈ, ਜਿਨ੍ਹਾਂ 'ਤੇ ਮਾਨਵਤਾ ਦੀ ਭਾਵੀ ਅਨਾਜ ਸੁਰੱਖਿਆ ਨਿਰਭਰ ਹੈ। ਅਧੁਨਿਕ ਬਰਾਬਰ ਬਾਗਬਾਨੀ ਦੀ ਬੰਜਰ ਭੂਮੀ ਦੇ ਮੁਕਾਬਲਤਨ ਛੋਟੀ ਖੇਤੀ ਦੇ ਭੂ-ਦ੍ਰਿਸ਼ 'ਚ ਹਜ਼ਾਰਾਂ ਜੈਵ-ਵਿਭੰਨਤਾਵਾਂ ਹੁੰਦੀਆਂ ਹਨ। ਜੰਗਲੀ ਇਲਾਕਾ, ਜਿਸ ਨਾਲ ਜਾਨਵਰਾਂ ਨੂੰ ਚਾਰਾ ਤੇ ਘਾਹ-ਫੂਸ ਮਿਲਦਾ ਹੈ, ਲੱਕੜੀ ਦਾ ਗਟਰ, ਬਹੁਫਸਲੀ ਖੇਤੀ ਤੇ ਖੇਤੀ-ਵੰਨਗੀ, ਛੋਟੇ-ਵੱਡੇ ਪਸ਼ੂ ਪਾਲਣ, ਮੱਛੀਆਂ ਦੇ ਤਲਾਅ ਤੇ ਘਰ ਦੇ ਪਿਛਵਾੜੇ ਬਾਗਬਾਨੀ- ਇਹ ਸਭ ਕੁਝ ਮਿਲਾ ਕੇ ਹਜ਼ਾਰਾਂ ਨਹੀਂ ਤਾਂ ਸੈਂਕੜੇ ਜੰਗਲੀ ਤੇ ਖੇਤੀ ਯੋਗ ਪ੍ਰਜਾਤੀਆਂ ਦੀ ਰੱਖਿਆ ਕਰਦੇ ਹਨ। ਇਸ ਦੇ ਨਾਲ-ਨਾਲ ਪ੍ਰੀਵਾਰ ਦੇ ਖੇਤ ਵਿੱਚ ਮਿੱਟੀ ਦੀ ਉਤਪਾਦਿਕਤਾ ਬਣਾਈ ਰੱਖਣ ਪ੍ਰਤੀ ਪ੍ਰੀਵਾਰ ਦੇ ਮੈਂਬਰਾਂ ਦੀ ਪ੍ਰਤੀ ਬੱਧਤਾ ਦਾ ਅਰਥ ਹੈ ਕਿ ਲੰਬੇ ਸਮੇਂ ਦੇ ਟਿਕਾਊਪਣ 'ਚ ਉਸਾਰੂ ਸੋਚ ਜੋ ਨਿਵੇਸ਼ਕਾਂ ਨੂੰ ਮਾਲਕੀ ਵਾਲੇ ਵੱਡੇ ਫਾਰਮਾਂ 'ਚ ਵੇਖਣ ਨੂੰ ਨਹੀਂ ਮਿਲਦੀ। ਜੇ ਸਾਨੂੰ ਸੱਚਮੁੱਚ ਪੇਂਡੂ ਹਾਲਤ ਦੀ ਸਹੀ ਚਿੰਤਾ ਹੈ ਤਾਂ ਛੋਟੀ ਪ੍ਰੀਵਾਰਿਕ ਖੇਤੀ ਨੂੰ ਸੁਰੱਖਿਅਤ ਤੇ ਉਤਸ਼ਾਹਿਤ ਕਰਨ ਦਾ ਮਹੱਤਵਪੂਰਨ ਕਦਮ ਚੁੱਕਣਾ ਜ਼ਰੂਰੀ ਹੋਵੇਗਾ।

**ਸਿੱਟਾ** - ਭੂਮੀ ਸੁਧਾਰਾਂ ਦੀ ਕਾਰਜ ਸੂਚੀ 'ਤੇ ਵਾਪਸੀ-ਪੂਰੀ ਦੁਨੀਆਂ 'ਚ ਬੇਜ਼ਮੀਨੇ ਕਿਸਾਨਾਂ ਦੇ ਜਾਰੀ ਸੰਘਰਸ਼ਾਂ ਦਾ ਸ਼ੁਕਰ ਹੈ ਕਿ ਪੁਨਰ ਵਿਤਰਕ ਭੂਮੀ ਸੁਧਾਰ ਕਾਰਜ ਸੂਚੀ 'ਚ ਮਜ਼ਬੂਤੀ ਨਾਲ ਵਾਪਸ ਆ ਗਿਆ ਹੈ। ਚਾਹੇ ਅਸੀਂ ਆਰਥਕ ਵਿਕਾਸ ਦੀ ਗੱਲ ਕਰਦੇ ਹੋਈਏ, ਅਨਾਜ ਸੰਕਟ ਨੇ ਢਾਂਚਾਗਤ ਕਾਰਨਾਂ ਦੀ ਜਾਂ ਉਤਪਾਦਕ ਸਾਧਨਾਂ ਤੇ ਪੇਂਡੂ ਵਾਤਾਵਰਣ ਦੀ ਰਾਖੀ ਦੀ। ਪੁਨਰਵਿਤਰਕ ਭੂਮੀ ਸੁਧਾਰ ਇਸ ਸਮੁੱਚੇ ਵਿਕਲਪਿਕ ਪ੍ਰਤਿਮਾਨ ਦਾ ਇੱਕ ਲਾਜਮੀ ਅੰਗ ਹਨ ਜੋ ਅੰਨ ਪ੍ਰਭੂਤਾ ਦੀ ਭਾਸ਼ਾ 'ਚ ਸ਼ਾਮਲ ਹੈ।

# ਬਦਲਵੇਂ ਖੇਤੀ ਕਾਰਜ ਬਨਾਮ ਕਿਊਬਾ 'ਚ ਖੇਤੀ

ਸਾਡਾ ਵਿਸ਼ਵੀ ਅਨਾਜ ਢਾਂਚਾ ਆਪਣੇ ਆਰਥਕ ਤੇ ਸਮਾਜ ਪਹਿਲੂ ਸਮੇਤ ਇੱਕ ਬਹੁਪੱਖੀ ਸੰਕਟ 'ਚੋਂ ਲੰਘ ਰਿਹਾ ਹੈ। ਇਸ ਸੰਕਟ ਨਾਲ ਨਿਪਟਣ ਲਈ ਰਾਜਸੀ ਤੇ ਸਮਾਜਕ ਤਬਦੀਲੀ ਦੀ ਜ਼ਰੂਰਤ ਹੈ। ਤਾਂ ਕਿ ਵਪਾਰਕ ਪੱਧਰ 'ਤੇ ਵਿਕਲਪਾਂ ਦਾ ਵਿਕਾਸ ਕੀਤਾ ਜਾ ਸਕੇ। ਮੌਜੂਦਾ ਅਨਾਜ-ਤੰਤਰ ਉਤਪਾਦਨਕਾਰੀ ਹੈ - ਇਸ 'ਚ ਕੋਈ ਸ਼ੱਕ ਨਹੀਂ ਹੈ ਕਿਉਂਕਿ ਪਿਛਲੇ 35 ਸਾਲਾਂ ਦੀ ਤੁਲਨਾ ਵਿੱਚ ਦੁਨੀਆਂ ਭਰ 'ਚ ਪ੍ਰਤੀ ਵਿਅਕਤੀ ਅਨਾਜ ਪੈਦਾਵਾਰ 'ਚ 15 ਫੀਸਦੀ ਦਾ ਵਾਧਾ ਹੋਇਆ ਹੈ। ਪਰ, ਇਹ ਪੈਦਾਵਾਰ ਪਹਿਲਾਂ ਤੋਂ ਹੀ ਮੁਠੀਭਰ ਲੋਕਾਂ ਦੇ ਹੱਥਾਂ ਵਿੱਚ ਹੈ ਅਤੇ ਆਰਥਕ ਤੇ ਹਾਲਾਤ ਵਜੋਂ ਲਗਾਤਾਰ ਵੱਧ ਖਰਚੀਲਾ ਹੁੰਦਾ ਗਿਆ ਹੈ। ਇਸ ਲਈ ਟਿਕਾਊਪਨ ਦੀ ਗੱਲ ਤਾਂ ਛੱਡੋ, ਥੋੜੇ ਅਰਸੇ ਲਈ ਵੀ ਭੁੱਖ ਤੇ ਭੋਜਨ ਉਪਲੱਭਤਾ ਦੀ ਬੁਨਿਅਦੀ ਸਮੱਸਿਆ ਨੂੰ ਹੱਲ ਕਰਨਾ ਮੁਸ਼ਕਿਲ ਤੋਂ ਮੁਸ਼ਕਿਲ ਹੁੰਦਾ ਗਿਆ ਹੈ। ਪਿਛਲੇ 20 ਸਾਲਾਂ 'ਚ ਦੁਨੀਆਂ ਭਰ 'ਚ, ਚੀਨ ਨੂੰ ਛੱਡ ਕੇ, ਭੁੱਖੇ ਲੋਕਾਂ ਦੀ ਗਿਣਤੀ 'ਚ 6 ਕਰੋੜ ਦਾ ਵਾਧਾ ਹੋਇਆ ਹੈ। (ਇਸ ਦੇ ਉਲਟ ਚੀਨ ਵਿੱਚ ਭੁਖੇ ਲੋਕਾਂ ਦੀ ਗਿਣਤੀ ਹੈਰਾਨੀਜਨਕ ਢੰਗ ਨਾਲ ਘੱਟ ਹੋਈ ਹੈ)। ਹਾਲਾਤ ਪੱਖੋਂ ਸਨਅਤੀ ਸ਼ੈਲੀ ਦੀ ਖੇਤੀ ਦਾ ਪ੍ਰਭਾਵ ਕੀਟਨਾਸ਼ਕਾਂ ਤੇ ਖਾਦਾਂ ਦੇ ਘੁਲਣ ਨਾਲ ਜਮੀਨ ਅੰਦਰ ਪਾਣੀ 'ਤੇ, ਇੱਕ ਫਸਲੀ ਖੇਤਾਂ ਦੇ ਰਿਵਾਜ ਅਤੇ ਸੁੰਗੜਦੇ ਜਮਾਂਦਰੂ ਆਧਾਰ ਕਾਰਨ ਜੈਵ ਵਿਭੰਨਤਾ ਤੇ ਭਵਿੱਖ 'ਚ ਉਤਪਾਦਕ ਬਣੇ ਰਹਿਣ ਦੀ ਖੇਤੀ ਹਾਲਤ ਦੀ ਸਮਰੱਥਾ 'ਤੇ ਪਿਆ ਹੈ। ਆਰਥਕ ਨਜ਼ਰੀਏ ਤੋਂ ਕਿਸਾਨਾਂ ਨੂੰ ਪਹਿਲਾਂ ਤੋਂ ਹੀ ਮਹਿੰਗੀਆਂ ਮਸ਼ੀਨਾਂ ਅਤੇ ਖੇਤੀ ਰਸਾਇਣਾਂ ਦੀ ਵਰਤੋਂ ਕਰਨ ਲਈ ਮਜਬੂਰ ਕੀਤੇ ਜਾਣ ਕਰਕੇ ਲਗਾਤਾਰ ਵਧੀ ਹੈ, ਜਦ ਕਿ ਫਸਲਾਂ ਦੀਆਂ ਕੀਮਤਾਂ 'ਚ ਕਈ ਦਹਾਕਿਆਂ ਤੋਂ ਗਿਰਾਵਟ ਦਾ ਸਿਲਸਿਲਾ ਜਾਰੀ ਹੈ, ਜਿਸ ਨਾਲ ਕੀਮਤ-ਲਾਗਤ ਦਾ ਅਨੁਪਾਤ ਡਿਗਿਆ ਹੈ। ਸਿੱਟੇ ਵਜੋਂ ਦੁਨੀਆਂ ਭਰ 'ਚ ਕਰੋੜਾਂ ਕਿਸਾਨ ਘਾਟੇ ਦਾ ਸ਼ਿਕਾਰ ਹੋ ਕੇ ਦਿਵਾਲੀਆ ਹੋ ਗਏ ਹਨ। ਸਮਾਜਕ ਨਜ਼ਰੀਏ ਤੋਂ ਅਸੀਂ ਵੇਖਦੇ ਹਾਂ ਕਿ ਖੇਤੀ ਯੋਗ ਜਮੀਨ ਥੋੜੇ ਤੋਂ ਥੋੜੇ ਹੱਥਾਂ 'ਚ ਸਿਮਟਦੀ ਗਈ ਹੈ। ਕਿਉਂਕਿ ਫਸਲਾਂ ਦੀਆਂ ਘੱਟ ਹੁੰਦੀਆਂ ਕੀਮਤਾਂ ਨੇ ਛੋਟੇ ਪੱਧਰ ਦੀ ਖੇਤੀ ਨੂੰ ਘਾਟੇ ਦਾ ਸੌਦਾ ਬਣਾ ਦਿੱਤਾ ਹੈ। (ਛੋਟੇ ਕਿਸਾਨਾਂ ਦੀ ਪ੍ਰਤੀ ਏਕੜ ਉਤਪਾਦਿਕਤਾ ਜ਼ਿਆਦਾ ਹੋਣ ਦੇ ਬਾਵਜੂਦ) ਤੇ ਖੇਤੀ ਵਪਾਰ ਕਰਨ ਵਾਲੀਆਂ ਕੰਪਨੀਆਂ ਬੁਨਿਆਦੀ ਲੋੜਾਂ ਦੀ ਜਿਣਸ 'ਤੇ ਵੱਧ ਤੋਂ ਵੱਧ ਕੰਟਰੋਲ ਸਥਾਪਤ ਕਰਦੀਆਂ ਜਾ ਰਹੀਆਂ ਹਨ। ਇਹ ਗੱਲ ਹੁਣ ਸਾਫ ਹੈ ਕਿ ਨਿਗਮ ਖਾਦ-ਤੰਤਰ 'ਚ ਅਸਮਰਥ ਹੈ। ਫਿਰ ਵੀ, ਵਿਕਲਪਾਂ ਨੂੰ ਵਿਆਪਕ ਪੈਮਾਨੇ 'ਤੇ ਅਪਣੀਏ ਜਾਣ 'ਚ ਵੱਡੇ ਅੜਿਕੇ ਹਨ। ਸਭ ਤੋਂ ਵੱਧ ਅੜਿਕੇ ਰਾਜਸੀ ਨਿਗਮ ਸੱਤਾ ਤੇ ਬੇਹੱਦ ਸੁਆਰਥਾਂ ਰਾਹੀਂ ਪੈਦਾ ਕੀਤੇ ਜਾਂਦੇ ਹਨ। ਪਰ ਵਿਕਲਪਾਂ ਦੇ ਕਾਰਗਰ ਹੋ ਸਕਣ ਕਰਕੇ ਵਿਸ਼ਵਾਸ ਦੇ ਰਾਹ 'ਚ ਜੋ ਮਾਨਸਿਕ ਅੜਿਕਾ ਖੜਿਕਾ ਖੜ੍ਹਾ ਹੁੰਦਾ ਹੈ, ਉਸ ਨੂੰ ਪਾਰ ਕਰ ਸਕਣਾ ਵੀ ਕਦੀ-ਕਦੀ ਕਠਿਨ ਜਿਹਾ ਲੱਗਦਾ ਹੈ। ਅਕਸਰ ਦੁਹਰਾਈ ਜਾਣ ਵਾਲੀ ਚੁਣੌਤੀ ਹੈ-"ਜੈਵਿਕ ਖੇਤੀ' (ਜਾਂ ਖੇਤੀ ਹਾਲਾਤ ਸਥਾਨਕ ਪੈਦਾਵਾਰ, ਛੋਟੀ

ਖੇਤੀ ਬਿਨਾਂ ਕੀਟ ਨਾਸ਼ਿਕਾਂ ਦੇ ਖੇਤੀ) ਕੀ ਇਹ ਅਸਲ 'ਚ ਕਦੀ ਦੇਸ਼ ਦੀ ਪੂਰੀ ਜਨਤਾ ਦਾ ਪੇਟ ਭਰ ਸਕਦੀ ਹੈ? ਕਿਊਬਾ ਦੇ ਹਾਲ ਦਾ ਇਤਿਹਾਸ – ਆਤਮ ਨਿਰਭਰਤਾ, ਛੋਟੀ ਖੇਤੀ ਤੇ ਖੇਤੀ ਹਾਲਤ ਤਕਨੀਕੀ ਨੂੰ ਅਧਾਰ ਬਣਾ ਕੇ ਅਨਾਜ ਸੰਕਟ ਦਾ ਹੱਲ ਸਾਨੂੰ ਦੱਸਦਾ ਹੈ ਕਿ ਇਹ ਵਿਕਲਪ ਅਸਲ 'ਚ ਪੂਰੇ ਦੇਸ਼ ਦਾ ਪੇਟ ਭਰ ਸਕਦੇ ਹਨ। ਇਸ ਤਰ੍ਹਾਂ ਇਹ ਮੌਜੂਦਾ ਚਲ ਰਹੀ ਬਹਿਸ ਲਈ ਮਹੱਤਵਪੂਰਨ ਮਿਸਾਲ ਪੇਸ਼ ਕਰਦਾ ਹੈ।

**ਇੱਕ ਸੰਖੇਪ ਇਤਿਹਾਸ** : - ਕਿਊਬਾ ਦਾ ਆਰਥਕ ਵਿਕਾਸ 1959 ਦਾ ਇਨਕਲਾਬ ਤੇ 1989–90 'ਚ ਸੋਵੀਅਤ ਖੇਮੇ ਨਾਲ ਵਪਾਰਕ ਸੰਬੰਧ ਟੁੱਟਣ ਦੀ ਜਾਂਚ ਦਾ ਅਰਸੇ 'ਚ ਦੋ ਬਾਹਰੀ ਤਾਕਤਾਂ ਵੱਲੋਂ ਨਿਰਧਾਰਿਤ ਹੋਇਆ। ਉਹਨਾਂ ਵਿੱਚੋਂ ਇੱਕ ਸੀ ਅਮਰੀਕੀ ਵਪਾਰ-ਪਾਬੰਦੀ, ਜੋ ਇਸ ਦੀਪ ਨੂੰ ਆਰਥਕ ਤੇ ਰਾਜਸੀ ਤੌਰ 'ਤੇ ਅਲੱਗ-ਥਲੱਗ ਕਰ ਦੇਣ ਦੀ ਕੋਸ਼ਿਸ਼ ਦਾ ਹਿੱਸਾ ਸੀ। ਦੂਜਾ ਸੀ, ਕਿਊਬਾ ਦਾ ਸੋਵੀਅਤ ਖੇਮੇ ਨਾਲ ਕੌਮਾਂਤਰੀ ਵਪਾਰਕ ਸਬੰਧ ਸਥਾਪਤ ਕਰਨਾ ਜਿਸ 'ਚ ਵਪਾਰ ਦੀਆਂ ਸ਼ਰਤਾਂ ਮੁਕਾਬਲਤਨ ਨਰਮ ਸਨ। ਅਮਰੀਕੀ ਪਾਬੰਦੀ ਕਿਊਬਾ ਨੂੰ ਲਾਜਮੀ ਤੌਰ 'ਤੇ ਸੋਵੀਅਤ ਖੇਮੇ ਵੇਲੇ ਮੁੜਨ ਨੂੰ ਮਜ਼ਬੂਰ ਕਰ ਰਹੀ ਸੀ। ਜਦ ਕਿ ਰੂਸੀ ਖੇਮੇ ਦੀਆਂ ਨਰਮ ਵਪਾਰਕ ਸ਼ਰਤਾਂ ਨੇ ਲਤੀਨੀ ਅਮਰੀਕਾ ਤੇ ਕੈਰੀਬਿਆ ਦੇ ਹੋਰ ਦੇਸ਼ਾਂ ਦੀ ਤੁਲਨਾ 'ਚ ਇਸ ਦੀਪ ਦੇ ਤੇਜ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਖੋਹਲ ਦਿੱਤਾ। ਇਸ ਤਰ੍ਹਾਂ ਕਿਊਬਾ ਬਹੁਤੇ ਵਿਕਾਸਸ਼ੀਲ ਦੇਸ਼ਾਂ ਦੇ ਮੁਕਾਬਲੇ ਸੰਪੂਰਨ ਤੇ ਜ਼ਿਆਦਾ ਤੇਜ਼ ਸਨਅਤੀਕਰਨ ਹਾਸਲ ਕਰਨ 'ਚ ਸਮਰਥ ਹੋ ਗਿਆ। 1980 ਦੇ ਦਹਾਕੇ 'ਚ ਅਰਥਚਾਰੇ 'ਚ ਸਨਅਤ ਦੇ ਯੋਗਦਾਨ ਦੀ ਨਜ਼ਰ ਤੋਂ ਪੂਰੇ ਖੇਤਰ 'ਚ ਇਹ ਪਹਿਲੇ ਨੰਬਰ 'ਤੇ ਰਿਹਾ ਤੇ ਕਿਸੇ ਵੀ ਹੋਰ ਲਤੀਨੀ ਅਮਰੀਕੀ ਦੇਸ਼ ਦੀ ਤੁਲਨਾ 'ਚ ਇਸ ਦੇ ਖੇਤੀਕਰਣ ਦਾ ਮਸ਼ੀਨੀਕਰਨ ਜ਼ਿਆਦਾ ਸੀ, ਹਾਲਾਂਕਿ ਤੀਜੀ ਦੁਨੀਆਂ ਦੇ ਹੋਰ ਦੇਸ਼ਾਂ 'ਚ ਅਧੁਨੀਕੀਕਰਨ ਨੇ ਜੋ ਅੰਦਰੂਨੀ ਵਿਰੋਧਤਾਈਆਂ ਪੈਦਾ ਕੀਤੀਆਂ ਸਨ ਉਹਨਾਂ ਵਿੱਚੋਂ ਕੁਝ ਅੰਤਰ ਵਿਰੋਧ ਕਿਊਬਾ 'ਚ ਵਿਖਾਈ ਦੇ ਰਹੇ ਸਨ ਤੇ ਕਿਊਬਾ ਦੇ ਵਿਕਾਸ ਦਾ ਮਾਡਲ ਆਤਮ ਨਿਰਭਰ ਕਿਸਮ ਦਾ ਹੀ ਸਿੱਧ ਹੋ ਰਿਹਾ ਸੀ। ਖੇਤੀ ਦਾ ਅਰਥ ਬਰਾਮਦ ਕੀਤੀਆਂ ਜਾਣ ਵਾਲੀਆਂ ਫਸਲਾਂ ਦੀ ਵਿਆਪਕ ਇੱਕ ਫਸਲੀ ਪੈਦਾਵਾਰ ਤੇ ਦਰਾਮਦ ਕੀਤੇ ਗਏ ਖੇਤੀ ਰਸਾਇਣ, ਸੰਕਰ ਬੀਜਾਂ-ਮਸ਼ੀਨਾਂ ਤੇ ਪੈਟਰੋਲੀਅਮ ਪਦਾਰਥਾਂ 'ਤੇ ਭਾਰੀ ਨਿਰਭਰਤਾ ਹੋ ਗਈ ਸੀ। ਕਿਊਬਾ ਦੀ ਸਨਅਤ ਢੇਰਾਂ ਦਰਾਮਦ ਕੀਤੀ ਗਈਆਂ ਲਾਗਤ ਸਾਮਗਰੀਆਂ 'ਤੇ ਨਿਰਭਰ ਸੀ ਜਦ ਕਿ ਖੇਤਰੀ ਮਾਪ ਦੰਡਾਂ ਦੇ ਹਿਸਾਬ ਨਾਲ ਸਨਅਤੀਕਰਨ ਬਹੁਤ ਵੱਧ ਸੀ। ਇਸ ਤਰ੍ਹਾਂ, ਕਿਊਬਾ ਦੀ ਸਾਪੇਖਿਕ ਅਧੁਨਿਕਤਾ ਤੇ ਸੋਵੀਅਤ ਖੇਮੇ 'ਚ ਕਿਰਤ-ਵੰਡ 'ਚ ਖੇਤੀ ਜਿਣਸਾਂ ਤੇ ਖਣਿਜ ਸਬੰਧੀ ਪਦਾਰਥ ਵਰਗੇ ਕੱਚੇ ਮਾਲ ਦੀ ਸਪਲਾਈ ਦੀ ਭੂਮਿਕਾ ਅਤੇ ਤਿਆਰ ਵਸਤਾਂ ਤੇ ਖੁਰਾਕੀ ਪਦਾਰਥਾਂ ਦੋਨਾ ਦਾ ਹੀ ਇੱਕ ਸ਼ੁੱਧ ਦਰਾਮਦੀ ਹੋਣਾ- ਇਹਨਾਂ ਦੋਹਾਂ ਵਿਚਕਾਰ ਦੇ ਅੰਤਰਵਿਰੋਧ ਤੋਂ ਹੀ ਇਸ ਦੀ ਸਮੁੱਚਾ ਅਰਥਚਾਰਾ ਉਜਾਗਰ ਹੁੰਦਾ ਸੀ। ਤੀਜੀ ਦੁਨੀਆਂ ਦੇ ਜ਼ਿਆਦਾਤਰ ਦੇਸ਼ ਜਿਹਨਾਂ ਹਾਲਤਾਂ ਦਾ ਸਾਹਮਣਾ ਕਰ ਰਹੇ ਸਨ, ਉਹਨਾਂ ਦੇ ਉਲਟ ਇਹ ਕੌਮਾਂਤਰੀ ਕਿਰਤ-ਵੰਡ ਕਿਊਬਾ ਦੇ ਲੋਕਾਂ ਲਈ ਕਿੰਨੇ ਹੀ ਵਾਅਦੇ ਲੈ ਕੇ ਆਈ। ਸਮਾਜਵਾਦੀ ਖੇਮਾ ਡਿਗਣ ਤੋਂ ਪਹਿਲਾਂ ਕਿਊਬਾ ਨੇ ਪ੍ਰਤੀ

ਵਿਅਕਤੀ ਕੁਲ ਕੌਮੀ ਉਤਪਾਦ (GNP) ਪੋਸ਼ਣ ਮੁਕਾਬਲਤਨ ਔਸਤ ਉਮਰ ਦੇ ਉਚ ਸਿੱਖਿਆ 'ਚ ਔਰਤਾਂ ਦੀ ਹਿੱਸੇਦਾਰੀ ਸਬੰਧੀ ਉਚੀ ਥਾਂ ਹਾਸਲ ਕਰ ਲਈ ਸੀ ਤੇ ਡਾਕਟਰਾਂ ਦੀ ਉਪਲੱਭਤਾ, ਘੱਟੋ-ਘੱਟ ਬਾਲ-ਮੌਤ ਦਰ, ਰਿਹਾਇਸ਼, ਪ੍ਰਾਇਮਰੀ ਸਕੂਲਾਂ 'ਚ ਰਜਿਸਟ੍ਰੇਸ਼ਨ ਤੇ ਸਭਿਆਚਾਰਕ ਸਰਗਰਮੀਆਂ 'ਚ ਲੋਕਾਂ ਦੀ ਸ਼ਮੂਲੀਅਤ ਸਬੰਧੀ ਪੂਰੇ ਲਤੀਨੀ ਅਮਰੀਕਾ 'ਚ ਪਹਿਲੀ ਥਾਂ ਤੇ ਰਿਹਾ ਸੀ। ਕਿਊਬਾ ਦੀਆਂ ਇਹ ਪ੍ਰਾਪਤੀਆਂ ਸਮਾਜਕ ਬਰਾਬਰੀ ਪ੍ਰਤੀ ਸਰਕਾਰ ਦੀ ਵਚਨਬੱਧਤਾ ਤੇ ਕਿਊਬਾ ਵੱਲੋਂ ਉਸ ਵਿਆਸ ਦੇ ਹੋਰ ਵਿਕਾਸਸ਼ੀਲ ਦੇਸ਼ਾਂ ਦੀ ਤੁਲਨਾ 'ਚ ਵਪਾਰ ਦਾ ਬਹੁਤ ਹੀ ਨਰਮ ਸ਼ਰਤਾਂ 'ਤੇ ਬਰਾਮਦ ਕੀਤਾ ਜਾਣਾ-ਇਹਨਾਂ ਦੋਹਾਂ ਦੇ ਸੰਯੋਗ ਕਰਕੇ ਹੀ ਸੰਭਵ ਹੋ ਸਕਿਆ।

1980 ਦੇ ਦਹਾਕੇ 'ਚ ਸੋਵੀਅਤ ਸੰਘ ਨੂੰ ਕੀਤੀ ਗਈ ਖੰਡ ਦੀ ਬਰਾਮਦ ਲਈ ਕਿਊਬਾ ਨੂੰ ਜੋ ਔਸਤ ਕੀਮਤ ਮਿਲੀ ਉਹ ਵਿਸ਼ਵੀ ਕੀਮਤ ਦਾ 5.4 ਗੁਣਾ ਸੀ। ਇਸ ਬਦਲੇ ਕਿਊਬਾ ਨੂੰ ਰੂਸ ਤੋਂ ਪੈਟਰੋਲ ਮਿਲਦਾ ਸੀ ਜਿਸ ਦਾ ਇੱਕ ਹਿੱਸਾ ਬਰਾਮਦ ਕਰਕੇ ਇਹ ਪ੍ਰਵਰਤਨਸ਼ੀਲ ਮੁਦਰਾ ਵੀ ਕਮਾ ਲੈਂਦਾ ਸੀ, ਖੰਡ ਦੇ ਵਪਾਰ ਦੀਆਂ ਨਰਮ ਸ਼ਰਤਾਂ ਕਾਰਨ ਇਸ ਦੀ ਪੈਦਾਵਾਰ ਖੁਰਾਕੀ ਪਦਾਰਥਾਂ ਵਾਲੀਆਂ ਹੋਰ ਫਸਲਾਂ ਦੀ ਤੁਲਨਾ 'ਚ ਬਹੁਤ ਜ਼ਿਆਦਾ ਸੀ, ਖੰਡ ਲਈ ਬਿਜਾਈ ਖੇਤਰ ਲਗਭਗ ਤਿੰਨ ਗੁਣਾ ਸੀ ਜਿਸ ਕਾਰਨ ਖੁਰਾਕੀ ਪਦਾਰਥਾਂ ਲਈ ਨਿਰਭਰਤਾ ਬਣੀ ਰਹਿੰਦ ਸੀ ਤੇ ਕਿਊਬਾ ਦੀ ਅਨਾਜ ਖਪਤ 'ਚ ਕੁਲ ਕੈਲਰੀ ਦਾ 57 ਫੀਸਦੀ ਆਮਦਨ ਤੋਂ ਪੂਰਾ ਹੁੰਦਾ ਸੀ। ਇਨਕਲਾਬੀ ਸਰਕਾਰ ਨੂੰ ਵਿਰਾਸਤ 'ਚ ਇੱਕ ਐਸੀ ਖੇਤੀ ਪ੍ਰਣਾਲੀ ਮਿਲੀ, ਜੋ ਪੂਰੀ ਤਰ੍ਹਾਂ ਨਾਲ ਉਹਨਾਂ ਬਰਾਮਦ ਫਸਲਾਂ 'ਤੇ ਕੇਂਦਰਿਤ ਸੀ ਜਿਹਨਾਂ ਨੂੰ ਸਕੇਂਦਰਿਤ ਜਮੀਨ 'ਚ ਉਗਾਇਆ ਜਾਂਦਾ ਸੀ। 1959 ਦੇ ਪਹਿਲੇ ਖੇਤੀ ਸੁਧਾਰ ਨੇ ਜ਼ਿਆਦਾਤਰ ਵੱਡੇ ਪਸ਼ੂ ਬਾੜਿਆਂ ਅਤੇ ਗੰਨੇ ਦੀ ਖੇਤੀ ਨੂੰ ਰਾਜਕੀ ਫਾਰਮਾਂ 'ਚ ਤਬਦੀਲ ਕਰ ਦਿੱਤਾ। 1992 ਦੇ ਦੂਜੇ ਖੇਤ ਸੁਧਾਰ 'ਚ ਰਾਜ ਨੇ ਖੇਤੀਯੋਗ ਜਮੀਨ ਦੇ 63 ਫੀਸਦੀ ਸਦੀ 'ਤੇ ਕੰਟਰੋਲ ਕਰ ਲਿਆ। ਇਨਕਲਾਬ ਤੋਂ ਪਹਿਲਾਂ ਹੀ ਨਿਜੀ ਪੱਧਰ 'ਤੇ ਖੇਤੀ ਕਰਨ ਵਾਲੇ ਕਿਸਾਨ ਸਮੁੱਚੇ ਖੇਤੀ ਦ੍ਰਿਸ਼ ਦਾ ਛੋਟਾ ਹਿੱਸਾ ਹੀ ਹੁੰਦੇ ਸਨ। ਪੇਂਡੂ ਅਰਥਚਾਰੇ 'ਚ ਬਰਾਮਦੀ ਖੇਤੀ ਦਾ ਹੀ ਦਬਦਬਾ ਸੀ ਤੇ ਕੁਲ ਮਿਲਾ ਕੇ ਪੂਰੀ ਅਬਾਦੀ ਦਾ ਅੱਛੀ ਤਰ੍ਹਾਂ ਨਾਲ ਸ਼ਹਿਰੀਕਰਨ ਹੋਇਆ ਸੀ। ਅੱਗੇ ਆਉਣ ਵਾਲੇ ਸਾਲਾਂ 'ਚ ਇਹ ਪੈਟਰਨ ਹੋਰ ਡੂੰਘਾ ਹੋ ਗਿਆ। ਤੇ 1980 ਦੇ ਦਹਾਕੇ ਦਾ ਅੰਤ ਹੁੰਦੇ-ਹੁੰਦੇ ਇਸ ਦੀਪ ਦੀ 69 ਫੀਸਦੀ ਅਬਾਦੀ ਪੂਰੀ ਤਰ੍ਹਾਂ ਸ਼ਹਿਰੀ ਖੇਤਰ 'ਚ ਰਹਿਣ ਲੱਗੀ। 1994 ਤੱਕ ਰਾਜ ਦੀ ਸਮੁੱਚੀ ਖੇਤੀ ਭੂਮੀ ਦਾ 80 ਫੀਸਦੀ ਵੱਡੇ-ਵੱਡੇ ਫਾਰਮਾਂ ਦੇ ਅਧੀਨ ਸੀ ਜੋ ਕ੍ਰਾਂਤੀ ਤੋਂ ਪਹਿਲਾਂ ਦੇ ਦੌਰ 'ਚ ਜਾਇਦਾਦ ਖੋਹਣ ਦੇ ਜ਼ਰੀਏ ਬਣਾਈਆਂ ਗਈਆਂ ਬਾਗਾਨ ਜੋਤਾਂ ਨਾਲ ਲੱਗਭਗ ਮੇਲ ਖਾਂਦਾ ਹੈ। ਖੇਤੀ ਭੂਮੀ ਦਾ ਸਿਰਫ 20 ਫੀਸਦੀ ਸਦੀ ਛੋਟੇ ਕਿਸਾਨਾਂ ਦੇ ਹੱਥਾਂ ਵਿੱਚ ਸੀ ਜੋ ਨਿੱਜੀ ਧਾਰਕਾਂ ਤੇ ਕੋਆਪਰੇਟਾਂ 'ਚ ਕਰੀਬ ਬਰਾਬਰ ਵੰਡੀ ਗਈ ਸੀ, ਫਿਰ ਵੀ ਇਸ 20 ਫੀਸਦੀ ਵੱਲੋਂ ਘਰੇਲੂ ਅਨਾਜ ਪੈਦਾਵਾਰ ਦਾ 40 ਫੀਸਦੀ ਪੈਦਾ ਕੀਤਾ ਜਾਂਦਾ ਸੀ। ਰਾਜਕੀ ਫਾਰਮ ਤੇ ਕੋਆਪ੍ਰੇਟਿਵ ਦੇ ਇੱਕ ਵੱਡੇ ਹਿੱਸੇ ਦਾ ਅੱਛੀ ਤਰ੍ਹਾਂ ਅਧੁਨੀਕੀਕਰਣ ਕੀਤਾ ਜਾ ਚੁੱਕਿਆ ਸੀ, ਅਤੇ ਇਸ ਵਿੱਚ ਵੀ ਇੱਕ ਫਸਲੀ ਖੇਤੀ ਦੇ ਬਹੁਤ ਵੱਡੇ ਰਕਬੇ 'ਚ ਭਾਰੀ ਮਾਤਰਾ 'ਚ

ਮਸ਼ੀਨੀਕਰਨ, ਖਾਦਾਂ ਤੇ ਕੀਟਨਾਸ਼ਕਾਂ ਦੀ ਵਰਤੋਂ ਅਤੇ ਵੱਡੇ ਪੈਮਾਨੇ ’ਤੇ ਸਿੰਚਾਈ ਦੀ ਵਿਵਸਥਾ ਸੀ। ਇਸ ਸ਼ੈਲੀ ਦੀ ਖੇਤੀ ਜੋ ਮੂਲ ਰੂਪ ’ਚ ਵਿਕਸਤ ਪੂੰਜੀਵਾਦੀ ਦੇਸ਼ਾਂ ਤੋਂ ਸੋਵੀਅਤ ਸੰਘ ਵੱਲੋਂ ਲਈ ਗਈ ਸੀ, ਮਸ਼ੀਨਾਂ, ਪੈਟਰੋਲੀਅਮ ਤੇ ਰਸਾਇਣਾਂ ਦੀ ਦਰਾਮਦ ’ਤੇ ਬੁਰੀ ਤਰ੍ਹਾਂ ਨਾਲ ਨਿਰਭਰ ਸੀ। ਜਦ ਸਮਾਜਵਾਦੀ ਤੋਂ ਵਪਾਰ ਤਹਿਸ-ਨਹਿਸ ਹੋ ਗਿਆ, ਤਾਂ ਜਿਸ ਹੱਦ ਤੱਕ ਕਿਊਬਾ ਇੱਕ ਫਸਲੀ ਖੇਤੀ ’ਤੇ ਨਿਰਭਰ ਸੀ, ਉਸ ਹੱਦ ਤੱਕ ਇਨਕਲਾਬ ਦੀਆਂ ਵੱਡੀਆਂ ਕੰਮਜੋਰੀਆਂ ਸਾਹਮਣੇ ਆਈਆਂ।

**ਸੰਕਟ ਦੀ ਸ਼ੁਰੂਆਤ** :- 1989 ਦੇ ਅੰਤ ’ਚ ਅਤੇ 1990 ’ਚ ਜਦ ਸੋਵੀਅਤ ਖੇਮੇ ਦੇ ਨਾਲ ਵਪਾਰ ਸਬੰਧ ਟੁੱਟ ਰਿਹਾ ਸੀ ਤਾਂ ਸਥਿਤੀ ਕਾਫੀ ਵਿਗੜ ਗਈ। 1991 ’ਚ ਸਰਕਾਰ ਨੇ “ਸ਼ਾਂਤੀਕਾਲ ਦੇ ਵਿਸ਼ੇਸ਼ ਅਰਸੇ ਦਾ ਐਲਾਨ ਕੀਤਾ ਜਿਸ ਦੇ ਤਹਿਤ ਦੇਸ਼ ਵਿੱਚ ਐਮਰਜੰਸੀ ਅਰਥਚਾਰੇ ਵਾਂਗੂੰ ਪ੍ਰੋਗ੍ਰਾਮ ਲਾਗੂ ਕੀਤਾ ਗਿਆ। ਤੇਲ ਦਰਾਮਦ ’ਚ ਤੁਰਤ-ਫੁਰਤ 57 ਫੀਸਦੀ ਦੀ ਕਮੀ ਕਰ ਦਿੱਤੀ ਗਈ ਜਿਸ ਨੇ ਅਰਥਚਾਰੇ ਨੂੰ ਚਲਾਉਣ ਲਈ ਜ਼ਰੂਰੀ ਤੇਲ (ਡੀਜ਼ਲ ਆਦਿ) ਦੀ ਉਪਲੱਭਤਾ ਨੂੰ ਤਾਂ ਪ੍ਰਭਾਵਿਤ ਕੀਤਾ ਹੀ, ਵਿਦੇਸ਼ੀ ਮੁਦਰਾ ਨੂੰ ਵੀ ਘਟਾ ਕੇ ਸਿਫਰ ਤੱਕ ਲਿਆਂਦਾ ਗਿਆ, ਜੋ ਪਹਿਲਾਂ ਪੈਟਰੋਲੀਅਮ ਦੀ ਮੁੜ ਦਰਾਮਦ ਤੋਂ ਹਾਸਲ ਹੁੰਦਾ ਸੀ। ਮਨੁੱਖੀ ਵਰਤੋਂ ਲਈ ਕਣਕ ਤੇ ਦੂਜੇ ਅਨਾਜਾਂ ਦੀ ਦਰਾਮਦ 50 ਫੀਸਦੀ ਤੋਂ ਵੀ ਵੱਧ ਡਿਗ ਪਈ ਜਦ ਕਿ ਦੂਜੀਆਂ ਖੁਰਾਕੀਆਂ ਵਸਤਾਂ ’ਚ ਇਸ ਤੋਂ ਵੀ ਵੱਧ ਗਿਰਾਵਟ ਆਈ। ਕਿਊਬਾ ਦੀ ਖੇਤੀ ਨੂੰ ਖਾਦਾਂ ਤੇ ਕੀਟਨਾਸ਼ਕਾਂ ਦੀ ਉਪਲੱਭਤਾ ’ਚ 80 ਫੀਸਦੀ ਤੋਂ ਵੀ ਵੱਧ ਦੀ ਅਤੇ ਤੇਲ ਤੇ ਹੋਰ ਊਰਜਾ ਸਰੋਤਾਂ ’ਚ 50 ਫੀਸਦੀ ਤੋਂ ਵੱਧ ਦੀ ਗਿਰਾਵਟ ਦਾ ਸਾਹਮਣਾ ਕਰਨਾ ਪਿਆ। ਇੱਕ ਦੇਸ਼ ਜਿਸ ਦਾ ਖੇਤੀ ਖੇਤਰ, ਤਕਨੀਕ ਦੇ ਨਜ਼ਰੀਏ ਤੋਂ ਕੈਲੀਫੋਰਨੀਆ ਵਾਂਗੂੰ ਸੀ, ਅਚਾਨਕ ਰਸਾਇਣਕ ਲਾਗਤ ਸਮਗਰੀਆਂ ਤੋਂ ਵਾਂਝਾ ਹੋ ਗਿਆ। ਸਿੰਚਾਈ ਤੇ ਤੇਲ ਆਦਿ ਤੇਜੀ ਨਾਲ ਘਟ ਗਏ ਤੇ ਖਾਦ ਦਰਾਮਦ ਸਤ-ਪ੍ਰਤੀਸ਼ਤ ਹੋ ਗਈ। 1990 ਦੇ ਦਹਾਕੇ ਦੇ ਅਰੰਭ ’ਚ ਕਿਊਬਾ ਦੀ ਜਨਤਾ ਦਾ ਕੈਲਰੀ ਤੇ ਪ੍ਰੋਟੀਨ ਦੀ ਰੋਜ਼ਾਨਾ ਦੀ ਖਪਤ 1980 ਦੇ ਦਹਾਕੇ ਦੇ ਪੱਧਰ ਤੋਂ 30 ਫੀਸਦੀ ਹੇਠਾਂ ਸੀ। ਕਿਸਮਤ ਨਾਲ, ਅਜਿਹਾ ਨਹੀਂ ਸੀ ਕਿ 1989 ਤੋਂ ਪਿੱਛੋਂ ਪੈਦਾ ਹੋਈਆਂ ਮਾੜੀਆਂ ਹਾਲਤਾਂ ਦਾ ਮੁਕਾਬਲਾ ਕਰਨ ਲਈ ਖੋਜੀ ਵਿਚਾਰਾਂ ਦੇ ਨਾਲ ਅੱਗੇ ਵਧ ਸਕਦੇ ਸਨ। ਕਿਊਬਾ ਦੀ ਅਬਾਦੀ ਲਤੀਨੀ ਅਮਰੀਕੀ ਦੀ ਕੁਲ ਅਬਾਦੀ ਦਾ ਦੋ ਫੀਸਦੀ ਹੈ ਜਦ ਕਿ ਇਸ ਪਾਸ 11 ਫੀਸਦੀ ਵਿਗਿਆਨੀ ਹਨ।

**ਬਦਲਵੀਂ ਤਕਨੀਕ** :- ਇਸ ਸੰਕਟ ਦਾ ਮੁਕਾਬਲਾ ਕਰਨ ਲਈ ਕਿਊਬਾ ਦੀ ਸਰਕਾਰ ਨੇ ਦੇਸ਼ ਦੇ ਖੇਤੀ ਖੇਤਰ ਨੂੰ ਵੱਡੇ ਪੈਮਾਨੇ ’ਤੇ ਬਦਲ ਕੇ ਵੱਧ ਲਾਗਤ ਵਾਲੀ ਖੇਤੀ ਤੋਂ ਘੱਟ ਲਾਗਤ ਵਾਲੀ ਖੇਤੀ (ਆਤਮ ਨਿਰਭਰ) ’ਚ ਤਬਦੀਲ ਕਰਨ ਦੀ ਕੌਮੀ ਕੋਸ਼ਿਸ਼ ਸ਼ੁਰੂ ਕੀਤੀ। ਰਸਾਇਣਕ ਲਾਗਤ ਸਾਮਗਰੀ ਦੀ ਬੇਹੱਦ ਘੱਟ ਹੋ ਚੁੱਕੀ ਉਪਲੱਭਤਾ ਕਾਰਨ ਰਾਜ ਨੇ ਤੇਜੀ ਨਾਲ ਇਸ ਦੀ ਥਾਂ ਸਥਾਨਕ ਪੈਦਾਵਾਰ ਤੇ ਜ਼ਿਆਦਾਤਰ ਮਾਮਲਿਆਂ ’ਚ ਜੈਵਿਕ ਖੇਤੀ ਪ੍ਰਚਲਿਤ ਕੀਤੀ। ਇਸ ਦਾ ਅਰਥ ਸੀ-ਕੀਟਾਂ ਦਾ ਮੁਕਾਬਲਾ ਕਰਨ ਲਈ ਜੈਵਿਕ ਕੀਟਨਾਸ਼ਕ (ਸੂਖਮ ਜੀਵਾਂ ਵੱਲੋਂ ਪੈਦਾ ਕੀਤੇ ਉਤਪਾਦ) ਜਾਂ ਉਹਨਾਂ ਦੇ ਕੁਦਰਤੀ ਦੁਸਮਣਾਂ ਦੀ ਵਰਤੋਂ, ਪੌਦਿਆਂ ਦੀਆਂ ਪ੍ਰਤੀਰੋਧਿਕ ਕਿਸਮਾਂ, ਫਸਲੀ ਚੱਕਰ, ਪੌਦਿਆਂ ਦੇ ਰੋਗਾਣੂਆਂ ਦਾ ਸਾਹਮਣਾ ਕਰਨ

ਲਈ ਉਹਨਾਂ ਦੇ ਸੂਖਮ ਜੀਵੀ ਦੁਸਮਣਾਂ ਦੀ ਵਰਤੋਂ ਤੇ ਖਰ-ਪਤਵਾਰਾਂ ਤੋਂ ਖਹਿੜਾ ਛੁਡਾਉਣ ਲਈ ਉਨਤ ਤਰੀਕਿਆਂ ਦਾ ਚੱਕਰ ਤੇ ਅਜਿਹੀ ਖੇਤੀ ਕਰਨਾ ਜੋ ਜਮੀਨ ਨੂੰ ਪੂਰੀ ਤਰ੍ਹਾਂ ਨਾਲ ਢੱਕ ਲੈਂਦੀ ਹੈ। ਬਣਾਉਟੀ ਖਾਦਾਂ ਨੂੰ ਜੈਵ-ਖਾਦਾਂ, ਗੰਡੋਇਆਂ, ਕਮਪੋਸਟ ਤੇ ਹੋਰ ਜੈਵਿਕ ਖਾਦਾਂ ਨਾਲ, ਕੁਦਰਤੀ ਚਟਾਨੀ ਫਾਸਫੇਟ ਨਾਲ, ਪਸ਼ੂਆਂ ਦੇ ਗੋਬਰ ਨੂੰ ਖਾਦ ਤੇ ਹਰੀ ਖਾਣ ਨਾਲ ਅਤੇ ਚਰਨ ਵਾਲੇ ਪਸ਼ੂਆਂ ਨੂੰ ਸ਼ਾਮਲ ਕਰਕੇ ਮੁੜ ਸਥਾਪਤ ਕਰ ਲਿਆ ਗਿਆ ਹੈ। ਟ੍ਰੈਕਟਰਾਂ ਦੀ ਥਾਂ, ਜਿਨ੍ਹਾਂ ਲਈ ਤੇਲ, ਟਾਇਰ ਤੇ ਸਪੇਅਰ ਪਾਰਟ ਅਕਸਰ ਮੁਹਈਆ ਨਹੀਂ ਸਨ, ਪਸ਼ੂਆਂ ਦੀ ਵਹਾਈ ਵੱਲ ਵਾਪਸੀ ਹੋ ਚੁੱਕੀ ਹੈ।

**ਛੋਟੇ ਕਿਸਾਨ ਸੰਕਟ ਦਾ ਜੁਆਬ ਦੇ ਰਹੇ ਹਨ** :- 1989-90 ਜਦ ਵਪਾਰ ਤਹਿਸ-ਨਹਿਸ ਹੋ ਗਿਆ ਤੇ ਉਸ ਦੇ ਸਿੱਟੇ ਵਜੋਂ ਲਾਗਤ ਸਾਮਗਰੀਆਂ ਦੀ ਘਾਟ ਹੋ ਗਈ ਤਾਂ ਪੂਰੇ ਦੇਸ਼ ਦੀ ਪੈਦਾਵਾਰ ਬੁਰੀ ਤਰ੍ਹਾਂ ਡਿੱਗ ਪਈ। ਪਹਿਲੀ ਸਮੱਸਿਆ ਤਾਂ ਇਹ ਸੀ ਕਿ ਜਦ ਬਣਾਉਟੀ ਰਸਾਇਣ ’ਤੇ ਟ੍ਰੈਕਟਰਾਂ ਬਿਨਾਂ ਹੀ ਪੈਦਾਵਾਰ ਕਰਨੀ। ਤਿਆਰ ਕਰ ਲਵੇ ਗਏ ਹੈ। ਹੌਲੀ-ਹੌਲੀ ਕੌਮੀ ਪੱਧਰ ’ਤੇ ਭਾਰੀ ਗਿਣਤੀ ’ਚ ਬੈਲ ਤਿਆਰ ਕਰ ਲਏ ਗਏ ਤਾਂ ਕਿ ਟ੍ਰੈਕਟਰਾਂ ਦੀ ਥਾਂ ਪਸ਼ੂਆਂ ਨਾਲ ਹੱਲ ਵਾਹਿਆ ਜਾ ਸਕੇ ਅਤੇ ਜੈਵਿਕ ਕੀਟਨਾਸ਼ਿਕਾਂ ਤੇ ਜੈਵਿਕ ਖਾਦਾਂ ਦੀ ਪੈਦਾਵਾਰ ਤੇਜੀ ਨਾਲ ਵਧਾ ਦਿੱਤੀ ਗਈ। ਅੰਤ ’ਚ ਬਚੀਆਂ-ਖੁਚੀਆਂ ਚੀਜ਼ਾਂ ਤੇ ਹਰੀਆਂ ਖਾਦਾਂ ਦਾ ਵਰਮੀ ਕਮਪੋਸਟ (ਗੰਡੋਇਆਂ ਰਾਹੀਂ ਕਮਪੋਸਟ ਤਿਆਰ ਕਰਨਾ) ਵਰਗੇ ਤਰ੍ਹਾਂ-ਤਰ੍ਹਾਂ ਦੇ ਤਰੀਕਿਆਂ ਦਾ ਰਿਵਾਜ ਹੋ ਗਿਆ। ਪਰ ਕਿਊਬਾ ਦੀ ਖੇਤੀ ਦੇ ਵੱਖ-ਵੱਖ ਉਪਖੇਤਰਾਂ ’ਤੇ ਇਨ੍ਹਾਂ ਤਕਨੀਕਾਂ ’ਚ ਹੋਏ ਬਦਲਾਅ ਦੇ ਅਸਰ ਹੇਠ ਕਾਫੀ ਭਿੰਨਤਾਵਾਂ ਸਨ। ਔਸਤਨ ਹਜ਼ਾਰਾਂ ਏਕੜ ਦੇ ਸਨਅਤੀ ਸ਼ੈਲੀ ਦੇ ਰਾਜਕੀ ਫਾਰਮਾਂ ਦੀ ਉਪਜ ’ਚ ਗਿਰਾਵਟ ਅਰਥਚਾਰੇ ਦੇ ਸਿਹਤਮੰਦ ਹੋਣ ’ਚ ਅੜਿਕਾ ਸੀ। ਜਿਸ ਨਾਲ ਬਰਾਮਦ ਲਈ ਉਗਾਈਆਂ ਗਈਆਂ ਫਸਲਾਂ ਦੀ ਪੈਦਾਵਾਰ ’ਚ ਗੰਭੀਰ ਠਹਿਰਾਅ ਸੀ ਅਤੇ ਸੰਕਟ ਪਹਿਲਾਂ ਦੇ ਪੱਧਰ ਤੋਂ ਵੀ ਹੇਠਾਂ ਚਲਾ ਗਿਆ ਸੀ। ਤਾਂ ਵੀ ਛੋਟੀ ਖੇਤੀ ਜਾਂ ਕਿਸਾਨੀ ਖੇਤਰ (ਖੇਤੀ ਲਾਇਕ ਕੁਲ ਖੇਤੀ ਦਾ 20 ਫੀਸਦੀ) ਨੇ ਪੈਦਾਵਾਰ ਨੂੰ ਝਟਕੇ ਨਾਲ ਉਚਾ ਚੁੱਕ ਕੇ ਉਸ ਨੂੰ ਪਹਿਲਾਂ ਦੇ ਪੱਧਰ ਤੋਂ ਉਪਰ ਕਰ ਦਿੱਤਾ ਅਤੇ ਸਥਿਤੀ ਨੂੰ ਤੇਜੀ ਨਾਲ ਸੰਭਾਲ ਲਿਆ। ਰਾਜਕੀ ਫਾਰਮ ਤੇ ਛੋਟੇ ਫਾਰਮ ਖੇਤਰਾਂ ਦੇ ਵਿਚਕਾਰ ਦੇ ਇਸ ਫਰਕ ਦੀ ਵਿਆਖਿਆ ਅਸੀਂ ਕਿਵੇਂ ਕਰੀਏ? ਛੋਟੇ ਫਾਰਮ ਖੇਤਰ ਲਈ ਥੋੜੀ ਲਾਗਤ ਸਾਮਗਰੀਆਂ ਨਾਲ ਅਸਰਦਾਇਕ ਪੈਦਾਵਾਰ ਕਰਨਾ ਸੱਚ ’ਚ ਏਨਾ ਔਖਾ ਨਹੀਂ ਸੀ। ਆਖਰਕਾਰ ਸਭ ਕੁਝ ਦੇ ਬਾਵਜੂਦ ਅੱਜ ਦੇ ਛੋਟੇ ਕਿਸਾਨ ਵੱਡੇ ਪ੍ਰੀਵਾਰਾਂ ਤੇ ਥੋੜ੍ਹੀ ਲਾਗਤ ਸਾਮਗਰੀ ਨਾਲ ਪੈਦਾਵਾਰ ਕਰਨ ਦੀ ਸਮਹੂਕ ਅਮਲ ਵਾਲੇ ਪੀੜ੍ਹੀਆਂ ਪਹਿਲਾਂ ਦੇ ਛੋਟੇ ਕਿਸਾਨਾਂ ਦੇ ਹੀ ਤਾਂ ਵੰਸ ਸਨ। ਉਹਨਾਂ ਨੇ ਮੁੱਖ ਦੋ ਕੰਮ ਕੀਤੇ- ਮੁੱਖ ਫਸਲ ਦੇ ਵਿਚਕਾਰ ਦੂਜੀ ਫਸਲ ਬੀਜਣ ਤੇ ਗੋਬਰ ਆਦਿ ਦੀ ਖਾਦ ਦੀ ਵਰਤੋਂ ਕਰਨ ਵਾਲੀਆਂ ਉਹਨਾਂ ਪੁਰਾਣੀਆਂ ਤਕਨੀਕਾਂ ਨੂੰ ਯਾਦ ਕੀਤਾ ਗਿਆ ਜਿਹਨਾਂ ਨੂੰ ਉਹਨਾਂ ਦੇ ਬਾਪ-ਦਾਦੇ ਅਧੁਨਿਕ ਰਸਾਇਣਾਂ ਦੇ ਰਿਵਾਜ ਤੋਂ ਪਹਿਲਾਂ ਵਰਤਦੇ ਸਨ ਅਤੇ ਨਾਲ ਹੀ ਨਾਲ ਉਹਨਾਂ ਨੂੰ ਨਵੇਂ ਜੈਵ ਕੀਟਨਾਸ਼ਕਾਂ ਤੇ ਜੈਵ ਖਾਦਾਂ ਨੂੰ ਵੀ ਆਪਣੀ ਪੈਦਾਵਾਰ ਪ੍ਰਣਾਲੀ ’ਚ ਸ਼ਾਮਲ ਕਰ ਲਿਆ।

**ਰਾਜ ਫਾਰਮ ਬਦਲਵੇਂ ਤਰੀਕਿਆਂ ਨਾਲ ਮੇਲ ਨਹੀਂ ਖਾਂਦੇ :-** ਦੂਜੇ ਪਾਸੇ ਰਾਜਕੀ ਖੇਤਰ ਦੀ ਸਮੱਸਿਆ ਦੋ ਦਾ ਹੀ ਜੋੜ ਸੀ-ਮਜ਼ਦੂਰਾਂ ਦੀ ਨਿਮਨ ਪੱਧਰ ਦੀ ਉਤਪਾਦਕਤਾ ਜੋ "ਵਿਸ਼ੇਸ਼ ਅਰਸੇ" ਦੇ ਪਹਿਲਾਂ ਤੋਂ ਹੀ ਚਲੀ ਆ ਰਹੀ ਸੀ ਅਤੇ ਵਿਸ਼ਾਲ ਤੇ ਤਕਨੀਕੀਕ੍ਰਿਤ ਪ੍ਰਬੰਧਕੀ ਇਕਾਈਆਂ ਵੱਲੋਂ ਘੱਟ ਲਾਗਤ ਸਾਮਗਰੀਆਂ ਵਾਲੀ ਤਕਨੀਕ ਅਪਨਾਉਣ 'ਚ ਪੂਰੀ ਤਰ੍ਹਾਂ ਨਾਲ ਅਸਫਲ ਹੋਣਾ। ਜਿਥੋਂ ਤੱਕ ਪੈਦਾਵਾਰੀ ਸ਼ਕਤੀ ਦੀ ਸਮੱਸਿਆ ਦਾ ਸਬੰਧ ਹੈ, ਯੋਜਨਾ ਬਣਾਉਣ ਵਾਲੇ ਕਈ ਸਾਲ ਪਹਿਲਾਂ ਇਸ ਸਮੱਸਿਆ ਤੋਂ ਵਾਕਿਫ ਹੋ ਗਏ ਸਨ ਕਿ ਰਾਜਕੀ ਫਾਰਮਾਂ ਦਾ ਕਾਰਜ ਜਥੇਬੰਦਕ ਖੇਤ ਮਜ਼ਦੂਰਾਂ ਤੇ ਜਮੀਨ ਵਿਚਕਾਰ ਸਬੰਧ ਦੇ ਪ੍ਰਸੰਗ 'ਚ ਬੁਰੀ ਤਰ੍ਹਾਂ ਨਾਲ ਅਲੱਗ-ਥਲੱਗ ਹਨ। ਹਜ਼ਾਰਾਂ ਹੇਕਟੇਅਰ ਵਾਲੇ ਵੱਡੇ ਫਾਰਮਾਂ ਨੇ ਆਪਣੀ ਕਿਰਤ ਸ਼ਕਤੀ ਨੂੰ ਟੀਮਾ 'ਚ ਜਥੇਬੰਦ ਕੀਤਾ ਸੀ, ਜਿਸ 'ਚ ਇੱਕ ਟੀਮ ਫਾਰਮ 'ਚ ਮਿੱਟੀ ਤਿਆਰ ਕਰਦੀ ਸੀ, ਉਸ ਪਿੱਛੋਂ ਦੂਜੀ ਟੀਮ ਉਸ 'ਚ ਬਿਜਾਈ ਕਰਦੀ ਸੀ, ਫਿਰ ਗੋਡੀ ਕਰਨ ਲਈ ਵੱਖ ਟੀਮਾਂ ਹੁੰਦੀਆਂ ਸਨ ਅਤੇ ਪਿੱਛੋਂ ਫਸਲ ਕੱਟਣ ਲਈ ਬਿਲਕੁਲ ਹੀ ਵੱਖਰੀ ਟੀਮ ਹੁੰਦੀ ਸੀ। ਆਮ ਤੌਰ 'ਤੇ ਅਜਿਹਾ ਕਦੀ ਨਹੀਂ ਹੁੰਦਾ ਸੀ ਕਿ ਇੱਕ ਹੀ ਬੰਦਾ ਉਸੀ ਖੇਤ 'ਚ ਬਿਜਾਈ ਵੀ ਕਰੇ ਤੇ ਫਸਲ ਦੀ ਕਟਾਈ ਵੀ। ਇਸ ਕਾਰਨ ਕੋਈ ਵੀ ਵਿਅਕਤੀ ਆਪਣੇ ਖਰਾਬ ਕੰਮ ਦਾ ਸਿੱਟਾ ਨਹੀਂ ਭੁਗਤਦਾ ਜਾਂ ਇਸ ਦੇ ਉਲਟ ਆਪਣੀ ਅੱਛੀ ਮੇਹਨਤ ਦਾ ਫਲ ਨਹੀਂ ਚਖ ਸਕਦਾ ਸੀ। ਫਾਰਮ ਦੇ ਮਜ਼ਦੂਰਾਂ ਤੇ ਜਮੀਨ ਵਿਚਕਾਰ ਵੱਧ ਅੰਤ ਰੰਗ ਸਬੰਧ ਬਣਾਉਣ ਤੇ ਵਿਤੀ ਹੱਲਾਸ਼ੇਰੀ ਨੂੰ ਉਤਪਾਦਿਕਤਾ ਨਾਲ ਜੋੜਨ ਦੀ ਕੋਸ਼ਿਸ਼ 'ਚ ਸਰਕਾਰ ਨੇ ਕਈ ਸਾਲ ਪਹਿਲਾਂ "ਲੋਕਾਂ ਨੂੰ ਜਮੀਨ ਨਾਲ ਜੋੜਨ" ਦਾ ਪ੍ਰੋਗ੍ਰਾਮ ਬਣਾ ਕੇ ਇੱਕ ਤਜਰਬਾ ਸ਼ੁਰੂ ਕੀਤਾ। ਇਸ ਪ੍ਰਣਾਲੀ ਨੇ ਜਮੀਨ ਦੇ ਨਿਰਧਾਰਿਤ ਹਿੱਸੇ ਦੀ ਛੋਟੀਆਂ-ਛੋਟੀਆਂ ਕਿਰਤ ਟੋਲੀਆਂ ਨੂੰ ਪੈਦਾਵਾਰ ਦੇ ਹਰ ਪਹਿਲੂ ਲਈ ਪ੍ਰਤੱਖ ਤੌਰ 'ਤੇ ਜਿੰਮੇਵਾਰ ਬਣਾਇਆ ਅਤੇ ਮੇਹਨਤਾਨੇ ਨੂੰ ਸਿੱਧਾ ਉਤਪਾਦਿਕਤਾ ਨਾਲ ਜੋੜ ਦਿੱਤਾ। ਵਿਸ਼ੇਸ਼ ਅਰਸੇ ਦੇ ਪਹਿਲੇ ਅਨੇਕਾਂ ਰਾਜਕੀ ਫਾਰਮਾਂ 'ਤੇ ਨਵੀਂ ਪ੍ਰਣਾਲੀ ਅਜਮਾਈ ਗਈ ਅਤੇ ਇਸ ਨੇ ਉਤਪਾਦਿਕਤਾ 'ਚ ਤੇਜੀ ਨਾਲ ਭਾਰੀ ਵਾਧਾ ਕੀਤਾ। ਹਾਲਾਂਕਿ ਉਸ ਸਮੇਂ ਇਹ ਵਿਆਪਕ ਤੌਰ 'ਤੇ ਲਾਗੂ ਨਹੀਂ ਕੀਤੀ ਗਈ। ਤਕਨੀਕ ਦੇ ਪ੍ਰਸੰਗ 'ਚ ਆਪਸੀ ਰਸਾਇਣ ਪ੍ਰਬੰਧ ਤੇ ਘੱਟ ਬਾਹਰੀ ਲਾਗਤ ਵਾਲੇ ਵਿਕਲਪਾਂ 'ਤੇ ਛੋਟੇ ਜਾਂ ਵੱਡੇ ਪੈਮਾਨੇ ਦਾ ਅਸਰ ਕਾਫੀ ਭਿੰਨ ਹੁੰਦਾ ਹੈ। ਰਵਾਇਤੀ ਪ੍ਰਣਾਲੀ ਦੇ ਤਹਿਤ ਇੱਕ ਇਕੱਲਾ ਤਕਨੀਸ਼ੀਅਨ ਬਣੇ ਬਣਾਏ "ਨੁਸਖੇ" ਦੇ ਅਧਾਰ 'ਤੇ ਕਿਸੇ ਵਿਸ਼ੇਸ਼ ਖਾਦ ਜਾਂ ਕੀਟਨਾਸ਼ਕ ਦਾ ਪੂਰੇ ਰਕਬੇ 'ਚ ਮਸ਼ੀਨਾਂ ਰਾਹੀਂ ਪ੍ਰਯੋਗ ਕੀਤੇ ਜਾਣ ਬਾਰੇ ਨਿਰਦੇਸ਼ ਲਿਖ-ਲਿਖ ਕੇ ਹਜ਼ਾਰਾਂ ਏਕੜ ਜਮੀਨ ਦਾ ਪ੍ਰਬੰਧ ਕਰ ਸਕਦਾ ਸੀ ਪਰ ਇਹ ਖੇਤੀ ਹਾਲਤਾਂ ਨੂੰ ਧਿਆਨ 'ਚ ਰੱਖਣ ਵਾਲੀ ਖੇਤੀ ਨਹੀਂ ਹੈ। ਜੋ ਫਾਰਮ ਦਾ ਪ੍ਰਬੰਧ ਕਰ ਰਿਹਾ ਹੈ ਉਸ ਨੂੰ ਜਮੀਨ ਦੇ ਹਰ ਟੁਕੜੇ ਹਾਲਤ ਬਾਰੇ ਡੂੰਘਾਈ ਨਾਲ ਵਾਕਫੀਅਤ ਕਰਨੀ ਪਵੇਗੀ। ਮਿਸਾਲ ਵਜੋਂ ਕਿਸਾਨ ਨੂੰ ਇਹ ਜਾਣਕਾਰੀ ਹੋਣੀ ਚਾਹੀਦੀ ਹੈ ਕਿ ਕਿਥੇ ਜੈਵਿਕ ਪਦਾਰਥ ਵਰਤੇ ਜਾਣੇ ਹਨ ਤੇ ਕਿੱਥੇ ਕੀਟ ਪਤੰਗਿਆਂ ਤੇ ਕੁਦਰਤੀ ਦੁਸ਼ਮਣ ਦੇ ਦਾਖਲ ਹੋਣ ਤੇ ਛੁਪਣ ਦੀਆਂ ਥਾਵਾਂ ਹਨ। ਇਹ ਗੱਲ ਅੰਸ਼ਿਕ ਤੌਰ 'ਤੇ ਵਿਆਖਿਆ ਕਰਦੀ ਹੈ ਕਿ ਕਿਉਂਕਿ ਵਿਕਲਪਿਤ ਲਾਗਤ ਸਾਮਗਰੀਆਂ ਦੀ ਵਰਤੋਂ ਕਰਕੇ ਰਾਜਕੀ ਖੇਤਰ ਪੈਦਾਵਾਰ

ਵਧਾਉਣ 'ਚ ਅਸਮਰੱਥ ਰਿਹਾ। ਉਤਪਾਦਕਾਂ ਦੇ ਮੁੱਦੇ ਵਾਂਗੂੰ ਹੀ ਇਸ ਦਾ ਵੀ ਅਸਰਦਾ-ਇੱਕ ਹੱਲ ਇਹ ਹੈ ਕਿ ਲੋਕਾਂ ਨੂੰ ਜਮੀਨ ਨਾਲ ਜੋੜ ਦਿੱਤਾ ਜਾਵੇ।

1993 ਦਾ ਅੱਧ ਆਉਂਦੇ-ਆਉਂਦੇ ਰਾਜ ਦਾ ਸਾਹਮਣਾ ਇੱਕ ਜਟਿਲ ਅਸਲੀਅਤ ਨਾਲ ਹੋਇਆ। ਦਰਾਮਦ ਕੀਤੀਆਂ ਲਾਗਤ ਸਾਮਗਰੀਆਂ ਜ਼ਿਆਦਾਤਰ ਮੁਹਈਆਂ ਨਹੀਂ ਸਨ ਪਰ ਫਿਰ ਵੀ ਘੱਟ ਲਾਗਤ ਸਾਮਗਰੀ ਨਾਲ ਪੈਦਾਵਾਰ ਨੂੰ ਛੋਟੇ ਕਿਸਾਨਾ ਨੇ ਅਸਰਦਾਇਕ ਢੰਗ ਨਾਲ ਅਪਣਾਇਆ। ਹਾਲਾਂਕਿ ਦੂਜੇ ਪੱਧਰ ਦੀ ਇੱਕ ਸੱਮਿਸਆ ਇਸ ਪੈਦਾਵਾਰੀ ਖੇਤਰ 'ਚ ਕਾਫੀ ਸੰਗੀਨ ਸੀ ਅਤੇ ਉਹ ਵੀ ਉਤਪਾਦਕਾਂ ਨੂੰ ਕਾਲਾ ਬਾਜ਼ਾਰੀ ਵੱਲ ਮੋੜ ਦਿੱਤਾ ਜਾਣਾ। ਦੂਜੇ ਪਾਸੇ, ਰਾਜਕੀ ਫਾਰਮ ਨਵੀਂ ਇਤਿਹਾਸਕ ਸਮਾਂ ਸੰਧੀ 'ਤੇ ਆਪਣੇ ਆਪ ਨੂੰ ਬੇਅਸਰ "ਸਫੈਦ ਹਾਥੀ" ਸਿੱਧ ਕਰ ਰਿਹਾ ਸੀ, ਜੋ ਤਾਲਮੇਲ ਬਿਠਾਉਣ 'ਚ ਅਸਮਰਥ ਸੀ। ਜਦ ਕਿ "ਸਬੰਧ ਜੋੜਨ" ਵਾਲੇ ਪ੍ਰਯੋਗਿਕ ਪ੍ਰੋਗ੍ਰਾਮ ਦੀ ਸ਼ੁਰੂਆਤੀ ਸਫਲਤਾ ਅਤੇ ਕਿਸਾਨੀ ਖੇਤਰ ਦੀ ਸਫਲਤਾ ਨੇ ਰਾਹ ਵਿਖਾ ਦਿੱਤਾ ਸੀ। ਸਤੰਬਰ 1993 'ਚ ਕਿਊਬਾ ਨੇ ਆਪਣੀ ਪੈਦਾਵਾਰ ਨੂੰ ਆਮੂਲਰੂਪ 'ਚ ਪੁਨਰਗਠਿਤ ਕਰਨਾ ਸ਼ੁਰੂ ਕੀਤਾ ਤਾਂ ਕਿ ਜੈਵਿਕ ਸ਼ੈਲੀ ਦੀ ਪ੍ਰਭਾਵੀ ਖੇਤੀ ਲਈ ਜ਼ਰੂਰੀ ਛੋਟੇ ਪੈਮਾਨੇ ਦੀਆਂ ਪ੍ਰਬੰਧਕੀ ਇਕਾਈਆਂ ਬਣਾਈਆਂ ਜਾ ਸਕਣ। ਇਹ ਪੁਨਰਗਠਨ ਭਾਰੀ ਭਰਕਮ ਨਿਜੀ ਸਰਕਾਰੀ ਖੇਤਰ ਦੇ ਨਿਜੀਕਰਣ ਤੇ ਉਸ ਕੋਆ-ਪ੍ਰੇਟਿਵ ਬਣਾਉਣ 'ਤੇ ਕੇਂਦਰਿਤ ਕੀਤਾ ਸੀ। ਇਸ ਤਰ੍ਹਾਂ ਲੋਕਾਂ ਨੂੰ ਜਮੀਨ ਨਾਲ ਜੋੜਨ ਦਾ ਅਮਲ ਆਪਣੀ ਪ੍ਰਿਣਤੀ ਤਕ 1993 'ਚ ਪਹੁੰਚਿਆ। ਜਦ ਕਿਊਬਾ ਦੀ ਸਰਕਾਰ ਨੇ ਆਦੇਸ਼ ਜਾਰੀ ਕਰਕੇ ਸਰਕਾਰੀ ਫਾਰਮ ਦੀ ਹੋਂਦ ਨੂੰ ਖਤਮ ਕਰ ਦਿੱਤਾ ਤੇ ਉਨ੍ਹਾਂ ਨੂੰ ਕੋਆਪ੍ਰੇਟਿਵ ਪੈਦਾਵਾਰ ਦੀਆਂ ਬੁਨਿਆਤੀ ਇਕਾਈਆਂ 'ਚ (UBPC)'ਚ ਤਬਦੀਲ ਕਰ ਦਿੱਤਾ। ਜੋ ਮਜ਼ਦੂਰਾਂ ਦੀ ਮਾਲਕੀ ਵਾਲੇ ਕਾਰਖਾਨੇ ਜਾਂ ਤਾਂ ਕੋਆਪ੍ਰੇਟਿਵ ਹੁੰਦੇ ਸਨ। ਗੰਨੇ ਦੀ ਖੇਤੀ ਸਮੇਤ ਖੇਤ ਲਾਇਕ ਜਮੀਨ ਦਾ 80 ਫੀਸਦੀ, ਜੋ ਕਦੀ ਸਰਕਾਰ ਕੰਟਰੋਲ ਕਰਦੀ ਸੀ, ਹੁਣ ਕੁਲ ਮਿਲਾ ਕੇ ਮਜ਼ਦੂਰਾਂ ਦੇ ਹੱਥਾਂ 'ਚ ਸੌਂਪ ਦਿੱਤਾ ਗਿਆ। ਯੂ. ਬੀ. ਸੀ. ਪੀ. ਮਜ਼ਦੂਰ ਸਮੂਹਾਂ ਨੂੰ ਰਾਜ ਦੀ ਖੇਤੀ ਲਾਇਕ ਜਮੀਨ ਨੂੰ ਸਥਾਈ ਤੌਰ 'ਤੇ ਮੁਫਤ ਪਟੇ 'ਤੇ ਦੇਣ ਦੀ ਇਜਾਜ਼ਤ ਦਿੰਦਾ ਹੈ। ਮੈਂਬਰ ਸਹਿਬਾਨ ਪ੍ਰਬੰਧਕੀ ਟੀਮ ਦੀ ਚੋਣ ਕਰਦੇ ਹਨ। ਇਹ ਟੀਮ ਕੰਮ ਦੀ ਵੰਡ ਜਮੀਨ ਦੇ ਕਿਹੜੇ ਟੁਕੜੇ 'ਚ ਕੀ ਬੀਜਿਆ ਜਾਵੇ ਤੇ ਪੈਦਾਵਾਰੀ ਸਮਗਰੀਆਂ ਦੀ ਖਰੀਦ ਦਾ ਭੁਗਤਾਨ ਕਰਨ ਲਈ ਕਿੰਨਾ ਕਰਜਾ ਲਿਆ ਜਾਵੇ, ਇਹ ਸਭ ਤਹਿ ਕਰਦੀ ਹੈ। ਮਾਲਕੀ ਦਾ ਅਧਿਕਾਰ ਰਾਜ ਦੇ ਹੱਥ ਵਿੱਚ ਹੁੰਦਾ ਹੈ ਅਤੇ ਯੂ. ਬੀ. ਸੀ. ਪੀ. ਨੂੰ ਮੁਖ ਫਸਲਾਂ ਦਾ ਆਪਣਾ ਪੈਦਾਵਾਰੀ ਕੋਟਾ ਪੂਰਾ ਕਰਨਾ ਪੈਦਾ ਹੈ। ਪਰ ਉਹ ਜੋ ਵੀ ਪੈਦਾਵਾਰ ਕਰਦੇ ਹਨ, ਉਸ ਦੀ ਮਾਲਕੀ ਸਮੂਹ ਦੇ ਹੱਥਾਂ ਵਿੱਚ ਹੁੰਦੀ ਹੈ। ਸ਼ਾਇਦ ਸਭ ਤੋਂ ਅਹਿਮ ਗੱਲ ਇਹ ਹੁੰਦੀ ਹੈ ਕਿ ਉਹ ਆਪਣੇ ਕੋਟੇ ਤੋਂ ਵੱਧ ਜੋ ਵੀ ਪੈਦਾ ਕਰਦੇ ਹਨ ਉਸ ਨੂੰ ਪਿੱਛੇ ਜਿਹੇ ਹੀ ਖੋਹਲੇ ਗਏ ਕਿਸਾਨ ਬਾਜ਼ਾਰ 'ਚ ਅਜ਼ਾਦੀ ਨਾਲ ਵੇਚਿਆ ਜਾ ਸਕਦਾ ਹੈ।

1994 'ਚ ਕੀਤੇ ਗਏ ਇਸ ਸੁਧਾਰ ਨੇ ਕਿਸਾਨਾਂ ਦੀਆਂ ਕੀਮਤਾਂ ਸਬੰਧੀ ਹੱਲਾਸ਼ੇਰੀ ਦਿੱਤੀ ਜਿਸ ਨਾਲ ਉਹ ਕਾਲਾਬਾਜ਼ਾਰੀ ਦੀ ਬਜਾਏ ਆਪਣੇ ਉਤਪਾਦ ਨੂੰ ਵਿਧਾਨਿਕ ਤਰੀਕੇ ਨਾਲ ਵੇਚ ਸਕਦੇ ਸਨ। ਪਿਛਲੇ ਸਾਲ ਵੱਖ-ਵੱਖ ਯੂ. ਬੀ. ਪੀ.

ਸੀ. ਨੂੰ ਮਜ਼ਬੂਤ ਕਰਨ ਦੀ ਗਤੀ 'ਚ ਬਹੁਤ ਭਿੰਨਤਾਵਾਂ ਸਨ। ਅੱਜ ਇਸ ਵਿੱਚ ਭਾਂਤ-ਭਾਂਤ ਦੀਆਂ ਸ਼੍ਰੇਣੀਆਂ ਵੇਖੀਆਂ ਜਾ ਸਕਦੀਆਂ ਹਨ-ਇਸ ਤਰ੍ਹਾਂ ਯੂ. ਬੀ. ਪੀ. ਸੀ. ਜਿਸ ਵਿੱਚ ਸਿਰਫ ਇਹੀ ਇੱਕ ਤਬਦੀਲੀ ਹੋਈ ਕਿ ਪ੍ਰਬੰਧਕ ਹੁਣ ਮਜ਼ਦੂਰਾਂ ਦੇ ਮਿੱਤਰ-ਸਮੂਹ ਫਾਰਮਾਂ ਦੇ ਛੋਟੇ-ਛੋਟੇ ਭੂਖੰਡਾਂ 'ਤੇ ਕੰਮ ਕਰਦੇ ਸਨ। ਲਗਭਗ ਸਾਰੇ ਮਾਮਲਿਆਂ 'ਚ ਪ੍ਰਬੰਧਕੀ ਇਕਾਈ ਦੇ ਪ੍ਰਭਾਵੀ ਆਕਾਰ ਨੂੰ ਕਾਫੀ ਛੋਟਾ ਕਰ ਦਿੱਤਾ ਗਿਆ ਹੈ। ਅਜੇ ਇਹ ਕਹਿਣਾ ਜਲਦਬਾਜੀ ਹੋਵੇਗੀ ਕਿ ਯੂ. ਬੀ. ਪੀ. ਸੀ. ਆਖਰਕਾਰ ਕਿਸ ਪ੍ਰਕਾਰ ਦਾ ਤਾਣਬਾਣਾ ਗ੍ਰਹਿਣ ਕਰੇਗਾ। ਪਰ ਇਹ ਸਪੱਸ਼ਟ ਹੋ ਗਿਆ ਹੈ ਕਿ ਪਹਿਲਾਂ ਦੇ ਇਕੱਲਤਾ ਦੇ ਸ਼ਿਕਾਰ ਖੇਤ ਮਜ਼ਦੂਰਾਂ ਨੂੰ ਕਿਸਾਨਾਂ 'ਚ ਬਦਲਣ ਦੇ ਅਮਲ 'ਚ ਕੁਝ ਸਮਾ ਲੱਗੇਗਾ-ਇਸ ਨੂੰ ਰਾਤੋ ਰਾਤ ਤਾਂ ਪੂਰਾ ਨਹੀਂ ਕੀਤਾ ਜਾ ਸਕਦਾ ਤੇ ਕਈ ਯੂ. ਬੀ. ਪੀ. ਸੀ. ਚੀਨੀ ਤੇ ਸੰਤਰਾ ਵਰਗੀਆਂ ਬਰਾਮਦ ਕੀਤੀਆਂ ਜਾਣ ਵਾਲੀਆਂ ਫਸਲਾਂ ਲਈ ਰਾਜ ਦੇ ਨਾਲ ਪੈਦਾਵਾਰ ਇਕਰਾਰ ਨਾਲ ਬੰਨ੍ਹੇ ਹੋਏ ਹਨ। ਖੁਰਾਕੀ ਪਦਾਰਥਾਂ ਦੀਆਂ ਉਚੀਆਂ ਕੀਮਤਾਂ ਹਾਸਲ ਕੀਤੀਆਂ ਜਾ ਸਕਦੀਆਂ ਹਨ ਪਰ ਇਸ ਦੇ ਉਲਟ ਇਹਨਾਂ ਵਸਤਾਂ ਲਈ ਰਾਜ ਦੀਆਂ ਮਾਰਕੀਟਿੰਗ ਏਜੰਸੀਆਂ ਅਜੇ ਵੀ ਨਿਸ਼ਚਿਤ ਤੇ ਘੱਟ ਕੀਮਤਾਂ ਦਿੰਦੀਆਂ ਹਨ। ਇਸ ਲਈ ਇਹ ਹੈਰਾਨੀ ਦੀ ਗੱਲ ਨਹੀਂ ਹੈ ਕਿ ਕਿਸੇ ਠੇਠ ਯੂ. ਬੀ. ਪੀ. ਸੀ. 'ਚ ਬਰਾਮਦ ਕੀਤੀਆਂ ਜਾਣ ਵਾਲੀ ਫਸਲਾਂ ਦੀ ਉਪਜ ਘੱਟ ਹੈ। ਪਰ ਇਸ ਦਾ ਇੱਕ ਖਿੱਚ ਪਾਊ ਕਾਰੋਬਾਰ ਵੀ ਹੈ-ਵਾਧੂ ਜਮੀਨ 'ਚ ਅਤੇ ਗੰਨੇ ਤੇ ਸੰਤਰੇ ਦੀਆਂ ਦੋ ਕਤਾਰਾਂ ਵਿਚਕਾਰ ਦੀ ਜਗਾਹ 'ਚ ਖੇਤੀ ਕਰਕੇ ਉਸ ਦੀ ਉਪਜ ਨੂੰ ਵੇਚਣਾ। ਇਸ ਤਰ੍ਹਾਂ ਖੁਰਾਕੀ ਪਦਾਰਥਾਂ ਦੀ ਘਾਟ ਤੋਂ ਨਿਜਾਤ ਕਿਵੇਂ ਮਿਲੀ?

1995 ਦਾ ਅੱਧ ਆਉਂਦੇ-ਆਉਂਦੇ ਖੁਰਾਕੀ ਪਦਾਰਥਾਂ ਦੀ ਘਾਟ ਤੋਂ ਛੁਟਕਾਰਾ ਹਾਸਲ ਕੀਤਾ ਜਾ ਚੁੱਕਿਆ ਸੀ ਤੇ ਆਬਾਦੀ ਦੀ ਵਿਸ਼ਾਲ ਬਹੁਗਿਣਤੀ ਨੂੰ ਹੁਣ ਬੁਨਿਆਦੀ ਭੋਜਨ ਦੀ ਸਪਲਾਈ 'ਚ ਕਮੀ ਦਾ ਸਾਹਮਣਾ ਨਹੀਂ ਕਰਨਾ ਪੈਂਦਾ ਸੀ 1966-67 'ਚ ਕਿਊਬਾਈ ਭੋਜਨ 'ਚ ਸ਼ਾਮਲ 13 ਵਿੱਚੋਂ 10 ਖੁਰਾਕੀ ਵਸਤਾਂ ਦਾ ਹੁਣ ਤੱਕ ਦੀ ਸਭ ਤੋਂ ਵਧ ਪੈਦਾਵਾਰ ਸੀ। ਪੈਦਾਵਾਰ 'ਚ ਇਹ ਵਾਧਾ ਮੁੱਖ ਤੌਰ 'ਤੇ ਛੋਟੀ ਖੇਤੀ ਰਾਹੀਂ ਅਤੇ ਆਂਡਿਆਂ ਤੇ ਸੂਅਰਾਂ ਸਬੰਧੀ ਤੇਜੀ ਨਾਲ ਫੈਲ ਰਹੇ ਘਰ ਦੇ ਪਿਛਵਾੜੇ ਦੀ ਪੈਦਾਵਾਰ ਨਾਲ ਹੋਇਆ ਸੀ। ਕਿਊਬਾ ਦੀ ਅਨਾਜ ਸਪਲਾਈ 'ਚ ਉਥੋਂ ਦੇ ਸ਼ਹਿਰੀ ਕਿਸਾਨਾਂ ਦੇ ਪ੍ਰਸਾਰ ਦੀ ਵੀ ਵੱਧ ਭੂਮਿਕਾ ਹੈ ਜੋ ਤਾਜੀਆਂ ਵਸਤਾਂ ਪੈਦਾ ਕਰਦੇ ਹਨ। ਪਹਿਲਾਂ ਦੀ ਭੋਜਨ ਦੀ ਕਮੀ ਤੇ ਅਨਾਜ ਪਦਾਰਥਾਂ ਦੀਆਂ ਵਧਦੀਆਂ ਕੀਮਤਾਂ ਨੇ ਅਚਾਨਕ ਸ਼ਹਿਰੀ ਖੇਤੀ ਨੂੰ ਕਿਊਬਾਈ ਲੋਕਾਂ ਲਈ ਬਹੁਤ ਹੀ ਲਾਭਕਾਰੀ ਪੇਸ਼ੇ 'ਚ ਤਬਦੀਲ ਕਰ ਦਿੱਤਾ ਅਤੇ ਇੱਕ ਵਾਰ ਜਦ ਸਰਕਾਰ ਨੇ ਨਵਜਾਤ ਸ਼ਹਿਰੀ ਬਾਗਬਾਨੀ ਅੰਦੋਲਨ ਨੂੰ ਆਪਣੀ ਪੂਰੀ ਹਮਾਇਤ ਦੇ ਦਿੱਤੀ ਤਾਂ ਇਸ ਵਿਚ ਨਾਟਕੀ ਤੇਜ਼ੀ ਆਈ। ਕਿਊਬਾ ਦੇ ਸਾਰੇ ਸ਼ਹਿਰਾਂ 'ਚ ਖਾਲੀ ਪਈ ਜਮੀਨ ਤੇ ਘਰ ਦੇ ਪਿਛਵਾੜੇ 'ਚ ਹੁਣ ਅਨਾਜ ਤੇ ਪਸ਼ੂ ਖੁਰਾਕ ਦੀ ਪੈਦਾਵਾਰ ਹੁੰਦੀ ਹੈ ਅਤੇ ਕਿਸਾਨ ਬਜਾਰ ਨਾਲੋਂ ਬਹੁਤ ਸਸਤੇ ਭਾਅ 'ਤੇ ਸਮੁੱਚੇ ਸ਼ਹਿਰੀ ਇਲਾਕੇ 'ਚ ਨਿਜੀ ਸਟਾਲ ਤੋਂ ਤਾਜੀਆਂ ਵਸਤਾਂ ਵੇਚਣ ਜਾਂਦੇ ਹਨ। ਹੁਣ ਇਸ 'ਚ ਕੋਈ ਸ਼ੱਕ ਨਹੀਂ ਕਿ ਪਿਛਲੇ ਦੋ-ਤਿੰਨ ਸਾਲਾਂ 'ਚ ਸ਼ਹਿਰੀ ਖੇਤੀ ਨੇ ਕਿਊਬਾ ਪ੍ਰੀਵਾਰਾਂ ਦੀ

ਅਨਾਜ ਸੁਰੱਖਿਆ ਨੂੰ ਯਕੀਨੀ ਬਣਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ, ਜੋ ਲਗਭਗ ਪੂਰੀ ਤਰ੍ਹਾਂ ਜੈਵਿਕ ਤਕਨੀਕਾਂ 'ਤੇ ਭਰੋਸਾ ਕਰਦੀ ਹੈ। ਤਾਂ ਫਿਰ ਬਦਲਵੇਂ ਪ੍ਰਤਿਮਾਨ ਕਿਹੜੇ ਹਨ? ਕਿਊਬਾ ਦੇ ਇਸ ਤਜ਼ਰਬੇ 'ਚ ਅਸੀਂ ਖਾਦ ਤੰਤਰ ਦੇ ਵਿਕਲਪਿਕ ਪ੍ਰਤਿਮਾਨ ਦਾ ਖਾਕਾ ਕਿਸ ਹੱਦ ਤੱਕ ਵੇਖ ਸਕਦੇ ਹਾਂ? ਜਾਂ ਕਿਊਬਾ ਹਰ ਨਜ਼ਰ ਨਾਲ ਕੀ ਐਸੀ ਇਕੱਲੀ ਮਿਸਾਲ ਹੈ ਕਿ ਹੋਰ ਦੇਸ਼ਾਂ ਲਈ ਕੱਢੇ ਗਏ ਸਬਕ ਵਜੋਂ ਅਸੀਂ ਇਸ ਦੇ ਅਨੁਭਵਾਂ ਦੀ ਨਕਲ ਨਹੀਂ ਕਰ ਸਕਦੇ? ਪਹਿਲੀ ਗੱਲ, ਜਿਸ ਵੱਲ ਇਸ਼ਾਰਾ ਕਰਨਾ ਜ਼ਰੂਰੀ ਹੈ ਕਿ ਸਮਕਾਲੀਨ ਕਿਊਬਾ ਨੇ ਆਪਣੀ ਰਵਾਇਤੀ ਬੁਧੀ ਮਤਾ ਨੂੰ ਪੂਰੀ ਤਰ੍ਹਾਂ ਬਦਲ ਲਿਆ ਹੈ। ਸਾਨੂੰ ਕਿਹਾ ਜਾਂਦਾ ਹੈ ਕਿ ਛੋਟੇ ਦੇਸ਼ ਆਪਣੀ ਜਨਤਾ ਦਾ ਪੇਟ ਨਹੀਂ ਭਰ ਸਕਦੇ ਕਿਉਂਕਿ ਸਥਾਨਕ ਖੇਤੀ ਦੀ ਕਮੀ ਨੂੰ ਪੂਰਾ ਕਰਨ ਲਈ ਉਹਨਾਂ ਨੂੰ ਦਰਾਮਦ ਦੀ ਲੋੜ ਪੈਂਦੀ ਹੈ। ਪਰ ਜਦ ਤੋਂ ਇਸ ਦੇ ਮੁੱਖ ਵਪਾਰ ਸਬੰਧ ਖਤਮ ਹੋਏ ਹਨ, ਕਿਊਬਾ ਨੇ ਆਤਮ ਨਿਰਭਰਤਾ ਵੱਲ ਲੰਬੀਆਂ ਪੁਲਾਂਘਾਂ ਪੁੱਟੀਆਂ ਹਨ। ਅਸੀਂ ਸੁਣਦੇ ਹਾਂ ਕਿ ਖੇਤੀ 'ਚ ਵਰਤੋਂ ਕੀਤੇ ਜਾਣ ਵਾਲੇ ਬਣਾਉਟੀ ਰਸਾਇਣਾਂ ਬਿਨਾਂ ਕੋਈ ਦੇਸ਼ ਆਪਣੀ ਜਨਤਾ ਦਾ ਪੇਟ ਨਹੀਂ ਭਰ ਸਕਦਾ ਪਰ ਕਿਊਬਾ ਅਸਲ 'ਚ ਅਜਿਹਾ ਕਰ ਰਿਹਾ ਹੈ। ਸਾਨੂੰ ਕਿਹਾ ਜਾਂਦਾ ਹੈ ਕਿ ਲੋੜੀਂਦੀ ਮਾਤਰਾ 'ਚ ਭੋਜਨ ਪੈਦਾ ਕਰਨ ਲਈ ਵੱਡੇ ਪੈਮਾਨੇ ਦੇ ਕਾਰਜਕੁਸ਼ਲ ਨਿਗਮ ਫਾਰਮਾਂ ਜਾਂ ਰਾਜਕੀ ਫਾਰਮਾਂ ਦੀ ਲੋੜ ਹੁੰਦੀ ਹੈ ਪਰ ਕਿਊਬਾ ਨੂੰ ਅਨਾਜ ਸੰਕਟ ਤੋਂ ਖਹਿੜਾ ਛੁਡਵਾਉਣ ਵਿੱਚ ਅਸੀਂ ਛੋਟੇ ਕਿਸਾਨਾਂ ਤੇ ਬਾਗਵਾਨਾਂ ਨੂੰ ਹਿਰਾਵਲ ਭੂਮਿਕਾ 'ਚ ਪਾਉਂਦੇ ਹਾਂ। ਅਸਲ 'ਚ ਸਬਸਿਡੀ ਯੁਕਤ ਮਸ਼ੀਨਾਂ ਤੇ ਦਰਾਮਦ ਵਸਤਾਂ ਦੀ ਘਾਟ 'ਚ ਵੱਡੀਆਂ ਪੈਦਾਵਾਰੀ ਇਕਾਈਆਂ ਦੀ ਤੁਲਨਾ 'ਚ ਛੋਟੇ ਖੇਤ ਵੱਧ ਕੁਸ਼ਲ ਹਨ। ਅਸੀਂ ਵਾਰ-ਵਾਰ ਸੁਣਦੇ ਹਾਂ ਕਿ ਅਨਾਜ ਦੀ ਕਮੀ ਦਾ ਜੁਆਬ ਸਿਰਫ ਕੌਮਾਂਤਰੀ ਅਨਾਜ ਦੀ ਦੇਣ ਨਾਲ ਹੀ ਹੋ ਸਕਦਾ ਹੈ। ਕਿਊਬਾ ਨੇ ਤਾਂ ਸਥਾਨਕ ਪੈਦਾਵਾਰ 'ਚ ਹੀ ਇਸ ਦਾ ਬਦਲ ਲੱਭਿਆ ਹੈ। ਇਸ ਤਰ੍ਹਾਂ ਬਦਲਵੇਂ ਪ੍ਰਤਿਮਾਨ ਦੇ ਤੱਤਾਂ ਵਜੋਂ ਇਸ ਅਨੁਭਵ ਦਾ ਸਾਰ ਇਸ ਪ੍ਰਕਾਰ ਹੈ :-

– ਰਸਾਇਣਾਂ ਦੀ ਥਾਂ ਖੇਤੀ ਹਾਲਤਾਂ ਅਨੁਸਾਰ ਤਕਨੀਕ :- ਕਿਊਬਾ 'ਚ ਮੁੱਖ ਫਸਲ ਦੇ ਵਿਚਕਾਰ ਹੋਰ ਫਸਲਾਂ ਉਗਾਉਣ, ਜੈਵ ਕੀਟਨਾਸ਼ਕ ਤੇ ਕਾਮਪੋਸਟ, ਬਣਾਉਟੀ ਕੀਟਨਾਸ਼ਕਾਂ ਤੇ ਖਾਦਾਂ ਦੇ ਹੋਰ ਬਦਲਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

– ਕਿਸਾਨਾਂ ਨੂੰ ਸਹੀ ਭਾਅ :- ਫਸਲਾਂ ਦੀਆਂ ਉਚੀਆਂ ਕੀਮਤਾਂ ਦੇ ਕਾਰਨ ਕਿਊਬਾ ਦੇ ਕਿਸਾਨਾਂ ਨੇ ਪੈਦਾਵਾਰ ਵਧਾ ਲਈ। ਜਦ ਕੀਮਤਾਂ ਬਣਾਉਟੀ ਤੌਰ 'ਤੇ ਹੇਠਾਂ ਰੱਖੀਆਂ ਜਾਂਦੀਆਂ ਹਨ ਤਾਂ ਕਿਸਾਨ ਪੈਦਾਵਾਰ ਲਈ ਹੱਲਾਸ਼ੇਰੀ ਤੋਂ ਹਰ ਥਾਂ ਵਾਂਝੇ ਰਹਿੰਦੇ ਹਨ ਅਤੇ ਅਕਸਰ ਅਜਿਹਾ ਹੀ ਹੁੰਦਾ ਹੈ। ਫਿਰ ਵੀ ਜਦ ਉਹਨਾਂ ਨੂੰ ਕੋਈ ਹੱਲਾਸ਼ੇਰੀ ਮਿਲਦੀ ਹੈ ਤਾਂ ਹਾਲਤਾਂ ਚਾਹੇ ਜਿਹੋ ਜਿਹੀਆਂ ਮਰਜ਼ੀ ਹੋਣ ਕਿਸਾਨ ਪੈਦਾਵਾਰ ਕਰਦੇ ਹਨ।

- **ਜ਼ਮੀਨ ਦੀ ਮੁੜ ਵੰਡ** :- ਲਾਗਤ ਸਮੱਗਰੀ ਦੀ ਉਪਲੱਭਤਾ ਘੱਟ ਹੋਣ ਦੀ ਹਾਲਤ 'ਚ ਛੋਟੇ ਕਿਸਾਨ ਤੇ ਬਾਗਬਾਨੀ ਕਰਨ ਵਾਲੇ ਹੀ ਕਿਊਬਾ ਦੀਆਂ ਪੈਦਾਵਾਰੀ ਸ਼ਕਤੀਆਂ 'ਚ ਸਭ ਤੋਂ ਵਧ ਪੈਦਾਵਾਰ ਕਰ ਰਹੇ ਹਨ। ਸੱਚ ਤਾਂ ਇਹ ਹੈ ਕਿ ਦੁਨੀਆਂ ਭਰ 'ਚ ਵੱਡੇ ਫਾਰਮਾਂ ਦੇ ਮੁਕਾਬਲੇ ਛੋਟੇ ਫਾਰਮ, ਪ੍ਰਤੀ ਇਕਾਈ ਰਕਬੇ 'ਚ ਬਹੁਤ ਵੱਧ

ਪੈਦਾਵਾਰ ਕਰਦੇ ਹਨ। ਕਿਊਬਾ ’ਚ ਜਮੀਨ ਦੀ ਮੁੜ ਵੰਡ ਕਰਨੀ ਮੁਕਾਬਲਤਨ ਸੌਖਾ ਸੀ ਕਿਉਂਕਿ ਭੂਮੀ ਸੁਧਾਰ ਦਾ ਵੱਡਾ ਹਿੱਸਾ ਇਹਨਾਂ ਅਰਥਾਂ ’ਚ ਮੁਕੰਮਲ ਕੀਤਾ ਜਾ ਚੁੱਕਿਆ ਸੀ ਕਿ ਉਥੇ ਹੁਣ ਜਮੀਨ ਮਾਲਕ ਨਹੀਂ ਸਨ, ਜੋ ਅੱਗੇ ਕੀਤੀਆਂ ਤਬਦੀਲੀਆਂ ਦਾ ਵਿਰੋਧ ਕਰਦੇ।

**ਸਥਾਨਕ ਪੈਦਾਵਾਰ ’ਤੇ ਖਾਸ ਜੋਰ** :- ਲੋਕਾਂ ਨੂੰ ਆਪਣੇ ਭੋਜਨ ਲਈ ਵਿਸ਼ਵ ਅਰਥਚਾਰੇ ਦੀਆਂ ਕੀਮਤਾਂ ਦੇ ਉਨਮਾਦੀ ਉਤਰਾਅ-ਚੜ੍ਹਾਅ, ਲੰਬੀ ਦੂਰੀ ਦੀ ਟਰਾਂਸਪੋਰਟ ਤੇ ਮਹਾਂਸ਼ਕਤੀਆਂ ਦੀ “ਸ਼ੁਭ ਇੱਛਾ” ’ਤੇ ਨਿਰਭਰ ਨਹੀਂ ਰਹਿਣਾ ਪੈਂਦਾ ਹੈ। ਸਥਾਨਕ ਤੇ ਖੇਤਰੀ ਪੱਧਰ ’ਤੇ ਉਤਪਾਦਿਤ ਕੁਝ ਪਦਾਰਥ ਬੇਹੱਦ ਸੁਰੱਖਿਆ ਮੁਹੱਈਆ ਕਰਦੇ ਹਨ ਤੇ ਨਾਲ ਹੀ ਉਹ ਸਥਾਨਕ ਆਰਥਕ ਵਿਕਾਸ ਨੂੰ ਹੱਲਾਸ਼ੇਰੀ ਦੇਣ ਲਈ ਆਪਸੀ ਤਾਲਮੇਲ ਸਥਾਪਤ ਕਰਦੇ ਹਨ। ਏਨਾ ਹੀ ਨਹੀਂ ਅਜਿਹੀ ਪੈਦਾਵਾਰ ਹਾਲਤਾਂ ਦੇ ਨਜ਼ਰੀਏ ਤੋਂ ਵੱਧ ਉਨਤ ਹੈ। ਕਿਉਂਕਿ ਕੌਮਾਂਤਰੀ ਆਵਾਜਾਈ ਤੇ ਖਰਚ ਕੀਤੀ ਊਰਜਾ ਬਰਬਾਦੀ ਹੀ ਹੈ ਅਤੇ ਵਾਤਾਵਰਣ ਲਈ ਵਿਨਾਸ਼ਕਾਰੀ ਵੀ। ਸ਼ਹਿਰੀ ਖੇਤੀ ਨੂੰ ਹੱਲਾਸ਼ੇਰੀ ਦੇ ਕੇ ਸ਼ਹਿਰਾਂ ਤੇ ਉਹਨਾਂ ਦੇ ਆਸ-ਪਾਸ ਦੇ ਇਲਾਕਿਆਂ ਨੂੰ ਜਲਦੀ ਖਰਾਬ ਹੋਣ ਵਾਲੀਆਂ ਵਸਤਾਂ ਸਬੰਧੀ ਸਹੀ ਅਰਥਾਂ ’ਚ ਆਤਮ ਨਿਰਭਰ ਬਣਾਇਆ ਜਾ ਸਕਦਾ ਹੈ, ਉਹਨਾਂ ਨੂੰ ਸੁੰਦਰ ਬਣਾਇਆ ਜਾ ਸਕਦਾ ਹੈ। ਅਤੇ ਰੁਜ਼ਗਾਰ ਦੇ ਅਨੇਕਾਂ ਮੌਕੇ ਪੈਦਾ ਕੀਤਾ ਜਾ ਸਕਦੇ ਹਨ।

ਆਪਣੇ ‘ਵਿਸ਼ੇਸ਼ ਅਰਸੇ” ਦੌਰਾਨ ਖੇਤਾਂ ’ਚ ਸ਼ਕਤੀ-ਚਲਿਤ ਮਸ਼ੀਨਾਂ ਦੀ ਵਰਤੋਂ ਕਰ ਸਕਣ ’ਚ ਅਸਮਰਥ ਹੋਣ ਕਾਰਨ ਕਿਊਬਾ ਦੀ ਹਾਲਤ ਵਚਿੱਤਰ ਸੀ, ਜਿਸ ਨੇ ਉਸ ਨੂੰ ਪਸ਼ੂਆਂ ਤੋਂ ਜੋਤਾਈ ਵਰਗੇ ਬਦਲਾਂ ਨੂੰ ਤਲਾਸ਼ਣ ਲਈ ਲਾਜਮੀ ਕੀਤਾ ਹੈ। ਵਿਕਾਸ ਦੀ ਇਸ ਅਵਸਥਾ ’ਚ ਕਿਊਬਾ ਜਾਂ ਕਿਸੇ ਹੋਰ ਦੇਸ਼ ਲਈ ਇਹ ਗੱਲ ਲਗਭਗ ਅਸੰਭਵ ਹੈ ਕਿ ਉਹ ਖੇਤੀ ’ਚ ਮਸ਼ੀਨਾਂ ਦੀ ਇਸ ਹੱਦ ਤੱਕ ਬੰਦ ਕਰ ਦੇਵੇ, ਜਦ ਕਿ ਉਸ ਨੂੰ ਅਜਿਹਾ ਕਰਨ ਲਈ ਲਾਜਮੀ ਨਹੀਂ ਕਰ ਦਿੱਤਾ ਜਾਂਦਾ। ਫਿਰ ਵੀ ਵਿਕਾਸ ਦੇ ਲਈ ਸੰਘਰਸਸ਼ੀਲ ਦੇਸ਼ਾਂ ਨੂੰ ਇਸ ’ਚ ਮਹੱਤਵਪੂਰਨ ਸਬਕ ਮਿਲਦੇ ਹਨ। ਮੁਕਾਬਲਤਨ ਛੋਟੇ ਪੱਧਰ ਦੀ ਖੇਤੀ, ਅਤੇ ਇੱਥੋਂ ਤੱਕ ਕਿ ਪਸ਼ੂਆਂ ਨਾਲ ਵਹਾਈ ਫੀ ਏਕੜ ਉਪਜ ਦੀ ਦ੍ਰਿਸ਼ਟੀ ਨਾਲ ਬਹੁਤ ਲਾਭਦਾਇਕ ਹੁੰਦੀ ਹੈ ਜੇ ਉਸ ਨੂੰ ਤਕਨੀਕੀ ਸਹਾਇਤਾ ਦਿੱਤੀ ਜਾਵੇ ਅਤੇ ਇਹ ਲਗਭਗ ਅਸੰਭਵ ਹੈ ਕਿ ਬਹੁਤ ਵੱਡੇ ਪੈਮਾਨੇ ਦੀ ਖੇਤੀ ਹਾਲਤਾਂ ਦੇ ਨਜ਼ਰੀਏ ਤੋਂ ਉਨਤ ਹੋਵੇ। ਜੇ ਇਸ ਗੱਲ ਨੂੰ ਨਾਮੰਜੂਰ ਨਹੀਂ ਕੀਤਾ ਜਾ ਸਕਦਾ ਕਿ ਜੋ ਦੇਸ਼ ਆਪਣੀ ਸਨਅਤ ਦਾ ਵਿਕਾਸ ਕਰਨਾ ਚਾਹੁੰਦੇ ਹਨ ਅਤੇ ਨਾਲ ਹੀ ਆਪਣੀਆਂ ਖੁਰਾਕੀ ਵਸਤਾਂ ਦੀ ਪੈਦਾਵਾਰ ਵੀ ਖੁਦ ਹੀ ਕਰਨਾ ਚਾਹੁੰਦੇ ਹਨ, ਉਨ੍ਹਾਂ ਨੂੰ ਖੇਤੀ ’ਚ ਕੁਝ ਹੱਦ ਤੱਕ ਮਸ਼ੀਨਾਂ ਦੀ ਵਰਤੋਂ ਕਰਨੀ ਪੈਣੀ ਹੈ। ਤੇ ਇਸ ਗੱਲ ਨੂੰ ਤਰਜੀਹ ਦੇਣੀ ਬਹੁਤ ਹੀ ਮਹੱਤਵਪੂਰਨ ਹੈ ਅਤੇ ਕਿਊਬਾ ਦੀ ਮਿਸਾਲ ਇਸ ਗੱਲ ਨੂੰ ਸਮਝਣ ’ਚ ਸਹਾਇਕ ਹੋਵੇਗੀ ਕਿ ਦਰਮਿਆਨੇ ਜਾਂ ਛੋਟੇ ਸਾਈਜ਼ ਦੇ ਪਰਿਵਾਰਿਕ ਖੇਤ ਅਤੇ ਕੋਆਪ੍ਰੇਟਿਵ ਜੋ ਲੋੜੀਂਦੇ ਸਾਈਜ਼ ਦੇ ਖੇਤੀ ਯੰਤਰਾਂ ਦੀ ਵਰਤੋਂ ਕਰਦੇ ਹਨ, ਉਹ ਹਾਲਤਾਂ ਦੇ ਨਜ਼ਰੀਏ ਤੋਂ ਸਿਹਤਮੰਦ ਵਰਤਾਅ ਕਰ ਸਕਦੇ ਹਨ ਅਤੇ ਇਸ ਤਰ੍ਹਾਂ ਆਪਣੀ ਕਿਰਤ ਦੀ ਪੈਦਾਵਾਰੀ ਸ਼ਕਤੀ ਨੂੰ ਵਧਾ ਸਕਦੇ ਹਨ। ਕਿਊਬਾ ਦਾ ਅਨੁਭਵ ਇਹ ਵਿਖਾਉਂਦਾ ਹੈ ਕਿ ਸਹੀ ਹਾਲਾਤੀ

ਤਕਨੀਕਾਂ 'ਤੇ ਅਧਾਰਤ ਛੋਟੇ ਤੇ ਦਰਮਿਆਨੇ ਸਾਈਜ਼ ਦੀ ਖੇਤੀ ਰਾਹੀਂ ਅਸੀਂ ਦੇਸ਼ ਦੇ ਲੋਕਾਂ ਨੂੰ ਅੱਛੀ ਖੁਰਾਕ ਮੁਹਈਆ ਕਰਵਾ ਸਕਦੇ ਹਾਂ ਅਤੇ ਅਜਿਹਾ ਕਰਦੇ ਹੋਏ ਅਸੀਂ ਖੁਰਾਕੀ ਪਦਾਰਥਾਂ ਸਬੰਧੀ ਹੋਰ ਵੱਧ ਆਤਮ ਨਿਰਭਰ ਹੋ ਸਕਦੇ ਹਾਂ। ਕਿਸਾਨਾਂ ਨੂੰ ਆਪਣੀ ਫਸਲ ਦੇ ਬਦਲੇ 'ਚ ਅੱਛੀ ਕੀਮਤ ਮਿਲਣੀ ਚਾਹੀਦੀ ਹੈ ਅਤੇ ਅਜਿਹਾ ਹੋਣ 'ਤੇ ਉਹਨਾਂ ਨੂੰ ਪੈਦਾਵਾਰ ਕਰਨ ਲਈ ਹੱਲਾਸ਼ੇਰੀ ਮਿਲੇਗੀ। ਪੂੰਜੀ ਭਰਪੂਰ ਰਸਾਇਣਕ ਲਾਗਤ-ਸਾਮਗਰੀਆਂ ਨਾਲ ਜਿਹਨਾਂ 'ਚੋਂ ਬਹੁਤੀਆਂ ਗੈਰ ਜ਼ਰੂਰੀ ਹਨ, ਵੱਡੇ ਪੈਮਾਨੇ 'ਤੇ ਖਹਿੜਾ ਛੁਡਾਇਆ ਜਾ ਸਕਦਾ ਹੈ। ਕਿਊਬਾ ਤੋਂ ਹਾਸਲ ਅਹਿਮ ਸਬਕ ਹੈ-ਖੇਤੀ ਹਾਲਤਾਂ ਅਨੁਸਾਰ, ਸਹੀ ਮੁੱਲ, ਭੂਮੀ ਸੁਧਾਰ ਤੇ ਸ਼ਹਿਰੀ ਖੇਤੀ ਸਮੇਤ ਸਥਾਨਕ ਪੈਦਾਵਾਰ-ਜਿਹਨਾਂ ਨੂੰ ਅਸੀਂ ਨਿਰੰਤਰ ਵੀ ਲਾਗੂ ਕਰ ਸਕਦੇ ਹਾਂ।

# ਭਾਰਤ ਸਮੇਤ ਵਿਕਾਸਸ਼ੀਲ ਦੇਸ਼ਾਂ ’ਚ ਅੰਨ ਸੰਕਟ

1991 ’ਚ ਨਵਉਦਾਰਵਾਦੀ ਆਰਥਕ ਸੁਧਾਰਾਂ ਦੀ ਸ਼ੁਰੂਆਤ ਦੇ ਪਿੱਛੋਂ ਤੋਂ ਹੀ ਭਾਰਤ ਵਿਆਪਕ ਲੋਕਾਂ ਲਈ ਖੁਰਾਕੀ ਪਦਾਰਥਾਂ ਦੀ ਪੈਦਾਵਾਰ ਤੇ ਉਪਲੱਭਤਾ ਦੇ ਸਿੱਟੇ ਵਜੋਂ ਪੈਦਾ ਹੋਈ ਡੂੰਘੀ ਖੇਤੀ ਮੰਦੀ ਤੇ ਵਧਦੀ ਬੇਰੁਜ਼ਗਾਰੀ ਦਰ ਨੇ ਸਮੱਸਿਆ ਨੂੰ ਖਾਸ ਕਰਕੇ ਤਿਖਾ ਬਣਾ ਦਿੱਤਾ ਹੈ। ਪੂਰੇ ਅਰਥਚਾਰੇ ’ਚ ਪ੍ਰਤੀ ਵਿਅਕਤੀ ਅਨਾਜ ਦੀ ਪੈਦਾਵਾਰ ਤੇ ਖਪਤ ’ਚ ਤੇਜ਼ ਗਿਰਾਵਟ ਹੋਈ ਹੈ। ਬਹੁਗਿਣਤੀ ਅਬਾਦੀ ਤੋਂ ਆਮਦਨ ਖੋਹ ਕੇ ਥੋੜ੍ਹੇ ਜਿਹੇ ਧਨਾਢਾਂ ਪਾਸ ਜਾ ਰਹੀ ਹੈ ਅਤੇ ਆਬਾਦੀ ਦੇ ਇੱਕ ਵੱਡੇ ਹਿੱਸੇ ਨੂੰ ਪਹਿਲਾਂ ਤੋਂ ਘੱਟ ਭੋਜਨ ਖਾਣ ਤੇ ਪੁਰਾਣੇ ਕੱਪੜੇ ਪਹਿਨਣ ਲਈ ਮਜ਼ਬੂਰ ਹੋਣਾ ਪੈ ਰਿਹਾ ਹੈ। ਹੁਣ ਦੀ ਵਿਸ਼ਵ ਵਿਆਪੀ ਮੰਦੀ ਨੇ ਇਸ ਨੂੰ ਹੋਰ ਤੇਜ਼ ਕਰ ਦਿੱਤਾ ਹੈ ਜੋ ਵਧਦੀ ਬੇਰੁਜ਼ਗਾਰੀ ਕਾਰਨ ਲੋਕਾਂ ਦੀ ਖਪਤ ਨੂੰ ਹੋਰ ਸੁੰਗੇੜ ਰਹੀ ਹੈ। ਇਸ ਜਟਿਲ ਤੇ ਬਦਲਦੇ ਦ੍ਰਿਸ਼ ’ਚ ਅੰਨ ਸਮੱਸਿਆ ਨੂੰ ਪੈਦਾ ਕਰਨ ਵਾਲੇ ਦੂਰਗਾਮੀ ਤੇ ਫੌਰੀ ਕਾਰਕਾਂ ਦੀ ਪਹਿਚਾਣ ਕਰਨੀ ਜ਼ਰੂਰੀ ਹੈ। ਜੋ ਸਿਰਫ਼ ਭਾਰਤ ਨੂੰ ਹੀ ਨਹੀਂ ਬਲਕਿ ਚੀਨ ਸਮੇਤ ਹੋਰ ਵਿਕਾਸਸ਼ੀਲ ਦੇਸ਼ਾਂ ਨੂੰ ਵੀ ਅਸਰਅੰਦਾਜ ਕਰ ਰਹੇ ਹਨ। ਇਹ ਨੀਤੀਆਂ ਜੋ ਅਨਾਜ ਨੂੰ ਪਸ਼ੂਆਂ ਦੀ ਖੁਰਾਕ ਵੱਲ ਮੋੜ ਦਿੰਦੀਆਂ ਹਨ, ਗਰੀਬਾਂ ਦੇ ਮੂੰਹ ’ਚੋਂ ਬੁਰਕੀ ਖੋਹਣ ਦਾ ਦੋਹਰਾ ਰਸਤਾ ਅਖਤਿਆਰ ਕਰਦੀਆਂ ਹਨ-ਵਿਕਾਸਸ਼ੀਲ ਦੇਸ਼ਾਂ ਦੇ ਅੰਦਰ ਅਤੇ ਵਿਕਸਤ ਤੇ ਵਿਕਾਸਸ਼ੀਲ ਦੇਸ਼ਾਂ ਵਿਚਕਾਰ ਆਮਦਨ (ਅਤੇ ਖੁਰਾਕੀ ਪਦਾਰਥਾਂ) ਦੀ ਨਾ ਬਰਾਬਰ ਵੰਡ ਦਾ ਰਾਹ। ਦੂਜੇ ਰਾਹ ਦਾ ਡੂੰਘਾ ਸੰਬੰਧ ਇੱਕ ਦੂਜੀ ਅੰਤਰ ਵਿਰੋਧਤਾਈ ਨਾਲ ਹੈ- ਖੁਰਾਕੀ ਪਦਾਰਥਾਂ ਦੀ ਖਪਤ ਤੇ ਉਹਨਾਂ ਦੀ ਬਰਾਮਦ ਵਿਚਕਾਰਲਾ ਅੰਤਰ ਵਿਰੋਧ। ਮੁਕਤ ਵਪਾਰ ਦੀਆਂ ਨੀਤੀਆਂ ਜੋ ਵਿਕਾਸਸ਼ੀਲ ਦੇਸ਼ਾਂ ’ਤੇ ਵਪਾਰਕ ਪਬੰਦੀ ਹਟਾਉਣ ਤੇ ਆਪਣੀ ਜਮੀਨ ’ਤੇ ਇੱਕ ਤੋਂ ਬਾਅਦ ਇੱਕ ਬਰਾਮਦ ਮੁਖੀ ਖੇਤੀ ਕਰਦੇ ਜਾਣ ਲਈ ਦਬਾਅ ਪਾਉਂਦੀਆਂ ਹਨ, ਦੇ ਤਹਿਤ ਖੁਰਾਕੀ ਪਦਾਰਥਾਂ ਦੀ ਘਰੇਲੂ ਖਪਤ ਤੇ ਦੂਜੀਆਂ ਨੂੰ ਫਾਇਦਾ ਪਹੁੰਚਾਉਣ ਵਾਲੀ ਬਰਾਮਦ ਵਿਚਾਲੇ ਅੰਤਰ ਵਿਰੋਧ ਮੌਜੂਦ ਹੈ ਅਤੇ ਅੰਤ ਵਿੱਚ ਊਰਜਾ ’ਤੇ ਖੇਤੀ ਦੀ ਵਧਦੀ ਨਿਰਭਰਤਾ ਇੱਕ ਤੀਜੀ ਤਰ੍ਹਾਂ ਦਾ ਅੰਤਰ -ਵਿਰੋਧੀ ਪੇਸ਼ ਕਰਦੀ ਹੈ। ਅਸੀਂ ਅੱਗੇ ਵੇਖਾਂਗੇ ਕਿ ਇਹ ਹਾਲਤਾਂ ਇਕੱਠੀਆਂ ਮਿਲਕੇ ਕਿਵੇਂ ਪੂਰੀ ਦੁਨੀਆਂ ’ਚ ਖੁਰਾਕੀ ਵਸਤਾਂ ਦੀਆਂ ਵਧਦੀਆਂ ਕੀਮਤਾਂ ਦੇ ਕਾਰਨਾਂ ਬਾਰੇ ਕਈ ਹਰਮਨਪਿਆਰੀਆਂ ਮਾਨਤਾਵਾਂ ਦੀ ਬੁਰੀ ਤਰ੍ਹਾਂ ਨਿੰਦਾ ਕਰਦੀਆਂ ਹਨ।

ਮੱਧਕਲੀਨ ਯੂਰਪ ’ਚ ਮਨੁੱਖ ਲਈ ਭੋਜਨ ਤੇ ਆਹਾਰ ਵਿਚਕਾਰ ਮੁਕਾਬਲਾ ਇਸ ਗੱਲ ਕਰਕੇ ਪੈਦਾ ਹੋਇਆ ਸੀ ਕਿ ਬਹੁਤ ਘੱਟ ਉਤਪਾਦਿਕਤਾ ਕਾਰਨ ਮਨੁੱਖ ਲਈ ਖੁਰਾਕੀ ਵਸਤਾਂ ਦੀ ਲੋੜੀਂਦੀ ਮਾਤਰਾ ’ਚ ਪੈਦਾਵਾਰ ਸੰਭਵ ਨਹੀਂ ਹੋ ਸਕੀ ਸੀ। ਨਾਲ ਹੀ ਪਸ਼ੂਆਂ ਲਈ ਚਾਰੇ ਦੀ ਲੋੜ ਪੈਂਦੀ ਸੀ। ਉਥੇ ਅਕਸਰ ਹਰ ਥਾਂ ਸਰਦੀ ਦੇ ਮੌਸਮ ’ਚ ਪਸ਼ੂਆਂ ਨੂੰ ਵੱਢ ਦਿੱਤਾ ਜਾਂਦਾ ਸੀ। ਅਤੇ ਨਮਕ ਲਾਕੇ ਸਾਂਭੇ ਮਾਸ ਦੀ ਕਾਫੀ ਵਰਤੋਂ ਕੀਤੀ ਜਾਂਦੀ ਸੀ। 18ਵੀਂ ਤੇ 19ਵੀਂ ਸਦੀ ’ਚ ਸਨਅਤੀਕ੍ਰਿਤ ਹੋ ਰਹੇ ਯੂਰਪ ’ਚ ‘ਖੇਤੀ ਇਨਕਲਾਬ’ ਨੇ ਘੱਟ ਪੈਦਾਵਾਰ ਦੀ ਸਮੱਸਿਆ ਨੂੰ ਪੂਰੀ

ਤਰ੍ਹਾਂ ਹੱਲ ਨਹੀਂ ਕੀਤਾ। ਬਦਲਵੇਂ ਜਲਵਾਯੂ ਵਾਲੀਆਂ ਬਸਤੀਆਂ ਤੋਂ ਦਰਾਮਦ ਕੀਤੀ ਕਣਕ ਅਤੇ ਆਹਾਰ ਤੇ ਪਹਿਰਾਵੇ ਦੀ ਵਭਿੰਨਤਾ 'ਤੇ ਨਿਰਭਰਤਾ, ਵਧਦੀ ਜਾ ਰਹੀ ਸੀ। ਖੰਡ, ਪੀਣ ਵਾਲੀਆਂ ਵਸਤਾਂ, ਚਾਵਲ ਤੇ ਕਪਾਹ ਦੀ ਵਰਤੋਂ ਸਬੰਧੀ ਪੱਛਮੀ ਯੂਰਪ ਦੇ ਲੋਕ ਬਸਤੀਵਾਦੀ ਗੁਲਾਮੀ ਦੇ ਸ਼ਿਕਾਰ ਦੇਸ਼ਾਂ ਤੋਂ ਬਿਨਾਂ ਭੁਗਤਾਨ ਦੇ ਦਰਮਦ ਕੀਤੀ ਗਈਆਂ ਚੀਜ਼ਾਂ 'ਤੇ ਬੁਰੀ ਤਰ੍ਹਾਂ ਨਿਰਭਰ ਸਨ। ਜਮੀਨ ਦੇ ਸਾਧਨਾਂ ਨੂੰ ਇਸ ਬਰਾਮਦ ਵੱਲ ਮੋੜ ਦਿੱਤੇ ਜਾਣ ਕਰਕੇ ਬਸਤੀਆਂ ਬਣਾਏ ਜਾ ਚੁੱਕੇ ਖੇਤਰ ਆਪਣੇ ਲੋਕਾਂ ਲਈ ਖੁਰਾਕੀ ਵਸਤਾਂ ਦੀ ਕਮੀ ਦਾ ਸਾਹਮਣਾ ਕਰ ਰਹੇ ਸਨ। ਖੁਰਾਕੀ ਪਦਾਰਥਾਂ ਤੇ ਪਸ਼ੂ ਦੇ ਆਹਾਰ ਦਰਮਿਆਨ ਅਧੁਨਿਕ ਮੁਕਾਬਲਾ ਆਪਣੀ ਕਿਸਮ 'ਚ ਵੱਖਰਾ ਹੋਣ ਪਿੱਛੋਂ ਵੀ ਉਸ ਤਰ੍ਹਾਂ ਦੀ ਕੌਮਾਂਤਰੀ ਕਿਰਤ ਵੰਡ ਨੂੰ ਸਥਾਪਤ ਕਰਦਾ ਹੈ। ਜਿਸ ਵਿੱਚ ਵਿਕਾਸਸ਼ੀਲ ਦੇਸ਼ਾਂ ਦੀ ਜਮੀਨ 'ਚ ਦੁਨੀਆਂ ਦੀ ਅਬਾਦੀ ਦੀ ਅਮੀਰ ਜਮਾਤ ਦੇ ਹਿੱਸੇ ਲਈ ਪਸ਼ੂ ਖੁਰਾਕ ਤੇ ਪਸ਼ੂ ਵਸਤਾਂ ਤਿਆਰ ਕਰਨ ਸਬੰਧੀ ਮਜਬੂਰ ਕੀਤਾ ਜਾ ਰਿਹਾ ਹੈ। ਸਟਾਰਚ ਦੀ ਮਾਤਰਾਂ ਨਾਲ ਭਰਪੂਰ ਖਾਣ ਪਦਾਰਥਾਂ ਜਿਹਨਾਂ ਦੀ ਪਸ਼ੂ ਖੁਰਾਕ ਵਜੋਂ ਵਰਤੋਂ ਕਰਨ ਨਾਲ ਖਪਤ ਦੁਗਣੀ ਹੋ ਜਾਂਦੀ ਹੈ, ਨੂੰ ਮਹਿੰਗੀਆਂ ਪਸ਼ੂ ਵਸਤਾਂ 'ਚ ਤਬਦੀਲ ਕੀਤੇ ਜਾਣ ਦੇ ਸਿੱਟੇ ਵਜੋਂ ਮੂਲ ਚਾਰੇ ਦੀ ਤੁਲਨਾ ਵਿੱਚ ਆਖਰ ਘੱਟ ਊਰਜਾ ਤੇ ਪ੍ਰੋਟੀਨ ਹਾਸਲ ਹੁੰਦੀ ਹੈ। ਕਿਲੋ ਗਊ ਮਾਸ ਤੋਂ 1140 ਕੈਲੀ ਊਰਜਾ ਤੇ 226 ਗ੍ਰਾਮ ਪ੍ਰੋਟੀਨ ਮਿਲਦੀ ਹੈ ਪਰ ਉਸ ਇੱਕ ਕਿਲੋ ਗਊ ਮਾਸ ਨੂੰ ਪੈਦਾ ਕਰਨ ਵਿਚ ਜ਼ਰੂਰੀ ਖੁਰਾਕੀ ਵਸਤਾਂ ਦੀ ਮਾਤਰਾ ਨੂੰ ਸਿਧੇ ਭੋਜਨ ਵਜੋਂ ਖਾਧਾ ਜਾਵੇ (ਨਾ ਕਿ ਉਸ ਤੋਂ ਗਊ ਮਾਸ ਪੈਦਾ ਕਰਕੇ) ਤਾਂ ਉਹ ਸਾਨੂੰ 24,150 ਕੈਲਰੀ ਊਰਜਾ ਤੇ 700 ਗ੍ਰਾਮ ਪ੍ਰੋਟੀਨ ਦਿੰਦਾ ਹੈ। ਮਹਿੰਗੇ ਪਸ਼ੂ ਪਦਾਰਥਾਂ ਦੀ ਮੰਗ ਖੁਸ਼ਹਾਲ ਲੋਕਾਂ ਦਰਮਿਆਨ ਵੱਧ ਕੇਂਦਰਿਤ ਹੈ ਜੋ ਖਾਦ ਪਦਾਰਥਾਂ ਨੂੰ ਪਸ਼ੂ ਖੁਰਾਕ ਵਜੋਂ ਵਰਤਣ ਲਈ ਆਪਣੇ ਵੱਲ ਖਿੱਚ ਲੈਂਦੇ ਹਨ ਅਤੇ ਗਰੀਬ ਲੋਕਾਂ ਵਲੋਂ ਸਿਧੇ ਭੋਜਨ ਵਜੋ ਉਹਨਾਂ ਦੀ ਵਰਤੋਂ ਕਿਸੇ ਇਕ ਵਿਕਾਸਸ਼ੀਲ ਦੇਸ਼ ਅੰਦਰ ਅਤੇ ਦੁਨੀਆਂ ਭਰ 'ਚ ਦੋਨੋ ਹੀ ਪੱਧਰਾਂ 'ਤੇ ਘਟ ਜਾਂਦੀ ਹੈ। ਹਰ ਪੱਧਰ ਦੀ ਤਕਨੀਕ ਲਈ ਅਨਾਜਾਂ ਨੂੰ ਪਸ਼ੂ ਵਸਤਾਂ 'ਚ ਤਬਦੀਲ ਕਰਨ ਲਈ ਕੁਦਰਤੀ ਤਰੀਕੇ ਨਾਲ ਹਾਸਲ ਕੀਤੇ ਗਏ ਅਨਾਜ ਰੁਪਾਂਤਰ ਅਨੁਪਾਤ ਮੁਹਈਆ ਹੈ, ਜਿਵੇਂ ਕਿ ਦੁੱਧ, ਆਂਡਾਂ, ਮਾਸ ਆਦਿ ਦੀ ਇਕ ਨਿਸ਼ਚਤ ਇਕਾਈ ਨੂੰ ਗਣਨਾ ਰਾਹੀਂ ਉਸ ਦੇ ਬਰਾਬਰ ਅਨਾਜ 'ਚ ਬਦਲਿਆ ਜਾ ਸਕਦਾ ਹੈ। ਸਹੀ ਸਹੀ ਅਨਾਜ ਰੁਪਾਂਤਰ ਅਨੁਪਾਤ ਇਸ ਗੱਲ 'ਤੇ ਨਿਰਭਰ ਕਰਦਾ ਹੈ ਕਿ ਪਸ਼ੂਧਨ ਉਤਪਾਦਨ ਦਾ ਕਿਸ ਹੱਦ ਤੱਕ 'ਸਨਅਤੀਕਰਨ' ਹੋਇਆ ਹੈ। ਵਿਕਸਤ ਦੇਸ਼ਾਂ 'ਚ ਰੁਪਾਂਤਰ ਅਨੁਪਾਤ ਨੂੰ ਲਿਆ ਜਾਵੇ ਤਾਂ ਇਕ ਲਿਟਰ ਦੁੱਧ ਲਈ 0.2 ਕਿ. ਗ੍ਰਾ. ਅਨਾਜ ਚਾਹੀਦਾ ਹੈ, ਇਕ ਕਿਲੋ ਆਂਡਾ ਜਾਂ ਮੁਰਗੀ 2 ਕਿਲੋਗ੍ਰਾਮ ਅਨਾਜ ਦੇ ਸਮਤੁਲ ਹੈ, ਆਦਿ। ਪਸ਼ੂ ਜਿੰਨੇ ਵੱਡੇ ਸਾਈਜ ਦਾ ਹੁੰਦਾ ਹੈ ਅਨਾਜ ਰੁਪਾਂਤਰ ਅਨੁਪਾਤ ਉਨਾਂ ਹੀ ਵੱਧ ਹੁੰਦਾ ਹੈ– ਇਕ ਕਿਲੋ ਗਊ ਮਾਸ ਲਈ ਘੱਟੋ ਘੱਟ ਸਤ ਕਿਲੋ ਅਨਾਜ ਚਾਹੀਦਾ ਹੈ।

ਬੰਦੇ ਜਾਂ ਪ੍ਰੀਵਾਰ ਦੀ ਆਮਦਨ ਤੇ ਅਨਾਜ ਦੀ ਕੁਲ ਖਪਤ ਵਿਚਕਾਰ ਸਿੱਧਾ ਸਬੰਧ ਹੈ। ਅਨਾਜ ਦੀ ਦੋ ਰੂਪਾਂ 'ਚ ਵਰਤੋਂ ਕੀਤੀ ਜਾਂਦੀ ਹੈ – ਪਹਿਲਾ ਉਨਤ ਅਰਥਚਾਰੀਆਂ 'ਚ ਬ੍ਰੇਡ, ਬਿਸਕੁਟ, ਕੇਕ ਆਦਿ ਵਜੋਂ ਸਿੱਧੀ ਖਪਤ (ਵਿਕਾਸਸ਼ੀਲ

ਦੇਸ਼ਾਂ 'ਚ ਚੌਲ, ਰੋਟੀ, ਟਾਰਕਿੱਲਾ (ਮੈਕਸੀਕਨ ਰੋਟੀ) ਪਿਟਾ ਬ੍ਰੈਡ (ਤੰਦੂਰੀ ਰੋਟੀ ਆਦਿ ਵਜੋਂ) ਅਤੇ ਦੂਸਰਾ, ਪਸ਼ੂ ਉਤਪਾਦ (ਦੁੱਧ, ਮੱਖਣ, ਆਂਡਾ, ਮੁਰਗੀ, ਵੱਡੇ ਪਸ਼ੂਆਂ ਦਾ ਮਾਸ) ਵਜੋਂ ਅਨਾਜਾਂ ਦੀ ਅਸਿਧੀ ਖਪਤ, ਜਿਸ ਲਈ ਪਸ਼ੂ ਚਾਰੇ ਲਈ ਅਨਾਜ ਵਸਤਾਂ ਦੀ ਇਕ ਨਿਸ਼ਚਤ ਮਾਤਰਾ ਦੀ ਲੋੜ ਹੁੰਦੀ ਹੈ। ਮਨੁੱਖ ਵਲੋਂ ਕੀਤੀ ਅਨਾਜ ਦੀ ਕੁਲ ਖਪਤ ਸਿੱਧੀ ਖਪਤ ਤੇ ਅਸਿੱਧੀ ਖਪਤ ਦਾ ਜੋੜ ਹੁੰਦਾ ਹੈ। ਫੀ ਵਿਅਕਤੀ ਵਧਦੀ ਆਮਦਨ ਦੇ ਪੱਧਰ ਕਾਰਣ ਪਸ਼ੂ ਉਤਪਾਦ ਵਜੋਂ ਅਨਾਜ ਦੀ ਖਪਤ ਵਧਦੀ ਗਈ ਹੈ। ਇਸ ਲਈ ਵਧਦੀ ਆਮਦਨ ਦੇ ਨਾਲ ਅਨਾਜ ਦੀ ਕੁਲ ਫੀ ਵਿਅਕਤੀ ਖਪਤ 'ਚ ਬਹੁਤ ਤੇਜ਼ ਵਾਧਾ ਹੋਇਆ ਹੈ। ਘਰਾਂ ਦੇ ਭੋਜਨ ਦੇ ਬਜਟ 'ਚ ਅਨਾਜਾਂ ਦੀ ਸਿੱਧੀ ਮੰਗ ਦਾ ਹਿੱਸਾ ਘਟਿਆ ਹੈ) ਪਰ ਅਨਾਜ ਦੀ ਕੁਲ ਮੰਗ ਕੁਲ ਮਿਲਾਕੇ ਵਧੀ ਹੈ ਅਤੇ ਕੁਲ ਮਿਲਾ ਕੇ ਭੋਜਨ ਦੇ ਬਜਟ ਉਸ ਦਾ ਹਿੱਸਾ ਘੱਟ ਹੋਇਆ ਹੈ। ਪ੍ਰਤੀ ਵਅਕਤੀ ਆਮਦਨ 'ਚ ਵਾਧੇ ਦੇ ਨਾਲ ਅਨਾਜ ਦੀ ਸਿੱਧੀ ਤੇ ਅਸਿੱਧੀ ਖਪਤ ਬਾਰੇ ਇਕ ਸਾਰ ਪੇਸ਼ ਹੋਇਆ ਹੈ। ਗਰੀਬ ਅਰਥਚਾਰੇ 'ਚ ਅਨਾਜ ਦੀ ਪ੍ਰਤੀ ਵਿਅਕਤੀ ਸਿੱਧੀ ਖਪਤ ਘੱਟ ਹੁੰਦੀ ਹੈ ਜੋ ਆਮਦਨ 'ਚ ਵਾਧੇ ਨਾਲ ਵਧਦੀ ਜਾਂਦੀ ਹੈ। ਅਤੇ ਇਕ ਪੱਧਰ 'ਤੇ ਜਾ ਕੇ ਸਥਿਰ ਹੋ ਜਾਂਦੀ ਹੈ। ਤੇ ਫਿਰ ਆਮਦਨ ਦਾ ਪੱਧਰ ਜਦ ਬਹੁਤ ਉਚਾ ਉਠ ਜਾਂਦਾ ਹੈ ਤਾਂ ਫਿਰ ਇਸ 'ਚ ਗਿਰਾਵਟ ਸ਼ੁਰੂ ਹੋ ਜਾਂਦੀ ਹੈ। ਪਸ਼ੂ ਵਸਤਾਂ ਦੀ ਪੈਦਾਵਾਰ 'ਚ ਖੁਰਾਕ ਵਜੋਂ ਅਨਾਜ ਦੀ ਅਸਿੱਧੀ ਮੰਗ ਗਰੀਬ ਅਰਥਚਾਰੇ 'ਚ ਲਗਭਗ ਸਿਫਰ ਹੋ ਜਾਂਦੀ ਹੈ ਜਦ ਪਸ਼ੂ ਉਤਪਾਦਾਂ ਦੀ ਖਪਤ ਸ਼ਿਕਾਰ ਤੇ ਕੁਦਰਤੀ ਪਸ਼ੂ ਚਾਰਣ ਤੇ ਨਿਰਭਰ ਕਰਦਾ ਹੈ। ਸਮਾਜ ਦਾ ਜਿਵੇਂ ਜਿਵੇਂ ਵਿਕਾਸ ਹੁੰਦਾ ਜਾਂਦਾ ਹੈ। ਤੇ ਉਹ ਸਨਅਤੀਕ੍ਰਿਤ ਹੁੰਦਾ ਜਾਂਦਾ ਹੈ, ਕੁਦਰਤੀ ਚਰਵਾਹੀ ਗਾਇਬ ਹੋਣ ਲਗਦੀ ਹੈ। ਤੇ ਉਸ ਦੀ ਥਾਂ ਬਾੜਾਂ 'ਚ ਚਾਰਾ-ਅਧਾਰਿਤ ਪਸ਼ੂ ਪਾਲਣ ਲੈਣ ਲਗਦਾ ਹੈ। ਜਿਵੇਂ ਜਿਵੇਂ ਪ੍ਰਤੀ ਵਿਅਕਤੀ ਆਮਦਨ 'ਚ ਵਾਧਾ ਹੁੰਦਾ ਹੈ, ਪਸ਼ੂ ਪਾਲਣ ਲਈ ਚਾਰੇ ਵਜੋਂ ਅਨਾਜ ਦੀ ਅਸਿੱਧਪ ਮੰਗ ਤੇਜ਼ੀ ਨਾਲ ਵਧਦੀ ਹੈ। ਵਿਅਕਤੀ ਜਾਂ ਪ੍ਰੀਵਾਰ ਦੀ ਆਮਦਨ ਤੇ ਅਨਾਜ ਦੀ ਕੁਲ ਖਪਤ ਵਿਚਕਾਰ ਸਿੱਧਾ ਸਬੰਧ ਹੈ। ਅਨਾਜ ਦੀ ਵਰਤੋਂ ਦੋ ਰੂਪਾਂ 'ਚ ਕੀਤੀ ਜਾਂਦੀ ਹੈ ਸਿੱਧੀ ਤੇ ਅਸਿੱਧੀ। ਅਪਰਨਿਧੀ ਮੰਗ ਤੇਜ਼ੀ ਨਾਲ ਅੱਗੇ ਨਿਕਲ ਜਾਂਦੀ ਹੈ। ਅਨਾਜ ਦੀ ਕੁਲ ਮੰਗ ਉਪਯੁਕਤ ਦੋਨਾਂ ਵਰਕਾਂ ਦਾ ਜੋੜ ਹੁੰਦਾ ਹੈ ਅਤੇ ਇਹ ਅਰਥਚਾਰੇ ਦੇ ਉਚ ਆਮਦਨ ਪੱਧਰ ਨੂੰ ਹਾਸਲ ਕਰਦੇ ਜਾਣ ਦੇ ਨਾਲ ਨਾਲ ਤੇਜ਼ੀ ਨਾਲ ਵਧਦਾ ਜਾਂਦਾ ਹੈ। ਅਮਰੀਕਾ 'ਚ ਅਨਾਜ ਦੀ ਖਪਤ ਦੁਨੀਆਂ ਭਰ 'ਚ ਸਭ ਤੋਂ ਉਪਰ ਹੈ। 1990 ਦੇ ਅੱਧ ਤੱਕ ਲਗਭਗ ਇਕ ਪ੍ਰਤੀ ਵਿਅਕਤੀ ਸਲਾਨਾ, ਜਿਸ 'ਚ ਪੰਜ ਚੋਂ ਚਾਰ ਹਿੱਸੇ ਅਸਿੱਧੀ ਮੰਗ ਦੇ ਹਨ। ਅਮਰੀਕਾ 'ਚ ਅਨਾਜ ਦੀ ਕੁਲ ਮੰਗ ਬਹੁਤ ਹੌਲੀ ਹੌਲੀ ਡਿੱਗ ਰਹੀ ਹੈ ਅਤੇ ਇਹ ਸਿਹਤਮੰਦ ਆਹਾਰ ਵੱਲ ਵਧ ਰਹੀ ਹੈ। ਪਰ ਫਿਰ ਵੀ ਇਹ ਦੁਨੀਆਂ 'ਚ ਸਭ ਤੋਂ ਉਚੀ ਥਾਂ, 900 ਕਿ. ਗ੍ਰਾ. 'ਤੇ ਹੈ ਜਦਕਿ ਸਭ ਤੋਂ ਘੱਟ ਵਿਕਸਤ ਦੇਸ਼ 130 ਕਿ. ਗ੍ਰਾ. ਪ੍ਰਤੀ ਵਿਅਕਤੀ, ਸਾਲ ਖਪਤ ਕਰਦੇ ਹਨ। ਏਡਮ ਸਮਿਥ ਨੇ ਆਪਣੀ ਪੁਸਤਕ 'ਵੈਲਥ ਆਫ ਨੇਸ਼ਨਸ' 'ਚ ਘਿਣੀ ਕੀਤੀ ਹੈ ਕਿ ਖਾਦ ਪਦਾਰਥਾਂ ਦੀ ਮੰਗ ਦੀ ਕੁਦਰਤੀ ਤੌਰ 'ਤੇ ਇੱਕ ਹੱਦ ਹੁੰਦੀ ਸੀ ਕਿਉਂਕਿ ਇੱਕ ਬੰਦਾ ਕਿੰਨਾ ਖਾਵੇਗਾ, ਇਹ ਹੱਦ ਉਸ ਦੇ ਪੇਟ ਦੇ ਸਾਈਜ ਨਾਲ ਤਹਿ ਹੁੰਦੀ ਸੀ। ਉਹਨਾਂ ਨੇ ਇਹ ਨਹੀਂ ਅੰਦਾਜਾ ਲਾਇਆ

ਹੋਵੇਗਾ ਕਿ ਲੋਕ ਜਿਵੇਂ-ਜਿਵੇਂ ਖੁਸ਼ਹਾਲ ਹੁੰਦੇ ਜਾਂਦੇ ਹਨ, ਉਹਨਾਂ ਦੇ ਭੋਜਨ 'ਚ ਪਸ਼ੂ ਉਤਪਾਦਾਂ ਦੀ ਮਾਤਰਾ ਵਧਦੀ ਜਾਂਦੀ ਹੈ।

ਅਮਰੀਕਾ 'ਚ ਅਨਾਜ ਦੀ ਪ੍ਰਤੀ ਵਿਅਕਤੀ ਸਿਧੀ ਤੇ ਅਸਿਧੀ ਮੰਗਾਂ ਦਾ ਜੋੜ 900 ਕਿਲੋ ਗ੍ਰਾਮ ਸਲਾਨਾ ਪੱਧਰ 'ਤੇ ਹੈ। ਜੋ ਸਭ ਤੋਂ ਗਰੀਬ ਦੇਸ਼ਾਂ ਦੀ ਅਨਾਜਾਂ ਦੀ ਫੀ ਵਿਅਕਤੀ ਮੰਗ ਦੀ ਤੁਲਨਾ 'ਚ ਸੱਤ ਗੁਣਾ ਹੈ। ਹਾਲਾਂਕਿ ਉਤਰੀ ਅਮਰੀਕਾ ਦੇ ਲੋਕਾਂ ਦਾ ਢਿੱਡ, ਜ਼ਾਹਿਰ ਹੈ ਕਿ ਸੱਤ ਗੁਣਾ ਵੱਡਾ ਨਹੀਂ ਹੈ। ਕੰਮ ਕਰਨਾ ਅਤੇ ਸਿਹਤ ਬਣਾਈ ਰੱਖਣ ਲਈ ਜ਼ਰੂਰੀ ਘੱਟੋ-ਘੱਟ ਦੈਨਿਕ ਊਰਜਾ ਨੂੰ ਪੂਰਾ ਕਰਨ ਲਈ ਸਭ ਤੋਂ ਗਰੀਬ ਦੇਸ਼ਾਂ ਨੂੰ ਜ਼ਰੂਰੀ ਸਿੱਧੀ ਖਪਤ ਲਈ ਵੀ ਅਨਾਜ ਅਕਸਰ ਮੁਹਈਆ ਨਹੀਂ ਹੁੰਦਾ ਅਤੇ ਉਤਪਾਦਨ ਜਾਂ ਦਰਾਮਦ 'ਚ ਥੋੜ੍ਹੀ ਜਿੰਨੀ ਕਮੀ ਅਬਾਦੀ ਦੇ ਇਕ ਬਹੁਤ ਵੱਡੇ ਹਿੱਸੇ ਨੂੰ ਅਕਾਲ ਦੇ ਮੂੰਹ 'ਚ ਧੱਕ ਦਿੰਦੀ ਹੈ। ਇਹ ਇਸ ਕਾਰਨ ਨਹੀਂ ਹੁੰਦਾ ਕਿ ਇਹ ਦੇਸ਼ ਆਪਣੇ ਲੋਕਾਂ ਦਾ ਪੇਟ ਭਰਨ ਲਈ ਜ਼ਰੂਰੀ ਖੁਰਾਕੀ ਵਸਤਾਂ ਦਾ ਬਹੁਤ ਘੱਟ ਹਿੱਸਾ ਪੈਦਾ ਕਰਦੇ ਹਨ ਬਲਕਿ ਇਸ ਲਈ ਹੁੰਦਾ ਹੈ ਕਿ ਉਹ ਜੋ ਅਨਾਜ ਪੈਦਾ ਕਰਦੇ ਹਨ ਉਸ ਦੀ ਅੰਤਿਮ ਖਪਤ ਉਹਨਾਂ ਦੇ ਆਪਣੇ ਦੇਸ਼ ਦੇ ਅਭਿਜਾਤ ਵਰਗਾਂ ਅਤੇ ਉਤਰ ਪ੍ਰਦੇਸ਼ ਦੇ ਦੇਸ਼ਾਂ ਦੇ ਮੁਕਾਬਲਤਨ ਧਨਾਢ ਲੋਕਾਂ ਦੀ ਉਚੀ ਸ਼ਕਤੀ ਦੁਆਰਾ ਤਹਿ ਹੁੰਦੀ ਹੈ। ਊਰਜਾ ਤੇ ਪ੍ਰੋਟੀਨ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਵੱਡੇ ਪਸ਼ੂਆਂ ਦਾ ਮਾਸ ਖਾਣਾ ਵਿਸ਼ੇਸ਼ ਤੌਰ 'ਤੇ ਬਰਬਾਦੀ ਭਰਿਆ ਤਰੀਕਾ ਹੈ। ਬ੍ਰਾਜੀਲ ਤੇ ਅਮਰੀਕਾ 'ਚ ਕਿਸੇ ਖਪਤਕਾਰ ਵੱਲੋਂ ਪ੍ਰਤੀ ਦਿਨ ਖਾਧੇ ਜਾਂਦੇ ਗੋਮਾਸ ਦਾ ਇੱਕ ਬਰਗਰ ਪੈਦਾ ਕਰਨ ਲਈ ਉਨ੍ਹਾਂ ਅਨਾਜ ਚਾਹੀਦਾ ਹੈ। ਜਿੰਨੇ ਨਾਲ ਭਾਰਤ 'ਚ ਤਿੰਨ ਬੰਦਿਆਂ ਦੀ ਰੋਜ਼ਾਨਾ ਊਰਜਾ ਤੇ ਪ੍ਰੋਟੀਨ ਦੀ ਪੂਰਤੀ ਕੀਤੀ ਜਾ ਸਕਦੀ ਹੈ। ਜੋ ਅਨਾਜ ਤੇ ਦੁੱਧ ਮਿਸਰਤ ਅਨਾਜ ਹੁੰਦੇ ਹਨ। ਗਊ ਮਾਸ ਖਾਣ ਦੀ ਆਦਤ ਵਾਲੇ ਵਿਕਸਤ ਦੇਸ਼ ਲੰਬੇ ਸਮੇਂ ਤੋਂ ਖੁਰਾਕੀ ਸਪਲਾਈ 'ਤੇ ਅਜ਼ਾਰੇਦਾਰੀ ਕਾਇਮ ਕਰੀ ਬੈਠੇ ਹਨ ਜੋ ਆਪਣੀ ਮਾਸ ਸਨਅਤ ਲਈ ਨਾ ਹੀ ਸਿਰਫ਼ ਖੁਰਾਕੀ ਪਦਾਰਥਾਂ ਨੂੰ ਬਲਕਿ ਖਲੀ ਵਰਗੇ ਸ਼ਘਨ ਪਸ਼ੂ ਖੁਰਾਕੀ ਪਦਾਰਥਾਂ ਨੂੰ ਵੀ ਵਿਕਾਸਸ਼ੀਲ ਦੇਸ਼ਾਂ ਤੋਂ ਆਪਣੇ ਵੱਲ ਖਿਚ ਲੈਂਦੇ ਹਨ। ਦੁਨੀਆਂ ਦੀ ਅਬਾਦੀ ਦਾ 16 ਫੀਸਦੀ ਵਿਕਸਤ ਦੇਸ਼ਾਂ ਵਿੱਚ, ਪਰ ਉਹ ਦੁਨੀਆ ਭਰਦੇ ਖੁਰਾਕੀ ਪਦਾਰਥਾਂ ਦਾ ਲਗਭਗ 40 ਫੀਸਦੀ ਖਪਤ ਕਰਦੇ ਹਨ। ਕਿਸੇ ਖਾਸ ਵਿਕਾਸਸ਼ੀਲ ਦੇਸ਼ 'ਚ ਮੱਧ ਤੇ ਉਚ ਵਰਗ ਅਨਾਜ ਦੀ ਘਰੇਲੂ ਖਪਤ ਦਾ ਬਹੁਤ ਵੱਡਾ ਹਿਸਾ ਵਧ ਰਿਹਾ ਹੈ। ਉਥੇ ਨਿਮਨ ਆਮਦਨ ਵਰਗਾਂ, ਇੱਥੋਂ ਤੱਕ ਕਿ ਆਪਣੀ ਘੱਟੋ-ਘੱਟ ਲੋੜ ਨੂੰ ਪੂਰਾ ਕਰਨ ਲਈ ਲੋੜੀਂਦੀ ਮਾਤਰਾ 'ਚ ਸਿਧੀ ਖਪਤ ਕਰਨ ਤੋਂ ਵੀ ਵਾਂਝੇ ਕਰ ਦਿੱਤਾ ਗਿਆ ਹੈ। ਗਰੀਬ ਲੋਕਾਂ ਵੱਲੋਂ ਪਸ਼ੂ ਉਤਪਾਦਾਂ ਦੀ ਖਪਤ ਉਤਪਾਦਨ ਦੇ ਅਧੁਨਿਕ ਤਰੀਕਿਆਂ ਦਾ ਸਿੱਟਾ ਨਹੀਂ ਹੈ ਬਲਕਿ ਜੰਗਲਾਂ 'ਤੇ ਜਲ ਸਾਧਨਾਂ ਤੱਕ ਉਹਨਾਂ ਦੀ ਪਹੁੰਚ 'ਤੇ ਨਿਰਭਰ ਹੈ। ਜੋ ਤੇਜੀ ਨਾਲ ਡਾਵਾਂ ਡੋਲ ਹੁੰਦੀ ਜਾ ਰਹੀ ਹੈ। ਉਦਾਹਰਣ ਵਜੋਂ ਭਾਰਤ ਦੀਆਂ ਜਨਜਾਤੀਆਂ ਵੱਲੋਂ ਪੰਛੀ ਫੜਨਾ ਤੇ ਮੱਛੀ ਫੜਨਾ। ਵਿਕਾਸਸ਼ੀਲ ਦੇਸ਼ਾਂ 'ਚ ਆਮਦਨ 'ਚ 10 ਫੀਸਦੀ ਦਾ ਵਾਧਾ ਨਾਲ ਪਸ਼ੂ ਉਤਪਾਦਾਂ ਦੀ ਮੰਗ 'ਚ 14 ਤੋਂ 16 ਫੀਸਦੀ ਦਾ ਵਾਧਾ ਹੁੰਦਾ ਹੈ। ਮੌਜੂਦਾ ਜੀ. ਡੀ. ਪੀ. 'ਚ 8 ਫੀਸਦੀ ਵਾਧਾ ਤੇ ਪ੍ਰਤੀ ਵਿਅਕਤੀ ਆਮਦਨ 'ਚ 6 ਫੀਸਦੀ ਸਾਲਾਨਾ ਵਾਧੇ ਦੇ ਨਾਲ, ਭਾਰਤ 'ਚ ਪਸ਼ੂ-ਪਦਾਰਥਾਂ ਦੀ ਖਪਤ 9 ਫੀਸਦੀ ਸਲਾਨਾ

ਦੀ ਦਰ ਨਾਲ ਵਧ ਰਹੀ ਹੈ ਅਤੇ ਉਸੇ ਅਨੁਪਾਤ 'ਚ ਪਸ਼ੂ-ਆਹਾਰ ਲਈ ਅਨਾਜਾਂ ਦੀ ਮੰਗ ਵੀ ਵਧ ਰਹੀ ਹੈ। ਜਿਸ ਨਾਲ ਸਿੱਧੀ ਖਪਤ ਦਾ ਹਿੱਸਾ ਡਿੱਗਦਾ ਜਾ ਰਿਹਾ ਹੈ। ਇਸ ਤਰ੍ਹਾਂ ਵਿਕਾਸਸ਼ੀਲ ਦੇਸ਼ਾਂ 'ਚ ਗਰੀਬ ਬਹੁਗਿਣਤੀ ਲੋਕਾਂ ਲਈ ਖ਼ੁਰਾਕੀ ਪਦਾਰਥਾਂ ਦੀ ਉਪਲੱਭਤਾ ਸਬੰਧੀ ਉਚ ਤੇ ਮੱਧ ਵਰਗ ਦੀ ਆਮਦਨ 'ਚ ਵਾਧੇ ਦੇ ਗੰਭੀਰ ਸਿੱਟੇ ਨਿਕਲੇ ਹਨ।

ਆਮਦਨ 'ਚ ਵਾਧੇ ਦੇ ਬਾਵਜੂਦ ਅਨਾਜ ਦੀ ਖਪਤ 'ਚ ਲਗਾਤਾਰ ਗਿਰਾਵਟ ਆਈ ਹੈ। ਉੱਤਰ ਦੇ ਪ੍ਰੇਖਕਾਂ ਨੇ 2007-08 'ਚ ਅਨਾਜ ਦੀਆਂ ਕੀਮਤਾਂ 'ਚ ਤੇਜੀ ਨਾਲੇ ਹੋਏ ਵਾਧੇ ਲਈ ਚੀਨ ਤੇ ਭਾਰਤ ਦੇ ਖਾਂਦੇ ਪੀਂਦੇ ਲੋਕਾਂ ਵਿਚਕਾਰ ਖ਼ੁਰਾਕੀ ਵਸਤਾਂ ਦੀ ਤੇਜ਼ੀ ਨਾਲ ਵਧਦੀ ਮੰਗ ਨੂੰ ਜ਼ਿੰਮੇਵਾਰ ਠਹਿਰਾਇਆ ਗਿਆ ਹੈ। ਜਿਥੇ ਕਈ ਸਾਲਾਂ ਤੋਂ ਪ੍ਰਤੀ ਵਿਅਕਤੀ ਆਮਦਨ 'ਚ ਸਲਾਨਾ ਵਾਧਾ 6 ਤੋਂ 9 ਫੀਸਦੀ ਵਿੱਚ ਹੋ ਰਿਹਾ ਹੈ ਤੇ ਉਚ ਆਮਦਨ ਵਰਗ ਵੱਲੋਂ ਪਸ਼ੂ ਉਦਪਾਦ ਦੀ ਖਪਤ ਵਧਦੀ ਰਹੀ ਹੈ। ਹਾਲਾਂਕਿ ਖ਼ੁਰਾਕੀ ਪਦਾਰਥਾਂ ਦੀਆਂ ਮਹਿੰਗੀਆਂ ਹੁੰਦੀਆਂ ਵਿਸ਼ਵੀ ਕੀਮਤਾਂ ਦੀ ਵਿਆਖਿਆ ਕਰਨ ਲਈ ਇਹ ਤਰਕ ਤਰੁਟੀ ਪੂਰਨ ਹੈ। ਜਾਰਜ ਡਬਲਯੂ ਬੁਸ਼ ਤੇ ਪਾਲ ਕਰੁਗਮਾਨ ਵਰਗਾ ਟਿਪਣੀਕਾਰ ਸਹੀ ਬਿਆਨ ਕਰ ਰਹੇ ਸਨ ਕਿ ਸ਼ਾਇਦ ਇਹਨਾਂ ਦੋਹਾਂ ਦੇਸ਼ਾਂ ਵਿੱਚ ਕੁੱਲ ਪ੍ਰਤੀ ਵਿਅਕਤੀ ਖ਼ੁਰਾਕੀ ਖਪਤ ਤੇਜੀ ਨਾਲ ਵਧ ਰਹੀ ਹੈ। ਪਰ ਇਸ ਅਣ ਕਹੀ ਅਗਾਊਂ ਬਣਾਈ ਧਾਰਨਾਂ ਦੇ ਅਧਾਰ 'ਤੇ ਕਿ ਆਮਦਨ ਦੀ ਵੰਡ ਬਦਲੀ ਨਹੀਂ ਹੈ। ਉਹਨਾਂ ਦਾ ਇਹ ਸੋਚਣਾ ਗਲਤ ਸੀ ਕਿ ਅਜਿਹਾ ਅਸਲੀਅਤ 'ਚ ਹੋ ਰਿਹਾ ਹੈ। ਇਸ ਦੇ ਉਲਟ ਪੇਂਡੂ ਆਂਚਲਾਂ ਵਿੱਚ ਰਾਜ ਦੇ ਵਿਕਾਸ ਸੰਬੰਧੀ ਖਰਚਿਆਂ 'ਚ ਕਟੌਤੀ ਕਾਰਨ ਬੇਰੁਜ਼ਗਾਰੀ ਵਧ ਰਹੀ ਸੀ ਤੇ ਜ਼ਿਆਦਾਤਰ ਲੋਕਾਂ ਦੀ ਅਸਲ ਆਮਦਨ (ਕੀਮਤਾਂ 'ਚ ਤਬਦੀਲੀ ਅਨੁਸਾਰ ਸਮਾਯੋਜਿਤ ਮੁਦਰਾ ਆਮਦਨ) 'ਚ ਗਿਰਾਵਟ ਦੇ ਨਾਲ ਆਮਦਨ 'ਚ ਨਾਬਰਾਬਰੀ ਵਧ ਰਹੀ ਹੈ। ਜਿਸ ਕਰਕੇ ਲੋਕ ਭੋਜਨ 'ਚ ਕਟੌਤੀ ਕਰਨ ਲਈ ਮਜ਼ਬੂਰ ਸਨ। ਆਮ ਖਪਤ ਦੀਆਂ ਚੀਜ਼ਾਂ ਜਿਵੇਂ ਆਵਾਜਾਈ, ਬਿਜਲੀ, ਸਿਹਤ ਸਹੂਲਤਾਂ ਦੀਆਂ ਉੱਚੀਆਂ ਕੀਮਤਾਂ ਨੇ ਭੋਜਨ 'ਤੇ ਕੀਤੇ ਜਾਣ ਵਾਲੇ ਖਰਚ 'ਚ ਅਤੇ ਵੱਧ ਕਟੌਤੀ ਕਰਨ ਨੂੰ ਮਜ਼ਬੂਰ ਹੋਣਾ ਪਿਆ। ਅੰਕੜੇ ਦੱਸਦੇ ਹਨ ਕਿ ਪਿਛਲੇ ਦਹਾਕੇ 'ਚ ਪ੍ਰਤੀ ਵਿਅਕਤੀ ਔਸਤ ਅਨਾਜ ਦੀ ਖਪਤ ਦੋਨਾਂ ਦੇਸ਼ਾਂ 'ਚ ਤੇਜੀ ਨਾਲ ਘਟੀ ਹੈ। ਹਾਲਾਂਕਿ ਉਚ ਆਮਦਨ ਵਰਗ ਨੇ ਆਪਣੀ ਮੰਗ 'ਚ ਤੇਜੀ ਨਾਲ ਵਾਧਾ ਕੀਤਾ ਹੈ। ਅੰਕੜੇ ਸੰਕੇਤ ਦਿੰਦੇ ਹਨ ਕਿ ਭਾਰਤ 'ਚ ਬਹੁਤ ਜਨਤਾ ਦੀ ਆਮਦਨ ਤੇ ਕਾਰਜ ਸ਼ਕਤੀ 'ਚ ਭਿਅੰਕਰ ਤੰਗੀ, ਮੁਠੀਭਰ ਅਮੀਰ ਹੁੰਦੀ ਅਬਾਦੀ ਦੀ ਮੰਗ ਤੋਂ ਵੀ ਵੱਧ ਹੈ। ਹਾਲਾਂਕਿ ਅਸੀਂ ਇਸ ਗੱਲ ਨੂੰ ਭਾਰਤ ਲਈ ਦ੍ਰਿੜਤਾ ਦੇ ਨਾਲ ਸਥਾਪਤ ਕਰ ਸਕਦੇ ਹਾਂ ਪਰ ਸੰਭਾਵਿਤ ਇਹੀ ਗੱਲ ਚੀਨ ਵਿੱਚ ਵੀ ਪ੍ਰਤੀ ਵਿਅਕਤੀ ਘਟ ਖ਼ੁਰਾਕੀ ਪਦਾਰਥ ਦੀ ਖਪਤ ਸਬੰਧੀ ਕਹੀ ਜਾ ਸਕਦੀ ਹੈ। ਅਨਾਜ ਪਦਾਰਥ ਦੀ ਅਮਲੀ ਖਪਤ ਡਿੱਗ ਕੇ ਅਨੁਮਾਨਿਤ ਖਪਤ ਤੋਂ ਹੇਠਾਂ ਆ ਗਈ ਕਿਉਂਕਿ ਖਪਤ ਦਾ ਅਨੁਮਾਨ ਲਾਉਣ ਲਈ ਇਹ ਮੰਨ ਲਿਆ ਗਿਆ ਸੀ ਕਿ ਆਮਦਨ ਦੀ ਵੰਡ ਨਾ ਬਦਲਣਯੋਗ ਹੈ। ਜਦ ਕਿ ਅਸਲ 'ਚ ਨਾਬਰਾਬਰੀ ਤੇਜੀ ਨਾ ਵਧ ਰਹੀ ਸੀ। 1999 'ਚ ਕੌਮਾਂਤਰੀ ਖਾਦ ਦੀ ਨੀਤੀ ਖੋਜ਼ ਸੰਸਥਾ ਲਈ ਕੀਤੇ ਗਏ ਇੱਕ ਮਜ਼ੇਦਾਰ ਅਧਿਐਨ 'ਚ ਭੱਲਾ, ਹੇਜਲੇ ਤੇ ਕੋਰ ਨੇ

ਇਹ ਮੰਨ ਕਿ ਕੀ ਪ੍ਰਤੀ ਵਿਅਕਤੀ ਆਮਦਨ 'ਚ ਵਾਧੇ ਦੀ ਦਰ 6 ਫੀਸਦੀ ਰਹੇਗੀ ਅਤੇ ਵੈਕਲਪਿਕ ਪ੍ਰੀਦ੍ਰਿਸ਼ 'ਚ ਵਾਧੇ ਦੀ ਦਰ 3.7 ਫੀਸਦੀ ਰਹੇਗੀ, ਭਾਰਤ 'ਚ ਸਾਲ 2020 'ਚ ਕੁਲ 37.5 ਕਰੋੜ ਟਨ ਅਨਾਜ ਦੀ ਖਪਤ ਦਾ ਅਨੁਮਾਨ ਲਾਇਆ (26.70 ਕਰੋੜ ਟਨ ਸਿੱਧੀ ਖਪਤ ਤੇ 10.80 ਕਰੋੜ ਟਨ ਪਸ਼ੂ ਆਹਾਰ ਵਜੋ)। ਉਕਤ ਦੋ ਤਰ੍ਹਾਂ ਦੀ ਵਾਧਾ ਦਰ 'ਤੇ ਅਧਾਰਿਤ ਅਨੁਮਾਨਾਂ 'ਚ ਦਰਜ ਅਨਾਜੀ ਵਸਤਾਂ ਦੀ ਖਪਤ 'ਚ ਵਾਧੇ ਅਨੁਸਾਰ 2004-05 'ਚ ਕੁੱਲ ਅਨੁਮਾਨਿਤ ਮੰਗ 3.7 ਫੀਸਦੀ ਦੀ ਦਰ ਦੇ ਅਧਾਰ 'ਤੇ 19.85 ਕਰੋੜ ਟਨ ਤੇ 6 ਫੀਸਦੀ ਦੀ ਦਰ ਦੇ ਅਧਾਰ 'ਤੇ 21.85 ਕਰੋੜ ਟਨ ਹੋ ਗਈ। 2004-05 'ਚ ਅਸਲੀ ਉਪਲਭਤਾ ਜਾਂ ਮੰਗ ਸਿਰਫ 15-70 ਕਰੋੜ ਟਨ ਸੀ, ਇਸ ਤਰ੍ਹਾਂ ਅਗਾਊਂ ਅਨੁਮਾਨ ਤੇ ਅੰਕੜਿਆਂ ਵਿਚਕਾਰ 4.15 ਕਰੋੜ ਟਨ ਦਾ ਫਰਕ ਹੈ ਅਤੇ ਅਥਾਰਥ ਤੋਂ ਵੱਧ ਕਰੀਬ ਮੰਨੇ ਗਏ ਦੂਜੇ ਅਨੁਮਾਨ ਤੇ ਅਸਲੀ ਅੰਕੜਿਆਂ ਵਿਚਕਾਰ 6.25 ਕਰੋੜ ਟਨ ਦਾ ਵੱਡਾ ਫਰਕ ਹੈ। ਇਹ ਫਰਕ ਅਸਲ ਖਪਤ ਤੋਂ ਬਹੁਤ ਜ਼ਿਆਦਾ ਹੈ। ਹਾਲਾਂਕਿ ਜੋ ਮਾਪਦੰਡ ਅਪਣਾਏ ਉਹ ਤਰਕਸੰਗਤ ਹਨ। ਕਿਉਂਕਿ ਕੋਈ ਹੋਰ ਤਰੀਕਾ ਨਹੀਂ ਸੀ ਜਿਸ ਨਾਲ ਕਿ ਆਮਦਨ ਦੀ ਨਾਬਰਾਬਰੀ 'ਚ ਹੋਏ ਤਬਦੀਲੀ ਦੇ ਪੈਮਾਨੇ ਦਾ ਅਨੁਮਾਨ ਲਾਇਆ ਜਾ ਸਕੇ, ਅੰਤ 'ਚ ਲੇਖਕਾਂ ਨੇ ਇਹ ਮੰਨ ਕੇ ਚਲਣਾ ਹੀ ਸੀ ਕਿ ਆਮਦਨ ਦੀ ਵੰਡ ਨਹੀਂ ਬਦਲੇਗੀ। ਹਾਲਾਂਕਿ ਯਥਾਰਥ 'ਚ ਅਸੀਂ ਵੇਖਿਆ ਹੈ ਕਿ ਆਮਦਨ ਦੀ ਅਸਮਾਨਤਾ ਵਿੱਚ ਸਭ ਤੋਂ ਪ੍ਰਤੀਕੂਲ ਵਾਧਾ ਹੋਇਆ। ਅਬਾਦੀ ਦੇ ਵੱਡੇ ਹਿੱਸੇ ਦੀ ਅਸਲ ਆਮਦਨ 'ਚ ਨਿਰਪੇਖ ਗਿਰਾਵਟ ਸਾਫ ਹੈ। ਸਮੁੱਚੀ ਮੰਗ ਰੇਖਾ ਨੂੰ ਹੇਠਾਂ ਵੱਲ ਲਿਆ ਦਿੰਦੀ ਹੈ ਜੋ ਖੁਰਾਕੀ ਪਦਾਰਥ ਦੀ ਉਪਲੱਭਤਾ 'ਚ ਤੇਜੀ ਨਾਲ ਪ੍ਰਤੀਬਿੰਬਿਤ ਹੋਈ ਹੈ। ਇਹ ਤੇਜ ਸੀ, ਉਸ ਪਿੱਛੋਂ ਮੰਗ ਦੀ ਗਿਰਾਵਟ 'ਚ ਤੁਲਨਾ 'ਚ ਪੈਦਾਵਾਰ 'ਚ ਗਿਰਾਵਟ ਤੇਜ ਰਫਤਾਰ ਨਾਲ ਹੋਈ। ਕਿਸੇ ਖਾਸ ਸਾਲ ਵਿੱਚ ਅਨਾਜ ਵਸਤਾਂ ਦੀ ਉਪਲੱਭਤਾ ਅਨਾਜ ਦੀ ਅਸਲੀ ਖਪਤ ਵੀ ਹੈ। ਉਪਲੱਭਤਾ ਦਾ ਅੰਕੜਾ ਪ੍ਰਾਪਤ ਕਰਨ ਲਈ ਸ਼ੁਧ ਦਰਾਮਦ (ਜੇ ਕੋਈ ਹੋਵੇ) ਨੂੰ ਸ਼ੁਧ ਪੈਦਾਵਾਰ ਨਾਲ ਜੋੜ ਦਿੰਦੇ ਹਨ। ਸ਼ੁਧ ਦਰਾਮਦ ਤੇ ਜਨਤਕ ਅੰਨ ਭੰਡਾਰ ਲਈ ਤੋਂ ਲਏ ਜਾਣ ਦਾ ਸਿੱਧਾ ਅਰਥ ਹੈ ਕਿ ਪੈਦਾਵਾਰ ਦੀ ਤੁਲਨਾ 'ਚ ਉਪਲੱਭਤਾ ਜਾਂ ਮੰਗ ਜ਼ਿਆਦਾ ਹੈ। ਜਦ ਕਿ ਸ਼ੁਧ ਬਰਾਮਦ ਤੇ ਜਨਤਕ ਅੰਨ ਭੰਡਾਰ 'ਚ ਵਾਧਾ ਦਾ ਅਰਥ ਹੈ ਕਿ ਪੈਦਾਵਾਰ ਦੀ ਤੁਲਨਾ 'ਚ ਉਪਲੱਭਤਾ ਜਾਂ ਮੰਗ ਘੱਟ ਹੈ।

2002 ਤਕ ਜਨਤਕ ਅਨਾਜ ਭੰਡਾਰ ਆਮ ਤੌਰ 'ਤੇ ਜ਼ਿਆਦਾ ਵੱਡਾ ਹੋ ਗਿਆ। ਬਫਰ ਭੰਡਾਰ ਤੋਂ 4 ਕਰੋੜ ਟਨ ਵਾਧੂ। 1991 ਤੋਂ ਬੇਰੁਜ਼ਗਾਰੀ ਦੀਆਂ ਦਰਾਂ ਵਧਣ 'ਚ ਜਿਸ ਨਾਲ ਜਨਤਕ ਖਪਤ 'ਚ ਬੁਰੀ ਤਰ੍ਹਾਂ ਕਮੀ ਹੁੰਦੀ ਹੈ ਅਤੇ ਭੁੱਖ ਦੇ ਪੱਧਰ 'ਚ ਵਾਧਾ ਹੁੰਦਾ ਹੈ। ਨਵ ਉਦਾਰਵਾਦੀ ਆਰਥਕ ਨੀਤੀਆਂ ਦੀ ਭੂਮਿਕਾ ਨੂੰ ਅਰਥਸਾਸ਼ਤਰੀਆਂ ਤੇ ਸਰਕਾਰ ਵੱਲੋਂ ਅਕਸਰ ਅਣਦੇਖਾ ਕੀਤਾ ਜਾਂਦਾ ਰਿਹਾ ਹੈ। ਅਸਲ 'ਚ 2005 'ਚ ਪੰਜ ਵਿਅਕਤੀਆਂ ਦਾ ਔਸਤ ਭਾਰਤੀ ਪ੍ਰੀਵਾਰ 1991 ਦੀ ਤੁਲਨਾ 'ਚ ਸਲਾਨਾ ਹੈਰਾਨੀ ਜਨਕ ਤੌਰ 'ਤੇ 110 ਕਿ. ਗ੍ਰਾ: ਘੱਟ ਅਨਾਜ ਦੀ ਖਪਤ ਕਰ ਰਿਹਾ ਸੀ, ਜੋ ਇੱਕ ਦੂਜੇ ਤੋਂ ਉਲਟ ਦਿਸ਼ਾ 'ਚ ਵਧਦੇ ਜਾ ਰਹੇ ਦੋ ਰੁਝਾਣਾਂ ਨੂੰ ਪ੍ਰਤੀਬਿੰਬਤ ਕਰਦਾ ਹੈ। -ਮੁਠੀਭਰ ਧਨਾਢਾਂ ਦੀ ਖਪਤ 'ਚ ਤੇਜ ਵਾਧਾ, ਜੋ

ਬਹੁਗਿਣਤੀ ਆਬਾਦੀ ਦੀ ਖਪਤ ’ਚ ਤੇਜ ਗਿਰਾਵਟ ’ਤੇ ਭਾਰੀ ਪੈਂਦੀ ਹੈ। ਪੌਸ਼ਟਿਕ ਭੋਜਨ ਬਾਰੇ ਕੌਮੀ ਨਮੂਨਾ ਸਰਵੇਖਣ ਰੀਪੋਟ ਅਨੁਸਾਰ 1993-94 ਤੋਂ 2004-05 ਦੇ ਅਰਸੇ ’ਚ ਨਾ ਸਿਰਫ ਪ੍ਰਤੀ ਵਿਅਕਤੀ ਕੈਲਰੀ ਖਪਤ ਹੇਠਾਂ ਡਿੱਗੀ ਹੈ ਬਲਕਿ ਪੇਂਡੂ ਅਬਾਦੀ ਦੇ 5 ’ਚੋਂ 4 ਹਿੱਸਿਆਂ ਦੀ ਪ੍ਰੋਟੀਨ ਖਪਤ ਵੀ ਤੇਜ਼ੀ ਨਾਲ ਘਟੀ ਹੈ। ਸੰਸਾਰ ਬੈਂਕ ਅਤੇ ਭਾਰਤ ਤੇ ਚੀਨ ਦੀਆਂ ਸਰਕਾਰਾਂ ਗਰੀਬੀ ਘਟਣ ਦਾ ਦਾਅਵਾ ਕਰ ਰਹੀਆਂ ਹਨ ਜਿਸ ਦਾ ਅਧਾਰ ਇਕ ਗਲਤ ਪ੍ਰਣਾਲੀ ਹੈ ਜਿਸ ’ਚ ਗਰੀਬੀ ਰੇਖਾ ਦੀ ਪ੍ਰੀਭਾਸ਼ਾ ਹੀ ਬਦਲ ਦਿੱਤੀ ਗਈ ਹੈ। ਦੋਨੇ ਸਰਕਾਰਾਂ ਨੇ ਪੋਸ਼ਣ ਦੇ ਇੱਕ ਮਾਪਦੰਡ ਦੀ ਵਰਤੋਂ ਕਰਕੇ ਗਰੀਬੀ ਰੇਖਾ ਨੂੰ ਪ੍ਰਭਾਸ਼ਿਤ ਕੀਤਾ ਹੈ ਤੇ ਇਹ ਮਾਪਦੰਡ ਹੈ ਉਸ ਦੇ ਪ੍ਰੀਵਾਰ ਦੇ ਖਰਚੇ ਦਾ ਅੰਕੜਾ। ਜਿਸ ਦਾ ਭੋਜਨ ’ਤੇ ਹੋਏ ਖਰਚੇ ਦਾ ਹਿੱਸਾ, ਖਪਤਕਾਰ ਨੂੰ ਨਿਰਧਾਰਿਤ ਘੱਟੋ-ਘੱਟ ਪੋਸ਼ਣ ਮੁਹਈਆ ਕਰਵਾ ਸਕੇ। 1973-74 ’ਚ ਭਾਰਤ ਦੇ ਪੇਂਡੂ ਖੇਤਰ ’ਚ ਪੋਸ਼ਣ ਅਧਾਰਤ ਸਹੀ ਗਰੀਬੀ ਰੇਖਾ ਉਸ ਸਾਲ ਲਈ 49 ਰੁਪਏ (ਉਸ ਸਮੇਂ ਦੀ ਵਟਾਂਦਰਾ ਦਰ ਦੇ ਅਨੁਸਾਰ 6 ਡਾਲਰ) ਮਾਸਕ ਸੀ। ਚੀਨ ’ਚ ਵਿਸਲੇਸ਼ਣ ਦਾ ਪਹਿਲਾ ਸਾਲ 1984 ਸੀ ਤੇ ਉਸ ’ਚ ਪੇਂਡੂ ਖੇਤਰ ਦੀ ਗਰੀਬੀ ਰੇਖਾ 200 ਯੂਆਨ ਸਲਾਨਾ ਜਾਂ 16.67 ਯੂਆਨ ਮਾਸਕ ਸੀ। ਪਿੱਛੋਂ ਦੇ ਸਾਲਾਂ ’ਚ ਪੋਸ਼ਣ ਦੇ ਮਾਪਦੰਡ ਦੀ ਸਿਧੀ ਵਰਤੋਂ ਨਹੀਂ ਕੀਤੀ ਗਈ ਜਦ ਕਿ ਅੰਕੜੇ ਮੁਹਈਆ ਸਨ। ਇਸ ਤਰ੍ਹਾਂ ਦੋਨੋ ਦੇਸ਼ਾਂ ਵਿੱਚ ਮੁਢਲੀ ਗਰੀਬੀ ਰੇਖਾ ਨੂੰ ਖਪਤਕਾਰ ਕੀਮਤ ਸੂਚਕਾਂਕ ਦੀ ਵਰਤੋਂ ਕਰਕੇ ਨਵਾਇਆ ਜਾਂਦਾ ਰਿਹਾ। ਇਹ ਪ੍ਰਣਾਲੀ ਸਮੇਂ ਦੇ ਨਾਲ ਆਰਥਕ ਵਾਤਾਵਰਣ ’ਚ ਹੋਈਆਂ ਤਬਦੀਲੀਆਂ ਕਾਰਨ ਪੋਸ਼ਣ ਦੇ ਜ਼ਰੂਰੀ ਮਾਪਦੰਡ ਨੂੰ ਪੂਰਾ ਕਰਨ ਲਈ ਖਰਚ ’ਚ ਹੋਏ ਅਸਲੀ ਵਾਧੇ ਨੂੰ ਧਿਆਨ ’ਚ ਨਹੀਂ ਰੱਖਦੀ। ਇਸ ਦਾ ਸਿੱਟਾ ਹੁੰਦਾ ਹੈ ਕਿ ਗਰੀਬੀ ਰੇਖਾ ਦਾ ਅਸਲ ਵਿੱਚ ਘੱਟ ਅੰਦਾਜਾ ਅਤੇ ਇਹ ਕਮੀ ਹਰ ਸਾਲ ਸੰਚਿਤ ਹੁੰਦੀ ਜਾਂਦੀ ਹੈ। ਤਿੰਨ ਦਹਾਕਿਆਂ ਪਿੱਛੋਂ ਵਰਤਮਾਨ ’ਚ ਇਹ ਅਧਿਕਾਰਕ ਗਰੀਬੀ ਰੇਖਾ ਨੂੰ ਬੇਤੁਕੇ ਢੰਗ ਨਾਲ ਘੱਟ ਨਿਰਧਾਰਿਤ ਕਰਦੀ ਹੈ। -ਪੇਂਡੂ ਖੇਤਰਾਂ ’ਚ 2005 ਲਈ 356 ਰੁਪਏ ਮਾਸਕ। ਇਹ 12 ਰੁਪੈ (26 ਅਮਰੀਕੀ ਸੇਂਟ) ਰੋਜਾਨਾ ਤੋਂ ਵੀ ਘੱਟ ਹੈ ਜਿਸ ਨਾਲ ਖੁਲ੍ਹੇ ਬਾਜ਼ਾਰ ’ਚ ਇੱਕ ਕਿਲੋ ਚਾਵਲ ਵੀ ਨਹੀਂ ਖਰੀਦਿਆ ਜਾ ਸਕਦਾ। ਯਾਦ ਰੱਖਣਾ ਚਾਹੀਦਾ ਹੈ ਕਿ ਇਹ ਗਰੀਬੀ ਰੇਖਾ ਕੁਲ ਖਰਚਿਆਂ ਨੂੰ ਜੋੜ ਕੇ ਕੱਢੀ ਜਾਂਦੀ ਹੈ ਜਿਸ ’ਚ ਨਾ ਸਿਰਫ ਭੋਜਨ ਦੀ ਆਵਾਜਾਈ, ਕੱਪੜੇ, ਸਿਹਤ, ਸਿੱਖਿਆ ਆਦਿ ਦੇ ਖਰਚੇ ਵੀ ਸ਼ਾਮਲ ਹਨ। ਇਸ ਤਰ੍ਹਾਂ ਚੀਨ ’ਚ ਪੇਂਡੂ ਖੇਤਰਾਂ ’ਚ 2007 ਦੀ ਅਧਿਕਾਰਿਕ “ਗਰੀਬੀ ਰੇਖਾ” 1067 ਯੂਆਨ ਸਲਾਨਾ ਜਾਂ 2.92 ਯੂਆਨ ਰੋਜਾਨਾ ਹੈ ਜਦ ਕਿ ਚਾਵਲ ਦੀ ਸਭ ਤੋਂ ਘਟੀਆ ਕਿਸਮ ਦੀ ਕੀਮਤ ਪ੍ਰਤੀ ਕਿਲੋਗ੍ਰਾਮ 4 ਯੂਆਨ ਹੈ। ਤੁਲਨਾ ਲਈ ਜੇ ਇਹ ਮੰਨ ਲਿਆ ਜਾਵੇ ਕਿ ਅਮਰੀਕਾ ਦੇ ਧੁਰ ਦੱਖਣ ਵਿੱਚ ਗਰੀਬੀ ਰੇਖਾ ਇੱਕ ਡਾਲਰ ਰੋਜਾਨਾ ਹੈ ਤਾਂ ਇਹ ਅਧਿਕਾਰਿਕ ਗਰੀਬੀ ਰੇਖਾਵਾਂ ਦੇ ਬੇਤੁਕੇਪਣ ਬਾਰੇ ਕੁਝ ਅੰਦਾਜ਼ਾ ਦੇ ਸਕਦੀ ਹੈ। ਇਨ੍ਹਾਂ ਦੋਹਾਂ ਦੇਸ਼ਾਂ ’ਚ ਇਹ ਗਰੀਬੀ ਰੇਖਾਵਾਂ ਹੁਣ ਵੱਧ ਸਹੀ ਅਰਥਾਂ ’ਚ ਕੰਗਾਲੀ ਰੇਖਾਵਾਂ ਵਜੋਂ ਮੰਨੀਆ ਜਾਂਦੀਆਂ ਹਨ। ਇਹ ਪੱਧਰ ’ਤੇ ਬਹੁਤ ਹੀ ਘੱਟ ਭੋਜਨ ਮੁਹਈਆ ਹੋ ਸਕਦਾ ਹੈ ਅਤੇ ਇਹ ਭੋਜਨ ਪੋਸ਼ਣ ਦੇ ਮਾਪਦੰਡ ਤੋਂ ਬਹੁਤ ਹੇਠਾਂ ਹੁੰਦਾ ਹੈ। ਜਦ ਖਪਤ ਦੇ ਮਾਪਦੰਡ ਨੂੰ ਹੀ ਜਿਸ ਤੇ ਗਰੀਬੀ ਮਾਪੀ ਜਾਂਦੀ ਹੈ, ਘੱਟ ਕਰਨ

ਨੂੰ ਮੰਜੂਰੀ ਦੇ ਦਿੱਤੀ ਗਈ ਹੈ। ਇਸ 'ਚ ਕੋਈ ਹੈਰਾਨੀ ਨਹੀਂ ਕਿ ਅਨੁਮਾਨਿਤ ਗਰੀਬੀ ਦੀ ਫੀਸਦੀ ਹੇਠਾਂ ਗਿਰੇ, ਪਰ ਦਾਅਵਾ ਉਸ ਤਰ੍ਹਾਂ ਨਾਲ ਮਿਥ ਹੈ ਜਿਸ ਤਰ੍ਹਾਂ ਨਾਲ ਕਿ ਕੋਈ ਕਾਲਜ ਆਪਣੇ ਉਤੀਰਣਕ ਨੂੰ ਘੱਟ ਕਰਦਾ ਜਾਵੇ ਤੇ ਦਾਅਵਾ ਕਰੇ ਕਿ ਉਸ ਦੀ ਸਿਖਿਅਕ ਪ੍ਰਦਰਸ਼ਨ ਬੇਹਤਰ ਹੋ ਰਿਹਾ ਹੈ। ਸਹੀ ਗਰੀਬੀ ਰੇਖਾ ਅਧਿਕਾਰਿਕ ਗਰੀਬੀ ਰੇਖਾ ਤੋਂ ਦੁਗਣੀ ਹੈ ਤੇ ਜੇ ਉਸ ਦਾ ਪ੍ਰਯੋਗ ਕੀਤਾ ਜਾਵੇ ਤਾਂ ਅਸੀਂ ਦੇਖਾਂਗੇ ਕਿ ਗਰੀਬੀ ਘੱਟ ਨਹੀਂ ਹੋਈ, ਬਲਕਿ ਵਧੀ ਹੈ ਤੇ ਉਹ ਵੀ ਬਾਜ਼ਾਰ ਮੁਖੀ ਸੁਧਾਰ ਤੇ ਬਰਾਮਦ ਉਪਰ ਜ਼ੋਰ ਦਿੱਤੇ ਜਾਣ ਦੇ ਅਰਸੇ 'ਚ ਵਿਸੇਸ਼ ਤੇਜੀ ਨਾਲ।

**ਬਰਾਮਦ ਲਈ ਭੋਜਨ ਬਨਾਮ ਲੋਕਾਂ ਲਈ ਭੋਜਨ** : 2007-08 'ਚ ਖੁਰਾਕੀ ਪਦਾਰਥਾਂ ਦੀਆਂ ਤੇਜੀ ਨਾਲ ਮਹਿੰਗੀਆਂ ਹੁੰਦੀਆਂ ਕੀਮਤਾਂ ਪਿੱਛੇ ਦੇ ਕਾਰਨਾਂ ਦੀ ਵਿਆਖਿਆ ਅਨੇਕਾਂ ਵਿਸਲੇਸ਼ਣਾਂ ਰਾਹੀਂ ਕਰਨ ਦੀ ਕੋਸ਼ਿਸ਼ ਕੀਤੀ ਗਈ। ਸਿਰਫ ਪੰਜ ਮਹੀਨਿਆਂ ਵਿੱਚ ਹੀ ਚਾਵਲ ਦੀਆਂ ਕੌਮਾਂਤਰੀ ਕੀਮਤਾਂ ਦੁਗਣੀਆਂ ਹੋ ਗਈਆਂ। ਜਿਸ ਨਾਲ ਘੱਟੋ ਘੱਟ ਸੈਂਤੀ ਵਿਕਾਸਸ਼ੀਲ ਦੇਸ਼ਾਂ 'ਚ ਭੋਜਨ ਲਈ ਦੰਗੇ ਭੜਕ ਉਠੇ। ਧਿਆਨ ਦੇਣ ਦੀ ਗੱਲ ਹੈ ਕਿ ਇਹਨਾਂ ਸਾਰੇ ਵਿਸਲੇਸ਼ਣਾਂ 'ਚ ਉਹਨਾਂ ਕਾਰਨਾ ਨੂੰ ਪੂਰੀ ਤਰ੍ਹਾਂ ਛੱਡ ਦਿੱਤਾ ਗਿਆ ਜਿਸ ਨੂੰ ਆਪਾਂ ਮੁਖ ਕਾਰਨ ਵਜੋਂ ਸਮਝਦੇ ਹਾਂ-ਕਿ ਵਿਕਾਸਸ਼ੀਲ ਦੁਨੀਆਂ 'ਚ ਇੱਕ ਤੋਂ ਪਿੱਛੋਂ ਇੱਕ ਦੇਸ਼ 'ਚ ਖੁਲ੍ਹੇ ਆਜਾਦ ਵਪਾਰ ਨੇ ਨਵ-ਉਦਾਰਵਾਦੀ ਪ੍ਰੀਤੀਮਾਨ ਦੇ ਤਹਿਤ ਜਮੀਨ ਦੀ ਵਰਤੋਂ ਅਨਾਜ ਉਤਪਾਦਨ ਤੋਂ ਬਰਾਮਦ ਕਰਨ ਲਾਇਕ ਫਸਲਾਂ ਵੱਲ ਖਿਸਕੀ ਹੈ। ਭਾਰਤ ਤੇ ਚੀਨ ਸਮੇਤ ਹਰ ਵਿਕਾਸਸ਼ੀਲ ਦੇਸ਼ ਵਿੱਚ ਅਨਾਜੀ ਪਦਾਰਥਾਂ ਦੀ ਵਾਧਾ ਦਰ ਤੇਜੀ ਨਾਲ ਘਟ ਹੋਈ ਹੈ ਤੇ ਕਈ ਦੇਸ਼ਾਂ 'ਚ ਅਨਾਜੀ ਪਦਾਰਥਾਂ ਦੀ ਵਾਧਾ ਦਰ ਤੇਜੀ ਨਾਲ ਘਟ ਹੋਈ ਹੈ ਤੇ ਕਈ ਦੇਸ਼ਾਂ 'ਚ ਅਨਾਜ ਦੇ ਕੁਲ ਉਤਪਾਦਨ ਵਿੱਚ ਨਿਰਪੇਖ ਗਿਰਾਵਟ ਆਈ ਹੈ। ਇਹ ਰੁਝਾਨਾਂ ਬਾਰੇ ਅਸੀਂ ਖੁਦ 1992 ਤੋਂ ਬਹਿਸ ਕਰਨਾ ਸ਼ੁਰੂ ਕੀਤਾ ਤੇ ਚੇਤਾਵਨੀ ਦਿੱਤੀ ਕਿ ਭਾਰਤ ਜਦ ਵਪਾਰ ਦਾ ਉਦਾਰੀਕਰਨ ਕਰੇਗਾ ਤਾਂ ਇਸ ਨੂੰ ਵੀ ਉਤਪਾਦਨ 'ਚ ਗਿਰਾਵਟ ਤੇ ਅਨਾਜ ਸੁਰੱਖਿਆ 'ਤੇ ਗੰਭੀਰ ਖਤਰਿਆਂ ਦੇ ਐਸੇ ਹੀ ਪ੍ਰਮਾਣ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਆਈ. ਐਮ. ਐਫ, ਸੰਸਾਰ ਬੈਂਕ-ਨਿਰਦੇਸ਼ਿਤ ਅਤੇ ਡਬਲਯੂ ਟੀ.ਓ. ਦੇ ਅਨੁਸਾਸ਼ਨ ਰਾਹੀਂ ਮਜ਼ਬੂਤ ਬਣਾਏ ਗਏ ਆਰਥਕ ਸੁਧਾਰਾਂ ਤਹਿਤ ਮੁਕਤ ਵਪਾਰ ਨੂੰ ਹੱਲਾਸ਼ੇਰੀ ਦੇਣ ਦਾ ਮਕਸਦ ਰਿਹਾ ਹੈ। ਖੇਤੀ 'ਚ ਕੌਮਾਂਤਰੀ ਕਿਰਤ ਵੰਡ ਨੂੰ ਲਾਗੂ ਕਰਨਾ ਜਿਸ 'ਚ ਵਿਕਾਸਸ਼ੀਲ ਦੇਸ਼ਾਂ ਦੀ ਜਨਤਾ ਲਈ ਜਾੜੇ ਦੀ ਸਟ੍ਰਾਬੇਰੀ ਤੋਂ ਲੈ ਕੇ ਖਾਣ ਵਾਲੇ ਤੇਲਾਂ ਤੇ ਫੁੱਲਾਂ ਤਕ ਦੀ ਪੂਰਤੀ ਕਰਨ ਹਿੱਤ ਉਤਰੀ ਦੇਸ਼ਾਂ ਦੀ ਸੁਪਰਮਾਰਕਿਟ ਦੀਆਂ ਸ਼ੈਲਫਾਂ ਨੂੰ ਨੱਕੋ ਨੱਕ ਭਰੀ ਰੱਖਣ ਲਈ ਵਿਕਾਸਸ਼ੀਲ ਦੇਸ਼ਾਂ ਦੀ ਜਮੀਨਾਂ 'ਚ ਬਰਾਮਦ ਲਈ ਫੈਸਲਾ ਪੈਦਾ ਕਰਨ ਦੀ ਲੋੜ ਦਿਨ-ਬ-ਦਿਨ ਵਧਦੀ ਜਾ ਰਹੀ ਹੈ। ਸਿੱਟੇ ਵਜੋਂ ਵਿਕਾਸਸ਼ੀਲ ਦੇਸ਼ 'ਚ ਬਰਾਮਦ ਮੁਖੀ ਫਸਲਾਂ ਤੇ ਘਰੇਲੂ ਖਪਤ 'ਚ ਧਨਾਢ ਵਰਗ ਲਈ ਵਿਸ਼ੇਸ਼ ਫਸਲਾਂ ਉਗਾਉਣ 'ਚ ਜ਼ਿਆਦਾਤਰ ਜਮੀਨ ਦੀ ਵਰਤੋਂ ਕੀਤੇ ਜਾਣ ਕਰਕੇ ਪੈਦਾ ਹੋਈ ਅਨਾਜ ਦੀ ਘਾਟ ਨੂੰ ਵਿਸ਼ਵੀ ਅਨਾਜ ਮੰਡੀ ਤੋਂ ਖਰੀਦ ਕੇ ਪੂਰਾ ਕਰਨ ਦੀ ਉਮੀਦ ਕੀਤੀ ਜਾ ਰਹੀ ਹੈ, ਜਿਸ 'ਤੇ ਅਮਰੀਕਾ, ਕੈਨੇਡਾ, ਤੇ ਯੂਰਪੀ ਸੰਘ ਤੇ ਅਰਜਨਟਾਈਨਾ ਤੇ ਆਸਟ੍ਰੇਲੀਆ ਵਰਗੇ ਕੁਝ ਛੋਟੇ ਸਪਲਾਈ ਪੈਦਾਵਾਰ ਨੂੰ ਆਤਮ ਨਿਰਭਰਤਾ 'ਤੇ

ਅਧਾਰਿਤ ਅਨਾਜ ਸੁਰਖਿਆ ਅਧੁਨਿਕ ਵਿਸ਼ਵੀਕ੍ਰਿਤ ਦੁਨੀਆਂ 'ਚ ਇੱਥੋਂ ਤਕ ਕਿ ਗਰੀਬ ਆਬਾਦੀ ਵਾਲੇ ਵੱਡੇ ਦੇਸ਼ਾਂ ਵਿਚ ਵੀ ਅਤੀਤ ਦੀ ਚੀਜ ਬਣ ਗਈ ਹੈ। ਆਖਰ ਉਹਨਾਂ ਗੈਰ-ਅਨਾਜੀ ਫਸਲਾਂ 'ਚ ਵਿਸੇਸ਼ਤਾ ਹਾਸਲ ਕਰਕੇ। ਜਿਹਨਾਂ 'ਚ ਕਿ ਉਹਨਾਂ ਨੂੰ "ਮੁਕਾਬਲਤਨ ਉਚਤਾ" ਹਾਸਲ ਹੈ, ਉਹਨਾਂ ਦੀ ਬਰਾਮਦ ਵਧਾ ਕੇ ਫਾਇਦਾ ਉਠਾਉਣਾ ਚਾਹੀਦਾ ਹੈ ਅਤੇ ਆਪਣੇ ਅਨਾਜ ਤੇ ਦੁੱਧ ਪਦਾਰਥਾਂ ਦੀਆਂ ਲੋੜਾਂ ਨੂੰ ਇਹਨਾਂ ਚੀਜਾਂ ਦੀ ਵਾਧੂ ਪੈਦਾਵਾਰ ਵਾਲੇ ਉਤਰ ਦੇ ਦੇਸ਼ਾਂ ਤੋਂ ਖਰੀਦ ਕੇ ਪੂਰਾ ਕਰਨਾ ਚਾਹੀਦਾ ਹੈ।

ਵਿਕਾਸਸ਼ੀਲ ਦੇਸ਼ਾਂ 'ਤੇ ਦਬਾਅ ਪਾਇਆ ਜਾ ਰਿਹਾ ਹੈ ਕਿ ਉਹ ਕੰਟਰੋਲ ਕੀਮਤ 'ਤੇ ਅਨਾਜ ਦੀ ਸਰਕਾਰੀ ਖਰੀਦ ਤੇ ਵੰਡ ਦੀ ਘਰੇਲੂ ਪ੍ਰਣਾਲੀ ਨੂੰ ਤਹਿਸ-ਨਹਿਸ ਕਰ ਦੇਵੇ। ਅਜਿਹੀ ਪ੍ਰਣਾਲੀ ਬਸਤੀਵਾਦ ਤੋਂ 'ਆਜਾਦੀ' ਪਿੱਛੋਂ ਬਸਤੀਵਾਦੀ ਉਚਤਾ ਤੇ ਵਪਾਰ ਦੀ ਪ੍ਰਣਾਲੀ ਤੋਂ ਮੁਕਤ ਹੋਣਾ ਹਰਜਾ ਪਹੁੰਚਾ ਦਿੱਤਾ ਸੀ। ਅਜਿਹੇ ਮਹਿਸੂਸ ਹੁੰਦਾ ਹੈ ਕਿ ਇਤਿਹਾਸ ਦੀਆਂ ਯਾਦਾਂ ਅਸੀਂ ਭੁੱਲ ਚੁੱਕੇ ਹਾਂ। ਫਿਲੀਪੀਨਸ ਤੋਂ ਲੈ ਕੇ ਬੋਤਸਵਾਨਾ ਤਕ ਅਨੇਕਾਂ ਵਿਕਾਸਸ਼ੀਲ ਦੇਸ਼ ਸਥਾਈ ਦਬਾਅ ਦੇ ਅੱਗੇ ਝੁਕ ਗਏ ਅਤੇ ਉਹਨਾਂ ਨੇ ਵਿਵੇਕਹੀਣ ਢੰਗ ਨਾਲ ਆਪਣੀ ਅਨਾਜ ਦੀ ਸਰਕਾਰੀ ਖਰੀਦ ਤੇ ਵੰਡ ਪ੍ਰਣਾਲੀ ਨੂੰ 1990 ਦੇ ਦਹਾਕੇ ਦੇ ਮੱਧ ਤੋਂ ਤਹਿਸ-ਨਹਿਸ ਕਰਨਾ ਸ਼ੁਰੂ ਕਰ ਦਿੱਤਾ। ਤੀਜੀ ਦੁਨੀਆਂ 'ਤੇ ਠੋਸੀ ਗਈ ਜਾਂ ਸਰਕਾਰਾਂ ਵੱਲੋਂ ਵਿਵੇਕਹੀਣ ਢੰਗ ਨਾਲ ਮੰਜੂਰ ਕੀਤੀ ਗਈ ਬਰਾਮਦ 'ਚ ਵਿਸੇਸ਼ਤਾ ਹਾਸਲ ਕਰਨ ਦਾ ਮਾਡਲ, ਆਮ ਲੋਕਾਂ ਦੀ ਕੀਮਤ ਤੇ ਲਾਗੂ ਕੀਤਾ ਗਿਆ। ਬਰਾਮਦ ਤੋਂ ਕੀਤੀ ਗਈ ਕਮਾਈ 'ਚ ਵਾਧਾ ਤੇ ਬਜ਼ਾਰ ਤੋਂ ਭੋਜਨ ਹਾਸਲ ਕਰ ਲੈਣ 'ਚ ਸਮਰੱਥਾ ਦੇ ਵਾਅਦੇ ਇਸ ਹਾਲੀਆ ਮਹਿੰਗਾਈ ਦੇ ਪਹਿਲੇ ਹੀ ਭਰਮਾਊ ਤੇ ਝੂਠੇ ਸਾਬਤ ਹੋਏ। ਦਰਜਨਾ ਵਿਕਾਸਸ਼ੀਲ ਦੇਸ਼ਾਂ ਵੱਲੋਂ ਇੱਕ ਹੀ ਵਸਤ ਦੀ ਵੱਧ ਤੋਂ ਵੱਧ ਬਰਮਾਦ ਕਰਨ ਦੀ ਨੀਤੀ ਤੇ ਅਮਲ ਕਰਨ ਕਰਕੇ ਉਹਨਾਂ ਦੀ ਬਰਮਾਦ ਦਾ ਪ੍ਰਤੀ ਇਕਾਈ ਮੁੱਲ ਇੱਕ ਦਹਾਕੇ ਦੌਰਾਨ ਡਿੱਗ ਪਿਆ ਤੇ ਵਪਾਰ ਦੀਆਂ ਸ਼ਰਤਾਂ ਉਹਨਾਂ ਦੇ ਉਲਟ ਹੋ ਗਈਆਂ। ਇੱਕ ਦਹਾਕੇ 'ਚ ਬਰਾਮਦ ਦੁਗਣੀ ਕਰ ਦੇਣ ਦੇ ਬਾਵਜੂਦ ਵਟਾਂਦਰੇ ਰਾਹੀਂ ਕਮਾਈ 'ਚ ਕੋਈ ਵਾਧਾ ਨਹੀਂ ਹੋਇਆ ਕਿਉਂਕਿ ਪ੍ਰਤੀ ਇਕਾਈ ਬਰਾਮਦ ਕੀਮਤਾਂ ਅੱਧੀਆਂ ਹੋ ਗਈਆਂ ਜ਼ਿਆਦਾਤਰ ਵਿਕਾਸਸ਼ੀਲ ਦੇਸ਼ਾਂ ਨੇ ਫਸਲਾਂ ਦੇ ਪੈਟਰਨ ਨੂੰ ਬਦਲ ਦਿੱਤਾ ਪਰ ਬਰਾਮਦ ਰਾਹੀਂ ਕਮਾਈ 'ਚ ਜਾਂ ਤਾਂ ਬਹੁਤ ਥੋੜ੍ਹਾ ਵਾਧਾ ਹੋਇਆ ਜਾਂ ਕੋਈ ਵਾਧਾ ਨਹੀਂ ਹੋਇਆ। ਦੂਜੇ, ਵਿਦੇਸ਼ੀ ਮੁਦਰਾ ਦੀ ਕੋਈ ਕਮੀ ਨਹੀਂ ਹੈ, ਫਿਰ ਵੀ ਸਰਕਾਰਾਂ ਗਰੀਬ ਲੋਕਾਂ ਦੇ ਹਿੱਤਾਂ ਦੀ ਰੱਖਿਆ ਨਹੀਂ ਕਰ ਰਹੀਆਂ ਹਨ ਅਤੇ ਭਾਰਤ ਦੇ ਉਚੇ ਆਹੁਦਿਆਂ 'ਤੇ ਬੈਠੇ ਅਧਿਕਾਰੀ ਇਸ ਗੱਲ ਤੋਂ ਇਨਕਾਰ ਕਰਦੇ ਰਹੇ ਹਨ ਕਿ ਭੁਖ 'ਚ ਕੋਈ ਇਜ਼ਾਫਾ ਨਹੀਂ ਹੋਇਆ ਹੈ। ਭਾਰਤ ਦੇ ਪਾਸ ਤਾਂ ਵਿਦੇਸ਼ੀ ਮੁਦਰਾ ਦਾ ਪਹਾੜ ਜਮ੍ਹਾ ਹੋ ਗਿਆ ਹੈ ਅਤੇ ਇਸ ਨੇ ਧਨਾਂਢਾਂ ਵੱਲੋਂ ਯੂਰਪ ਤੇ ਅਮਰੀਕਾ 'ਚ ਛੁਟੀ ਮਨਾਉਣ ਲਈ ਮੁਦਰਾਵਾਂ ਦੀ ਮੁਕਤ ਖਰੀਦ ਤੋਂ ਪਾਬੰਦੀਆਂ ਹਟਾ ਦਿੱਤੇ ਗਏ ਹਨ।

ਭਾਰਤ 'ਚ ਰਵਾਇਤ ਰਹੀ ਹੈ ਕਿ ਸੋਕੇ ਦੇ ਸਾਲ ਕੰਮ ਬਦਲੇ ਅਨਾਜ ਯੋਜਨਾ ਲਾਗੂ ਕੀਤੀ ਜਾਂਦੀ ਹੈ। ਸਰਕਾਰ ਜਨਤਕ ਉਸਾਰੀ ਕੰਮ 'ਚ ਰੁਜ਼ਗਾਰ ਦਿੰਦੀ ਹੈ ਅਤੇ ਜ਼ਿਆਦਾਤਰ ਦਿਹਾੜੀ ਅਨਾਜ ਵਜੋਂ ਜਨਤਕ ਭੰਡਾਰ ਤੋਂ ਦਿੱਤੀ ਜਾਂਦੀ ਹੈ।

ਪਰ ਪਿਛਲੇ ਦੋ ਦਹਾਕਿਆਂ 'ਚ ਪਏ ਸਭ ਤੋਂ ਭਿਅੰਕਰ ਸੋਕਿਆਂ ਦੇ ਸਾਲਾਂ-2002 ਅਤੇ 2003 'ਚ ਕੰਮ ਬਦਲੇ ਅਨਾਜ ਯੋਜਨਾ 'ਚ ਕੋਈ ਖਾਸ ਵਿਸਥਾਰ ਨਹੀਂ ਹੋਇਆ ਜਦ ਕਿ ਬੇਰੁਜ਼ਗਾਰੀ 'ਚ ਤੇਜੀ ਨਾਲ ਵਾਧਾ ਹੋਇਆ ਤੇ ਕਾਰਜ ਸ਼ਕਤੀ 'ਚ ਗਿਰਾਵਟ ਆਈ, ਜਿਸ ਦੇ ਸਿੱਟੇ ਵਜੋਂ 6.40 ਕਰੋੜ ਟਨ ਅਨਾਜ ਭੰਡਾਰ ਦੀ ਵਿਕਰੀ ਨਹੀਂ ਹੋ ਸਕੀ। ਇਸ ਦੀ ਥਾਂ ਜਨਤਕ ਭੰਡਾਰ ਤੋਂ ਅਨਾਜ ਦੀ ਰਿਕਾਰਡ ਬਰਾਮਦ ਕੀਤੀ ਗਈ- ਕੁਲ 2.20 ਕਰੋੜ ਟਨ। ਵੋਟਰਾਂ ਵੱਲੋਂ 2004 'ਚ ਸਰਕਾਰ ਨੂੰ ਸੱਤਾ ਤੋਂ ਲਾਂਭੇ ਕਰਨ ਪਿੱਛੇ ਖੇਤੀ ਸਬੰਧੀ ਸੰਕਟ ਹੀ ਮੁੱਖ ਕਾਰਨ ਰਿਹਾ। ਪਰ ਨਵੀਂ ਸਰਕਾਰ ਨੇ ਵੀ ਜਨਤਾ ਨੂੰ ਰਾਹਤ ਦੇਣ ਲਈ ਅਨਾਜ ਦੀ ਦਰਾਮਦ ਨਹੀਂ ਕੀਤੀ। ਅੰਤ 'ਚ ਪ੍ਰਗਤੀਸ਼ੀਲ ਸ਼ਕਤੀਆਂ ਤੇ ਖੱਬੇ ਪੱਖੀ ਪਾਰਟੀਆਂ ਦੇ ਲੰਮੇ ਸਮੇਂ ਦੇ ਸੰਘਰਸ਼ ਕਾਰਨ 2006 'ਚ ਕੌਮੀ ਰੁਜ਼ਗਾਰ ਗਰੰਟੀ ਬਿੱਲ ਪਾਸ ਕੀਤਾ ਗਿਆ, ਜੋ ਹਰ ਪੇਂਡੂ ਪ੍ਰੀਵਾਰ ਪਿੱਛੇ ਇੱਕ ਮਜ਼ਦੂਰ ਨੂੰ, ਜਿਸ ਨੂੰ ਕੰਮ ਦੀ ਤਲਾਸ਼ ਹੋਵੇ, ਸਾਲ 'ਚ 100 ਦਿਨਾਂ ਦੀ ਗਰੰਟੀ ਕਰਦਾ ਹੈ। ਹੁਣੇ ਤੱਕ ਇਹ ਬਹੁਤ ਅੱਛੀ ਤਰ੍ਹਾਂ ਸਪੱਸ਼ਟ ਹੋ ਚੁੱਕਿਆ ਹੈ ਕਿ ਵਿਕਾਸਸ਼ੀਲ ਦੇਸ਼ਾਂ 'ਚ ਪ੍ਰਤੀ ਵਿਅਕਤੀ ਅਨਾਜ ਪੈਦਾਵਾਰ 'ਚ ਗਿਰਾਵਟ ਵਿਕਸਤ ਦੇਸ਼ਾਂ 'ਚ ਹੋਏ ਵਾਧੇ ਤੋਂ ਬਹੁਤ ਜ਼ਿਆਦਾ ਹੈ। ਜਿਸ ਦੇ ਸਿੱਟੇ ਵਜੋਂ ਵਿਸ਼ਵੀ ਪੱਧਰ 'ਤੇ ਪ੍ਰਤੀ ਵਿਅਕਤੀ ਉਤਪਾਦਨ ਤੇ ਉਪਲੱਭਤਾ 'ਚ ਗਿਰਾਵਟ ਹੋ ਰਹੀ ਹੈ। 1980-85 ਦੇ ਅਰਸੇ 'ਚ 335 ਕਿਲੋ ਗ੍ਰਾਮ ਸਲਾਨਾ ਵਿਸ਼ਵੀ ਅਨਾਜ ਪੈਦਾਵਾਰ ਰਹੀ, ਜੋ 2000-05 'ਚ ਘਟ ਕੇ 310 ਕਿ ਗ੍ਰਾਮ ਰਹਿ ਗਈ। ਵਿਕਾਸਸ਼ੀਲ ਦੇਸ਼ 'ਚ ਭਾਰਤ ਤੇ ਚੀਨ ਜਿਹਨਾਂ ਦਾ ਵਿਸ਼ਵ ਅੰਨ ਉਤਪਾਦਨ 'ਚ 1990 ਦੇ ਦਹਾਕੇ ਦੇ ਅਰੰਭ 'ਚ ਸੰਯੁਕਤ ਯੋਗਦਾਨ 30 ਫੀਸਦੀ ਤਕ ਸੀ, ਨੇ ਇਸ ਵਿਸ਼ਵਿਕ ਗਿਰਾਵਟ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਆਓ, ਗਿਆਰਾਂ ਵਿਕਾਸਸ਼ੀਲ ਦੇਸ਼ਾਂ ਬਾਰੇ ਵਿਚਾਰ ਕੀਤਾ ਜਾਵੇ-ਚੀਨ, ਭਾਰਤ, ਇੰਡਨੇਸ਼ੀਆ, ਫਿਲੀਪੀਂਸ ਥਾਈਲੈਂਡ ਵਿਅਤਨਾਮ, ਇਰਾਨ, ਮਿਸ਼ਰ, ਪਾਕਿਸਤਾਨ, ਬੰਗਲਾ ਦੇਸ਼ ਤੇ ਸ੍ਰੀਲੰਕਾ-ਜਿਨ੍ਹਾਂ ਦਾ ਵਿਸ਼ਵ ਅਨਾਜ ਉਤਪਾਦਨ 'ਚ ਸੰਯੁਕਤ ਯੋਗਦਾਨ 40 ਫੀਸਦੀ ਤਕ ਸੀ, ਨੇ ਇਸ ਵਿਸ਼ਵੀ ਗਿਰਾਵਟ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। 1989-90 ਅਤੇ 2003-04 ਵਿਚਕਾਰ ਪੰਦਰ੍ਹਾਂ ਸਾਲਾਂ 'ਚ ਇਸ ਸਮੂਹ ਦੀ ਅੰਨ ਪੈਦਾਵਾਰ 'ਚ ਵਾਧਾ ਸਿਰਫ 15-6 ਫੀਸਦੀ ਹੋਇਆ, ਯਾਨੀ ਸਲਾਨਾ ਵਾਧਾ ਦਰ 1.1 ਫੀਸਦੀ, ਜੋ ਜਿਨ੍ਹਾਂ ਦੇਸ਼ਾਂ ਦੀ ਲਗਭਗ 2 ਫੀਸਦੀ ਦੀ ਵਾਧਾ ਦਰ ਨਾਲੋਂ ਕਾਫੀ ਹੇਠਾਂ ਹੈ। ਪਰ ਇਸ ਅਰਸੇ 'ਚ ਇਹਨਾਂ ਦੇਸ਼ਾਂ 'ਚ ਬਰਾਮਦ ਮੁਖੀ ਫਸਲਾਂ ਦੀ ਪੈਦਾਵਾਰ 'ਚ ਤੇਜ਼ੀ ਨਾਲ ਵਾਧਾ ਹੋਇਆ-ਅਨਾਜਾਂ ਦੀ ਤੁਲਨਾ 'ਚ 10 ਗੁਣਾ ਤੇਜ, ਜਿਸ ਤੋਂ ਜਮੀਨ ਤੇ ਸਾਧਨਾਂ ਦੀ ਖਪਤ ਬਰਾਮਦਮੁਖੀ ਫਸਲਾਂ ਵੱਲ ਮੁੜ ਗਈ। ਵਿਕਸਤ ਦੇਸ਼ਾਂ, ਜਿਹਨਾਂ ਦਾ ਵਿਸ਼ਵ ਅੰਨ ਪੈਦਾਵਾਰ 'ਚ ਕੁਲ ਯੋਗਦਾਨ 40 ਫੀਸਦੀ ਹੈ, 'ਚ ਅੰਨ ਪੈਦਾਵਾਰ 'ਚ ਉਸ ਅਰਸੇ 'ਚ ਸਿਰਫ 18.6 ਫੀਸਦੀ ਦਾ ਵਾਧਾ ਹੋਇਆ। ਯਾਨੀ ਸਲਾਨਾ ਦਰ 1.3 ਫੀਸਦੀ। ਜੋ ਉਹਨਾਂ ਦੇਸ਼ਾਂ ਦੀ ਅਬਾਦੀ ਵਾਧਾ ਦਰ ਤੋਂ ਵੱਧ ਹੈ ਪਰ ਉਹਨਾਂ ਦੀਆਂ ਆਪਣੀਆਂ ਹੀ ਵਧਦੀਆਂ ਘਰੇਲੂ ਲੋੜਾਂ ਨੂੰ ਪੂਰਾ ਕਰਨ ਲਈ ਕਾਫੀ ਨਹੀਂ ਹਨ ਤੇ ਵਿਕਾਸਸ਼ੀਲ ਦੇਸ਼ਾਂ ਦੀ ਲਗਾਤਾਰ ਕਮੀ ਨੂੰ ਪੂਰਾ ਕਰਨ ਲਈ ਲੋੜੀਂਦਾ ਸਟਾਕ ਮੁਹਈਆ ਨਹੀਂ ਹੈ।

ਜਦ ਵਿਕਾਸਸ਼ੀਲ ਦੇਸ਼ ਆਰਥਕ, ਸੁਧਾਰ ਦੀਆਂ ਨੀਤੀਆਂ ਦਾ ਅਨੁਪਾਲਨ ਕਰ ਰਹੇ ਹਨ ਅਤੇ ਆਪਣੇ ਵਪਾਰ ਦਾ ਉਦਾਰੀਕਰਨ ਕਰ ਰਹੇ ਹਨ ਤਾਂ ਅਨਾਜੀ ਵਸਤਾਂ ਦੀ ਪੈਦਾਵਾਰ 'ਚ ਵਾਧੇ ਦੀ ਰਫਤਾਰ ਏਨੀ ਬੁਰੀ ਤਰ੍ਹਾਂ ਨਾਲ ਮੱਠੀ ਕਿਉਂ ਹੋਵੇ? ਇਸ ਦਾ ਕਾਰਨ ਇੱਕ ਪੱਧਰ 'ਤੇ ਸਰਲ ਹੈ ਅਤੇ ਦੂਜੀ ਪੱਧਰ 'ਤੇ ਬਹੁਤ ਗੂੜਾ। ਜਮੀਨ ਮਨੁੱਖ ਦੀ ਮੇਹਨਤ ਨਾਲ ਪੈਦਾ ਨਹੀਂ ਹੋਈ ਹੈ। ਇਸ ਲਈ ਇਸ ਬਾਰੇ ਵੀ ਇੱਕ ਧਾਰਨਾਂ ਸਥਾਪਤ ਕੀਤੀ ਜਾਣੀ ਚਾਹੀਦੀ ਹੈ। ਕਿਉਂਕਿ ਦੋਨਾਂ ਦੀ ਹੀ ਕੁਲ ਉਪਲੱਭਤਾ ਸਥਿਰ ਹੈ ਅਤੇ ਜਮੀਨ ਆਪਣੀ ਪੈਦਾਵਾਰੀ ਸਮਰੱਥਾ ਸਬੰਧੀ ਵੀ ਅਜਾਦ ਨਹੀਂ ਹੈ, ਕਿਉਂਕਿ ਠੰਡੇ ਵਿਕਸਤ ਦੇਸ਼ਾਂ ਦੀਆਂ ਜਮੀਨਾਂ ਦੀ ਤੁਲਨਾ 'ਚ ਗਰਮ ਇਲਾਕਿਆਂ ਦੀ ਜਮੀਨ ਨਾ ਸਿਰਫ ਪ੍ਰਜਾਤੀਆਂ ਦੀ ਵਿਸ਼ਾਲ ਗਿਣਤੀ ਦੀ ਪੈਦਾਵਾਰ ਕਰਦੀ ਹੈ ਬਲਕਿ ਗੁਣ-ਵੰਣਤਾ ਦੀ ਦ੍ਰਿਸ਼ਟੀ ਤੋਂ ਵੀ ਤਰ੍ਹਾਂ-ਤਰ੍ਹਾਂ ਦੀ ਮਿਲੀ ਜੁਲੀ ਪੈਦਾਵਾਰ ਕਰਦੀ ਹੈ। ਗਰਮ ਪੌਣਾਂ ਵਾਲਿਆਂ ਦੀ ਜਮੀਨ ਦੀ ਜੈਵ ਵਿਭੰਨਤਾ 'ਤੇ ਕੰਟਰੋਲ ਸਥਾਪਤ ਕਰਨ ਦਾ ਇਤਿਹਾਸਕ ਮੰਤਵ ਪੱਛਮੀ ਯੂਰਪ ਦੇ ਦੇਸ਼ਾਂ ਵੱਲੋਂ ਹੋਰ ਦੇਸ਼ਾਂ 'ਤੇ ਬਸਤੀਵਾਦੀ ਗੁਲਾਮੀ ਲੱਦਣ ਪਿੱਛੇ ਮੁੱਖ ਚਾਲਕ ਸੀ। ਗੁਲਾਮੀ ਦੀ ਪ੍ਰਣਾਲੀ ਸਥਾਪਤ ਕਰਨ ਤੇ ਵਸਤਰਾਂ ਦੀ ਵਿਭੰਨਤਾ ਅਤੇ ਨਵੀਆਂ ਸਨਅਤਾਂ ਹਿੱਤ ਕੱਚਾ ਮਾਲ ਮੁਹਈਆ ਕਰਾਉਣ, ਇਹਨਾਂ ਦੋਨਾਂ ਲਈ ਗਰਮ ਤੱਟੀ ਸਮਾਨਾਂ ਅਤੇ ਕੱਚੇ ਮਾਲ ਦੀ ਪੱਕੀ ਧਾਰਨਾਂ ਨਹੀਂ ਰਹੀ। ਮੁਲਵਾਨ ਵਸਤੂਆਂ ਦੀ ਵਧਦੀ ਸਪਲਾਈ ਦੇ ਬਹੁਤ ਵੱਡੇ ਹਿੱਸੇ ਲਈ ਅਸਲ 'ਚ ਕੋਈ ਭੁਗਤਾਨ ਨਹੀਂ ਕੀਤਾ ਜਾਂਦਾ ਸੀ ਕਿਉਂਕਿ ਸਥਾਨਕ ਕਿਸਾਨਾਂ ਤੇ ਸ਼ਿਪਲਕਾਰਾਂ ਤੋਂ ਬਸਤੀਵਾਦੀ ਹਾਕਮਾਂ ਵੱਲੋਂ ਨਚੋੜੇ ਗਏ ਟੈਕਸ ਨਾਲ ਹੀ ਇਹਨਾਂ ਬਰਾਮਦ ਦੀਆਂ ਵਸਤਾਂ ਨੂੰ ਦੁਨੀਆਂ ਦੇ ਹੋਰ ਹਿੱਸਿਆਂ 'ਚ ਵੇਚਣ ਨਾਲ ਜੋ ਵਿਦੇਸ਼ੀ ਮੁਦਰਾ ਕਮਾਈ ਜਾਂਦੀ ਸੀ ਉਸ ਨਾਲ ਉਸ ਬਸਤੀ 'ਚ ਵਾਪਸ ਨਹੀਂ ਜਾਣ ਦਿੱਤਾ ਜਾਂਦਾ ਸੀ। ਇਸ ਪ੍ਰਕਾਰ ਦੀ ਮਜਬੂਰਨ ਬਰਾਮਦ ਦੇ ਅਧੀਨ ਸਭ ਖੇਤਰ ਸਥਾਨਕ ਜਨਤਾ ਦੇ ਲਈ ਅਨਾਜਾਂ ਦੀ ਉਪਲੱਭਤਾ 'ਚ ਗਿਰਾਵਟ ਤੇ ਪੋਸ਼ਣ ਦੇ ਪੱਧਰ 'ਚ ਕਮੀ ਦੇ ਸ਼ਿਕਾਰ ਹੋ ਗਏ, ਜੋ ਕਦੀ-ਕਦੀ ਅਕਾਲ 'ਚ ਬਦਲ ਜਾਂਦਾ ਸੀ ਕਿਉਂਕਿ ਜਮੀਨੀ ਸਾਧਨਾਂ ਦੀ ਖਾਸ ਮਾਤਰਾ ਨੂੰ ਬਰਾਮਦ ਮੁਖੀ ਫਸਲਾਂ ਵੱਲ ਮੋੜ ਦਿੱਤਾ ਜਾਂਦਾ ਸੀ। ਬਸਤੀਆਂ ਤੋਂ ਬਾਅਦ ਦੇ ਇੱਕ ਛੋਟੇ ਜਿਹੇ ਅਰਸੇ 'ਚ ਇਹ ਦੇਸ਼ ਪੱਖਪਾਤੀ ਕੌਮਾਂਤਰੀ ਵਪਾਰ ਤੋਂ ਆਪਣੇ ਆਪ ਨੂੰ ਸੁਰਖਿਅਤ ਰੱਖ ਸਕੇ ਅਤੇ ਘਰੇਲੂ ਅਨਾਜ ਸੁਰੱਖਿਆ ਦੀ ਸਹੂਲਤ ਹਾਸਲ ਕਰ ਸਕੇ। ਪਰ 1970 ਦੇ ਦਹਾਕੇ ਦੇ ਆਖਰੀ ਸਾਲਾਂ 'ਚੋਂ ਵਿਕਸਤ ਦੇਸ਼ਾਂ ਵੱਲੋਂ ਵਿਕਾਸਸ਼ੀਲ ਦੇਸ਼ ਦੀਆਂ ਜਮੀਨਾਂ ਦੀ ਪੈਦਾਵਾਰੀ ਸਮਰਥਾ 'ਤੇ ਅਧਿਕਾਰ ਜਮਾਉਣ ਦੀ ਇੱਛਾ ਨਾਲ ਨਵਾਂ ਹਮਲਾ ਕੀਤਾ ਜਾ ਰਿਹਾ ਹੈ। ਜਹਾਜਾਂ ਰਾਹੀਂ ਮਾਲ ਢੋਹਣ ਦੇ ਅਧੁਨਿਕ ਤਰੀਕਿਆਂ ਕਾਰਨ ਵਸਤਾਂ ਦੀ ਮੰਗ ਦੀ ਲੜੀ ਬਹੁਤ ਹੀ ਵਿਸਥਾਰਿਥ ਹੋ ਗਈ ਹੈ। ਜਿੱਥੇ ਪਹਿਲਾਂ ਖਰਾਬ ਹੋਣ ਵਾਲੀਆਂ ਕੁਝ ਹੀ ਵਸਤਾਂ (ਚੀਨੀ, ਚਾਹ, ਕੌਫੀ ਇਮਾਰਤੀ ਲਕੜੀ, ਰੂੰ) ਨੂੰ ਬਾਹਰ ਭੇਜਿਆ ਜਾਂਦਾ ਸੀ। ਹੁਣ ਸਿਰੇ ਦੀ ਠੰਢ 'ਚ ਉਤਰ ਦੇ ਦੇਸ਼ਾਂ ਦੇ ਸੁਪਰ ਬਾਜ਼ਾਰ ਦੇ ਸ਼ੈਲਫਾਂ ਨੂੰ ਭਰਨ ਲਈ ਤਾਜ਼ੀਆਂ ਸਬਜ਼ੀਆਂ ਤੇ ਫਲਾਂ ਤੋਂ ਲੈ ਕੇ ਫੁੱਲਾਂ ਤਕ ਤਰ੍ਹਾਂ-ਤਰ੍ਹਾਂ ਦੀਆਂ ਜਲਦੀ ਖਰਾਬ ਹੋਣ ਵਾਲੀਆਂ ਵਸਤਾਂ ਦੀ ਵੀ ਮੰਗ ਵਧੀ ਹੈ। ਖੇਤੀ-ਪ੍ਰਣਾਲੀ ਨਾਲ ਸਬੰਧਤ ਦੇਸ਼ਾਂ ਵਿਚ ਕਾਰਲੇ ਨਿਯਮ ਦਰਜਨਾਂ ਵਿਕਾਸਸ਼ੀਲ ਦੇਸ਼ਾਂ ਵਿੱਚ ਠੇਕਾ ਦੀ

ਪ੍ਰਣਾਲੀ ਲਾਗੂ ਕਰਨ ਜਾਂ ਸਿੱਧੇ ਬਜ਼ਾਰ 'ਚ ਖਰੀਦਦਾਰੀ ਦੇ ਮਾਧਿਅਮ ਰਾਹੀਂ ਆਪਣੇ ਪੰਜੇ ਫੈਲਾਅ ਚੁੱਕੇ ਹਨ। ਜਿਸ ਨਾਲ ਉਹ ਛੋਟੇ ਕਿਸਾਨਾਂ ਦੀ ਖੇਤੀ 'ਤੇ ਵਿਸ਼ਵੀ ਕੀਮਤਾਂ ਦੇ ਉਤਰਾਅ-ਚੜ੍ਹਾਅ ਠੋਸਦੇ ਹਨ। ਕਰਜੇ 'ਚ ਡੁੱਬਣ ਕਾਰਨ ਬਹੁਤੇ ਕਿਸਾਨਾਂ ਵੱਲੋਂ ਆਤਮ ਹੱਤਿਆਵਾਂ ਭਾਰਤ 'ਚ 1991 ਤੋਂ ਪਹਿਲਾਂ ਨਹੀਂ ਸੀ ਵਾਪਰਦੀਆਂ। ਮੁਢਲੀਆਂ ਖੁਰਾਕੀ ਵਸਤਾਂ ਦੀਆਂ ਕੀਮਤਾਂ ਵਿਸ਼ਵ ਪੱਧਰ 'ਤੇ ਡਿੱਗ ਜਾਣ ਕਾਰਨ ਕਿਸਾਨਾਂ ਆਤਮ ਹੱਤਿਆਵਾਂ ਨੇ ਪਹਿਲ ਦਹਾਕੇ 'ਚ ਅਧਿਕਾਰਿਕ ਤੌਰ 'ਤੇ 1,60,000 ਕਿਸਾਨਾਂ ਦੀ ਜਾਨ ਲਈ ਹੈ। ਬਸਤੀਵਾਦੀ ਭਾਰਤ ਦੇ ਕਿਸਾਨ ਭੁਖੇ ਮਰਦੇ ਸਨ ਜਦ ਕਿ ਇੰਗਲੈਂਡ ਨੂੰ ਕਣਕ ਦੀ ਬਰਾਮਦ ਕੀਤੀ ਜਾਂਦੀ ਸੀ ਅਤੇ ਅਧੁਨਿਕ ਭਾਰਤ ਦੇ ਕਿਸਾਨਾਂ ਦੇ ਭੋਜਨ 'ਚ ਕਮੀ ਹੋ ਗਈ ਹੈ ਜਦ ਕਿ ਉਹ ਵਿਦੇਸ਼ਾਂ ਦੇ ਧਨਾਢ ਖਪਤਕਾਰਾਂ ਲਈ ਖੀਰਾ ਤੇ ਗੁਲਾਬ ਪੈਦਾ ਕਰ ਰਹੇ ਹਨ। ਇਸ ਗਿਰਾਵਟ 'ਚ ਤੇਜੀ ਦੀ ਵਿਆਖਿਆ ਇਸ ਤੱਥ ਤੋਂ ਹੁੰਦੀ ਹੈ ਕਿ ਕੀਮਤਾਂ ਘਟਾਉਣ ਵਾਲੀਆਂ ਸੁਧਾਰਾਂ ਦੀਆਂ ਨੀਤੀਆਂ ਨੇ ਖੇਤੀ ਵਿੱਚ ਜਨਤਕ ਨਿਵੇਸ਼ ਨੂੰ ਘਟਾ ਦਿੱਤਾ ਹੈ ਅਤੇ ਨਾਲ ਹੀ ਵੱਧ ਤੋਂ ਵੱਧ ਬਰਾਮਦ ਕਰਨ ਲਈ ਜੋਰ ਪਾਇਆ ਹੈ। ਆਖਰਕਾਰ ਉਪਜ ਦਾ ਵਾਧਾ ਡਿੱਗ ਰਿਹਾ ਹੈ ਤੇ ਇਸ ਗੱਲ ਦੀ ਭੋਰਾ ਵੀ ਸੰਭਾਵਨਾ ਨਹੀਂ ਹੈ ਕਿ ਕੁਲ ਬਿਜਾਈ ਦੇ ਉਨੇ ਹੀ ਰਕਬੇ 'ਚ ਜੋ ਕਿ ਸਥਿਰ ਰਹਿੰਦਾ ਹੈ, ਬਰਾਮਦ ਫਸਲਾਂ ਤੇ ਘਰੇਲੂ ਅੰਨ ਪੈਦਾਵਾਰ, ਦੋਨਾਂ ਨੂੰ ਨਾਲ-ਨਾਲ ਬਣਾਈ ਰੱਖਿਆ ਜਾ ਸਕੇ।

ਵਿਸ਼ਵ ਅਰਥਚਾਰੇ 'ਚ 1980 ਅਤੇ 1990 ਦੇ ਦਹਾਕੇ 'ਚ ਮੰਦਾ ਹੁੰਦਾ ਅਨਾਜ ਪੈਦਾਵਾਰ ਦਾ ਵਾਧਾ ਤੇ ਡਿਗਦਾ ਪ੍ਰਤੀ ਵਿਅਕਤੀ ਪੈਦਾਵਾਰ ਨਾਲ ਪੈਦਾ ਹੋਇਆ ਲੰਮੇ ਸਮੇਂ ਤੋਂ ਅਸੰਤੁਲਨ ਲੋਕਾਂ ਦੀ ਨਜ਼ਰ ਤੋਂ ਓਝਲ ਰਿਹਾ ਕਿਉਂਕਿ ਉਹਨਾਂ ਨੂੰ ਕਿਸੇ ਤਰ੍ਹਾਂ ਦੀ ਮਹਿੰਗਾਈ ਦਾ ਸਾਹਮਣਾ ਨਹੀਂ ਸੀ। ਇਸ ਦੇ ਉਲਟ ਆਈ. ਐਮ. ਐਫ.-ਨਿਰਦੇਸ਼ਿਤ ਆਮਦਨ 'ਚ ਕਮੀ ਲਿਆਉਣ ਦੀ ਅਮਲ ਵਿਧੀ ਰਾਹੀਂ ਕਈ ਵਿਕਾਸਸ਼ੀਲ ਦੇਸ਼ਾਂ 'ਚ ਕੀਮਤਾਂ ਸਸਤੀਆਂ ਵੀ ਹੋਈਆਂ ਜਿਸ ਨਾਲ ਲੋਕਾਂ ਦੀ ਆਮਦਨ ਨੂੰ ਅਤੇ ਇਸ ਤਰ੍ਹਾਂ ਪ੍ਰਭਾਵੀ ਮੰਗ ਤੇ ਖਪਤ ਨੂੰ ਲਗਭਗ ਸਭ ਵਿਕਾਸਸ਼ੀਲ ਦੇਸ਼ਾਂ 'ਚ ਬੁਰੀ ਤਰ੍ਹਾਂ ਨਾਲ ਘਟਾ ਦਿੱਤਾ। ਦੁਨੀਆਂ ਭਰ ਦੇ ਵਿਕਾਸਸ਼ੀਲ ਦੇਸ਼ਾਂ 'ਚ ਪੇਂਡੂ ਤੇ ਸ਼ਹਿਰੀ ਦੋਨਾਂ ਹੀ ਖੇਤਰਾਂ 'ਚ ਕਿਸਾਨ ਅਬਾਦੀ ਤੇ ਮਜ਼ਦੂਰਾਂ ਨੂੰ ਘੱਟੋ ਤੋਂ ਘੱਟ ਭੋਜਨ ਮਿਲਿਆ ਤੇ ਉਹ ਇਸ ਮਾਪਦੰਡ ਨੂੰ ਭੋਗਦੇ ਰਹੇ। ਉਥੇ ਅਜਿਹਾ ਲੱਗਦਾ ਹੈ ਕਿ ਸ਼ਹਿਰੀ ਬੁਧੀਜੀਵੀ ਵਰਗ ਸਮੂਹਕ ਤੌਰ 'ਤੇ ਅੰਨ੍ਹੇਪਣ ਦਾ ਸ਼ਿਕਾਰ ਹੋ ਗਿਆ ਅਤੇ ਆਪਣੀ ਲੇਖਣੀ 'ਚ ਇਸ ਸਮੱਸਿਆ ਦੀ ਅਕਸਰ ਅਣਦੇਖੀ ਕਰਦਾ ਰਿਹਾ। ਵਿਕਾਸਸ਼ੀਲ ਦੇਸ਼ਾਂ 'ਚ ਸਮੂਹਕ ਮੰਗ ਨੂੰ ਘਟਾਉਣ ਦੇ ਮਾਧਿਅਮ ਰਾਹੀਂ ਮਹਿੰਗਾਈ ਨੂੰ ਦਬਾ ਦੇਣ ਕਾਰਣ ਬਹੁਤੇ ਪ੍ਰੇਖਿਕ ਸਥਿਤੀ ਦੀ ਭਿਅੰਕਰਤਾ ਨੂੰ ਨਹੀਂ ਸਮਝ ਸਕੇ। ਇਸ ਲੰਮੇ ਤੇ ਲਮਕਦੇ ਅਸੰਤੁਲਨ ਤੇ ਪੋਸ਼ਣ 'ਚ ਗਿਰਾਵਟ ਨੂੰ ਉਜਾਗਰ ਕਰਨ ਲਈ ਬਸ ਇੱਕ ਝਟਕੇ ਦੀ ਜਾਂ ਕਿਸੇ ਪ੍ਰੇਰਕ ਕਾਰਵਾਈ ਦੀ ਲੋੜ ਸੀ ਅਤੇ ਹੁਣ ਇਹ ਝਟਕਾ ਲੱਗ ਚੁੱਕਿਆ ਹੈ। ਜਿਸ ਦਾ ਸ਼ਹਿਰਾਂ ਤੇ ਅਰੰਭ ਮੁਖ ਤੌਰ 'ਤੇ ਅਮਰੀਕਾ ਵੱਲੋਂ ਇਰਾਕ 'ਚ ਕੀਤੀ ਗਈ ਅਨਿਸ਼ਟਕਾਰੀ ਤੇ ਮਾੜੀ ਜੁਅਰਤ, ਵਿਸ਼ਵ ਪੱਧਰ 'ਤੇ ਤੇਲ ਦੀਆਂ ਕੀਮਤਾਂ 'ਚ ਵਾਧਾ ਤੇ ਸਿੱਟੇ ਵਜੋਂ, ਵਿਕਸਤ ਦੇਸ਼ਾਂ 'ਚ ਜੈਵ-ਡੀਜ਼ਲ ਪੈਦਾ ਕਰਨ ਲਈ ਅਨਾਜ ਨੂੰ ਵੱਡੇ ਪੈਮਾਨੇ 'ਤੇ ਇਸ ਕੰਮ 'ਚ ਖਪਾ ਦੇਣ ਨੂੰ ਜਾਂਦਾ ਹੈ। ਬਾਇਓ-

ਡੀਜ਼ਲ ਦੀ ਵਿਆਪਕ ਵਰਤੋਂ ਤੋਂ ਪਹਿਲਾਂ ਸਦੀਆਂ ਤੱਕ ਊਰਜਾ ਦਾ ਮੁੱਖ ਸਰੋਤ ਖੇਤ ਦੀ ਜੋਤਾਈ, ਨਿਰਾਈ ਤੇ ਆਵਾਜਾਈ ਲਈ ਪ੍ਰਯੋਗ 'ਚ ਆਉਣ ਵਾਲੇ ਪਸ਼ੂਆਂ ਦੇ ਚਾਰੇ ਦੀਆਂ ਫਸਲਾਂ ਸਨ। ਸਨਅਤੀਕ੍ਰਿਤ ਦੇਸ਼ਾਂ 'ਚ ਕੋਲਾ, ਤੇਲ ਤੇ ਗੈਸ ਨਾਲ ਚਲਣ ਵਾਲੇ ਵਾਹਨਾਂ ਵੱਲੋਂ ਬੈਲਾਂ ਤੇ ਘੋੜਿਆਂ ਦੀ ਥਾਂ ਲੈ ਲਏ ਜਾਣ ਕਰਕੇ ਉਨੀਵੀਂ ਸ਼ਤਾਬਦੀ ਦੇ ਅੱਧ ਤੋਂ ਲੈ ਕੇ ਹੁਣ ਤੱਕ ਖੇਤੀ ਦੀਆਂ ਫਸਲਾਂ ਦੇ ਊਰਜਾ ਦੀ ਲੋੜ ਪੂਰੀ ਕਰਨ ਨਾਲ ਕੁਝ ਰਾਹਤ ਮਿਲੀ। ਵਿਕਸਤ ਦੇਸ਼ਾਂ ਦਾ ਪੁਰਾਤਨ ਬਾਲਣ ਦੇ ਸ੍ਰੋਤਾਂ 'ਤੇ ਰਾਜਸੀ ਕੰਟਰੋਲ ਹੌਲ਼ੀ-ਹੌਲ਼ੀ ਖਿਸਕਣ ਕਰਕੇ ਖੇਤੀ 'ਤੇ ਇੱਕ ਵਾਰ ਫਿਰ ਦਬਾਅ ਵੱਧ ਗਿਆ ਹੈ ਅਤੇ ਹੁਣ ਇਸ ਦੀ ਥਾਂ ਜੈਵਿਕ ਬਾਲਣ (ਜਿਸ ਨੂੰ ਖੇਤੀ ਬਾਲਣ ਵੀ ਕਿਹਾ ਜਾਂਦਾ ਹੈ) ਬਣਾਉਣ ਲਈ ਖੇਤੀ 'ਤੇ ਇੱਕ ਵਾਰੀ ਫਿਰ ਦਬਾਅ ਵਧ ਗਿਆ ਹੈ। ਅਮਰੀਕਾ 'ਚ ਜਿਸ ਦਾ ਮਕਸਦ ਤੇਲ ਦੀਆਂ ਵਿਸ਼ਵੀ ਕੀਮਤਾਂ 'ਚ ਉਛਾਲ ਤੋਂ ਪਿੱਛੋਂ ਵੀ ਊਰਜਾ ਭਰਪੂਰ ਆਟੋਮੋਬਾਇਲ ਅਧਾਰਤ ਜੀਵਨਸ਼ੈਲੀ ਨੂੰ ਬਣਾਈ ਰੱਖਣਾ ਹੈ, ਕੇਵਲ ਪੰਜ ਸਾਲਾਂ ਅੰਦਰ ਸਬਸਿਡੀ ਹਾਸਲ ਮੱਕੀ ਦੀ ਏਥਨਾਲ ਪੈਦਾਵਾਰ 'ਚ ਵਰਤੋਂ ਚਾਰ ਗੁਣਾਂ ਵੱਧ ਕੇ 2002-03 ਅਤੇ 2008-09 ਵਿਚ 2.7 ਕਰੋੜ ਟਨ ਤੋਂ ਵਧ ਕੇ 10 ਕਰੋੜ ਟਨ (ਕਰੀਬ) ਹੋ ਗਈ ਹੈ। ਯੂਰਪੀ ਸੰਘ ਦੀ ਉਪਜ ਨੂੰ ਏਥਨਾਲ ਪੈਦਾਵਾਰ ਵੱਲ ਧੱਕ ਰਿਹਾ ਹੈ ਅਤੇ ਬ੍ਰਾਜੀਲ ਤਾਂ ਲੰਬੇ ਸਮੇਂ ਤੋਂ ਗੰਨਾ ਪੈਦਾਵਾਰ ਦਾ ਵੱਡਾ ਹਿੱਸਾ ਇਸ ਲਈ ਵਰਤ ਰਿਹਾ ਹੈ। 2008 'ਚ ਅਮਰੀਕਾ 'ਚ ਮੱਕੀ ਦੀ ਅਨੁਮਾਨਿਤ ਪੈਦਾਵਾਰ ਘੱਟ ਹੋਣ ਦੇ ਬਾਵਜੂਦ ਇਸ ਦੀ ਪੈਦਾਵਾਰ ਦਾ ਲਗਭਗ ਇਕ ਤਿਹਾਈ ਹਿੱਸਾ ਡੀਜ਼ਲ ਪੈਦਾਵਾਰ ਵੱਲ ਮੋੜ ਦਿੱਤੇ ਜਾਣ ਨੂੰ ਰੋਕ ਨਹੀਂ ਸਕਿਆ। ਜਿਸ ਦਾ ਅਰਥ ਇਹ ਸੀ ਕਿ ਹੋਰ ਕੰਮਾਂ ਲਈ ਵਰਤੋਂ ਇਸ ਇਸ ਦੀ ਸਪਲਾਈ 'ਚ ਗਿਰਾਵਟ ਆਈ।

ਮੁਕਤ ਵਪਾਰ ਤੇ ਬਰਾਮਦ ਵਿਸੇਸ਼ਤਾ ਦਾ ਮਾਡਲ, ਜੋ ਵਿਕਾਸਸ਼ੀਲ ਦੇਸ਼ਾਂ 'ਤੇ ਠੋਸਿਆ ਗਿਆ ਹੈ, ਹੁਣ ਸਪੱਸ਼ਟ ਤੌਰ 'ਤੇ ਆਪਣੀ ਵਾਜਬੀਅਤ ਗੁਆ ਬੈਠਾ ਹੈ। ਹੁਣ ਸੁਆਲ ਇਹ ਪੈਦਾ ਹੁੰਦਾ ਹੈ ਕਿ ਜਦ ਉਤਰ ਦੇ ਦੇਸ਼ਾਂ 'ਚ ਵੱਡੇ ਪੈਮਾਨੇ 'ਤੇ ਖੁਰਾਕੀ ਵਸਤਾਂ ਨੂੰ ਡੀਜ਼ਲ ਪੈਦਾਵਾਰ ਵੱਲ ਧੱਕਿਆ ਜਾ ਰਿਹਾ ਹੈ, ਜਿਸ ਦੇ ਸਿੱਟੇ ਵਜੋਂ ਦੁਨੀਆਂ ਭਰ ਦੇ ਅਨਾਜ ਭੰਡਾਰ ਸਵਾਏ ਹੋਈ ਜਾ ਰਹੇ ਹਨ ਅਤੇ ਅਨਾਜ ਪਦਾਰਥਾਂ ਦੀਆਂ ਕੀਮਤਾਂ ਮਹਿੰਗੀਆਂ ਹੁੰਦੀਆਂ ਜਾ ਰਹੀਆਂ ਹਨ। ਤਾਂ ਇਹ ਵਿਕਾਸਸ਼ੀਲ ਦੇਸ਼ ਜਾਣ ਕਿੱਥੇ? ਭਾਰਤ ਲਈ ਸਿਰਫ ਇੱਕ ਹੀ ਵਿਕਲਪ ਹੈ ਕਿ ਦੂਜੀ ਸੰਸਾਰ ਜੰਗ ਪਿੱਛੋਂ ਜਿਸ ਲੋੜ 'ਚੋਂ ਵਾਧੂ ਅੰਨ ਪੈਦਾ ਕਰਨ ਦੀ ਮੁਹਿੰਮ ਛੇੜੀ ਗਈ ਸੀ ਉਸ ਲੋੜ ਜੋਸ਼ ਨਾਲ ਇੱਕ ਵਾਰ ਫਿਰ ਅੰਦੋਲਨ ਛੇੜਿਆ ਜਾਵੇ ਕਿਉਂਕਿ ਖੁਰਾਕੀ ਪਦਾਰਥਾਂ ਦੀ ਪ੍ਰਤੀ ਵਿਅਕਤੀ ਆਮਦਨ ਡਿੱਗ ਕੇ ਪੰਜਾਹ ਸਾਲ ਪਹਿਲਾਂ ਵਾਲੇ ਪੱਧਰ 'ਤੇ ਪਹੁੰਚ ਗਈ ਹੈ ਤੇ ਹੁਣ ਇਹ ਸਿਰਫ਼ ਆਕਾਸ਼ ਛੂਹ-ਦੀਆਂ ਕੀਮਤਾਂ ਅਦਾ ਕਰਕੇ ਦਰਾਮਦ ਕਰਨ 'ਤੇ ਹੀ ਨਿਰਭਰ ਹਨ। ਜਿਥੇ ਭਾਰਤ ਨਵਉਦਾਰਵਾਦੀ ਸੁਧਾਰਾਂ ਤੇ ਵਪਾਰ ਉਦਾਰੀਕਰਨ ਦੇ ਪਿਛਲੇ 15 ਸਾਲਾਂ 'ਚ ਡਿੱਗਦੇ ਖੇਤੀ ਨਿਵੇਸ਼ ਤੇ ਬਰਾਮਦ 'ਤੇ ਕੇਂਦਰਿਤ ਤਿਲਕਵੇਂ ਰਾਹ 'ਤੇ ਚਲਦਿਆਂ ਲੰਬਾ ਸਫਰ ਤਹਿ ਕਰ ਚੁੱਕਿਆ ਹੈ, ਜਿਸ 'ਤੇ ਹੋਰ ਛੋਟੇ ਦੇਸ਼ ਪਿਛਲੇ ਤੀਹ ਸਾਲਾਂ ਤੋਂ ਚਲ ਰਹੇ ਹਨ, ਉਥੇ ਇਹ ਅੱਜ ਵੀ ਇਸ ਸਥਿਤੀ 'ਚ ਹੈ ਕਿ ਬਦਤਰ ਹੁੰਦੀ ਦਸ਼ਾ ਨੂੰ ਉਲਟਾ ਮੋੜ ਦੇਵੇ ਪਰ ਸ਼ਰਤ

ਇਹ ਹੈ ਕਿ ਵੱਧ ਤੋਂ ਵੱਧ ਅੰਨ ਪੈਦਾ ਕਰਨ ਦੇ ਟੀਚੇ ਨੂੰ ਧਿਆਨ 'ਚ ਰੱਖਿਆ ਜਾਵੇ ਅਤੇ ਜਨਤਾ ਦੀ ਕਾਰਜ ਸ਼ਕਤੀ ਨੂੰ ਮੁੜ ਸਥਾਪਤ ਕੀਤਾ ਜਾਵੇ।

ਇਹ ਖੁਸ਼ ਕਿਸਮਤੀ ਹੈ ਕਿ ਭਾਰਤ ਦੀ ਜਨਤਕ ਖਰੀਦ ਤੇ ਵੰਡ ਪ੍ਰਣਾਲੀ ਅਨੇਕਾਂ ਹੋਰ ਵਿਕਾਸਸ਼ੀਲ ਦੇਸ਼ਾਂ ਵਾਗੂੰ ਅਜੇ ਪੂਰੀ ਤਰ੍ਹਾਂ ਤਹਿਸ-ਨਹਿਸ ਨਹੀਂ ਹੋਈ। ਗਰੀਬ ਖਪਤਕਾਰਾਂ ਨੂੰ ਸੁਰਖਿਆ ਦੇਣ 'ਚ ਇਹ ਅਜੇ ਵੀ ਸਮਰਥ ਹਨ, ਪਰ ਉਦੋਂ ਜਦੋਂ ਇਹ ਵਿਵਸਥਾ ਵੱਡੇ ਪੈਮਾਨੇ 'ਤੇ ਪੁਨਰ ਜੀਵਤ ਕੀਤੀ ਜਾਵੇ। ਇਸ ਲਈ ਜ਼ਰੂਰੀ ਹੋ ਗਿਆ ਹੈ ਕਿ ਖਰੀਦ ਲਈ ਫਸਲਾਂ ਦੀ ਕੀਮਤ ਸਹੀ ਢੰਗ ਨਾਲ ਵੱਧ ਦਿੱਤੀ ਜਾਵੇ ਜਿਸ 'ਚ ਵਪਾਰਕ ਫਸਲਾਂ ਵੀ ਸ਼ਾਮਲ ਹਨ ਅਤੇ ਸਰਗਰਮੀ ਦੇ ਨਾਲ ਕੋ-ਆਪ੍ਰੇਟਿਵ ਸਮੂਹ ਬਣਾਏ ਜਾਣ ਤਾਂ ਕਿ ਬੇਕਾਰ ਪਈ ਜਮੀਨ ਨੂੰ ਉਪਜਾਊ ਬਣਾਇਆ ਜਾ ਸਕੇ ਅਤੇ ਅਨਾਜ ਪੈਦਾਵਾਰ ਲਈ ਉਹਨਾਂ 'ਤੇ ਸਾਂਝੀ ਖੇਤੀ ਹੋ ਸਕੇ ਅਤੇ ਜਿਹਾ ਕਿ ਰਵਾਇਤੀ ਤੌਰ 'ਤੇ ਖਾਣ ਵਾਲੇ ਪਦਾਰਥਾਂ ਦੀ ਘਾਟ ਵਾਲੇ ਕੇਰਲਾ 'ਚ ਸਫਲਤਾ ਪੂਰਵਕ ਹੋ ਰਿਹਾ ਹੈ। ਅਜਿਹਾ ਲੱਗ ਰਿਹਾ ਹੈ ਕਿ 2007 'ਚ ਦੇਸ਼ 'ਚ ਐਲਾਨੀ ਗਈਆਂ ਕਣਕ ਤੇ ਚੌਲਾਂ ਦੀ ਕੇਂਦਰੀ ਖਰੀਦ ਕੀਮਤਾਂ 'ਚ ਲੋੜੀਂਦਾ ਵਾਧੇ 'ਤੇ ਕਿਸਾਨ ਧਿਆਨ ਦੇ ਰਹੇ ਹਨ ਅਤੇ 2007-08 'ਚ ਅਨਾਜਾਂ ਦੀ ਪੈਦਾਵਾਰ 'ਚ, ਹਾਲਾਂਕਿ ਇਹ ਕਾਫੀ ਨਹੀਂ ਹੈ। ਥੋੜ੍ਹਾ ਸੁਧਾਰ ਹੋਇਆ ਹੈ।

# ਦੂਜਾ ਹਰਾ ਇਨਕਲਾਬ ਕੀ ਗੁਲ ਖਿਲਾਵੇਗਾ?

ਦੂਜੇ ਹਰੇ ਇਨਕਲਾਬ ਨੂੰ ਉਸ ਸਮੇਂ ਲਿਆਂਦਾ ਜਾ ਰਿਹਾ ਹੈ ਜਦ ਪਹਿਲੀ ਕ੍ਰਾਂਤੀ ਦੇ ਬੁਰੀ ਤਰ੍ਹਾਂ ਫੇਲ੍ਹ ਹੋ ਜਾਣ ਦੇ ਸਪੱਸ਼ਟ ਚਿੰਨ੍ਹ ਦਿਸਣ ਲੱਗੇ ਹਨ। ਪਹਿਲੇ ਹਰੇ ਇਨਕਲਾਬ ਨੇ ਕੁਦਰਤੀ ਸਰੋਤਾਂ ਨੂੰ ਸਮਾਪਤ ਕਰ ਦਿੱਤਾ। ਉਹਨਾਂ ਖੇਤਰਾਂ ਲਈ ਤਾਂ ਇਹ ਗੱਲ ਪੂਰੀ ਤਰ੍ਹਾਂ ਲਾਗੂ ਹੁੰਦੀ ਹੈ ਜਿਥੇ ਚੰਗੀ ਤਰ੍ਹਾਂ ਹਰੇ ਇਨਕਲਾਬ ਨੂੰ ਅੰਜ਼ਾਮ ਦਿੱਤਾ ਗਿਆ। ਹਰੇ ਇਨਕਲਾਬ ਦੇ ਖੇਤਰ ਵਿਚ ਤਾਂ ਇਹ ਅਸਰ ਕਿਸਾਨਾਂ ਦੀ ਮੌਤ ਵਜੋਂ ਦਿਖਾਈ ਦੇ ਰਿਹਾ ਹੈ ਜਦ ਕਿ ਉਸ ਦੇ ਵੱਖ-ਵੱਖ ਅਸਰ ਪੂਰੇ ਇਲਾਕੇ 'ਚ ਜਿਵੇਂ ਵਾਤਾਵਰਣ ਆਦਿ ਵਜੋਂ ਵਿਖਾਈ ਦਿੰਦੇ ਹਨ। ਅੱਜ ਹਾਲਾਤ ਇਹ ਹਨ ਕਿ ਧਰਤੀ ਸਾਹ ਲੈਣ ਲਈ ਤਰਸ ਰਹੀ ਹੈ। ਪੈਦਾਵਾਰ ਲਗਾਤਾਰ ਘੱਟ ਹੁੰਦੀ ਜਾ ਰਹੀ ਹੈ। ਛੋਟੇ ਕਿਸਾਨ ਖੇਤੀ ਤੋਂ ਬੇਦਖਲ ਹੁੰਦੇ ਜਾ ਰਹੇ ਹਨ। ਹਰੇ ਇਨਕਲਾਬ ਲਈ ਵਿਦੇਸ਼ੀ ਮਾਡਲ ਦੀ ਤਕਨੀਕ ਤੇ ਖੇਤੀ ਲਿਆਉਣ ਦੇ ਕਾਰਣ ਹੋਇਆ ਹੈ। ਖੇਤੀ ਸੰਕਟ ਨੂੰ ਡੂੰਘਾਈ ਨਾਲ ਸਮਝੇ ਬਿਨਾਂ ਹੀ ਦੂਜੇ ਹਰੇ ਇਨਕਲਾਬ ਦਾ ਨਾਹਰਾ ਦੇਣ ਨਾਲ ਭਾਰਤ ਨੇ ਪਹਿਲਾਂ ਕੰਮ ਤਾਂ ਇਹ ਕੀਤਾ ਕਿ ਅਮਰੀਕਾ ਨਾਲ ਖੇਤੀ 'ਚ ਖੋਜ ਤੇ ਸਿਖਿਆ ਦੇ ਖੇਤਰ ਵਿਚ ਨਾਲ-ਨਾਲ ਕੰਮ ਕਰਨ ਲਈ 1000 ਕਰੋੜ ਰੁਪਏ ਦਾ ਇਕ ਸਮਝੌਤਾ ਕਰ ਲਿਆ। ਇਸ ਦਾ ਸਿੱਧਾ ਅਸਰ ਇਹ ਹੋਵੇਗਾ ਕਿ ਭਾਰਤੀ ਖੇਤੀ ਅਮਰੀਕਾ ਦੇ ਵੱਡੇ ਵਪਾਰਕ ਘਰਾਣਿਆ ਦੇ ਕੰਟਰੋਲ ਵਿਚ ਆ ਜਾਵੇਗੀ। ਮੋਟੇ ਤੌਰ 'ਤੇ ਇਹ ਕਿਹਾ ਜਾ ਸਕਦਾ ਹੈ ਕਿ ਪਹਿਲੇ ਹਰੇ ਇਨਕਲਾਬ ਨੇ ਭਾਰਤੀ ਖੇਤੀ 'ਚ ਰਸਾਇਣਕ ਖਾਦ, ਹਾਈਬ੍ਰਿਡ ਬੀਜ ਤੇ ਕੀਟਨਾਸ਼ਕ ਜਿਸ ਨੂੰ ਅੰਗਰੇਜੀ 'ਚ ਲੈਂਡ ਗ੍ਰਾਂਡ ਸਿਸਟਮ ਕਿਹਾ ਜਾਂਦਾ ਹੈ, ਸ਼ਾਮਲ ਕੀਤਾ ਤਾਂ ਹੁਣ ਦੂਜਾ ਇਨਕਲਾਬ ਅਮਰੀਕੀ ਖੇਤੀ ਵਪਾਰ ਦੇ ਹਿੱਤਾਂ ਦੀ ਦਿਸ਼ਾ ਵਿਚ ਖੜ੍ਹੀ ਕੀਤੀ ਜਾ ਰਹੀ ਹੈ। 2005 'ਚ ਮਨਮੋਹਨ ਸਿੰਘ ਨੇ ਅਮਰੀਕਾ 'ਚ ਕਿਹਾ ਕਿ ਭਾਰਤ ਦੀ ਪਹਿਲੀ ਹਰੀ ਕ੍ਰਾਂਤੀ ਨੇ ਲੱਖਾਂ ਲੋਕਾਂ ਨੂੰ ਗਰੀਬੀ ਤੋਂ ਉਪਰ ਉਠਾ ਦਿੱਤਾ ਅਤੇ ਮੈਂ ਹੁਣ ਇਸ ਲਈ ਖੁਸ਼ ਹਾਂ ਕਿ ਅਮਰੀਕੀ ਰਾਸ਼ਟਰਪਤੀ ਨਾਲ ਮਿਲ ਕੇ ਭਾਰਤ 'ਚ ਦੂਜੀ ਹਰੀ ਕ੍ਰਾਂਤੀ ਲਈ ਭਾਰਤ ਤੇ ਅਮਰੀਕਾ ਨੇ ਖੇਤੀ ਦੇ ਖੇਤਰ ਵਿਚ ਸਾਂਝ ਪਾਉਣ ਦਾ ਫੈਸਲਾ ਕੀਤਾ ਹੈ। ਪਰ ਅਮਰੀਕਾ ਨਾਲ ਇਸ ਸਾਂਝ ਦੀ ਅਸਲੀਅਤ ਕੁਝ ਹੋਰ ਹੈ।

ਇਸ ਤਰ੍ਹਾਂ ਦੇ ਸਮਝੌਤੇ ਦਾ ਇਹ ਮਤਲਬ ਹੈ ਕਿ ਅਮਰੀਕਾ ਭਾਰਤ 'ਤੇ ਉਸ ਖਤਰਨਾਕ ਤੇ ਨੁਕਸਾਨਦੇਹ ਤਕਨੀਕ ਨੂੰ ਲੱਦ ਦੇਵੇਗਾ ਜਿਸ ਨੂੰ ਦੁਨੀਆਂ ਭਰ 'ਚ ਨਕਾਰਿਆ ਜਾ ਰਿਹਾ ਹੈ। ਇਹ ਖਤਰਨਾਕ ਤੇ ਨੁਕਸਾਨਦੇਹ ਤਕਨੀਕ ਪਸ਼ੂ ਤੇ ਪੌਦਿਆਂ ਦੇ ਜੀਮ ਸੋਧ ਲਈ ਵਿਕਸਤ ਕੀਤੀ ਗਈ ਹੈ। ਇਸ ਦੇ ਨਾਲ ਇਹ ਹੋਇਆ ਕਿ ਦੇਸ਼ 'ਚ ਖੇਤੀ ਖੋਜ਼ ਵਰਗੇ ਮਰ ਰਹੇ ਅਦਾਰਿਆਂ ਨੂੰ ਕੰਮ ਵੀ ਦਿੱਤਾ ਗਿਆ, ਜਿਥੋਂ ਦੇ 13000 ਵਿਗਿਆਨੀ ਵਿਹਲੇ ਬੈਠੇ ਹਨ ਕਿਉਂਕਿ ਸਰਕਾਰ ਨੇ ਉਥੇ ਪੈਸੇ ਦੇਣੇ ਬੰਦ ਕਰ ਦਿੱਤੇ ਸਨ ਅਤੇ ਉਸ ਅਦਾਰੇ 'ਤੇ ਵੀ ਸੁਆਲ ਖੜੇ ਹੋਣ ਲੱਗੇ ਸਨ। ਜ਼ਰਾ ਅਮਰੀਕਾ ਦੇ ਨਾਲ ਗਿਆਨ ਦੇ ਲੈਣ-ਦੇਣ ਦੀ ਸਾਂਝ ਦੇ ਇਕ ਹਜ਼ਾਰ ਕਰੋੜ ਦੇ ਸਮਝੌਤੇ ਦੇ ਵੇਰਵੇ 'ਤੇ ਵੀ ਇਕ ਨਜ਼ਰ ਮਾਰੀਏ। 190 ਫਸਲਾਂ ਦੀ ਜੈਵਿਕ ਖੋਜ਼

'ਤੇ ਖਰਚ ਹੋਣਗੇ ਤਾਂ 200 ਕਰੋੜ ਪਸ਼ੂ ਤੇ ਮੁਰਗੀ ਪਾਲਣ ਵਿਚ ਜੈਵਿਕ ਤਕਨੀਕ ਲਾਗੂ ਕਰਨ ਲਈ ਲਾਏ ਜਾਣਗੇ। ਪਰ ਹੈਰਾਨੀ ਦੀ ਗੱਲ ਇਹ ਹੈ ਕਿ ਭਾਰਤੀ ਖੇਤੀ ਵਿਗਿਆਨੀ ਅਮਰੀਕੀ ਵਿਗਿਆਨੀਆਂ ਦੇ ਮਤਾਹਿਤ ਜੋ ਗਿਆਨ ਹਾਸਲ ਕਰਨਗੇ। ਉਸ ਲਈ ਅਮਰੀਕੀ ਵਿਗਿਆਨੀਆਂ ਨੂੰ ਚਾਰ ਸੌ ਕਰੋੜ ਰੁਪਏ ਦਾ ਭੁਗਤਾਨ ਕਰਨਾ ਪਵੇਗਾ। ਭਾਰਤ ਤੇ ਅਮਰੀਕੀ ਗਿਆਨ ਪਹਿਲ ਨਾਂ ਦੇ ਇਸ ਸਮਝੌਤੇ ਦੀ ਦੂਜੀ ਦਿਲਚਸਪ ਗੱਲ ਇਹ ਹੈ ਕਿ ਇਸ ਨੂੰ ਲਾਗੂ ਕਰਨ ਲਈ ਜੋ ਸੰਮਤੀ ਬਣਾਈ ਗਈ ਹੈ, ਉਸ ਵਿਚ ਦੁਨੀਆਂ ਭਰ 'ਚ ਦੁਕਾਨਾਂ ਦੀ ਲੜੀ ਚਲਾਉਣ ਵਾਲੀ ਅਮਰੀਕੀ ਕੰਪਨੀ ਵਾਲ ਮਾਰਟ ਤੇ ਦੁਨੀਆਂ ਭਰ 'ਚ ਬੀਜ਼ਾਂ ਦੇ ਵਪਾਰ ਤੇ ਖੋਜ਼ ਉਪਰ ਅਜ਼ਾਰੇਦਾਰੀ ਰਖਣ ਵਾਲੀ ਅਮਰੀਕੀ ਕੰਪਨੀ ਮੌਨਸੈਂਟੋ ਦੇ ਨੁਮਾਇੰਦੇ ਬਤੌਰ ਮੈਂਬਰ ਸ਼ਾਮਲ ਹਨ। ਸਮਝੌਤੇ ਦੇ ਤਹਿਤ 200 ਕਰੋੜ ਰੁਪਏ ਖੁਰਾਕੀ ਪਦਾਰਥਾਂ ਦੀ ਗੁਣਵੰਣਤਾ ਵਧਾਉਣ, ਖੁਰਾਕੀ ਤੇ ਪੀਣ ਵਾਲੇ ਪਦਾਰਥਾਂ ਦੀ ਪੈਕਿੰਗ ਤੇ ਪ੍ਰੋਸੈਸਿੰਗ ਤੇ ਉਹਨਾਂ ਦੀ ਸਵੱਛਤਾ ਬਣਾਈ ਰੱਖਣ ਦੀ ਵਿਧੀ ਜਾਨਣ 'ਤੇ ਖਰਚ ਹੋਣਗੇ। ਇਹਨਾਂ ਗੱਲਾਂ ਦਾ ਸਿੱਧਾ-ਸਿੱਧਾ ਮਤਲਬ ਵਾਲ ਮਾਰਟ ਤੇ ਖੁਰਾਕੀ ਪਦਾਰਥ ਦੀ ਬ੍ਰਿਟਿਸ ਕੰਪਨੀ ਟੈਕਸੋ ਲਈ ਭਾਰਤ 'ਚ ਰਾਹ ਤਿਆਰ ਕਰਨਾ ਹੈ। ਮਨਮੋਹਨ ਸਿੰਘ ਸਰਕਾਰ ਦੀ ਸਭ ਵੱਡੀ ਯੋਜਨਾ ਭਾਰਤ ਨਿਰਮਾਣ ਦੀ ਹੈ ਜਿਸ ਦਾ ਤੱਤ ਇਹ ਹੈ ਕਿ ਭਾਰਤ ਦੇ ਪਿੰਡਾਂ ਤਕ ਸੜਕ, ਸੰਚਾਰ ਤੇ ਦੂਜੀ ਤਰ੍ਹਾਂ ਦੇ ਢਾਂਚੇ ਦੀ ਇਸ ਤਰ੍ਹਾਂ ਨਾਲ ਉਸਾਰੀ ਹੋ ਜਾਵੇ ਤਾਂ ਕਿ ਵੱਡੀਆਂ-ਵੱਡੀਆਂ ਕੰਪਨੀਆਂ ਇਥੇ ਆਪਣੀਆਂ ਦੁਕਾਨਾਂ ਸਜਾ ਕੇ ਦੁਨੀਆਂ ਭਰ 'ਚ ਫੈਲੀ ਕੜੀ ਨਾਲ ਉਹਨਾਂ ਨੂੰ ਜੋੜ ਸਕਣ। ਇਸ ਸਮਝੌਤੇ ਦੀ ਸਿਆਹੀ ਅਜੇ ਸੁਕੀ ਨਹੀਂ ਸੀ ਕਿ ਅਮਰੀਕੀ ਕੰਪਨੀ ਵਾਲ ਮਾਰਟ ਤੇ ਮੌਂਸੈਂਟੋ ਨੇ ਪਿਛੇ ਜਿਹੇ ਹੀ ਕਹਿ ਦਿਤਾ ਕਿ ਉਸ ਦੀ ਦਿਲਚਸਪੀ ਖੋਜ ਤੇ ਉਸ 'ਤੇ ਅਧਾਰਤ ਵਿਕਾਸ ਵਿਚ ਬਿਲਕੁਲ ਨਹੀਂ ਹੈ, ਬਲਕਿ ਉਸ ਦੀ ਅੱਖ ਭਾਰਤ 'ਚ ਆਪਣੇ ਵਪਾਰ ਨੂੰ ਵਧਾਉਣ ਦੇ ਮੌਕਿਆਂ ਉਪਰ ਲੱਗੀ ਹੋਈ ਹੈ ਜਿਹਨਾਂ ਦੀ ਉਥੇ ਅਥਾਹ ਸੰਭਾਵਨਾ ਹੈ। ਸਰਕਾਰ ਨਵੀਂ ਤਕਨੀਕ ਵਜੋਂ ਜਿਸ ਜੀਨ ਸੋਧਿਤ ਬੀ.ਟੀ ਕਾਟਨ ਦੀ ਗੱਲ ਕਰਦੀ ਹੈ ਉਹ ਆਂਧਰਾ ਪ੍ਰਦੇਸ਼ ਤੇ ਰਾਜਸਥਾਨ ਵਿਚ ਫੇਲ੍ਹ ਹੋ ਚੁੱਕੀ ਹੈ। ਸਰਕਾਰ ਖੁਦ ਵੀ ਇਸ ਨੂੰ ਮੰਨ ਚੁੱਕੀ ਹੈ। ਇਸ ਲਈ ਭਾਰਤ ਸਰਕਾਰ ਦੀ ਜੈਨੇਟਿਕ ਇੰਜਨੀਰਿੰਗ ਏਪਰਵਲ ਕੰਪਨੀ ਨੇ ਬੀ.ਟੀ ਕਾਟਨ ਦੀਆਂ ਤਿੰਨ ਕਿਸਮਾਂ ਦੀ ਦੁਬਾਰਾ ਵਰਤੋਂ ਦੀ ਇਜਾਜ਼ਤ ਨਹੀਂ ਦਿੱਤੀ। ਆਂਧਰਾ ਪ੍ਰਦੇਸ਼ ਸਰਕਾਰ ਨੇ ਬੀ.ਟੀ ਕਾਟਨ ਬੀਜ਼ਾਂ ਨਾਲ ਹੋਣ ਵਾਲੇ ਨੁਕਸਾਨ ਦੇ ਮੁਆਵਜੇ ਲਈ ਬੀਜ ਕੰਪਨੀਆਂ ਤੋਂ 1496 ਰੁਪਏ ਪ੍ਰਤੀ ਏਕੜ ਦੀ ਦਰ ਨਾਲ ਕਿਸਾਨਾਂ ਨੂੰ ਮੁਆਵਜਾ ਦੇਣ ਦੀ ਮੰਗ ਕੀਤੀ ਸੀ। ਇਹ ਕੁਲ ਰਾਸ਼ੀ 3 ਕਰੋੜ 84 ਲੱਖ ਬਣਦੀ ਹੈ। ਪਰ ਕੰਪਨੀ ਮਾਈਕੋ ਮੌਂਸੈਂਟੋ ਮੁਆਵਜਾ ਦੇਣ ਦੀ ਬਜਾਏ ਅਦਾਲਤ 'ਚ ਪਹੁੰਚ ਗਈ। ਬੀ.ਟੀ. ਕਾਟਨ ਨਾਲ ਖੇਤੀ ਫੇਲ੍ਹ ਹੋਣ ਦੀਆਂ ਖਬਰਾਂ ਲਗਾਤਾਰ ਆ ਰਹੀਆਂ ਹਨ। ਤਾਮਿਲਨਾਡੂ ਤੇ ਮੱਧ ਪ੍ਰਦੇਸ਼ 'ਚ ਤਾਂ ਕਿਸਾਨਾਂ ਨੂੰ ਇਸ ਬੀ.ਟੀ. ਕਾਟਨ ਦੀ ਵਰਤੋਂ ਨਾਲ ਰੋਣਾ ਪਿਆ ਹੈ ਕਿਉਂਕਿ ਉਥੇ ਖੇਤਾਂ 'ਚ ਬੀਜੇ ਬੀਜ਼ਾਂ ਦਾ ਵੱਡਾ ਹਿੱਸਾ ਪੁੰਗਰ ਹੀ ਨਹੀਂ ਸਕਿਆ ਹੈ। ਮੱਧ ਪ੍ਰਦੇਸ਼ ਵਿਚ ਤਾਂ ਦੋ ਲੱਖ ਏਕੜ ਖੇਤ ਇਸ ਰੂਪ 'ਚ ਪ੍ਰਭਾਵਿਤ ਹੋਏ ਹਨ ਕਿ ਪੌਂਦੇ ਤਿਆਰ ਹੋਣ ਦੇ ਨਾਲ ਹੀ ਮੁਰਝਾਉਣਾ ਸ਼ੁਰੂ ਕਰ ਦਿੰਦੇ ਹਨ। ਪਰ ਬੀਜ

ਕੰਪਨੀਆਂ ਦਾ ਇਸ ਨਾਲ ਕੋਈ ਵਾਹ-ਵਾਸਤਾ ਨਹੀਂ ਉਹ ਤਾਂ ਬਸ ਆਪਣੀ ਤਕਨੀਕ ਵੇਚ ਕੇ ਪੈਸਾ ਬਟੋਰਨ 'ਚ ਦਿਲਚਸਪੀ ਰੱਖਦੀਆਂ ਹਨ। ਦੇਸ਼ ਦੇ ਸਨਅਤਕਾਰ ਵੀ ਸਰਕਾਰ ਵਲੋਂ ਖੇਤੀ ਦੇ ਖੇਤਰ ਲਈ ਤਿਆਰ ਕੀਤੀਆਂ ਜਾ ਰਹੀਆਂ ਯੋਜਨਾਵਾਂ ਤੋਂ ਇਹ ਸੋਚ ਕੇ ਖੁਸ਼ ਹਨ ਕਿ ਦੇਸ਼ 'ਚ ਖੇਤੀ ਵਪਾਰ 'ਚ ਕਾਫੀ ਕਮਾਈ ਹੋ ਸਕਦੀ ਹੈ। ਇਸ ਲਈ ਪਿੱਕੀ ਨੇ ਵੀ ਸਰਕਾਰ 'ਤੇ ਉਦਯੋਗਾਂ ਦੇ ਅਨੁਕੂਲ ਖੇਤੀ 'ਚ ਪੈਸਾ ਲਾਉਣ ਦਾ ਇਕ ਪ੍ਰੋਗਰਾਮ ਤਿਆਰ ਕੀਤਾ। ਇਸ ਸਾਰੇ ਅਮਲ ਦੌਗਨ ਕਿਸਾਨ ਤਾਂ ਇਕ ਤਰ੍ਹਾਂ ਨਾਲ ਹਾਸ਼ੀਏ 'ਤੇ ਤਾਂ ਆ ਹੀ ਗਏ ਹਨ। ਖੇਤੀ ਖੇਤਰ 'ਚ ਸੁਧਾਰ ਇਕ ਤਰ੍ਹਾਂ ਨਾਲ ਉਹਨਾਂ ਦੇ ਸੰਕਟ ਨੂੰ ਦੂਰ ਕਰਨ ਦੇ ਮਕਸਦ ਨਾਲ ਨਹੀਂ ਬਲਕਿ ਸਨਅਤਾਂ ਦੀ ਕਮਾਈ ਵਧਾਉਣ ਦੇ ਇਰਾਦੇ ਨਾਲ ਕੀਤੇ ਜਾ ਰਹੇ ਹਨ। ਇਸ ਤਰ੍ਹਾਂ ਦੀਆਂ ਕੋਸ਼ਿਸ਼ਾਂ ਨਾਲ ਖੇਤੀ 'ਚ ਵਿਕਾਸ ਦਰ ਤਾਂ ਇਕ ਵਾਰੀ ਵੱਧ ਜਾਵੇਗੀ ਪਰ ਜ਼ਰੂਰਤ ਵਾਲੀਆਂ ਥਾਵਾਂ ਤੇ ਨਿਵੇਸ਼ ਨਾ ਹੋਣ ਕਰਕੇ ਕਿਸਾਨਾਂ ਦੇ ਸੰਕਟ ਬਣੇ ਰਹਿਣਗੇ।

ਉਦਯੋਗਾਂ ਨੂੰ ਧਿਆਨ 'ਚ ਰਖ ਕੇ ਖੇਤੀ ਦੇ ਵਿਕਾਸ ਦਾ ਮਤਲਬ ਖੇਤੀ ਸੰਕਟ ਨੂੰ ਹੋਰ ਡੂੰਘਾ ਕਰਨਾ ਹੈ। ਇਸ ਯੋਜਨਾ ਤਹਿਤ ਜਿਸ ਤਰ੍ਹਾਂ ਦੀਆਂ ਨਵੀਆਂ ਤਕਨੀਕਾਂ ਲਿਆਂਦੀਆਂ ਜਾ ਰਹੀਆਂ ਹਨ ਉਹ ਏਨੀਆਂ ਨਾਜ਼ੁਕ ਹਨ ਕਿ ਬਹੁਤ ਸਾਰੇ ਕਿਸਾਨ ਇਸ ਦੀ ਵਰਤੋਂ ਵੀ ਨਹੀਂ ਕਰ ਸਕਣਗੇ। ਖੇਤੀ ਦੇ ਅਮਲ ਦੇ ਹਰ ਪੜਾਅ ਦੀ ਨਾਪ ਤੋਲ ਕਰਨ ਦੀ ਤਕਨੀਕ ਵਿਕਸਤ ਹੋਈ ਹੈ ਜਿਸ ਨੂੰ ਅੰਗਰੇਜੀ 'ਚ ਪ੍ਰਿਸਿਜਨ ਫਾਰਮਿੰਗ ਕਹਿੰਦੇ ਹਨ। ਉਹ ਤਾਂ ਭਾਰਤ ਦੇ ਸਮਾਜਕ ਪੱਧਰ ਲਈ ਬਿਲਕੁਲ ਵਿਹਾਰਕ ਨਹੀਂ ਹੈ। ਪਰ ਸਰਕਾਰ ਨੇ ਬਜਟ 'ਚ ਇਸ ਦੇ ਲਈ ਰਾਸ਼ੀ ਰਖਣੀ ਸ਼ੁਰੂ ਕਰ ਦਿੱਤੀ ਹੈ। ਖੇਤੀ ਪੈਦਾਵਾਰ ਬਾਜ਼ਾਰ ਸੰਮਤੀਆਂ ਦੇ ਕਾਨੂੰਨ 'ਚ ਹੇਰਾਫੇਰੀ ਕਰਕੇ ਨਿਜੀ ਕੰਪਨੀਆਂ ਦੇ ਖੇਤੀ ਮੰਡੀ 'ਚ ਦਾਖਲੇ ਨੂੰ ਯਕੀਨੀ ਬਣਾ ਦਿੱਤਾ ਹੈ ਤਾਂ ਦੂਜੇ ਪਾਸੇ ਖੇਤੀ ਵਸਤਾਂ 'ਚ ਹਵਾਲਾ ਵਪਾਰ ਨੂੰ ਹੱਲਾਸ਼ੇਰੀ ਦੇਣੀ ਸ਼ੁਰੂ ਕਰ ਦਿੱਤੀ ਹੈ ਜਿਸ ਨਾਲ ਨਵੇਂ ਵਿਚੋਲਿਆਂ ਦੇ ਆਉਣ ਲਈ ਰਾਹ ਪੱਧਰਾ ਹੋ ਗਿਆ ਹੈ। ਅਮਰੀਕਾ 'ਚ ਵੀ ਖੇਤੀ ਖੇਤਰ ਵਿਚ ਵਿਚੋਲਿਆਂ ਦੀ ਇਸ ਰੂਪ 'ਚ ਇਕ ਲੰਬੀ ਕੜੀ ਬਣ ਗਈ ਹੈ ਕਿ ਖਪਤਕਾਰ ਤਕ ਪਹੁੰਚ ਕੇ ਵਸਤ ਦੀ ਜੋ ਕੀਮਤ ਮਿਲਦੀ ਹੈ, ਉਥੋਂ ਦੇ ਕਿਸਾਨਾਂ ਨੂੰ ਉਸ ਦਾ ਸੱਤਰ ਫੀ ਸਦੀ 1990 ਤਕ ਮਿਲ ਜਾਂਦਾ ਸੀ। ਪਰ ਹੁਣ ਪ੍ਰਚੂਨ ਵਪਾਰੀਆਂ ਦੇ ਨਾਲ ਵੱਖ-ਵੱਖ ਤਰ੍ਹਾਂ ਦੇ ਪ੍ਰਮਾਣ-ਪੱਤਰਾਂ ਨੂੰ ਦੇਣ ਵਾਲੀਆਂ ਏਜੰਸੀਆਂ, ਪੈਕਿੰਗ, ਪ੍ਰੋਸੈਸਿੰਗ, ਕਵਾਲਟੀ ਕੰਟਰੋਲ ਆਦਿ ਵਜੋਂ ਹਿਸੇਦਾਰੀ ਦੀ ਏਨੀ ਲੰਬੀ ਕੜੀ ਵਿਕਸਤ ਹੋ ਗਈ ਹੈ ਕਿ ਕਿਸਾਨਾਂ ਨੂੰ ਲਾਭ ਦਾ ਚਾਰ ਫੀ ਸਦੀ ਹਿੱਸਾ ਹੀ ਹਾਸ਼ਲ ਹੁੰਦਾ ਹੈ। ਕੈਨੇਡਾ ਦੀ ਕੌਮੀ ਫਾਰਮਰ ਯੂਨੀਅਨ ਨੇ ਪਿਛੇ ਜਿਹੇ ਹੀ ਇਕ ਅਧਿਐਨ ਕੀਤਾ ਹੈ ਕਿ ਉਹਨਾਂ ਦੇ ਦੇਸ਼ 'ਚ ਖੇਤੀ ਵਸਤਾਂ ਦੇ ਪੱਧਰ ਵੱਡੀ ਪ੍ਰਚੂਨ ਵਿਕਰੀ ਕੰਪਨੀਆਂ ਦੇ ਮੁਨਾਫੇ 'ਚ ਤਾਂ ਕਈ ਗੁਣਾ ਵਾਧਾ ਹੋ ਗਿਆ ਹੈ ਜਦ ਕਿ ਕਿਸਾਨਾਂ ਨੂੰ ਲਗਾਤਾਰ ਘਾਟਾ ਹੋ ਰਿਹਾ ਹੈ। ਇਹੀ ਮਾਡਲ ਭਾਰਤ 'ਚ ਵੀ ਲਿਆਂਦਾ ਜਾ ਰਿਹੈ। ਭਾਰਤ 'ਚ 2005-06 ਦੇ ਆਰਥਕ ਸਰਵੇਖਣ 'ਚ ਇਸ 'ਤੇ ਜ਼ੋਰ ਦਿੰਤਾ ਗਿਆ ਹੈ ਕਿ ਦੇਸ਼ 'ਚ ਘੱਟੋਂ-ਘੱਟ ਸਹਾਇਕ ਮੁੱਲ ਵੀ ਵਿਵਸਥਾ ਨੂੰ ਖਤਮ ਕਰ ਦਿੱਤਾ ਜਾਵੇ। ਇਸ ਨਾਲ ਅਨਾਜ ਦੇ ਵਪਾਰੀ ਕਿਸਾਨਾਂ ਤੋਂ ਸਿੱਧੀ

ਖਰੀਦਦਾਰੀ ਕਰ ਸਕਣਗੇ। ਇਸ ਦਾ ਸਿੱਧਾ ਮਤਲਬ ਇਹ ਹੈ ਕਿ ਖਰਾਬ ਮੌਨਸੂਨ ਵਾਗੂੰ ਬਾਜ਼ਾਰ ਦੀ ਹੇਰਾਫੇਰੀ ਨਾਲ ਵੀ ਕਿਸਾਨ ਅਸਰ ਅੰਦਾਜ਼ ਹੋਣਗੇ। ਦੇਸ਼ 'ਚ ਖੇਤੀ ਵਪਾਰ ਦੀ ਰਣਨੀਤੀ ਤਿਆਰ ਕਰਨ ਲਈ 90 ਕਰੋੜ ਰੁਪਏ ਰੱਖੇ ਗਏ ਹਨ। ਇਹ ਇਸ ਨਾਂ ਹੇਠ ਕੀਤਾ ਜਾ ਰਿਹੈ ਕਿ ਇਹ ਬਾਜ਼ਾਰ 'ਚ ਕੀਮਤਾਂ ਦੇ ਉਤਰਾਅ-ਚੜ੍ਹਾਅ ਦੀ ਹੇਰਾਫੇਰੀ ਨੂੰ ਰੋਕਣ ਤੇ ਵਸਤਾਂ ਨੂੰ ਵਧਾਉਣ 'ਚ ਮਦਦਗਾਰ ਹੋਵੇਗੀ। ਸਰਕਾਰ ਵੱਡੇ ਪੈਮਾਨੇ 'ਤੇ ਠੇਕੇ ਉਪਰ ਖੇਤੀ ਕਰਾਉਣ ਦੀ ਯੋਜਨਾ ਨੂੰ ਲਾਗੂ ਕਰਨਾ ਚਾਹੁੰਦੀ ਹੈ। ਪਰ ਦੂਜੇ ਦੇਸ਼ਾਂ ਮਸਲਿਨ ਫਿਲੀਪੀਨਜ਼, ਜਿੰਵਾਬੇ, ਅਰਜਨਟਾਈਨਾ ਤੇ ਮੈਕਸੀਕੋ 'ਚ ਠੇਕੇ 'ਤੇ ਖੇਤੀ ਦਾ ਤਜ਼ਰਬਾ ਬੁਰੀ ਤਰ੍ਹਾਂ ਫੇਲ੍ਹ ਹੋ ਚੁਕਿਆ ਹੈ। ਉਥੇ ਇਸ ਨਾਲ ਏਨੇ ਜ਼ਿਆਦਾ ਨੁਕਸਾਨ ਹੋ ਚੁੱਕੇ ਹਨ ਕਿ ਨੇੜੇ ਭਵਿੱਖ 'ਚ ਉਸ ਦੀ ਪੂਰਤੀ ਸੰਭਵ ਨਹੀਂ ਹੈ। ਠੇਕੇ 'ਤੇ ਖੇਤੀ ਕਰਨ ਵਾਲੀਆਂ ਕੰਪਨੀਆਂ ਮਸ਼ੀਨ ਵਾਗੂੰ ਧਰਤੀ ਦੀ ਦੁਰ ਵਰਤੋਂ ਕਰਦੀਆਂ ਹਨ ਕਿ ਉਹਨਾਂ ਨੂੰ ਕੱਲ ਦੇ ਸਮਾਜਕ ਤੇ ਦੂਜੀ ਤਰ੍ਹਾਂ ਦੇ ਨੁਕਸਾਨ ਦੀ ਪ੍ਰਵਾਹ ਨਹੀਂ ਹੁੰਦੀ ਹੈ। ਵੱਧ ਤੋਂ ਵੱਧ ਪੈਦਾਵਾਰ ਲੈਣ ਲਈ ਉਹ ਹਰ ਸੰਭਵ ਕੋਸ਼ਿਸ਼ ਕਰਦੀ ਹੈ। ਇਸ ਖਾਤਰ ਧਰਤੀ 'ਚ ਵੱਧ ਤੋਂ ਵੱਧ ਰਾਸਇਣਕ ਖਾਦਾਂ ਦੀ ਵਰਤੋਂ ਤੇ ਪਾਣੀ ਦੀ ਬੇਹੱਦ ਦੁਰਵਰਤੋਂ ਸ਼ਾਮਲ ਹੈ। ਸਿੱਟੇ ਵਜੋਂ ਭੂਮੀ ਦੀ ਉਪਜਾਊ ਸ਼ਕਤੀ ਨਸ਼ਟ ਹੋ ਜਾਂਦੀ ਹੈ ਤੇ ਠੇਕੇ 'ਤੇ ਜ਼ਮੀਨ ਲੈਣ ਵਾਲੀਆਂ ਕੰਪਨੀਆਂ ਉਸ ਨੂੰ ਬੰਜਰ ਬਣਾ ਕੇ ਦੂਜੀ ਜ਼ਮੀਨ ਦੀ ਭਾਲ 'ਚ ਲੱਗ ਜਾਂਦੀਆਂ ਹਨ।

ਇਸ ਦਾ ਮੁਕਾਬਲਾ ਆਦੀਵਾਸੀਆਂ ਵਲੋਂ ਕੀਤੀ ਜਾਣ ਵਾਲੀ ਝੂਮ ਖੇਤੀ ਨਾਲ ਕੀਤਾ ਜਾਂਦਾ ਹੈ। ਪਹਿਲਾਂ ਦੀ ਏਨੀ ਲੁੱਟ-ਘਸੁੱਟ ਹੁੰਦੀ ਹੈ ਕਿ ਪਿਛੋਂ ਇਲਾਕੇ 'ਚ ਪਾਣੀ ਦਾ ਸੰਕਟ ਖੜ੍ਹਾ ਹੋ ਜਾਂਦਾ ਹੈ। ਖੇਤੀ ਵਪਾਰ ਕਰਨ ਵਾਲੀਆਂ ਕੰਪਨੀਆਂ ਅਸਲ 'ਚ ਕਿਸਾਨਾਂ ਨਾਲ ਨਫ਼ਰਤ ਕਰਦੀਆਂ ਹਨ ਉਹ ਉਹਨਾਂ ਨਾਲ ਮਿਲ ਕੇ ਕੰਮ ਨਹੀਂ ਕਰਦੀਆਂ, ਇਥੋਂ ਤਕ ਕਿ ਅਮਰੀਕਾ 'ਤੇ ਯੂਰਪ 'ਚ ਤਾਂ ਕਿਸਾਨਾਂ ਨੂੰ ਕੰਪਨੀਆਂ ਨੇ ਖੇਤੀ ਤੋਂ ਬਾਹਰ ਹੀ ਕਰ ਦਿੱਤਾ ਹੈ। ਅਮਰੀਕੀ 'ਚ ਸਿਰਫ 900 ਪ੍ਰੀਵਾਰ ਹੀ ਹੁਣ ਖੇਤੀ ਕਰਦੇ ਹਨ। ਯੂਰਪ ਦੇ 15 ਦੇਸ਼ਾਂ 'ਚ ਸਿਰਫ 70 ਲੱਖ ਕਿਸਾਨ ਬਚੇ ਹਨ। ਇਸ ਤਰ੍ਹਾਂ ਦੇ ਖੇਤੀ ਮਾਡਲ ਦਾ ਸਾਫ ਸੁਨੇਹਾ ਇਹ ਹੈ ਕਿ ਖੇਤੀ 'ਚੋਂ ਕਿਸਾਨਾਂ ਨੂੰ ਕੱਢਿਆ ਜਾਵੇ। ਭਾਰਤ 'ਚ ਖੇਤੀ ਸੰਕਟ ਦਾ ਇਲਾਜ ਇਸ ਤਰ੍ਹਾਂ ਕੀਤਾ ਜਾ ਰਿਹਾ ਹੈ। ਇਸ ਨਾਲ ਭੁਖਮਰੀ ਤੇ ਅਨਾਜ ਅਸੁਰਖਿਆ ਵਧੇਗੀ। ਪਰ ਦੁਨੀਆਂ ਭਰ 'ਚ ਖੇਤੀ ਦੇ ਇਸ ਮਾਡਲ ਦੇ ਏਨੇ ਬੁਰੇ ਨਤੀਜੇ ਨਿਕਲਣ ਦੇ ਬਾਵਜੂਦ ਦੇਸ਼ ਦੇ ਨੀਤੀ ਘਾੜਿਆਂ 'ਤੇ ਇਸ ਦਾ ਕੋਈ ਅਸਰ ਨਹੀਂ ਹੈ। ਸੰਸਾਰ ਬੈਂਕ ਨੇ ਵਪਾਰਕ ਖੇਤੀ ਪਿਛੇ ਤਾਕਤ ਲਾਈ ਹੋਈ ਹੈ। ਪਰ ਇਹ ਵਾਤਾਵਰਣ ਲਈ ਵੀ ਨੁਕਸਾਨਦੇਹ ਹੈ। ਉਪਜਾਓ ਸ਼ਕਤੀ ਵੀ ਘਟਦੀ ਗਈ। ਹੁਣ ਦੂਜੀ ਹਰੀ ਕ੍ਰਾਂਤੀ ਦੇ ਇਸ ਤੋਂ ਵੱਧ ਨੁਕਸਾਨ ਹੋਣਗੇ।

# ਗਰੀਬ ਕਿਸਾਨ ਬਨਾਮ ਮੀਡੀਆ ਦੀ ਬੇਰੁਖੀ

ਸਾਡੇ ਦੇਸ਼ ਦਾ ਕਿਸਾਨ ਤੇ ਖੇਤੀ ਦੁਨੀਆਂ ਅੱਜ ਚੌਤਰਫਾ ਸੰਕਟ 'ਚ ਜਕੜੀ ਹੋਈ ਹੈ। ਪਰ ਖਬਰਾਂ ਦੀ ਦੁਨੀਆਂ ਦੇ ਬਾਦਸ਼ਾਹਾਂ ਤੇ ਉਹਨਾਂ ਦੇ ਚਾਕਰ ਪ੍ਰਤਕਾਰਾਂ ਨੂੰ ਕਿਸਾਨਾਂ ਦੀਆਂ ਸਮਸਿਆਵਾਂ ਨਜ਼ਰ ਨਹੀਂ ਆਉਂਦੀਆਂ। ਜਿਸ ਸਮੇਂ ਅਖਬਾਰ ਤੇ ਟੀ.ਵੀ. ਮੁਠੀ ਭਰ ਅਮੀਰਜ਼ਾਦਿਆਂ ਦੀ 'ਇੰਡੀਆ ਸ਼ਾਈਨਿੰਗ' ਤੇ 'ਫੀਲ ਗੁੱਡ' ਨਾਲ ਮਸਤ ਹਨ, ਉਸੇ ਦੌਰਾਨ ਕਰਜੇ 'ਚ ਦੱਬੇ, ਮੁਸੀਬਤ ਦੇ ਮਾਰੇ ਡੇਢ ਲੱਖ ਕਿਸਾਨਾਂ ਨੇ ਆਤਮ ਹੱਤਿਆ ਕੀਤੀ ਸੀ। ਜਿਸ ਸਮੇਂ ਵਿਦੇਸ਼ੀ ਪੂੰਜੀ ਨਿਵੇਸ਼, ਆਰਥਕ ਵਿਕਾਸ ਦਰ, ਤੇ ਸ਼ੇਅਰ ਬਾਜ਼ਾਰ 'ਚ ਤੇਜੀ ਦੀਆਂ ਗਰਮਾ-ਗਰਮਾ ਖਬਰਾਂ ਆ ਰਹੀਆਂ ਸਨ। ਉਸ ਦੌਰਾਨ 8 ਲੱਖ ਕਿਸਾਨਾਂ ਨੇ ਖੇਤੀ ਛੱਡ ਦਿੱਤੀ ਹੈ। ਇਹੀ ਉਹ ਦੌਰ ਸੀ ਜਦ ਫੈਕਟਰੀਆਂ 'ਚ ਤਾਲਾਬੰਦੀ ਤੇ ਛਾਂਟੀ ਕਾਰਨ ਲੱਖਾਂ ਮਜ਼ਦੂਰਾਂ ਦੀ ਰੋਟੀ-ਰੋਜ਼ੀ ਖੁੱਸ ਗਈ। ਉਹ ਬਾਲ ਬੱਚਿਆਂ ਸਮੇਤ ਦਰ-ਦਰ ਦੀਆਂ ਠੋਕਰਾਂ ਖਾਣ ਲਈ ਛੱਡ ਦਿਤੇ ਗਏ। ਅਖਬਾਰ ਨਵੀਸਾਂ ਨੇ ਇਸ ਦਾ ਨੋਟਿਸ ਨਹੀਂ ਲਿਆ ਤੇ ਆਪਣੇ ਰੁਜ਼ਗਾਰ ਤੋਂ ਉਜੜੇ ਇਹਨਾਂ ਲੱਖਾਂ ਮੇਹਨਤਕਸ਼ ਪ੍ਰੀਵਾਰਾਂ ਦਾ ਹਸ਼ਰ ਕੀ ਹੋਇਆ? ਇਸ ਬੇਰੁਖੀ ਦਾ ਸਵੱਬ ਕੀ ਹੈ?

ਪਿਛਲੇ 20 ਸਾਲਾਂ 'ਚ ਮੇਹਨਤਕਸ਼ ਕਿਸਾਨਾਂ, ਮਜ਼ਦੂਰਾਂ ਤੋਂ ਸਰਕਾਰ ਤੇ ਸਮਾਚਾਰ ਮਾਧਿਅਮਾਂ ਦਾ ਜੋ ਸਰੋਕਾਰ ਸੀ ਉਹ ਲਗਭਗ ਖਤਮ ਹੋ ਗਿਆ ਹੈ। ਕਿਸੇ ਵੀ ਅਖਬਾਰ ਦੇ ਪੰਨੇ 'ਤੇ ਨਜ਼ਰ ਮਾਰੀਏ ਤੇ ਦੇਖੀਏ ਕਿ ਉਸ ਵਿਚ ਕਿਸਾਨ ਹਾੜੀ-ਸਾਉਣੀ ਫਸਲਾਂ ਦੇ ਰੋਗ, ਸਿੰਚਾਈ ਸੰਕਟ ਕਰਜ਼ਾ ਜਾਲ, ਛੋਟੀ ਹੁੰਦੀ ਜੋਤ, ਖਾਦ-ਬੀਜ ਦੀ ਕਮੀ, ਮਹਿੰਗਾਈ, ਵਧਦੀ ਲਾਗਤ, ਘਾਟੇ ਦੀ ਖੇਤੀ, ਬਿਜਲੀ ਦੀ ਕਿੱਲਤ ਵਰਗੇ ਸ਼ਬਦ ਕਿੰਨੀ ਵਾਰੀ ਵਰਤੇ ਜਾਂਦੇ ਹਨ। ਅਖਬਾਰਾਂ ਦੇ ਪੰਨਿਆਂ ਤੋਂ ਇਹ ਸ਼ਬਦ ਗਧੇ ਦੇ ਸਿੰਗਾਂ ਵਾਗੂੰ ਲਾਪਤਾ ਹਨ। ਕਿਸਾਨਾਂ ਦੀ ਚਰਚਾ ਜੇ ਕੀਤੀ ਜਾਂਦੀ ਹੈ ਤਾਂ ਅੰਦੋਲਨ, ਚੱਕਾ ਜਾਮ, ਲਾਠੀਚਾਰਜ ਜਾਂ ਆਤਮਦਾਹ ਵਰਗੀਆਂ ਸਨਸਨੀਖੇਜ਼ ਖਬਰਾਂ ਵਜੋਂ। ਪਰ ਉਸ 'ਚ ਵੀ ਗਹਿਰਾਈ ਨਾਲ ਛਾਣਬੀਣ ਕਰਕੇ ਇਹ ਦਸਣ ਦੀ ਕੋਸ਼ਿਸ਼ ਨਹੀਂ ਹੁੰਦੀ ਕਿ ਆਖਰ ਅਜਿਹਾ ਹੋਇਆ ਕਿਉਂ? ਟੀ.ਵੀ. ਵਾਲੇ ਕਿਸੇ ਟਿਊਬਵੈਲ 'ਚ ਡਿਗੇ ਬੱਚੇ ਨੂੰ ਬਚਾਉਣ ਲਈ ਜਾਂ ਬਾਜ਼ਾਂ ਦੀ ਇਕ-ਇਕ ਹਰਕਤ ਨੂੰ ਕੈਮਰੇ 'ਚ ਕੈਦ ਕਰਕੇ ਉਸ ਨੂੰ ਕਈ-ਕਈ ਦਿਨਾਂ ਤਕ ਦਿਖਾਉਣਗੇ ਤੇ ਭਰਪੂਰ ਕਮਾਈ ਕਰਨਗੇ। ਪਰ ਉਹਨਾਂ ਨੂੰ ਉਸ ਟਿਊਬਵੈਲ ਨਾਲ ਜੁੜੇ ਕਿਸਾਨਾਂ ਦਾ ਦਰਦ ਨਹੀਂ ਦਿਸੇਗਾ। ਕਿ (ਚੋਆਂ) ਪਾਣੀ ਦਾ ਪੱਧਰ ਨੀਚੇ ਜਾਣ ਤੇ ਸਰਕਾਰੀ ਸਿੰਚਾਈ ਦਾ ਇੰਤਜਾਮ ਨਾ ਹੋਣ ਕਰਕੇ ਸਬਮਰਸੀਬਲ ਪੰਪ ਲਾਉਣ 'ਤੇ ਇਸ ਇਲਾਕੇ ਦੇ ਕਿਸਾਨਾਂ ਨੂੰ ਕਿਹੜੀਆਂ ਮੁਸੀਬਤਾਂ ਦਾ ਸਾਹਮਣਾ ਕਰਨਾ ਪਿਆ ਅਤੇ ਇਸ ਇਲਾਕੇ ਦੇ ਕਿਸਾਨਾਂ ਦੀ ਲਾਗਤ ਖਰਚਾ ਕਿੰਨਾ ਵੱਧ ਗਿਆ। ਬਿਜਲੀ ਘਰ 'ਤੇ ਧਰਨਾ ਦੇਣ ਵਾਲੇ ਕਿਸਾਨਾਂ ਦੀ ਖਬਰ ਆਉਂਦੀ ਵੀ ਹੈ ਤਾਂ ਸਰਕਾਰੀ ਕੰਮ 'ਚ ਅੜਿਕਾ ਲਾਉਣ ਵਾਲੇ ਝਗੜਾਲੂਆ ਵਜੋਂ। ਇਹ ਨਹੀਂ ਦਸਿਆ ਜਾਂਦਾ ਕਿ ਬਿੱਲ ਭਰਨ ਦੇ ਬਾਵਜੂਦ ਸਹੀ ਬਿਜਲੀ ਪਿੰਡਾਂ 'ਚ ਕਿਉਂ ਨਹੀਂ ਆਉਂਦੀ। ਖੇਤਾਂ 'ਚ ਖੜੀ ਫਸਲ ਨੂੰ ਬਚਾਉਣ

ਲਈ ਜਨੇਰੇਟਰ ਜਾਂ ਟ੍ਰੈਕਟਰ ਨਾਲ ਸਿੰਚਾਈ ਕਰਨ 'ਚ ਇਲਾਕੇ ਦੇ ਕਿਸਾਨਾਂ ਨੂੰ ਕਿੰਨੇ ਕਰੋੜ ਦਾ ਡੀਜ਼ਲ ਫੂਕਣਾ ਪਿਆ। ਆਪਣੇ ਪੇਂਡੂ ਪਾਠਕਾਂ 'ਚ ਆਪਣੀ ਸ਼ਾਖ ਬਚਾਉਣ ਲਈ ਇਲਾਕਾਈ ਅਖਬਾਰਾਂ ਵਿਚ ਤਾਂ ਕਦੇ ਨਾ ਕਦੇ ਕੋਈ ਖਬਰ ਛਪ ਹੀ ਜਾਂਦੀ ਹੈ ਚਾਹੇ ਤੋੜ-ਮਰੋੜ ਕੇ ਹੀ ਸਹੀ। ਪਰ ਕੌਮੀ ਪੱਧਰ ਦੇ ਜ਼ਿਆਦਾਤਰ ਅਖਬਾਰਾਂ ਤੇ ਟੀ.ਵੀ ਚੈਨਲਾਂ 'ਚੋਂ ਤਾਂ ਕਿਸਾਨ ਮਜ਼ਦੂਰਾਂ ਨੂੰ ਕੱਢ ਕੇ ਬਾਹਰ ਮਾਰਿਆ ਗਿਆ ਹੈ। ਅੱਜ ਖਬਰ ਦਾ ਅਰਥ ਬਦਲ ਗਿਆ ਹੈ। ਅਖਬਾਰਾਂ 'ਚ ਦੇਸੀ-ਵਿਦੇਸ਼ੀਆਂ ਕੰਪਨੀਆਂ ਦੇ ਮਾਲ ਦੀ ਇਸ਼ਤਿਹਾਰਬਾਜ਼ੀ ਕਰਕੇ ਵੱਧ ਤੋਂ ਵੱਧ ਕਮਾਈ ਕਰਨ ਦੀ ਹੋੜ ਲੱਗੀ ਹੋਈ ਹੈ। ਜ਼ਾਹਿਰ ਹੈ ਕਿ ਜੋ ਇਸ਼ਤਿਹਾਰ ਦਿੰਦੇ ਹਨ ਉਹਨਾਂ ਦੇ ਹੱਥਾਂ 'ਚ ਸਮਾਚਾਰ ਮਾਧਿਅਮਾਂ ਦੀ ਨਕੇਲ ਹੋਵੇਗੀ। ਉਹਨਾਂ ਦੇ ਮਾਲਾਂ ਨੂੰ ਖਰੀਦਣ ਵਾਲੇ ਜਿਹੋ ਜਿਹੀਆਂ ਖਬਰਾਂ ਪਸੰਦ ਕਰਨਗੇ, ਉਹੀ ਅਖਬਾਰ 'ਚ ਛਪਣਗੀਆਂ ਅਤੇ ਉਸ ਨੂੰ ਹੀ ਟੀ.ਵੀ. 'ਤੇ ਵਿਖਾਇਆ ਜਾਵੇਗਾ। ਕਿਉਂਕਿ ਅਜੇਹੇ ਗਾਹਕਾਂ ਵਿਚ ਸ਼ਹਿਰੀ ਮੱਧ ਵਰਗ ਦੇ ਲੋਕ ਵੱਧ ਹਨ, ਇਸ ਲਈ ਉਹਨਾਂ ਦੀ ਪਸੰਦ ਦੇ ਇਸਤਿਹਾਰ ਨਾਲ ਖਬਰਾਂ ਨੂੰ ਛਾਪਿਆ ਅਤੇ ਵਿਖਾਇਆ ਜਾਵੇਗਾ। ਕਿਸਾਨਾਂ ਦੀਆਂ ਸਮਸਿਆਵਾਂ ਨੂੰ ਗੰਭੀਰਤਾ ਨਾਲ ਸਾਹਮਣੇ ਲਿਆਉਣ ਵਾਲੇ ਇਕ ਪੱਤਰਕਾਰ ਪੀ.ਸਾਈਂ ਦਾਸ ਨੇ ਦੋ ਸਾਲ ਪਹਿਲਾਂ ਲਿਖਿਆ ਸੀ ਕਿ ਮੁੰਬਈ 'ਚ ਜਦ ਲੈਕਮੈ ਫੈਸ਼ਨ ਹਫਤਾ ਮਨਾਇਆ ਗਿਆ ਤਾਂ ਉਸ ਦੀ ਖਬਰ ਲੈਣ ਪਹੁੰਚੇ ਇਕ ਹਜ਼ਾਰ ਤੋਂ ਵੀ ਵੱਧ ਪੱਤਰਕਾਰ ਉਥੇ ਆਪਸ 'ਚ ਧੱਕਾ-ਮੁੱਕੀ ਕਰ ਰਹੇ ਸਨ। ਉਸ ਸਮੇਂ ਮਹਾਂਰਾਸ਼ਟਰ ਦੇ ਕਪਾਹ ਉਗਾਉਣ ਵਾਲੇ ਕਿਸਾਨਾਂ ਦੀ ਦੁਰਦਸ਼ਾ ਦਾ ਪਤਾ ਲੈਣ ਨਹੀਂ ਬਲਕਿ ਪ੍ਰਧਾਨ ਮੰਤਰੀ ਦੇ ਵਿਦਰਭ ਦੌਰੇ ਦੀ ਖਬਰ ਲੈਣ ਲਈ। ਜਦ ਵਿਦਰਭ 'ਚ ਰੋਜ਼ਾਨਾ ਕਰੀਬ ਛੇ ਕਿਸਾਨ ਆਤਮ ਹੱਤਿਆ ਕਰ ਰਹੇ ਸਨ। ਉਹਨਾਂ ਦੀ ਦਰਦਨਾਕ ਮੌਤ ਦੀਆਂ ਖਬਰਾਂ ਨੂੰ ਫੈਸ਼ਨ ਹਫਤੇ ਅਤੇ ਕ੍ਰਿਕਟ ਮੈਚ ਦੇ ਸ਼ੋਰ ਵਿਚ ਡਬੋ ਦਿੱਤਾ ਗਿਆ। ਸੱਚ ਤਾਂ ਇਹ ਹੈ ਕਿ ਇਸ ਦੇਸ਼ ਦੇ ਮੀਡੀਆ ਨੇ 20 ਰੁਪਏ ਰੋਜ਼ਾਨਾ 'ਤੇ ਗੁਜ਼ਾਰਾ ਕਰਨ ਵਾਲੇ 83.6 ਕਰੋੜ ਅਬਾਦੀ ਲਈ ਆਪਣੇ ਦਰਵਾਜੇ ਬੰਦ ਕਰ ਲਏ ਹਨ। ਸ਼ੇਅਰ ਬਾਜ਼ਾਰ ਦੇ ਹਰ ਉਤਰਾਅ-ਚੜ੍ਹਾਅ 'ਤੇ ਮੀਡੀਆ ਦੀ ਨਜ਼ਰ ਹੁੰਦੀ ਹੈ। ਸ਼ੇਅਰਾਂ ਦੇ ਤਾਜ਼ਾ ਬਾਜ਼ਾਰ ਭਾਅ ਦੀ ਪੂਰੀ ਵਿਆਖਿਆ ਛਪਦੀ ਹੈ। ਪਰ ਹੜ੍ਹ ਤੇ ਸੋਕੇ ਦੀ ਮਾਰ ਹੇਠ ਆ ਕੇ ਆਪਣੀ ਰੋਟੀ-ਰੋਜ਼ੀ ਤੋਂ ਹੱਥ ਧੋ ਬੈਠੇ ਲੱਖਾਂ ਕਿਸਾਨਾਂ ਦੀ ਚਰਚਾ ਅਖਬਾਰ ਦੇ ਕਿਸੇ ਕੋਨੇ 'ਚ ਚਲਦਿਆਂ-ਚਲਦਿਆਂ ਕਰ ਦਿੱਤੀ ਜਾਂਦੀ ਹੈ। ਉਹਨਾਂ ਨੂੰ ਖਾਸ ਖਬਰ ਨਹੀਂ ਬਣਾਇਆ ਜਾਂਦਾ। ਅਮਿਤਾਭ ਬਚਨ ਦੇ ਤਿਲਕ ਕੇ ਡਿੱਗਣ ਜਾਂ ਉਹਨਾਂ ਦੇ ਬੇਟੇ ਦੇ ਵਿਆਹ ਨੂੰ ਬਿਹਾਰ ਦੇ ਲੱਖਾਂ ਪੀੜਤ ਕਿਸਾਨਾਂ ਤੋਂ ਕਿਤੇ ਵੱਧ ਅਹਿਮੀਅਤ ਦਿਤੀ ਗਈ। ਕਿਸ ਘਟਨਾ ਨੂੰ ਅਹਿਮੀਅਤ ਦਿਤੀ ਜਾਂਦੀ ਹੈ, ਇਸ ਘਟਨਾ ਨੂੰ ਕਿੰਨੀ ਅਹਿਮੀਅਤ ਦਿਤੀ ਜਾਵੇ, ਇਸ ਗੱਲ ਦਾ ਫੈਸਲਾ ਇਸ ਗੱਲ ਨੂੰ ਹੁੰਦਾ ਹੈ ਕਿ ਉਹਨਾਂ ਪਾਠਕਾਂ ਨੂੰ ਕਿਹੜੀਆਂ ਖਬਰਾਂ ਪਸੰਦ ਹਨ ਜਿਹਨਾਂ 'ਚ ਇਸ਼ਤਿਹਾਰ ਦੇਣ ਵਾਲੀਆਂ ਕੰਪਨੀਆਂ ਆਪਣੇ ਮਾਲ ਦੀ ਮਸ਼ਹੂਰੀ ਚਾਹੁੰਦੀਆਂ ਹਨ। ਇਹੀ ਕਾਰਨ ਹੈ ਕਿ ਚਟਪਈ ਮਸਾਲੇਦਾਰ ਤੇ ਸਨਸਨੀਖੇਜ਼ ਖਬਰਾਂ ਅਤੇ ਨੰਗੇ-ਅਧਨੰਗੇ ਫਿਲਮੀ ਸਿਤਾਰਿਆਂ ਦੀਆਂ ਰੰਗ-ਬਰੰਗੀਆਂ ਤਸਵੀਰਾਂ ਨਾਲ ਅਖਬਾਰ ਭਰੇ ਪਏ ਹੁੰਦੇ ਹਨ।

ਦਰਅਸਲ ਪਿਛਲੇ 20 ਸਾਲਾਂ 'ਚ ਸਮਾਚਾਰ ਮਾਧਿਅਮਾਂ ਦਾ ਕਿਰਦਾਰ ਪੂਰੀ

ਤਰ੍ਹਾਂ ਬਦਲ ਗਿਆ ਹੈ। ਖੇਤੀ ਸੰਕਟ ਦੇ ਮੁੱਦੇ ਨੂੰ ਤਰਜੀਹ ਨਾ ਦੇਣ ਦਾ ਸਿੱਧਾ ਰਿਸ਼ਤਾ ਇਸ ਬਦਲਾਅ ਨਾਲ ਹੈ। 1990 'ਚ ਸਾਡੇ ਦੇਸ਼ ਦੇ ਹਾਕਮਾਂ ਨੇ ਅਰਥਚਾਰੇ ਦੀ ਦਿਸ਼ਾ ਬਦਲ ਦਿੱਤੀ। ਉਹਨਾਂ ਨੇ ਦੇਸ਼ੀ-ਵਿਦੇਸ਼ੀ ਸ਼ਰਮਾਏਦਾਰਾਂ ਨੂੰ ਭਰਪੂਰ ਮੁਨਾਫ਼ਾ ਬਟੋਰਨ ਦੀ ਖੁਲ੍ਹ ਦਿਤੀ। ਵਿਦੇਸ਼ੀ ਕੰਪਨੀਆਂ ਨੇ ਨਵੇਂ-ਨਵੇਂ ਵਿਲਾਸਤਾ ਦੇ ਸਾਮਾਨ ਬਾਜ਼ਾਰਾਂ 'ਚ ਉਤਾਰੇ। ਕੋਕ, ਪੈਪਸੀ, ਟੀ.ਵੀ., ਮੋਬਾਈਲ, ਮੋਟਰ ਗੱਡੀਆਂ, ਮਹਿੰਗੇ ਪ੍ਰਾਈਵੇਟ ਸਕੂਲ-ਕਾਲਜ, ਚਮਕ-ਦਮਕ ਵਾਲੀਆਂ ਬਹੁ ਮੰਜ਼ਿਲੇ ਮਾਲ, ਫੈਸ਼ਨ ਤੇ ਸ਼ਿੰਗਾਰ ਦੇ ਸਾਧਨਾਂ ਦੀਆਂ ਦੁਕਾਨਾਂ, ਗਾਜਰ ਬੂਟੀ ਵਾਂਗੂੰ ਸਾਰੇ ਦੇਸ਼ 'ਚ ਫੈਲ ਗਈਆਂ। ਉਪਗ੍ਰਹਿ ਟੀ.ਵੀ ਤੇ ਦਿਨ ਰਾਤ ਚੈਨਲ ਵਾਲੇ ਟੀ.ਵੀ ਚੈਨਲਾਂ ਦੀ ਹੜ੍ਹ ਵੀ ਇਸੇ ਸਮੇਂ ਆਈ। ਅਖਬਾਰੀ ਮਾਧਿਅਮ ਤੇ ਮੁਨਾਫ਼ਾ ਖੋਰ ਦੇਸ਼ੀ-ਵਿਦੇਸ਼ੀ ਕੰਪਨੀਆਂ ਵਿਚਕਾਰ ਅਪਵਿਤਰ ਗਠਜੋੜ ਕਾਇਮ ਹੋ ਗਿਆ। ਅਖਬਾਰਾਂ ਤੇ ਟੀ.ਵੀ. ਚੈਨਲਾਂ ਨੂੰ ਬੇਸ਼ੁਮਾਰ ਇਸ਼ਤਿਹਾਰ ਮਿਲਣ ਲੱਗੇ। ਉਹਨਾਂ ਦੀ ਆਮਦਨ 'ਚ ਚੋਖਾ ਵਾਧਾ ਹੋਇਆ। ਫਿਰ ਤਾਂ ਕੁਝ ਛੱਡ ਕੇ ਪਾਤ੍ਰਿਕਾਰਿਤਾ ਦਾ ਸਿਰਫ ਇਕ ਹੀ ਮਕਸਦ ਰਹਿ ਗਿਆ, ਹਰ ਤਰ੍ਹਾਂ ਦੇ ਸਹੀ ਗਲਤ ਤਰੀਕੇ ਅਪਣਾ ਕੇ ਹਰ ਕੀਮਤ ਤੇ ਬੇਤਹਾਸ਼ਾ ਮੁਨਾਫਾ ਬਟੋਰਨਾ। 'ਅਜ਼ਾਦੀ' ਪਿਛੋਂ 30-40 ਸਾਲਾਂ ਤਕ ਪਤ੍ਰਕਾਰਿਤਾ ਨੂੰ ਇਕ ਆਦਰਸ਼ ਪੇਸ਼ਾ ਮੰਨਿਆ ਜਾਂਦਾ ਸੀ। ਸਚਾਈ ਤੇ ਨੈਤਿਕਤਾ ਦੇ ਕਠਨ ਰਾਹ 'ਤੇ ਚਲਣਾ, ਸੱਤਾ ਦੀਆਂ ਸਾਜਿਸ਼ਾਂ ਦਾ ਭਾਂਡਾ ਭੰਨਣਾ ਤੇ ਲੋਕਾਂ ਦੇ ਪੱਖ 'ਚ ਖੜਣਾ ਉਸ ਦੌਰ ਦੇ ਪ੍ਰਤਕਾਰਾਂ 'ਚ ਆਮ ਗੱਲ ਸੀ। ਹਾਲਾਂਕਿ ਉਸ ਸਮੇਂ ਵੀ ਸੱਤਾ ਦੇ ਚਾਟੂਕਾਰ ਤੇ ਲੋਭ-ਲਾਲਚੀ ਲੋਕ ਸਨ। ਪਰ ਅੱਜ ਤਾਂ ਇਸ ਪੇਸ਼ੇ ਦਾ ਕਿਰਦਾਰ ਪੂਰੀ ਤਰ੍ਹਾਂ ਹੀ ਬਦਲ ਗਿਆ ਹੈ। ਇਕ ਜਮਾਨਾ ਸੀ ਜਦ ਅਖਬਾਰਾਂ ਵਿਚ ਖੇਤੀ ਕਿਸਾਨਾਂ ਦੀ ਖਬਰ ਲਿਖਣ ਵਾਲੇ ਖਾਸ ਪ੍ਰਤਕਾਰ ਹੁੰਦੇ ਸਨ। ਇਹਨਾਂ 'ਚੋਂ ਬਹੁਤੇ ਲੋਕ ਤਾਂ ਸਰਕਾਰ ਦੀ ਖੇਤੀ ਨੀਤੀ ਤੇ ਖੇਤੀ ਦੇ ਨਵੇਂ ਤੌਰ-ਤਰੀਕੇ ਬੀਜ, ਖਾਦ, ਖੇਤੀ ਉਪਕਰਣ ਤੇ ਵਿਗਿਆਨਕ ਖੋਜ ਤੇ ਨੇਤਾਵਾਂ ਅਧਿਕਾਰੀਆਂ ਦੇ ਬਿਆਨਾਂ 'ਤੇ ਵੀ ਧਿਆਨ ਦਿੰਦੇ ਸਨ ਪਰ ਕੁਝ ਅਖਬਾਰਾਂ 'ਚ ਖੇਤੀ ਨਾਲ ਰੋਟੀ ਰੋਜ਼ੀ ਚਲਾਉਣ ਵਾਲਿਆਂ ਦੀ ਜਿੰਦਗੀ ਦੀਆਂ ਕਠਿਨਾਈਆਂ ਸੋਕਾ, ਹੜ੍ਹ, ਫਸਲਾਂ ਦੀ ਬਰਬਾਦੀ, ਸਰਕਾਰੀ ਕਰਮਚਾਰੀਆਂ ਵਲੋਂ ਭ੍ਰਿਸ਼ਟਾਚਾਰ ਤੇ ਦੂਜੀਆਂ ਸਮਸਿਆਵਾਂ ਦੀ ਖੋਜ ਖਬਰ ਵੀ ਲਈ ਜਾਂਦੀ ਸੀ। ਦੂਰਦਰਸ਼ਨ 'ਤੇ ਖੇਤੀ ਦਰਸ਼ਨ ਚੌਪਾਲ ਤੇ ਪਿੰਡ ਦੀ ਜਿੰਦਗੀ ਨਾਲ ਜੁੜੇ ਢੇਰ ਸਾਰੇ ਪ੍ਰੋਗਰਾਮ ਆਉਂਦੇ ਸਨ। ਪਰ ਅੱਜ ਕਿਸੇ ਵੀ ਅਖਬਾਰ 'ਚ ਖੇਤੀ ਕਿਸਾਨ ਦੀ ਖੋਜ ਖਬਰ ਲੈਣ ਵਾਲਾ ਪੱਤਰਕਾਰ ਲੱਭਣਾ ਮੁਸ਼ਕਿਲ ਹੈ। ਦੂਜੇ ਪਾਸੇ ਅਪਰਾਧ, ਫੈਸ਼ਨ, ਕ੍ਰਿਕਟ ਤੇ ਸਿਨੇਮਾ ਦੀਆਂ ਬਰੀਕ ਤੋਂ ਬਰੀਕ ਖਬਰਾਂ ਨੂੰ ਨਮਕ ਮਿਰਚਾਂ ਲਾ ਕੇ ਛਾਪਣ ਵਾਲਿਆਂ ਦੀ ਅੱਜ ਭਰਮਾਰ ਹੈ। ਖਬਰਾਂ ਦੀ ਦੁਨੀਆਂ ਦੀ ਇਸ ਕਾਇਆ ਪਲਟ ਪਿਛੇ ਸਾਡੇ ਦੇਸ਼ ਦੀਆਂ ਰਾਜਸੀ ਪਾਰਟੀਆਂ ਤੇ ਨੇਤਾਵਾਂ ਦੇ ਕਿਰਦਾਰ 'ਚ ਬਦਲਾਅ ਦੀ ਵੱਡੀ ਭੂਮਿਕਾ ਰਹੀ ਹੈ। ਅੱਜ ਤੋਂ 20-25 ਸਾਲ ਪਹਿਲਾਂ ਕਈ ਪਾਰਟੀਆਂ ਤੇ ਨੇਤਾ ਖੁਦ ਨੂੰ ਕਿਸਾਨਾਂ ਦਾ ਮਸੀਹਾ ਦਸਦੇ ਹਨ। ਕਿਸਾਨਾਂ ਦੀਆਂ ਸਮਸਿਆਵਾਂ ਲਈ ਉਹਨਾਂ ਨਾਲ ਮਿਲ ਕੇ ਧਰਨਾ, ਮੁਜਾਹਰਾ, ਚੱਕਾ ਜਾਮ, ਜੇਲ੍ਹ ਭਰੋ ਅੰਦੋਲਨ ਤੇ ਵੱਡੀਆਂ-ਵੱਡੀਆਂ ਰੈਲੀਆਂ ਕਰਨ ਵਾਲੀਆਂ ਪਾਰਟੀਆਂ ਤੇ ਨੇਤਾ ਅੱਜ ਦੁਰਲੱਭ ਹਨ। ਵਿਰੋਧੀ ਪਾਰਟੀ ਨਾਂ ਦੀ ਚੀਜ਼ ਅੱਜ ਭਾਰਤ 'ਚ ਕੋਈ ਨਹੀਂ ਰਹੀ। ਸਭ ਪਾਰਟੀਆਂ ਸੱਤਾ

ਸੁੱਖ ਹਾਸਲ ਕਰ ਚੁਕੀਆਂ ਹਨ। ਨੇਤਾਵਾਂ ਦਾ ਮਕਸਦ ਹੀ ਕੁਰਸੀ ਹਾਸਲ ਕਰਨਾ ਤੇ ਇਸ ਦੇ ਲਈ ਮੌਕਾ ਪ੍ਰਸ਼ਤੀ, ਜੋੜ-ਤੋੜ ਤੇ ਦਲ-ਬਦਲ ਦੇ ਨਵੇਂ-ਨਵੇਂ ਰਿਕਾਰਡ ਬਣਾਉਣਾ ਰਹਿ ਗਿਆ ਹੈ। ਅੱਜ ਅੱਧੇ ਤੋਂ ਵੱਧ ਐਮ.ਪੀ ਕਰੋੜਪਤੀ ਹਨ ਅਤੇ ਜੋ ਨਹੀਂ ਉਹ ਵੀ ਪੰਜ ਸਾਲਾਂ 'ਚ ਹੋ ਜਾਣਗੇ। ਅਜੇਹੇ 'ਚ ਕਿਸਾਨਾਂ ਦੀ ਸ਼ੁੱਧ ਲੈਣ ਵਾਲਾ ਕੌਣ ਹੋਵੇਗਾ? ਅੱਜ ਵੀ ਕਿਸਾਨਾਂ ਅੰਦੋਲਨ ਹੁੰਦੇ ਹਨ। ਵਿਸ਼ੇਸ਼ ਆਰਥਕ ਜੋਨ (ਸੇਜ) ਦੇ ਨਾਂ ਹੇਠ ਕਿਸਾਨਾਂ ਦੀ ਜ਼ਮੀਨ ਹੜੱਪਣ ਬਾਰੇ ਨੰਦੀ ਗ੍ਰਾਮ ਸਿੰਗੂਰ ਤੇ ਰਾਏਗੜ੍ਹ 'ਚ ਕਿਸਾਨਾਂ ਨੇ ਖੁਦ-ਬ-ਖੁਦ ਆਪਣੀ ਲੜਾਈ ਲੜੀ ਤੇ ਸਫਲ ਵੀ ਹੋਏ। ਪਰ ਦੇਸ਼ ਦੀਆਂ 300 ਤੋਂ ਵੀ ਵੱਧ ਥਾਵਾਂ 'ਤੇ ਜ਼ਮੀਨ ਦੀ ਲੁੱਟ-ਘਸੁੱਟ ਖਿਲਾਫ ਨੇਤਾਵਾਂ ਨੇ ਬਿਆਨਬਾਜ਼ੀ ਤੇ ਰਸਮੀ ਵਿਰੋਧ ਤੋਂ ਵੱਧ ਕੁਝ ਨਹੀਂ ਕੀਤਾ। ਇਹਨਾਂ ਅੰਦੋਲਨਾਂ ਨੂੰ ਅਖਬਾਰਾਂ ਤੇ ਟੀ.ਵੀ ਚੈਨਲਾਂ ਨੇ ਖੂਬ ਘੁਮਾਇਆ ਵੀ। ਪਰ ਇਹਨਾਂ ਸਾਰੇ ਕੇਸਾਂ 'ਚ ਅੰਦੋਲਨ, ਮੁਜਾਹਰੇ, ਲਾਠੀ, ਗੋਲੀ, ਵਰਗੀਆਂ ਘਟਨਾਵਾਂ ਤੇ ਬਿਆਨ ਬਾਜ਼ੀਆਂ ਹੀ ਖਬਰਾਂ 'ਚ ਛਾਈਆਂ ਰਹੀਆਂ। ਇਸ ਸਮਸਿਆ ਦੀ ਗਹਿਰਾਈ ਨਾਲ ਛਾਣ-ਬੀਣ ਕਰਨ ਤੇ ਸਚਾਈ ਸਾਹਮਣੇ ਲਿਆਉਣ ਦਾ ਯਤਨ ਬਹੁਤ ਘੱਟ ਵੇਖਣ ਨੂੰ ਮਿਲਿਆ।

ਅਜੇਹਾ ਨਹੀਂ ਕਿ ਅੱਜ ਲੋਕਾਂ ਦੇ ਪੱਖ 'ਚ ਲਿਖਣ-ਬੋਲਣ ਵਾਲਾ ਕੋਈ ਰਿਹਾ ਹੀ ਨਹੀਂ। ਅਜੇਹੇ ਕਈ ਅਖਬਾਰ ਹਨ ਜੋ ਖੇਤੀ ਕਿਸਾਨੀ ਦੀ ਸਮਸਿਆ ਦੀ ਖੋਜ਼ ਖਬਰ ਲੈਂਦੇ ਹਨ। ਪਰ ਅਖਬਾਰਾਂ ਦੇ ਦਫ਼ਤਰ 'ਚ ਬੈਠੇ ਪੈਸੇ ਦੇ ਪੁੱਤ ਸੰਪਾਦਕ ਅਜੇਹੀਆਂ ਰੀਪੋਟਾਂ ਨੂੰ ਰੱਦੀ ਦੀ ਟੋਕਰੀ 'ਚ ਸੁੱਟ ਦਿੰਦੇ ਹਨ। ਉਹਨਾਂ ਦੀ ਸਮਝ 'ਚ ਇਹਨਾਂ ਖਬਰਾਂ ਦਾ ਕੋਈ ਮੁੱਲ ਨਹੀਂ। ਇਸ਼ਤਿਹਾਰ ਨਾ ਬਟੋਰ ਸਕਣ ਜਾਂ ਜਿਹਨਾਂ ਨਾਲ ਉਹਨਾਂ ਦੀ ਕਮਾਈ ਨਾ ਵਧੇ। ਅੰਗਰੇਜੀ ਦੇ ਕੁਝ ਅਜੇਹੇ ਹੀ ਅਖਬਾਰ ਹਨ ਜੋ ਖੇਤੀ ਸੰਕਟ ਨੂੰ ਮੁੱਖ ਤੌਰ 'ਤੇ ਥਾਂ ਦਿੰਦੇ ਹਨ ਤੇ ਕਿਸਾਨਾਂ ਦੀਆਂ ਮੁਸ਼ਕਲਾਂ ਨੂੰ ਉਠਾਉਣ ਦੀ ਪੂਰੀ ਕੋਸ਼ਿਸ਼ ਕਰਦੇ ਹਨ ਪਰ ਉਹਨਾਂ ਦੀ ਪਹੁੰਚ ਬਹੁਤ ਘੱਟ ਲੋਕਾਂ ਤੱਕ ਹੁੰਦੀ ਹੈ। ਕਿਸਾਨਾਂ ਤਕ ਤਾਂ ਉਹ ਬਿਲਕੁਲ ਨਹੀਂ ਪਹੁੰਚ ਸਕਦੇ। 'ਕਿਸਾਨਾਂ ਦੇ ਮਸੀਹਾ' ਤੇ ਕਿਸਾਨਾਂ ਦੀ ਪਾਰਟੀ ਵਲੋਂ ਪਾਲਾ ਬਦਲਣ ਪਿਛੋਂ ਕਿਸਾਨ ਅੰਦੋਲਨ 'ਚ ਇਕ ਵਾਰ ਗਿਰਾਵਟ ਵੀ ਆਈ। ਪਰ ਫਿਰ ਕੁਝ ਚੇਤੰਨ ਕਿਸਾਨ ਤੇ ਕਿਸਾਨ ਯੂਨੀਅਨਾਂ ਆਪਣੀ ਲੜਾਈ-ਲੜਦੀਆਂ ਆ ਰਹੀਆਂ ਹਨ ਖਾਸ ਕਰਕੇ ਪੰਜਾਬ ਅੰਦਰ। ਅੱਜ ਅਖਬਾਰਾਂ 'ਚ ਸਿਨੇਮਾ, ਖੇਡ, ਵਿਲਾਸਤਾ, ਜ਼ਮੀਨ ਜਾਇਦਾਦ, ਤੰਤਰ-ਮੰਤਰ, ਵਰਤ ਤਿਉਹਾਰ, ਕੈਰੀਅਰ, ਫੈਸ਼ਨ, ਔਰਤਾਂ ਦੇ ਸਾਜ-ਸ਼ਿੰਗਾਰ ਤੇ ਕਾਰੋਬਾਰੀ ਸਿਲੇਬਸ ਆਦਿ 'ਤੇ ਵਖਰੇ ਚਾਰ-ਸਫੇ ਛਪ ਰਹੇ ਹਨ। ਉਹਨਾਂ ਦੇ ਪਾਠਕ ਖੁਸ਼ਹਾਲ ਤਬਕੇ ਦੇ 10 ਫੀ ਸਦੀ ਲੋਕ ਹਨ। ਦੂਜੇ ਪਾਸੇ 90 ਫੀ ਸਦੀ ਮੇਹਨਤਕਸ਼ ਆਬਾਦੀ ਨੂੰ ਅਖਬਾਰਾਂ ਤੋਂ ਬਾਹਰ ਧੱਕ ਦਿੱਤਾ ਜਾਂਦਾ ਹੈ। ਫਿਰ ਕੀਤਾ ਕੀ ਜਾਵੇ?

ਕਿਸਾਨਾਂ ਨੂੰ ਚਾਹੀਦਾ ਹੈ ਕਿ ਉਹ ਆਪਣਾ ਅਖਬਾਰ ਕੱਢਣ ਤਾਂ ਹੀ ਸੱਚੀ ਗੱਲ ਲੋਕਾਂ ਤਕ ਪਹੁੰਚ ਸਕੇਗੀ।

# ਸੋਕਾ ਦੀ ਰਾਜਨੀਤੀ ਬਨਾਮ ਰਾਜਨੀਤੀ ਦਾ ਸੋਕਾ

ਅਗਸਤ 2009 'ਚ ਮੌਨਸੂਨ ਦੀ ਬੇਰੁਖੀ ਕਾਰਨ ਪਏ ਸੋਕੇ ਕਰਕੇ ਫਸਲਾਂ ਸੁਕ ਰਹੀਆਂ ਸਨ, ਨਦੀਆਂ ਵੀ ਸੁਕੀਆਂ ਹੋਈਆਂ ਸਨ। ਪਣਬਿਜਲੀ ਦੀ ਪੈਦਾਵਾਰ 'ਤੇ ਇਸ ਦਾ ਕਾਫੀ ਬੁਰਾ ਅਸਰ ਪਿਆ। ਦੇਸ ਦੇ ਮੁੱਖ 81 ਜਲ ਸਰੋਤਾਂ ਦਾ ਪਾਣੀ ਉਹਨਾਂ ਦੇ ਹੇਠਲੀ ਪੱਧਰ 'ਤੇ ਸਿਮਟ ਕੇ ਰਹਿ ਗਿਆ। ਮਹਾਂਰਾਸ਼ਟਰ ਦੇ 7500 ਪਿੰਡਾਂ 'ਚ ਟੈਂਕਰ ਨਾਲ ਪਾਣੀ ਪਹੁੰਚਾਇਆ ਵੀ ਗਿਆ। ਪੂਰਾ ਭਾਰਤ ਉਦੋਂ ਸੋਕੇ ਦੀ ਮਾਰ ਹੇਠ ਰਿਹਾ। ਸੋਕੇ ਦੀ ਮਾਰ ਸਭ ਤੋਂ ਵੱਧ ਖੇਤੀ ਕਿਸਾਨੀ 'ਤੇ ਪੈਂਦੀ ਹੈ। ਧਾਨ ਦੀ ਬਿਜਾਈ ਦਾ ਰਕਬਾ 60 ਲੱਖ ਹੈਕਟੇਅਰ ਘੱਟ ਹੋ ਗਿਆ ਸੀ। ਦੇਸ਼ ਦੇ ਕੁਲ 35 ਰਾਜਾਂ ਤੇ ਕੇਂਦਰੀ ਹਕੂਮਤ ਵਾਲੇ ਸੂਬਿਆਂ ਤੋਂ 24 ਵਿਚ ਆਮ ਨਾਲੋਂ ਘੱਟ ਬਾਰਸ਼ ਹੋਈ। ਇਹਨਾਂ 'ਚੋਂ 9 ਰਾਜਾਂ ਵਿਚ 55 ਫੀ ਸਦੀ ਤੋਂ ਘੱਟ ਤੇ 11 ਰਾਜਾਂ ਵਿਚ 40 ਫੀ ਸਦੀ ਤੋਂ ਘੱਟ ਬਾਰਿਸ਼ ਹੋਈ। ਹਰ ਥਾਂ ਤ੍ਰਹਿ-ਤ੍ਰਹਿ ਮੱਚੀ ਹੋਈ ਸੀ। ਇਹ ਹੈਰਾਨੀ ਹੀ ਹੈ ਕਿ ਜਦ ਦੇਸ਼ ਦੇ ਅਨੇਕਾਂ ਹਿਸਿਆਂ ਵਿਚ ਮੌਨਸੂਨ ਕਮਜ਼ੋਰ ਪੈ ਗਈ ਸੀ, ਜਦ ਸਰਕਾਰ ਸਭ ਕੁਝ ਠੀਕ ਹੋਣ ਦਾ ਬਿਆਨ ਜਾਰੀ ਕਰ ਰਹੀ ਸੀ। ਮੌਸਮ ਵਿਭਾਗ ਤੇ ਖੇਤੀ ਵਿਭਾਗ ਨੇ ਇਸ ਸਚਾਈ ਨੂੰ ਮੰਨਣ ਦੀ ਬਜਾਏ ਇਸ ਤੇ ਮਿੱਟੀ ਪਾਉਣ ਦੀ ਕੋਸ਼ਿਸ਼ ਕੀਤੀ। ਪਹਿਲਾਂ ਮੌਸਮ ਵਿਭਾਗ ਨੇ ਸਮੇਂ ਤੋਂ ਪਹਿਲਾਂ ਮੌਨਸੂਨ ਆਉਣ ਦਾ ਐਲਾਨ ਕੀਤਾ ਤੇ ਫਿਰ ਉਸ ਦੇ ਆਮ ਵਾਂਗ ਹੋਣ ਦੀ ਰਟ ਲਾਉਂਦਾ ਰਿਹਾ। ਆਖਰਕਾਰ ਜੁਲਾਈ ਦੇ ਅੰਤ ਤੇ ਅਗਸਤ ਦੇ ਸ਼ੁਰੂ 'ਚ ਜਦ ਸੋਕੇ ਦੀਆਂ ਹਕੀਕਤਾਂ ਅੱਖਾਂ 'ਚ ਚੁੱਭਣ ਲੱਗੀਆਂ, ਤਦ ਇਹਨਾਂ ਸੰਸਥਾਵਾਂ ਨੇ ਅੱਧੇ-ਅਧੂਰੇ ਮਨ ਨਾਲ ਸੋਕੇ ਦੀ ਹਕੀਕਤ ਨੂੰ ਮੰਨਿਆ। 13 ਅਗਸਤ ਨੂੰ ਪ੍ਰਧਾਨ ਮੰਤਰੀ ਨੇ ਸੋਕੇ 'ਤੇ ਨਜ਼ਰ ਰਖਣ ਲਈ ਮੰਤਰੀ ਸਮੂਹ ਬਣਾਇਆ। ਮੌਸਮ ਵਿਭਾਗ ਨੇ ਵੀ ਇਸ ਸਾਲ ਨੂੰ ਸੋਕਾ ਗ੍ਰਸਤ ਸਾਲ ਐਲਾਨਣ ਦਾ ਮਨ ਬਣਾਇਆ। 400 ਤੋਂ ਵੱਧ ਜ਼ਿਲ੍ਹੇ (540 ਵਿਚੋਂ) ਸੋਕੇ ਦੀ ਮਾਰ ਹੇਠ ਆਏ। 11 ਸੂਬੇ ਸੋਕਾ ਗ੍ਰਸਿਤ ਐਲਾਨੇ ਗਏ। ਪਰ ਉਦੋਂ ਤਕ ਕਾਫੀ ਦੇਰ ਹੋ ਚੁਕੀ ਸੀ। ਅਰਬਾਂ ਰੁਪਏ ਦੇ ਬਜਟ ਵਾਲਾ, ਅਧੁਨਿਕ ਉਪਕਰਣਾਂ ਤੇ ਸੈਟੇਲਾਈਟ ਸਹੂਲਤਾਂ ਨਾਲ ਲੈਸ, ਮੌਸਮ ਵਿਭਾਗ ਦੀ ਪ੍ਰਸੰਗਿਕਤਾ 'ਤੇ ਤਾਂ ਸੁਆਲੀਆ ਚਿੰਨ੍ਹ ਲੱਗ ਹੀ ਗਿਆ ਹੈ। ਖੇਤੀ ਵਿਭਾਗ ਵੀ ਸ਼ੱਕ ਦੇ ਦਾਇਰੇ ਵਿਚ ਹੈ। ਸਰਕਾਰ ਨੇ ਆਖਰਕਾਰ ਸਮੇਂ ਸਿਰ ਰਾਹਤ ਕਾਰਜ ਸ਼ੁਰੂ ਕਰਨ 'ਚ ਦੇਰੀ ਕੀਤੀ ਹੀ ਕਿਉਂ? ਚੰਦ ਤੇ ਮੰਗਲ ਗ੍ਰਹਿ 'ਤੇ ਜਾਣ ਦੀ ਤਿਆਰੀ ਕਰਨ ਤੇ ਨਾਭਕੀ ਪਣ ਡੁਬੀ ਬਣਾਉਣ ਵਾਲਾ ਦੇਸ਼ ਕੀ ਸੋਕੇ ਤੇ ਹੜ੍ਹਾਂ ਦੀ ਕਰੋਪੀ ਨਾਲ ਵੀ ਲੜ ਨਹੀਂ ਸਕਦਾ? ਦੁਨੀਆਂ ਨੂੰ ਸਭ ਤੋਂ ਵੱਧ ਵਿਗਿਆਨੀ ਤੇ ਇੰਜਿਨੀਅਰ ਦੇਣ ਵਾਲਾ ਦੇਸ਼, ਕੀ ਸੋਕੇ ਤੇ ਹੜ੍ਹ ਮੂਹਰੇ ਬੇਵੱਸ ਕਿਉਂ ਹੈ?

ਦਰਅਸਲ ਸੋਕਾ ਤੇ ਹੜ੍ਹ ਆਉਂਦਿਆਂ ਹੀ ਸਾਡੇ ਦੇਸ਼ ਦੇ ਨੇਤਾਵਾਂ ਨੂੰ ਚਾਅ ਚੜ੍ਹ ਜਾਂਦਾ ਹੈ ਉਹ ਇਹਨਾਂ ਕੁਦਰਤੀ ਆਫ਼ਤਾਂ ਮੌਕੇ ਕਰੋੜਾਂ ਰੁਪਏ ਲੁਟ ਕੇ ਆਪਣੀ ਤਿਜ਼ੌਰੀ ਭਰਦੇ ਹਨ। ਇਸ ਲਈ ਇਹ 'ਕੁਦਰਤੀ ਆਫਤਾਂ' ਕਮਾਈ ਦਾ ਸੁਨਹਿਰੀ ਮੌਕਾ ਲੈ ਕੇ ਆਉਂਦੀਆਂ ਹਨ। ਇਸ ਤੋਂ ਇਕ ਸਾਲ ਪਹਿਲਾਂ ਬਿਹਾਰ ਦੀ

ਕੋਸੀ ਨਦੀ 'ਚ ਆਏ ਹੜ੍ਹ ਤੇ ਉਸ ਨਾਲ ਪਾਣੀ ਨਾਲ ਡੁਬੇ ਇਲਾਕੇ ਤੇ ਫੇਰ ਤਬਾਹੀ ਨੂੰ ਕੌਣ ਭੁਲਾ ਸਕਦਾ ਹੈ? ਪਰ ਉਥੇ ਤਾਂ ਅਜੇ ਵੀ ਲੱਖਾਂ ਲੋਕ ਰਾਹਤ ਦੀ ਉਡੀਕ ਕਰ ਰਹੇ ਹਨ। ਜਦਕਿ ਨੇਤਾ, ਅਫਸਰ ਤੇ ਠੇਕੇਦਾਰ ਕਰੋੜਾਂ ਰੁਪਏ ਦੇ ਵਾਰੇ ਨਿਆਰੇ ਕਰ ਚੁਕੇ ਹਨ। 22 ਅਗਸਤ ਤਕ ਉਤਰ ਪ੍ਰਦੇਸ਼ ਦੇ ਤਰਾਈ ਤੇ ਪੂਰਬ ਦੇ ਕਈ ਸੋਕਾ ਗ੍ਰਸਿਤ ਜ਼ਿਲਿਆਂ ਦੇ 600 ਤੋਂ ਵੱਧ ਪਿੰਡਾਂ 'ਚ ਆਏ ਹੜ੍ਹ ਨੇ ਬਲਦੀ 'ਤੇ ਤੇਲ ਦਾ ਕੰਮ ਕੀਤਾ। ਇਸ ਹੜ੍ਹ ਨੇ 16 ਤੋਂ ਵੱਧ ਲੋਕਾਂ ਦੀ ਜਾਨ ਲੈ ਲਈ ਤੇ ਕਰੋੜਾਂ ਦੀ ਦੌਲਤ ਰੁੜ੍ਹ ਗਈ। ਇਕੱਲੇ ਉਤਰੀ ਭਾਰਤ ਦਾ ਸਿਧਾਰਥ ਜ਼ਿਲ੍ਹਾ ਪਹਿਲਾਂ ਸੋਕਾ ਕਾਰਨ ਬਰਬਾਦ ਹੋਇਆ ਤੇ ਫੇਰ ਹੜ੍ਹਾਂ ਦੀ ਕਰੋਪੀ ਝੱਲੀ। ਇਥੋਂ ਦੇ 200 ਪਿੰਡਾਂ 'ਚ ਹੜ੍ਹਾਂ ਦਾ ਪਾਣੀ ਭਰਿਆ। ਸੋਕੇ ਕਾਰਨ ਬਿਜਾਈ ਤਾਂ ਘੱਟ ਹੋਈ ਹੀ ਬੀਜੀ ਹੋਈ ਫਸਲ ਵੀ ਸੁੱਕ ਗਈ ਸੀ। ਉਹਨਾਂ ਇਲਾਕਿਆਂ ਜਿਥੇ ਖੇਤੀ ਗੁਜਾਰੇ ਦਾ ਸਾਧਨ ਹੈ, ਉਥੇ ਕਿਸਾਨਾਂ ਦੇ ਬਚਾ ਕੇ ਰਖੇ ਅਨਾਜ ਨੂੰ ਸੋਕਾ ਖਾ ਗਿਆ। ਜਿਥੇ ਖੇਤੀ ਬੀਜ ਖਰੀਦ ਕੇ ਕੀਤੀ ਗਈ ਉਥੇ ਹਾਲਤ ਹੋਰ ਵੀ ਤਰਸਯੋਗ ਹੋ ਗਈ ਕਿਉਂਕਿ ਸ਼ੁਰੂ ਤੋਂ ਹੀ ਉਥੇ ਖਾਦ ਤੇ ਕੀਟਨਾਸ਼ਕ ਦਵਾਈਆਂ ਦੀ ਲੋੜ ਪੈਂਦੀ ਹੈ। ਜਿਹਨਾਂ 'ਤੇ ਕਿਸਾਨਾਂ ਨੂੰ ਕਾਫੀ ਪੈਸਾ ਖਰਚ ਕਰਨਾ ਪੈਂਦਾ ਹੈ। ਸੋਕੇ ਨੇ ਅਜੇਹੇ ਕਿਸਾਨਾਂ ਨੂੰ ਕਰਜੇ ਦੇ ਜਾਲ 'ਚ ਫਸਾ ਦਿੱਤਾ। ਕਿਸਾਨਾਂ ਨੂੰ ਮੌਤ ਦੇ ਮੂੰਹ 'ਚ ਧੱਕ ਦਿੱਤਾ ਹੈ। 6 ਅਗਸਤ ਨੂੰ ਆਂਧਰਾ ਪ੍ਰਦੇਸ਼ ਦੇ ਗਾਂਧਾਰੀ ਡਵੀਜ਼ਨ ਦੇ ਇਕ ਪਿੰਡ ਵਿਚ ਨੈਨਾਵਤ ਨਾਂ ਦੇ ਕਿਸਾਨ ਨੇ ਬੀਜ, ਖਾਦ ਤੇ ਕੀਟਨਾਸ਼ਕ ਦਵਾਈਆਂ ਲਈ ਕਰਜਾ ਲਿਆ। ਸੋਕੇ ਕਰਕੇ ਮਜ਼ਬੂਰੀ ਵਸ ਉਨ੍ਹਾਂ ਨੇ ਆਤਮ ਹੱਤਿਆ ਕਰ ਲਈ। ਉਤਰ ਪ੍ਰਦੇਸ਼ ਦੇ ਲਲਿਤਪੁਰ ਦੇ ਤਿੰਨ, ਮੋਹਾਬਾ ਦੇ ਦੋ ਅਤੇ ਇਲਾਵਾ ਤੇ ਹਾਥਰਸ ਵਿਚ ਇਕ-ਇਕ ਕਿਸਾਨਾਂ ਦੀ ਜ਼ਿੰਦਗੀ ਸੋਕੇ ਨੇ ਲੈ ਲਈ। ਆਂਧਰਾ ਪ੍ਰਦੇਸ਼ 'ਚ ਬੀਜ ਸੁੱਕ ਜਾਣ ਕਰਕੇ ਦੁਖੀ ਕਿਸਾਨਾਂ ਨੇ ਆਪਣੀ ਜੀਵਨ ਲੀਲਾ ਖਤਮ ਕਰ ਲਈ। ਵਿਦਰਭ ਦੇ ਸੋਆ ਬੀਨ ਉਤਪਾਦਕ ਕਿਸਾਨਾਂ ਦੀ ਹਾਲਤ ਵੀ ਅਜੇਹੀ ਹੀ ਹੈ। ਇਹਨਾਂ ਦੀ ਸੋਆਬੀਨ ਤੇ ਕਪਾਹ ਦੀ 60 ਫੀ ਸਦੀ ਫਸਲ ਸੁੱਕ ਗਈ ਅਤੇ ਕਿਸਾਨ ਕਰਜੇ ਦੀ ਮਾਰ ਹੇਠ ਆ ਗਏ। ਸੁਆਲ ਪੈਦਾ ਹੁੰਦਾ ਹੈ ਕਿ ਕੀ ਸੋਕੇ ਦੀ ਮਾਰ ਝੱਲ ਰਹੇ ਕਿਸਾਨਾਂ ਨੂੰ ਰਾਹਤ ਦੇ ਨਾਂ ਹੇਠ ਮੌਤ ਹੀ ਮਿਲੇਗੀ?

ਖੇਤੀ ਸੁਕਣ ਦਾ ਅਸਰ ਨਾ ਸਿਰਫ ਅਨਾਜ ਦੀ ਪੈਦਾਵਾਰ 'ਤੇ ਹੀ ਪਿਆ ਬਲਕਿ ਪਸ਼ੂਆਂ ਦੀ ਹਾਲਤ ਵੀ ਖਰਾਬ ਹੋ ਗਈ। ਚਾਰਾ ਨਹੀਂ ਬੀਜਿਆ ਜਾ ਸਕਿਆ ਮਜ਼ਬੂਰੀ 'ਚ ਕਿਸਾਨਾਂ ਨੇ ਆਪਣੇ ਪਸ਼ੂਆਂ ਨੂੰ ਕੌਡੀਆਂ ਦੇ ਭਾਅ ਵੇਚਣਾ ਸ਼ੁਰੂ ਕਰ ਦਿੱਤਾ। ਵਿਦਰਭ ਦੇ ਪੰਧਾਰ ਕੌਂਡਾ 'ਚ ਸੋਕੇ ਕਾਰਨ ਕਿਸਾਨਾਂ ਨੇ 450 ਤੋਂ ਵੱਧ ਗਾਵਾਂ ਤੇ 200 ਤੋਂ ਵੱਧ ਮੱਝਾਂ ਕੌਡੀਆਂ ਦੇ ਭਾਅ ਵੇਚ ਦਿੱਤੀਆਂ ਹਨ। ਸਰਕਾਰ ਦੀ ਬੇਰੁਖੀ ਤੇ ਬੇਰਹਿਮੀ ਜਾਰੀ ਰਹੀ। ਰਾਹਤ ਦੇ ਨਾਂ ਹੇਠ ਖੋਖਲੀ ਬਿਆਨਬਾਜ਼ੀ ਤੋਂ ਦੁਖੀ ਝਾਰਖੰਡ ਦੇ ਪਲਾਮੂ ਜਿਲੇ ਦੇ 5000 ਤੋਂ ਵੱਧ ਕਿਸਾਨਾਂ ਨੇ ਪ੍ਰਧਾਨ ਮੰਤਰੀ ਤੇ ਸੁਪਰੀਮ ਕੋਰਟ ਦੇ ਚੀਫ ਜਸਟਿਸ ਨੂੰ ਚਿਠੀ ਲਿਖ ਕੇ ਸਮੂਹਕ ਆਤਮ ਹੱਤਿਆ ਦੀ ਇਜਾਜ਼ਤ ਮੰਗੀ। 20 ਅਗੱਸਤ ਨੂੰ ਪ੍ਰਤਕਾਰਾਂ ਨੇ ਜਦ ਵਿੱਤ ਮੰਤਰੀ ਤੋਂ ਪੁੱਛਿਆ ਕਿ ਸੋਕੇ ਦੀ ਤਬਾਹੀ ਝੱਲ ਰਹੇ ਕਿਸਾਨਾਂ ਦੇ ਕਰਜੇ ਕੀ ਸਰਕਾਰ ਮੁਆਫ ਕਰੇਗੀ? ਉਹਨਾਂ ਨੇ ਸਿੱਧੀ ਨਾਂਹ ਕਰ ਦਿਤੀ ਕਿ ਕਰਜੇ ਮੁਆਫ ਨਹੀਂ ਹੋਣਗੇ? ਇਹ ਉਹ ਵਿੱਤ

ਮੰਤਰੀ ਸੀ ਜਿਸ ਨੇ ਪਿਛਲੇ ਕੁਝ ਸਾਲਾਂ ਵਿਚ ਪੂੰਜੀਪਤੀਆਂ ਦੇ ਲੱਖਾਂ ਕਰੋੜਾਂ ਰੁਪਏ ਦੇ ਬੈਂਕ ਕਰਜੇ ਮੁਆਫ ਕੀਤੇ ਸਨ। ਸਰਕਾਰ ਨੂੰ ਕਿਸਾਨਾਂ ਦੇ ਕਰਜੇ ਮੁਆਫ ਕਰਨ ’ਚ ਪ੍ਰੇਸ਼ਾਨੀ ਲੱਗੀ ਪਰ ਦੂਜੇ ਰਾਹਤ ਦੇਣ ’ਚ ਉਹਨਾਂ ਨੂੰ ਕੋਈ ਦਿੱਕਤ ਨਹੀਂ। ਹਾਲਾਤ ਇਹ ਰਹੇ ਕਿ ਸਰਕਾਰ ਪ੍ਰਤੀ ਘੰਟੇ 30 ਕਰੋੜ ਰੁਪਏ ਸ਼ਰਮਾਏਦਾਰਾਂ ਨੂੰ ਲੁਟਾ ਰਹੀ ਹੈ। ਦੂਜੇ ਪਾਸੇ ਕਿਸਾਨਾਂ ਨੂੰ ਝੂਠੇ ਵਾਅਦੇ ਤੇ ਥੋਥੀਆਂ ਬਿਆਨ ਬਾਜ਼ੀਆਂ। ਹੋਰ ਤਾਂ ਹੋਰ ਖੇਤੀ ਮੰਤਰੀ ਨੇ ਆਪਣੀ ਮੰਸ਼ਾ ਸਾਫ ਕਰ ਦਿਤੀ। ਉਲਟਾ ਕਿਹਾ ਕਿ ਜੇ ਸੋਕੇ ਨਾਲ ਹਾੜ੍ਹੀ ਦੀ ਫਸਲ ਮਰੀ ਹੈ ਤਾਂ ਉਹ ਸਾਉਣੀ ਦੀ ਫਸਲ ਅਗੇਤੀ ਬੀਜ ਕੇ ਸੁਨਹਿਰੀ ਮੌਕੇ ਦਾ ਫਾਇਦਾ ਉਠਾ ਸਕਦੇ ਹਨ।

ਸੋਕੇ ਕਾਰਨ ਜਮਾਂ ਖੋਰਾਂ, ਸਮਗਲਰਾਂ, ਕਾਲਾ ਬਾਜ਼ਾਰੀਆਂ ਤੇ ਸਟੋਰੀਓ ਦੀ ਮੌਜ ਬਣ ਗਈ। ਫੇਰ ਉਹ ਕੀਮਤਾਂ ਵਧਾ ਕੇ ਮੁਨਾਫ਼ਾ ਬਟੋਰਨ ਲੱਗੇ। ਆਮ ਲੋਕਾਂ ਦੀ ਥਾਲੀ ’ਚੋਂ ਦਾਲ ਗਾਇਬ ਕਰ ਦਿੱਤੀ, ਫਿਰ ਚੌਲ-ਰੋਟੀ ਵੀ ਗਏ। ਖੰਡ ਤਾਂ ਪਹਿਲਾਂ ਹੀ ਆਮ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਈ। ਸ਼ਰਮਾਏਦਾਰਾਂ ਲਈ ਖਜਾਨੇ ਦਾ ਮੂੰਹ ਖੋਲ੍ਹ ਦੇਣ ਵਾਲੀ ਸਰਕਾਰ ਨੇ ਕਿਸਾਨਾਂ ਨਾਲ ਆਖਰ ਏਨੀ ਬੇਰੁਖੀ ਕਿਉਂ ਵਿਖਾਈ ਹੈ? ਇਸ ਦੇ ਠੋਸ ਕਾਰਨ ਬਣੇ। ਅੱਜ ਸਰਕਾਰਾਂ ਤੇ ਰਾਜਸੀ ਪਾਰਟੀਆਂ ਨੇ ਆਪਣੀ ਭੂਮਿਕਾ ਬਦਲ ਲਈ ਹੈ। ਏਨੇ ਵੱਡੇ ਪੱਧਰ ’ਤੇ ਆਏ ਸੋਕੇ ਨੂੰ ਕਿਸੇ ਪਾਰਟੀਆਂ ਨੇ ਆਪਣਾ ਮੁੱਦਾ ਨਹੀਂ ਬਣਾਇਆ ਹੈ। ਹਾਕਮ ਧਿਰ ਤੇ ਵਿਰੋਧੀ ਧਿਰ ਦੀਆਂ ਸਾਰੀਆਂ ਪਾਰਟੀਆਂ ਕਿਸਾਨਾਂ-ਮਜ਼ਦੂਰਾਂ ਤੋਂ ਮੂੰਹ ਮੋੜ ਚੁੱਕੀਆਂ ਹਨ। ਇਕ ਸਮਾਂ ਸੀ ਜਦ ਵਿਰੋਧੀ ਸੋਸ਼ਲਿਸਟ ਤੇ ਕਮਿਊਨਿਸਟ ਪਾਰਟੀਆਂ ਸਰਕਾਰ ਖਿਲਾਫ ਜਨਤਾ ਦੀਆਂ ਮੰਗਾਂ ਬਾਰੇ ਮੁਜਾਹਰੇ ਕਰਦੀਆਂ ਸਨ। ਇਸ ਲਈ ਉਸ ਸਮੇਂ ਆਏ ਅਕਾਲ ਪ੍ਰਤੀ ਸਰਕਾਰ ਏਨੀ ਆਕੜ ਨਾਲ ਖੁਲ੍ਹੇਆਮ ਅਣਦੇਖੀ ਕਰਨ ਦੀ ਹਿੰਮਤ ਨਹੀਂ ਕਰ ਸਕੀ। ਪਰ ਅੱਜ ਹਾਲਤ ਪਲਟ ਚੁਕੀ ਹੈ। ਪਾਰਟੀਆਂ ਦੇ ਨੇਤਾ ਲੋਕਾਂ ਤੋਂ ਬੁਰੀ ਤਰ੍ਹਾਂ ਕੱਟ ਚੁਕੇ ਹਨ। ਇਹ ਉਪਰੋਂ 20 ਫੀ ਸਦੀ ਲੋਕਾਂ ਨੂੰ ਹੀ ਆਪਣਾ ਮੰਨਦੀਆਂ ਹਨ ਬਲਕਿ ਲੋਕ ਇਹਨਾਂ ਲਈ ਸਿਰਫ ‘ਵੋਟਾਂ’ ਹਨ ਜਿਹਨਾਂ ਨੂੰ ਬਟੋਰਨ ਲਈ ਉਹਨਾਂ ਕੁਝ ਠੇਕੇਦਾਰ ਪਾਲ ਰਖੇ ਹਨ। ਲੋਕਾਂ ਨਾਲ ਸਿੱਧਾ ਵਾਹ ਰਖਣਾ ਅੱਜ ਨਾ ਤਾਂ ਉਹਨਾਂ ਦੀ ਲੋੜ ਹੈ ਅਤੇ ਨਾ ਹੀ ਮਜ਼ਬੂਰੀ ਹੈ। ਕਿਸਾਨਾਂ ਤੇ ਮਜ਼ਦੂਰਾਂ ਦੀ ਆਪਣੀ ਮਜ਼ਬੂਤ ਜਥੇਬੰਦੀ ਨਹੀਂ ਹੈ। ਕਿਸਾਨ ਵੀ ਜਥੇਬੰਦ ਨਹੀਂ ਤੇ 93 ਫੀ ਸਦੀ ਮਜ਼ਦੂਰ ਵੀ ਗੈਰ ਜਥੇਬੰਦ ਹਨ, ਪਰ ਸ਼ਰਮਾਏਦਾਰਾਂ ਦੇ ਵਪਾਰ ਮੰਡਲ ਸਰਕਾਰ ’ਤੇ ਦਬਾਅ ਪਾ ਕੇ ਆਪਣੀਆਂ ਮੰਗਾਂ ਮੰਨਵਾ ਲੈਂਦੇ ਹਨ।

ਸੋਕੇ ਦੀ ਆਫ਼ਤ ਕੁਦਰਤੀ ਨਹੀਂ ਹੈ, ਇਹ ਤਾਂ ਸਰਕਾਰੀ ਨੀਤੀਆਂ ਦਾ, ਦੂਰਦਰਸਿਤਾ ਦਾ, ਸੰਵੇਦਨਸ਼ੀਲਤਾ ਦਾ ਤੇ ਲੋਕਾਂ ਪ੍ਰਤੀ ਸਰਕਾਰ ਦੀ ਹਮਦਰਦੀ ਦਾ ਸੋਕਾ ਹੈ ਜੋ ਉਸ ਨੂੰ ਝੁਲਸਾ ਕੇ ਹੀ ਰਹੇਗਾ।

# ਸਬਸਿਡੀ ਦੀ ਰਾਜਨੀਤੀ ਹੈ ਕੀ?

ਭਾਰਤ 'ਚ ਖੇਤੀ ਮੰਤਰਾਲੇ ਵਲੋਂ 2005 'ਚ ਜਾਰੀ ਕੀਤੇ ਅੰਕੜਿਆਂ ਮੁਤਾਬਕ 2002-03 'ਚ ਭਾਰਤ 'ਚ ਖੇਤੀ ਖੇਤਰ ਨੂੰ ਦਿਤੀ ਜਾਣ ਵਾਲੀ ਕੁੱਲ ਸਬਸਿਡੀ 35,027,00 ਕਰੋੜ ਰੁਪਏ ਸੀ ਜਿਸ ਵਿਚ 11,015 ਕਰੋੜ ਰੁਪਏ ਖਾਦ 'ਤੇ 7354 ਕਰੋੜ ਰੁਪਏ ਸਿੰਚਾਈ 'ਤੇ ਸਬਸਿਡੀ ਸੀ, ਹੋਰ ਸਬਸਿਡੀ 1259 ਕਰੋੜ ਰੁਪਏ ਸੀ। 2000-01 ਦੀ ਤੁਲਨਾ 'ਚ ਖਾਦ ਤੇ ਬਿਜਲੀ 'ਤੇ ਸਬਸਿਡੀ ਲਗਭਗ 20 ਫੀ ਸਦੀ ਘੱਟ ਹੋਈ ਸੀ ਅਤੇ ਹੋਰ ਸਬਸਿਡੀ 1999-2000 ਦੇ ਪੱਧਰ 'ਤੇ ਲਗਭਗ ਅੱਧੀ ਕਰ ਦਿੱਤੀ ਗਈ ਸੀ।

ਭਾਰਤ 'ਚ ਕਿਸਾਨਾਂ ਨੂੰ ਦਿਤੀ ਜਾਣ ਵਾਲੀ ਸਬਸਿਡੀ ਮੁਸ਼ਕਲ ਨਾਲ 3 ਫੀ ਸਦੀ ਬੈਠਦੀ ਹੈ ਜਦਕਿ ਅਮਰੀਕਾ ਤੇ ਯੂਰਪ ਦੇ ਦੇਸ਼ ਆਪਣੇ ਕਿਸਾਨਾਂ ਨੂੰ 60 ਤੋਂ 75 ਫੀ ਸਦੀ ਤਕ ਸਬਸਿਡੀ ਦਿੰਦੇ ਹਨ।

ਅਮਰੀਕਾ ਆਪਣੇ ਕਪਾਹ ਬੀਜਣ ਵਾਲੇ 25 ਹਜਾਰ ਕਿਸਾਨਾਂ ਨੂੰ ਸਲਾਨਾ 4 ਅਰਬ ਡਾਲਰ ਸੀ। 8000 ਕਰੋੜ ਰੁਪਏ ਦੀ ਸਬਸਿਡੀ ਦਿੰਦਾ ਹੈ ਜੋ ਪ੍ਰਤੀ ਕਿਸਾਨ 72 ਲੱਖ ਰੁਪਏ ਸਲਾਨਾ ਬੈਠਦੀ ਹੈ। 2005 'ਚ ਅਮਰੀਕਾ ਆਪਣੀ ਖੇਤੀ ਤੇ ਉਸ ਨਾਲ ਜੁੜੇ ਵਪਾਰ ਨੂੰ ਕੁਲ 19.7 ਅਰਬ ਡਾਲਰ ਜਾਂ 88,650 ਕਰੋੜ ਰੁਪਏ ਦੀ ਸਹਾਇਤਾ ਦੇ ਰਿਹਾ ਸੀ। ਜਦਕਿ ਭਾਰਤ 'ਚ 40 ਲੱਖ ਤੋਂ ਵੱਧ ਪ੍ਰੀਵਾਰ ਕਪਾਹ ਦੀ ਖੇਤੀ ਕਰ ਰਹੇ ਹਨ ਜਿਹਨਾਂ ਨੂੰ ਨਾਮਾਤਰ ਦੀ ਸਬਸਿਡੀ ਦਿਤੀ ਜਾਂਦੀ ਹੈ। ਭਾਰਤ ਦੇ ਕੇਂਦਰ ਵਣਜ ਸਕੱਤਰ ਅਨੁਸਾਰ ਜੇ ਅਮਰੀਕਾ ਆਪਣੀ ਕਪਾਹ 'ਤੇ ਸਬਸਿਡੀ ਨੂੰ ਬੰਦ ਨਹੀਂ ਕਰਦਾ ਤਾਂ ਕਈ ਦੇਸ਼ਾਂ ਵਿਚ ਕਪਾਹ ਦੀ ਖੇਤੀ 'ਤੇ ਗੁਜ਼ਾਰਾ ਕਰਨ ਵਾਲੇ ਕਿਸਾਨ ਤਬਾਹ ਹੋ ਜਾਣਗੇ। ਅਮਰੀਕਾ ਵਾਂਗੂ ਯੂਰਪ ਦੇ ਦੇਸ਼ ਵੀ ਖੇਤੀ ਬਰਾਮਦ ਨੂੰ 3 ਅਰਬ ਯੂਰੋ ਜਾਂ 18000 ਕਰੋੜ ਰੁਪਏ ਤੇ ਖੇਤੀ ਨੂੰ ਘਰੇਲੂ ਸਹਾਇਤਾ ਵਜੋਂ 55 ਅਰਬ ਯੂਰੋ ਜਾਂ 3,30000 ਕਰੋੜ ਰੁਪਏ ਦੀ ਭਾਰੀ ਸਬਸਿਡੀ ਦਿੰਦੇ ਹਨ।

ਭਾਰਤ 'ਚ ਕਿਸਾਨਾਂ ਦੀ ਗਿਣਤੀ ਨੂੰ ਦੇਖਦੇ ਹੋਇਆਂ ਯੂਰਪ ਤੇ ਅਮਰੀਕਾ 'ਚ ਮਿਲਣ ਵਾਲੀ ਸਬਸਿਡੀ ਬਹੁਤ ਜ਼ਿਆਦਾ ਹੈ। ਅਮਰੀਕਾ ਤੇ ਯੂਰਪ ਦੇ ਦੇਸ਼ ਭਾਰਤ ਤੇ ਤੀਜੀ ਦੁਨੀਆਂ ਦੇ ਦੇਸ਼ਾਂ ਵਿਚ ਸਬਸਿਡੀ ਘੱਟ ਕਰਨ ਤੇ ਦਰਾਮਦ ਟੈਕਸ ਘੱਟ ਕਰਨ ਲਈ ਦਬਾਅ ਪਾਉਂਦੇ ਹਨ ਜਿਸ ਕਾਰਨ ਭਾਰਤ ਸਰਕਾਰ ਲਗਾਤਾਰ ਸਬਸਿਡੀ ਘਟਾਉਂਦੀ ਜਾ ਰਹੀ ਹੈ ਅਤੇ ਦਰਾਮਦ ਟੈਕਸਾਂ 'ਚ ਭਾਰੀ ਕਟੌਤੀ ਕਰ ਚੁੱਕੀ ਹੈ ਪਰ ਧਨੀ ਦੇਸ਼ ਉਸ ਬਦਲੇ 'ਚ ਕੋਈ ਵਾਅਦਾ ਤਕ ਨਹੀਂ ਕਰਨਾ ਚਾਹੁੰਦੇ। ਤੀਜੀ ਦੁਨੀਆਂ ਦੇ ਦੇਸ਼ਾਂ ਦੇ ਦਬਾਅ 'ਚ ਜਦ ਉਹ ਐਸਾ ਕੋਈ ਵਾਅਦਾ ਵੀ ਕਰਦੇ ਹਨ ਤਾਂ ਉਸ 'ਤੇ ਅਮਲ ਨਹੀਂ ਕਰਦੇ। ਮਿਸਾਲ ਵਜੋਂ ਬਰਾਮਦ ਸਬਸਿਡੀ ਘਟਾਉਣ ਦੇ ਆਪਣੇ ਵਾਅਦੇ ਨੂੰ ਪੂਰਾ ਕਰਨ ਲਈ ਯੂਰੋਪੀਅਨ ਸੰਘ ਦੇ ਦੇਸ਼ਾਂ ਨੇ ਖੁਰਾਕੀ ਪਦਾਰਥਾਂ ਨੂੰ ਦਿਤੀ ਜਾਣ ਵਾਲੀ ਬਰਾਮਦ ਸਬਸਿਡੀ ਤਾਂ ਘਟਾ ਦਿਤੀ ਪਰ ਉਸ ਦੀ ਥਾਂ ਸਿਧੇ ਭੁਗਤਾਨ ਵਜੋਂ ਦਿਤੀ ਜਾਣ ਵਾਲੀ ਘਰੇਲੂ ਸਬਸਿਡੀ 11.7 ਕਰੋੜ ਯੂਰੋ ਤੋਂ ਵਧਾ ਕੇ 1.3 ਅਰਬ ਯੂਰੋ ਕਰ ਦਿਤੀ ਗਈ ਅਤੇ ਪ੍ਰਤੀ ਟਨ ਖੁਰਾਕੀ ਪਦਾਰਥਾਂ ਲਈ 20

ਫ਼ੀ ਸਦੀ ਵੱਧ ਸਬਸਿਡੀ ਦਿਤੀ ਗਈ। ਇਸ ਤਰ੍ਹਾਂ ਮੁਰਗੀਆਂ ਦੀ ਖੁਰਾਕ ਅਤੇ ਸੂਰ ਦੇ ਮਾਸ ਨੂੰ ਮਿਲਣ ਵਾਲੀ ਘਰੇਲੂ ਸਬਸਿਡੀ ਵੀ ਬਰਾਮਦ ਸਬਸਿਡੀ 'ਚ ਕਮੀ ਤੋਂ ਵੱਧ ਸੀ। ਇਸ ਤਰ੍ਹਾਂ ਪਸ਼ੂ ਪਾਲਣ ਦੇ ਖੇਤਰ ਵਿਚ ਮਿਲਣ ਵਾਲੀ ਸਬਸਿਡੀ ਵੀ ਗੌਰ ਕਰਨ ਲਾਇਕ ਹੈ। ਯੂਰਪ 'ਚ ਇਕ ਗਾਂ 'ਤੇ ਰੋਜ਼ਾਨਾ ਲਗਭਗ 122 ਰੁਪਏ ਦੀ ਸਬਸਿਡੀ ਦਿਤੀ ਜਾਂਦੀ ਹੈ ਅਤੇ ਜਪਾਨ 'ਚ 360 ਰੁਪਏ ਦੀ। ਜਦਕਿ ਸਾਡੇ ਦੇਸ਼ 'ਚ ਖੇਤੀ 'ਤੇ ਨਿਰਭਰ 60 ਕਰੋੜ ਲੋਕਾਂ ਵਿਚੋਂ ਅੱਧੇ 70 ਰੁਪਏ ਰੋਜ਼ਾਨਾ ਤੋਂ ਘੱਟ ਨਾਲ ਗੁਜ਼ਾਰਾ ਕਰਦੇ ਹਨ। ਸਪਸ਼ਟ ਹੈ ਕਿ ਸਾਡੇ ਇਥੇ ਮਿਲਣ ਵਾਲੀ ਨਾਮਾਤਰ ਸਬਸਿਡੀ ਤੇ ਦਰਾਮਦ ਟੈਕਸ 'ਚ ਭਾਰੀ ਕਟੌਤੀ ਕਾਰਨ ਸਾਡੇ ਦੇਸ਼ ਦੇ ਕਿਸਾਨ ਵਿਦੇਸ਼ੀ ਕੰਪਨੀਆਂ ਤੇ ਵਿਦੇਸ਼ੀ ਖੇਤੀ ਵਸਤਾਂ ਦੇ ਹਮਲੇ ਮੂਹਰੇ ਪੂਰੀ ਤਰ੍ਹਾਂ ਬੇਸਹਾਰਾ ਹੋ ਜਾਣਗੇ ਤੇ ਕੁਝ ਹੀ ਦਿਨਾਂ 'ਚ ਭਾਰਤੀ ਖੇਤੀ ਪੂਰੀ ਤਰ੍ਹਾਂ ਉਹਨਾਂ ਦੇ ਚੁੰਗਲ ਵਿਚ ਹੋਵੇਗੀ। ਅਮਰੀਕਾ ਤੇ ਯੂਰਪ ਦੀ ਖੇਤੀ ਦੀ ਉਤਪਾਦਿਕਤਾ ਸਾਥੋਂ ਬਹੁਤ ਜ਼ਿਆਦਾ ਹੈ। ਉਹਨਾਂ ਦੇ ਖੇਤ ਦਾ ਔਸਤ ਸਾਈਜ਼ 1000 ਏਕੜ ਦੇ ਆਸ ਪਾਸ ਹੈ ਜਦਕਿ ਸਾਡੇ ਇਥੇ 85 ਫ਼ੀ ਸਦੀ ਕਿਸਾਨ 2 ਏਕੜ ਤੋਂ ਘੱਟ ਖੇਤੀ ਵਾਲੇ ਹਨ। ਉਹਨਾਂ ਕੋਲ ਪੈਸਾ ਬਹੁਤ ਜ਼ਿਆਦਾ ਹੈ ਉਹਨਾਂ ਦੀ ਤਕਨੀਕ ਸਾਡੇ ਲੋਕਾਂ ਤੋਂ ਬਹੁਤ ਉਨਤ ਹੈ, ਇਸ ਦੇ ਬਾਵਜੂਦ ਉਹ ਆਪਣੇ ਦੇਸ਼ ਦੇ ਕਿਸਾਨਾਂ ਨੂੰ ਭਾਰੀ ਸਬਸਿਡੀ ਦਿੰਦੇ ਹਨ। ਜਦਕਿ ਸਾਡੇ ਦੇਸ਼ ਦੇ ਗਰੀਬ ਕਿਸਾਨ ਨੂੰ ਜਿਹਨਾਂ ਕੋਲ ਕੁਝ ਵੀ ਨਹੀਂ ਹੈ, ਉਹਨਾਂ ਨਾਲ ਮੁਕਾਬਲਾ ਕਰਨ ਲਈ ਕਿਹਾ ਜਾ ਰਿਹੈ। ਇਸ ਦਾ ਸਿੱਧਾ ਸਿੱਟਾ ਉਹਨਾਂ ਦੀ ਬਰਬਾਦੀ ਦੇ ਰੂਪ 'ਚ ਨਿਕਲੇਗਾ। ਇਹ ਮੁਕਾਬਲਾ ਕੁਝ ਉਸ ਤਰ੍ਹਾਂ ਦੀ ਚੀਜ ਹੋਵੇਗੀ ਜਿਵੇਂ ਇਕ ਬਹੁਤ ਅੱਛੇ ਦੌੜਾਕ ਨਾਲ ਬੰਨ੍ਹੇ ਪੈਰ ਵਾਲੇ ਇਕ ਆਦਮੀ ਦੀ ਦੌੜ ਕਰਵਾਈ ਜਾਵੇ ਜਾਂ ਇਕ ਪਾਸੇ ਇਕ ਸ਼ੇਰ ਅਤੇ ਇਕ ਬੱਕਰੀ ਨੂੰ ਇਕ ਪਿੰਜਰੇ 'ਚ ਬੰਦ ਕਰਕੇ ਕਿਹਾ ਜਾਵੇ ਕਿ ਕੋਈ ਕਿਸੇ ਨੂੰ ਖਾ ਸਕਦਾ ਹੈ। ਨਤੀਜਾ ਕੀ ਹੋਊ, ਇਹ ਸਪੱਸ਼ਟ ਹੈ।

**ਸਬਸਿਡੀ ਨਾਲ ਸਬੰਧਤ ਕੁਝ ਹੋਰ ਤੱਥ**:- 2004 'ਚ ਦੁਨੀਆਂ ਦੇ ਧਨੀ ਦੇਸ਼ਾਂ ਦੇ ਸਮੂਹ (ਓ.ਈ.ਸੀ.ਡੀ) ਨਾਲ ਜੁੜੇ ਦੇਸ਼ਾਂ ਨੇ ਆਪਣੇ ਦੇਸ਼ ਵਿਚ ਖੇਤੀ ਨੂੰ ਕੁਲ 140 ਅਰਬ ਰੁਪਏ ਸਿੱਧੇ ਖੇਤੀ ਵਸਤਾਂ ਨੂੰ ਦਿਤੇ ਹਨ। ਇਹਨਾਂ 140 ਖਰਬ ਰੁਪਿਆਂ ਵਿਚੋਂ 400 ਅਰਬ ਤੋਂ 480 ਅਰਬ ਰੁਪੈ ਦੀ ਸਬਸਿਡੀ ਉਹਨਾਂ ਖੇਤੀ ਉਤਪਾਦਕਾਂ ਨੂੰ ਦਿਤੀ ਜੋ ਆਪਣੀਆਂ ਵਸਤਾਂ ਨੂੰ ਬਰਾਮਦ ਕਰਦੇ ਹਨ। ਇਹਨਾਂ ਦੇਸ਼ਾਂ 'ਚ 70 ਫੀ ਸਦੀ ਸਬਸਿਡੀ ਸਿਧੀ ਕਿਸਾਨਾਂ (ਵੱਡੇ ਫਾਰਮਜ ਤੇ ਕਾਰਪੋਰੇਟ) ਨੂੰ ਦਿਤੀ ਜਾਂਦੀ ਹੈ। ਜਪਾਨ 'ਚ ਪ੍ਰਤੀ ਹੈਕਟੇਅਰ 4,70,880 ਰੁਪਏ, ਯੂਰਪੀ ਸੰਘ ਦੇ ਦੇਸ਼ਾਂ ਵਿਚ 33,240 ਰੁਪਏ ਅਤੇ ਅਮਰੀਕਾ 'ਚ 5160 ਰੁਪਏ ਸਬਸਿਡੀ ਦਿਤੀ ਜਾਂਦੀ ਹੈ ਜਦਕਿ ਭਾਰਤ ਵਿਚ ਇਹ ਸਿਰਫ 2120 ਰੁਪਏ ਹੈ। ਇਸ ਤੋਂ ਇਲਾਵਾ ਇਹਨਾਂ ਦੇਸ਼ਾਂ 'ਚ ਪ੍ਰਤੀ ਕਿਸਾਨ ਸਬਸਿਡੀ ਵੀ ਦਿਤੀ ਜਾਂਦੀ ਹੈ। ਜਿਸ ਦੇ ਤਹਿਤ ਜਪਾਨ 'ਚ 10,40,000 ਰੁਪਏ, ਅਮਰੀਕਾ 'ਚ 840,000 ਰੁਪਏ, ਕਨੇਡਾ 'ਚ 3,60,000 ਰੁਪਏ ਤੇ ਯੂਰਪੀ ਸੰਘ 'ਚ 6,80,000 ਰੁਪਏ ਸਬਸਿਡੀ ਦਿਤੀ ਜਾਂਦੀ ਹੈ। ਜਦਕਿ ਭਾਰਤੀ ਕਿਸਾਨ ਨੂੰ ਸਿਰਫ 2640 ਰੁਪਏ ਪੈਂਦੀ ਹੈ। ਇਸ ਤਰ੍ਹਾਂ ਸਾਲ 2001-02 'ਚ ਪੂਰੇ ਦੇਸ਼ 'ਚ ਖੇਤੀ ਖੇਤਰ ਨੂੰ 340 ਅਰਬ ਰੁਪਏ ਦੀ ਸਬਸਿਡੀ ਦਿਤੀ ਗਈ

ਜਦਕਿ ਅਮਰੀਕਾ 'ਚ 1963 ਅਰਬ ਰੁਪਏ, ਜਪਾਨ 1880 ਅਰਬ ਰੁਪਏ, ਯੂਰਪੀ ਸੰਘ 'ਚ 4613 ਅਰਬ ਰੁਪਏ ਦੀ ਸਬਸਿਡੀ ਜਾਰੀ ਕੀਤੀ ਗਈ ਹੈ।

ਭਾਰਤ 'ਚ ਬਹੁਤੇ ਕਿਸਾਨਾਂ ਨੂੰ ਸਬਸਿਡੀ ਦਾ ਕੋਈ ਲਾਭ ਨਹੀਂ ਮਿਲਦਾ ਕਿਉਂਕਿ ਉਹਨਾਂ ਦੀ ਖੇਤੀ ਮੌਨਸੂਨ 'ਤੇ ਨਿਰਭਰ ਹੈ। ਯੂਰਪੀ ਤੇ ਖਾਦ ਕੰਪਨੀਆਂ ਨੂੰ ਦਿਤੀ ਜਾਣ ਵਾਲੀ ਸਬਸਿਡੀ ਦਾ ਲਾਭ ਵੀ ਗਰੀਬ ਕਿਸਾਨਾਂ ਤਕ ਨਹੀਂ ਪਹੁੰਚਦਾ ਹੈ। 90 ਫੀ ਸਦੀ ਕਿਸਾਨਾਂ ਨੂੰ ਇਸ ਦਾ ਕੋਈ ਲਾਭ ਨਹੀਂ ਮਿਲਿਆ ਹੈ ਕਿਉਂਕਿ ਤੇਲ ਜਾਂ ਬਿਜਲੀ ਦੀ ਵਰਤੋਂ ਕਰਨ ਲਈ ਉਹਨਾਂ ਕੋਲ ਟਿਊਬਵੈਲ ਜਾਂ ਇੰਜਣ ਨਹੀਂ ਹਨ।

ਓ.ਈ.ਸੀ.ਡੀ ਸੰਗਠਨ ਦੇ ਦੇਸ਼ਾਂ ਯਾਨੀ ਵਿਕਸਤ ਦੇਸ਼ਾਂ 'ਚ ਗੰਨਾ ਕਿਸਾਨਾਂ ਨੂੰ ਸਲਾਨਾ 256 ਅਰਬ ਰੁਪਏ ਸਬਸਿਡੀ ਦਿਤੀ ਜਾਂਦੀ ਹੈ, ਜੋ ਦੁਨੀਆਂ ਦੇ ਸਾਰੇ ਵਿਕਾਸਸ਼ੀਲ ਦੇਸ਼ਾਂ ਵਲੋਂ (ਜਿਸ 'ਚ ਭਾਰਤ ਸ਼ਾਮਲ ਹੈ) ਕੁਲ ਬਰਾਮਦ ਕੀਤੀ ਗਈ ਖੰਡ ਦੇ ਮੁੱਲ ਦੇ ਬਰਾਬਰ ਹੈ।

2003 'ਚ ਅਮਰੀਕਾ ਨੇ ਆਪਣੇ ਦੇਸ਼ ਦੇ ਕਪਾਹ ਉਤਪਾਦਕਾਂ ਨੂੰ 124 ਅਰਬ ਰੁਪਏ ਦੀ ਸਬਸਿਡੀ ਦਿੱਤੀ। ਇਸ ਦੇ ਸਿਟੇ ਵਜੋਂ ਦੁਨੀਆਂ 'ਚ ਕਪਾਹ ਦੀ ਕੀਮਤ 'ਚ 10 ਤੋਂ 20 ਫੀ ਸਦੀ ਦੀ ਗਿਰਾਵਟ ਆਈ।

# ਕੀ ਭੁਖਮਰੀ ਨਵ-ਉਦਾਰਵਾਦੀ ਆਰਥਕ ਨੀਤੀਆਂ ਦਾ ਸਿੱਟਾ ਹੈ?

ਜਦੋਂ ਤੋਂ ਨਵੀਆਂ ਉਦਾਰਵਾਦੀ ਆਰਥਕ ਨੀਤੀਆਂ ਦਾ ਰਾਹ ਭਾਰਤ ਨੇ ਚੁਣਿਆ ਹੈ ਉਦੋਂ ਤੋਂ ਇਹ ਦਾਅਵਾ ਵਾਰ-ਵਾਰ ਕੀਤਾ ਜਾ ਰਿਹਾ ਹੈ ਕਿ ਉਸ ਨੇ ਇਕ ਨਵੀਂ ਚਮਕ ਹਾਸਲ ਕਰ ਲਈ ਹੈ ਅਤੇ ਉਹ ਦਿਨ ਦੂਰ ਨਹੀਂ ਜਦੋਂ ਇਹ ਇਕ ਮਹਾਂਸ਼ਕਤੀ ਬਣ ਕੇ ਉਭਰੇਗਾ। ਅੱਜ ਟੀ.ਵੀ ਚੈਨਲਾਂ 'ਤੇ ਇਹੋ ਪ੍ਰਚਾਰ ਕੀਤਾ ਜਾ ਰਿਹਾ ਹੈ। ਗਰੀਬੀ ਤੇ ਭੁਖਮਰੀ ਨੂੰ ਉਥੋਂ ਬਿਲਕੁਲ ਗਾਇਬ ਕਰ ਦਿੱਤਾ ਹੈ। 'ਹਿੰਦੂ' ਵਰਗੇ ਕਿਸੇ ਇਕ ਅੱਧੇ ਅਖਬਾਰ ਨੂੰ ਛੱਡ ਕੇ ਕਿਤੇ ਵੀ ਵਧਦੀ ਗਰੀਬੀ, ਬੇਰੁਜ਼ਗਾਰੀ ਤੇ ਭੁਖਮਰੀ ਦੀ ਕੋਈ ਚਰਚਾ ਨਜ਼ਰ ਨਹੀਂ ਆਉਂਦੀ। ਇਸ ਤਰ੍ਹਾਂ ਦੇ ਵਹਿਮ 'ਚ ਰਹਿਣ ਵਾਲਿਆਂ ਨੂੰ ਵੱਡਾ ਝਟਕਾ ਅਮਰੀਕਾ ਦੇ ਮੋਹਰੀ ਵਿਤੀ ਦੈਨਿਕ 'ਦੀ ਵਾਲ ਸਟ੍ਰੀਟ ਜਰਨਲ' ਨੇ 9 ਅਪ੍ਰੈਲ 2012 ਤੋਂ ਲਗਾਤਾਰ 6 ਲੇਖਾਂ ਦੀ ਇਕ ਲੜੀ ਛਾਪ ਦਿਤੀ ਹੈ। ਇਹ ਭਾਰਤ 'ਚ ਭੁਖਮਰੀ ਦੀ ਸਮਸਿਆ 'ਤੇ ਕੇਂਦਰਿਤ ਹੈ। ਮਿਸਾਲਾਂ ਤੇ ਤੱਥਾਂ 'ਤੇ ਅਧਾਰਤ ਉਹਨਾਂ ਦੇ ਲੇਖਕ ਅਸ਼ਿਵਨ ਪਰੂਲਕਰ ਨੇ ਜਾਹਰ ਕੀਤਾ ਹੈ ਕਿ ਦੇਸ਼ ਦੇ ਅਨੇਕਾਂ ਭਾਗਾਂ 'ਚ ਭੁਖਮਰੀ ਦਾ ਦਿਉ ਮੌਜੂਦ ਹੈ। ਏਨਾ ਹੀ ਨਹੀਂ ਖੁਰਾਕੀ ਪਦਾਰਥਾਂ ਦੀ ਵਧਦੀ ਮਹਿੰਗਾਈ ਨੇ ਉਸ ਨੂੰ ਪਹਿਲਾਂ ਹੀ ਕਿਤੇ ਭਿਅੰਕਰ ਬਣਾ ਦਿੱਤਾ ਹੈ। ਲੋਕ ਖਾਸ ਕਰਕੇ ਬੱਚੇ ਭਾਰੀ ਕੁਪੋਸ਼ਣ ਦਾ ਸ਼ਿਕਾਰ ਹਨ, ਸਮੇਂ ਤੋਂ ਪਹਿਲਾਂ ਮਰ ਰਹੇ ਹਨ। ਸਰਕਾਰ ਅਜੇ ਤਕ ਭੋਜਨ ਦਾ ਅਧਿਕਾਰ ਦੇਣ ਦਾ ਕਾਨੂੰਨ ਪਾਸ ਨਹੀਂ ਕਰ ਸਕੀ ਹੈ। ਸਰਕਾਰ ਵਲੋਂ ਹਰ ਚੜ੍ਹਦੇ ਦਿਨ ਦਾਅਵਾ ਕੀਤਾ ਜਾਂਦਾ ਹੈ ਕਿ ਦੇਸ਼ 'ਚ ਪਹਿਲਾਂ ਵਰਗੀ ਅਨਾਜ ਦੀ ਕਿੱਲਤ ਨਹੀਂ ਹੈ ਤੇ ਉਹ ਦਿਨ ਬੀਤ ਚੁਕੇ ਹਨ ਜਦ ਦੇਸ਼ ਬਰਾਮਦ 'ਤੇ ਨਿਰਭਰ ਸੀ ਅਤੇ ਪੀਐੈਲ-480 ਦੀ ਕਣਕ ਨਾਲ ਭਰੇ ਜਹਾਜਾਂ ਦੀ ਉਡੀਕ ਰਹਿੰਦੀ ਸੀ। ਸਾਲ 1962 ਦੇ ਬਿਹਾਰ ਦੇ ਅਕਾਲ ਪਿਛੋਂ ਦੀ ਸਥਿਤੀ ਨਹੀਂ ਬਣੀ ਹੈ। ਪਰ ਇਸ ਦਾ ਮਤਲਬ ਇਹ ਕਦੀ ਨਹੀਂ ਕੱਢਣਾ ਚਾਹੀਦਾ ਕਿ ਦੇਸ਼ 'ਚ ਅਨਾਜ ਦੀ ਸਮਸਿਆ ਪੂਰੀ ਤਰ੍ਹਾਂ ਖਤਮ ਹੋ ਚੁੱਕੀ ਹੈ। ਦੇਸ਼ 'ਚ 36 ਕਰੋੜ ਲੋਕ ਸਰਕਾਰ ਵਲੋਂ ਐਲਾਨੀ ਗਰੀਬੀ ਰੇਖਾ ਤੋਂ ਹੇਠਾਂ ਹਨ। ਏਨੀ ਤਾਂ ਚੀਨ ਤੋਂ ਸਿਵਾਏ ਸ਼ਾਇਦ ਹੀ ਕਿਸੇ ਦੇਸ਼ ਦੀ ਅਬਾਦੀ ਹੋਵੇ ਕਿਉਂਕਿ ਪਿੰਡਾਂ ਦੇ ਰੁਜ਼ਗਾਰ ਦੇ ਮੌਕੇ ਨਾਕਾਫੀ ਤੇ ਅਨਿਯਮਤ ਹਨ। ਇਸ ਲਈ ਬਹੁਗਿਣਤੀ ਗਰੀਬਾਂ ਦੀ ਕਮਾਈ ਬਹੁਤ ਘੱਟ ਹੈ ਜਿਸ ਨਾਲ ਉਹਨਾਂ ਦੇ ਸਾਹਮਣੇ ਬਾਜ਼ਾਰ 'ਚ ਅਨਾਜ ਮੁਹਈਆਂ ਕਰਾਉਣ 'ਤੇ ਵੀ ਉਹਨਾਂ ਨੂੰ ਲੋੜੀਂਦੀ ਮਾਤਰਾ 'ਚ ਪੇਟ ਭਰਨ ਦੀ ਅਸਮਰਥਾ ਹਮੇਸ਼ਾ ਮੂਹਰੇ ਖੜੀ ਰਹਿੰਦੀ ਹੈ। ਅਜੇਹੇ ਲੋਕ ਖੰਡੇ ਦੀ ਧਾਰ 'ਤੇ ਜਿਉਂ ਰਹੇ ਹਨ। ਉਕਤ ਲੜੀ ਦੇ ਲੇਖਕ ਪਰੂਲਕਰ ਨੇ ਜ਼ਮੀਨੀ ਹਕੀਕਤ ਬਿਆਨ ਕਰਦਿਆਂ ਕਿਹਾ ਹੈ ਕਿ ਅਨਾਜ ਨੂੰ ਗਰੀਬਾਂ ਤਕ ਪਹੁੰਚਾਉਣ ਲਈ ਜੋ ਜਨਤਕ ਵੰਡ ਪ੍ਰਣਾਲੀ ਸ਼ੁਰੂ ਕੀਤੀ ਗਈ ਹੈ, ਉਸ ਨਾਲ ਜੁੜੀਆਂ ਦੁਕਾਨਾਂ ਆਏ ਦਿਨ ਬੰਦ ਰਹਿੰਦੀਆਂ ਹਨ ਕਿਉਂਕਿ ਲੋੜੀਂਦੀ ਮਾਤਰਾ 'ਚ ਉਥੇ ਅਨਾਜ ਪਹੁੰਚਦਾ ਹੀ ਨਹੀਂ। ਅਨਾਜ ਕਿਸੇ ਨਾ ਕਿਸੇ

ਪੱਧਰ ’ਤੇ ਗਾਇਬ ਕਰ ਦਿੱਤਾ ਜਾਂਦਾ ਹੈ। ਪਰੂਲਕਰ ਤੇ ਉਹਨਾਂ ਦੇ ਸਹਿਯੋਗੀ ਅੰਕਿਤਾ ਅਗਰਵਾਲ ਨੇ ਬਿਹਾਰ, ਝਾਰਖੰਡ ਤੇ ਮੱਧ ਪ੍ਰਦੇਸ਼ ਦੇ ਆਪਣੇ ਦੌਰੇ ਦੀ ਲੜੀ ’ਚ ਪਾਇਆ ਕਿ ਕੁਲ ਮਿਲਾ ਕੇ ਇਹੀ ਹਾਲਤ ਹੈ। ਇਹ ਤਿੰਨੋਂ ਰਾਜ ਦੇਸ਼ ’ਚ ਸਭ ਤੋਂ ਭੁੱਖੇ ਦਿਸੇ। ਇਹਨਾਂ ’ਚ ਹਰੇਕ ਰਾਜ ਦੀ ਹਾਲਤ ਦੇਸ਼ ਦੀ ਔਸਤ ਹਾਲਤ ਤੋਂ ਵੱਧ ਖਰਾਬ ਹੈ। ਉਚਾਈ ਵਜਨ ਤੇ ਉਮਰ ਦੇ ਸੰਯੋਗ ਨਾਲ ਬਣੇ ਸੂਚਕ ਦੇਖੀਏ ਤਾਂ ਇਹਨਾਂ ਰਾਜਾਂ ਵਿਚ ਪੰਜ ਸਾਲ ਤਕ ਦੀ ਉਮਰ ਦੇ ਬੱਚਿਆਂ ਦੀ ਦਸ਼ਾ ਬਹੁਤ ਖਰਾਬ ਹੈ। ਏਨਾ ਹੀ ਨਹੀਂ, ਸਭ ਤੋਂ ਤਰਸਯੋਗ ਹਾਲਤ ਅਨੁਸੂਚਿਤ ਜਾਤੀਆਂ ਨੇ ਜਨਜਾਤੀਆਂ ਦੇ ਲੋਕਾਂ ਦੀ ਹੈ। ਉਹ ਸਭ ਤੋਂ ਗਰੀਬ ਕੋਟੇ ਵਿਚ ਆਉਂਦੇ ਹਨ। ਇਸ ਲਈ ਉਹਨਾਂ ਦੀ ਜਿੰਦਗੀ ਹਮੇਸ਼ਾ ਖਤਰੇ ਵਿਚ ਦਿਸਦੀ ਹੈ। ਭੁਖਮਰੀ ਨਾਲ ਸਭ ਤੋਂ ਵੱਧ ਮੌਤਾਂ ਇਥੇ ਹੀ ਹੁੰਦੀਆਂ ਹਨ। ਬਿਹਾਰ ’ਚ 5 ਸਾਲ ਤੋਂ ਘੱਟ ਉਮਰ ਦੇ 1000 ਬੱਚਿਆਂ ’ਚੋਂ 13 ਮੌਤਾਂ ਦਰਜ ਕੀਤੀਆਂ ਗਈਆਂ ਹਨ। ਜਦਕਿ ਪੂਰੇ ਦੇਸ਼ ’ਚ ਇਹ ਅੰਕੜਾ 74 ਹੈ। ਪਰੂਲਕਰ ਦੇ ਸ਼ਬਦਾਂ ਵਿਚ, ਸਹਿਮ ਉਹਨਾਂ 30 ਅਨੁਸੂਚਿਤ ਤੇ ਜਨਜਾਤੀ ਦੇ ਲੋਕਾਂ ਨੂੰ ਮਿਲੇ ਜਿਹਨਾਂ ’ਚ ਇਥੇ ਅਨਾਜ ਦੀ ਘਾਟ ਹੈ ਅਤੇ ਇਸ ਕਾਰਨ ਉਥੇ ਮੌਤਾਂ ਹੋਣ ਦੀ ਗੱਲ ਕਹੀ ਗਈ ਹੈ। ਮਕਸਦ ਇਹ ਜਾਨਣਾ ਸੀ ਕਿ ਉਥੇ ਕੀ ਹੋਇਆ ਸੀ। ਉਥੇ ਰੋਟੀ ਰੋਜ਼ੀ ਦੀਆਂ ਕੀ ਹਾਲਤਾਂ ਸਨ ਜਿਹਨਾਂ ਕਰਕੇ ਇਹ ਹਾਦਸੇ ਹੋਏ? ਸਰਕਾਰ ਦਾ ਕੀ ਰੁਖ ਰਿਹਾ? ਉਥੇ ਹੋਇਆ ਕੀ ਸੀ? ਨੀਤੀ ਘਾੜਿਆਂ ਨੂੰ ਇਸ ਸਥਿਤੀ ਨੂੰ ਬਦਲਣ ਲਈ ਪ੍ਰਸਤਾਵਿਤ ਕੌਮੀ ਅਨਾਜ ਸੁਰਖਿਆ ਕਾਨੂੰਨ ’ਚ ਕੀ ਵਿਵਸਥਾਵਾਂ ਕਰਨੀਆਂ ਚਾਹੀਦੀਆਂ ਹਨ? ਪਰੂਲਕਰ ਨੇ ਵੇਖਿਆ ਕਿ ਲੋੜਵੰਦਾਂ ਤਕ ਅਨਾਜ ਪਹੁੰਚਾਉਣ ਦੀ ਸਥਿਤੀ ਗੰਭੀਰ ਚਣੌਤੀਆਂ ਨਾਲ ਭਰੀ ਹੋਈ ਹੈ, ਅਕੁਸ਼ਲ ਨਿਯੋਜਨ ਕਰਕੇ ਜਿਥੇ ਇਕ ਪਾਸੇ ਅਨਾਜ ਸਰਕਾਰੀ ਗੋਦਾਮਾਂ ’ਚ ਸੜ ਰਿਹਾ ਹੈ, ਉਥੇ ਲੱਖਾਂ ਲੋਕਾਂ ਤਕ ਉਹ ਪਹੁੰਚਦਾ ਹੀ ਨਹੀਂ। ਨੁਕਸਦਾਰ ਸਰਕਾਰੀ ਮਸ਼ੀਨਰੀ ਕਾਰਨ ਅਨੇਕਾਂ ਗਰੀਬ ਲੋਕਾਂ ਦੇ ਰਾਸ਼ਣ ਕਾਰਡ ਨਹੀਂ ਬਣਦੇ ਤੇ ਉਹਨਾਂ ਨੂੰ ਅਨਾਜ ਨਹੀਂ ਮਿਲਦਾ। ਭ੍ਰਿਸ਼ਟ ਰਾਸ਼ਣ ਦੁਕਾਨਦਾਰ ਗਰੀਬ ਲੋਕਾਂ ’ਚ ਵੰਡ ਲਈ ਮਿਲੇ ਅਨਾਜ ਦੀ ਕਾਲਾਬਾਜ਼ਾਰੀ ਕਰਦੇ ਹਨ। ਸਰਕਾਰ ਨੇ ਜ਼ਰੂਰਤ ਮੰਦਾਂ ਨੂੰ ਰੁਜ਼ਗਾਰ ਦੇ ਮੌਕੇ ਮੁਹੱਈਆ ਕਰਾਉਣ ਲਈ ਮਨਰੇਗਾ ਵਰਗੀਆਂ ਯੋਜਨਾਵਾਂ ਚਲਾ ਰਖੀਆਂ ਹਨ ਪਰ ਭ੍ਰਿਸ਼ਟਾਚਾਰ ਦੇ ਕਾਰਨ ਉਹਨਾਂ ਦਾ ਫਾਇਦਾ ਲੋੜਵੰਦਾਂ ਤਕ ਨਹੀਂ ਪੁੱਜਦਾ। ਭ੍ਰਿਸ਼ਟਾਚਾਰ ਇਸ ਪਿਛੇ ਮੁੱਖ ਕਾਰਨ ਹੈ। ਭ੍ਰਿਸ਼ਟਾਚਾਰ ਏਨਾ ਵਿਆਪਕ ਹੈ ਕਿ ਥਾਂ-ਥਾਂ ਟੁੱਟੇ ਹੈਂਡਪੰਪ, ਟੁੱਟੀਆਂ ਸੜਕਾਂ ਤੇ ਜਾਤੀਗਤ ਲੁੱਟ-ਜਬਰ ਦੇਖਣ ’ਚ ਆਉਂਦੇ ਹਨ। ਜੇ ਭਾਰਤ ’ਚ ਅਨਾਜ ਭਰਪੂਰ ਮਾਤਰਾ ’ਚ ਪੈਦਾ ਹੋ ਰਿਹਾ ਹੈ ਤਾਂ ਫਿਰ 2011 ’ਚ ਇੰਟਰਨੈਸ਼ਨਲ ਫੂਡ ਪਾਲਸੀ ਰਿਸਰਚ ਇੰਸਟੀਚੂਟ ਮੁਤਾਬਕ ਗਲੋਬਲ ਹੰਗਰ ਇੰਡੈਕਸ ਦੀ ਲਿਸਟ ਅਨੁਸਾਰ 81 ਦੇਸ਼ਾਂ ’ਚ ਭਾਰਤ ਦੀ ਥਾਂ 67ਵੀਂ ਸੀ। ਇਥੇ 20 ਕਰੋੜ ਲੋਕ ਅਜੇਹੇ ਸਨ ਜੋ ਖਾਦ ਪਦਾਰਥ ਦੀ ਘਾਟ ਕਾਰਨ ਪੂਰੀ ਤਰ੍ਹਾਂ ਅਸੁਰਖਿਅਤ ਸਨ। ਇਸ ਸਾਲ ਜਨਵਰੀ ਦੇ ਮੱਧ ਵਿਚ ਖੁਦ ਪ੍ਰਧਾਨ ਮੰਤਰੀ ਨੇ ਮੰਨਿਆ ਸੀ ਕਿ ਕੁਪੋਸ਼ਣ ਦੀ ਸਮਸਿਆ ਕੌਮੀ ਸ਼ਰਮ ਦੀ ਗੱਲ ਹੈ।

ਪਰੂਲਕਰ ਨੇ ਬਿਹਾਰ ਦੇ ਗਯਾ ਜ਼ਿਲ੍ਹੇ ’ਚ ਬਾਂਵਰਾ ਪਿੰਡ ਦੇ ਇਕ ਆਦੀਵਾਸੀ ਪ੍ਰੀਵਾਰ ਦੀ ਪੂਰੀ ਦਾਸਤਾਨ ਨੂੰ ਪੇਸ਼ ਕੀਤਾ ਹੈ, ਜੋ ਦਿਲ ਦਹਿਲਾਉਣ

ਵਾਲੀ ਹੈ। ਇਸ ਪ੍ਰੀਵਾਰ ਨੂੰ ਰਾਸ਼ਣ ਕਾਰਡ ਨਹੀਂ ਮਿਲ ਸਕਿਆ ਸੀ ਜਿਸ ਨਾਲ ਇਹ ਸਸਤੀਆਂ ਦਰਾਂ ’ਤੇ ਅਨਾਜ ਹਾਸਲ ਕਰ ਸਕਣ। ਉਹ ਪ੍ਰੀਵਾਰ ਦੀ ਗ੍ਰਹਿਣੀ ਗਰਭਵਤੀ ਸੀ ਪਰ ਖਾਣ ਨੂੰ ਕੁਝ ਨਹੀਂ ਸੀ ਜਿਸ ਨਾਲ ਉਸ ਦੀ ਤੇ ਨਵਜਾਤ ਬੱਚੀ ਦੀ ਮੌਤ ਹੋ ਗਈ। ਉਸ ਦੇ ਘਰ ਵਾਲਿਆਂ ਨੇ ਉਸ ਨੂੰ ਦਰਖਤ ਦਾ ਸੱਕ (ਖੱਲ) ਖਵਾਉਣ ਦੀ ਕੋਸ਼ਿਸ਼ ਕੀਤੀ ਜਿਸ ਨਾਲ ਤਾਂ ਕਿ ਉਹ ਜਿਉਂਦੀ ਰਹਿ ਸਕੇ। ਆਦੀਵਾਸੀ ਹੋਣ ਕਾਰਨ ਪਿੰਡ ’ਚ ਉਸ ਦੇ ਪ੍ਰੀਵਾਰ ਦੇ ਨਾਲ ਆਰਥਕ ਤੇ ਸਮਾਜਕ ਭੇਦਭਾਵ ਕੀਤਾ ਜਾਂਦਾ ਸੀ। ਉਸ ਦਾ ਵੱਡਾ ਬੇਟਾ ਆਪਣੇ ਬਾਪ ਨਾਲ ਮਜ਼ਦੂਰੀ ਕਰਦਾ ਸੀ। ਸਭ ਠੀਕ-ਠਾਕ ਰਿਹਾ ਤਾਂ ਉਹਨਾਂ ਨੇ ਤਿੰਨ ਕਿਲੋਗ੍ਰਾਮ ਚਾਵਲ ਹਰ ਦਿਨ ਹਾਸਲ ਹੁੰਦਾ ਹੈ। ਉਸ ਦਾ ਇਕ ਹਿਸਾ ਵੇਚ ਕੇ ਉਹ ਲੋੜ ਦੀਆਂ ਦੂਜੀਆਂ ਵਸਤਾਂ ਖਰੀਦ ਦੇ ਹਨ ਪਰ ਆਟਾ-ਦਾਲ ਉਹਨਾਂ ਨੂੰ ਨਹੀਂ ਮਿਲਦਾ। ਉਹਨਾਂ ਨੂੰ ਨਿਯਮਤ ਰੂਪ ਨਾਲ ਕੰਮ ਨਹੀਂ ਮਿਲਦਾ। ਉਹ ਖੂਹ ਦਾ ਦੂਸ਼ਿਤ ਪਾਣੀ ਪੀਂਦੇ ਹਨ। ਗ੍ਰਹਿਣੀ ਤੇ ਨਵਜਾਤ ਸ਼ਿਸ਼ੂ ਦੀ ਤਾਂ ਮੌਤ ਹੋ ਗਈ। ਉਸ ਪਿਛੋਂ ਵੱਡੇ ਬੇਟੇ ਦੀ ਪਤਨੀ ਤੇ ਬੱਚੇ ਦੀ ਮੌਤ ਹੋ ਗਈ। ਮੁੱਖ ਕਾਰਨ ਸੀ ਭੋਜਨ ਦੀ ਘਾਟ। ਡਾਕਟਰੀ ਸਹੂਲਤਾਂ ਉਥੇ ਮੁਹੱਈਆ ਨਹੀਂ ਸਨ। ਉਹ ਬੇਟੇ ਦੀ ਪਤਨੀ ਤੇ ਬੱਚੇ ਨੂੰ ਲੈ ਕੇ ਮਘਧ ਮੈਡੀਕਲ ਕਾਲਜ ਗਿਆ। ਇਕ ਘੰਟੇ ਪਿਛੋਂ ਪਹੁੰਚੇ, ਇਲਾਜ ’ਤੇ 15 ਹਜ਼ਾਰ ਖਰਚ ਆਏ ਜੋ ਇੱਟਾਂ ਦੇ ਭੱਠਾ ਮਾਲਕਾਂ ਤੋਂ ਕਰਜੇ ਵਜੋਂ ਮਿਲੇ। ਸਿੱਟੇ ਵਜੋਂ ਕਰਜੇ ਕਾਰਨ ਸਾਰੇ ਮੈਂਬਰ ਭੱਠਾ ਮਾਲਕਾਂ ਕੋਲ ਬੰਧੂਆਂ ਮਜ਼ਦੂਰ ਬਣ ਗਏ। ਯਾਦ ਰਹੇ ਕਿ ਦੇਸ਼ ਦੀ ਸੁਪਰੀਮ ਕੋਰਟ ਨੇ ਇਹ ਕਹਿ ਰਖਿਆ ਹੈ ਕਿ ਰਾਜਾਂ ਦੀ ਇਹ ਕਾਨੂੰਨੀ ਜਿੰਮੇਵਾਰੀ ਹੈ ਕਿ ਉਹ ਯਕੀਨੀ ਬਣਾਉਣ ਕਿ ਲੋਕਾਂ ਨੂੰ ਲੋੜੀਂਦਾ ਭੋਜਨ ਮਿਲੇ। ਇਸ ਦੀ ਪ੍ਰਵਾਹ ਹੈ ਕਿਸ ਨੂੰ? ਸਪਸ਼ਟ ਹੈ ਕਿ ਗਯਾ ਜ਼ਿਲ੍ਹੇ ਤੇ ਬਿਹਾਰ ਸੂਬੇ ਦੇ ਅਧਿਕਾਰੀਆਂ ਨੇ ਆਪਣੀ ਜ਼ਿੰਮੇਵਾਰੀ ਨਹੀਂ ਨਿਭਾਈ। ਪਰੂਲਕਰ ਨੇ ਪਾਇਆ ਕਿ ਸਕੂਲੀ ਬੱਚਿਆਂ ਨੂੰ ਦੁਪਹਿਰ ਦਾ ਭੋਜਨ ਉਹ ਨਹੀਂ ਦਿੰਦੇ ਭਾਵੇਂ ਇਹ ਜੁੰਮੇਵਾਰੀ ਵੀ ਉਹਨਾਂ ਦੀ ਹੀ ਹੈ। ਕਈ ਸਾਲ ਪਹਿਲਾਂ ਅਰਵਿੰਦ ਅਡਿੰਗਾ ਨੇ ਆਪਣੇ ਨਾਵਲ ਸਵਹਾਈਟ-ਟਾਈਗਰਸ ’ਚ ਗਯਾ ਜ਼ਿਲ੍ਹੇ ਦੇ ਹੀ ਸਕੂਲਾਂ ਵਲੋਂ ਬੱਚਿਆਂ ਨੂੰ ਦੁਪਹਿਰ ਦੇ ਭੋਜਨ ਲਈ ਲੋੜੀਂਦੀ ਮਾਤਰਾ ’ਚ ਸਾਮਗਰੀ ਨੂੰ ਬਾਜ਼ਾਰ ’ਚ ਵੇਚਣ ਦਾ ਵਿਸਥਾਰਿਤ ਚਿਤਰਣ ਕੀਤਾ ਗਿਆ ਸੀ। ਪਰ ਕੋਈ ਕਾਰਵਾਈ ਨਹੀਂ ਹੋਈ ਤਦ ਲਾਲੂ ਪ੍ਰਸ਼ਾਦ ਯਾਦਵ ਦੀ ਹਕੂਮਤ ਸੀ ਤੇ ਹੁਣ ਨਿਤੀਸ਼ ਕੁਮਾਰ ਦਾ ਰਾਜ, ਪਰ ਹਾਲਤ ਜਿਉਂ ਦੀ ਤਿਉਂ ਹੀ ਹੈ।

ਗਰੀਬੀ ਤੇ ਰਾਸ਼ਣਧਾਰੀਃ- ਵਿਵਸਥਾ ਹੈ ਕਿ ਗਰੀਬੀ ਰੇਖਾ ਤੋਂ ਹੇਠਾਂ ਦੇ ਹਰ ਰਾਸ਼ਣ ਕਾਰਡਧਾਰੀਆਂ ਨੂੰ 35 ਕਿਲੋਗ੍ਰਾਮ ਅਨਾਜ ਪ੍ਰਤੀ ਮਹੀਨੇ ਬਾਜ਼ਾਰ ਤੋਂ ਅੱਧੇ ਭਾਅ ’ਤੇ ਮਿਲੇਗਾ। ਸਭ ਤੋਂ ਵੱਧ ਗਰੀਬ ਲੋਕਾਂ ਲਈ ਅਤੋਦਿਆ ਅੰਨ ਯੋਜਨਾ ਹੈ ਜਿਥੇ ਕੀਮਤਾਂ ਹੋਰ ਵੀ ਘੱਟ ਹੁੰਦੀਆਂ ਹਨ। ਇਸ ਸਭ ਕੁਝ ਦੇ ਬਾਵਜੂਦ ਪ੍ਰੀਵਾਰਾਂ ਨੂੰ ਕੁਝ ਨਹੀਂ ਮਿਲਦਾ। ਸਾਲ 2004-05 ਦੇ ਸਰਕਾਰੀ ਅੰਕੜਿਆਂ ਅਨੁਸਾਰ ਅੱਧੇ ਤੋਂ ਵੱਧ ਪ੍ਰੀਵਾਰਾਂ ਨੂੰ ਲੋੜੀਂਦੀਆਂ ਯੋਜਨਾਵਾਂ ਤੋਂ ਵਾਂਝਿਆਂ ਰਖਿਆ ਜਾਂਦਾ ਹੈ। ਬਿਹਾਰ ’ਚ 80 ਫੀ ਸਦੀ ਲੋਕ ਇਹਨਾਂ ਤੋਂ ਲਾਭ ਨਹੀਂ ਉਠਾ ਸਕੇ। ਪਰੂਲਕਰ ਨੇ ਦੱਸਿਆ ਕਿ ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ ਨਾਲ ਸੰਪਰਕ ਸਥਾਪਤ ਕਰਨ ਦੀਆਂ ਉਹਨਾਂ ਦੀ ਟੀਮ ਦੀਆਂ ਸਾਰੀਆਂ ਕੋਸ਼ਿਸ਼ਾਂ ਬੇਕਾਰ ਗਈਆਂ। ਗਯਾ ਜ਼ਿਲ੍ਹੇ ਦੇ

ਅਧਿਕਾਰੀਆਂ ਮੰਨਿਆ ਕਿ ਸਬੰਧਤ ਪ੍ਰੀਵਾਰ ਨੂੰ ਉਹਨਾਂ ਦਾ ਹੱਕ ਨਹੀਂ ਮਿਲਿਆ। ਅਖ਼ਬਾਰਾਂ 'ਚ ਰੀਪੋਟਾਂ ਛਪਣ ਪਿਛੋਂ ਅਧਿਕਾਰੀਆਂ ਨੇ ਪ੍ਰੀਵਾਰ ਨਾਲ ਸੰਪਰਕ ਸਥਾਪਤ ਕੀਤਾ। ਸਰਪੰਚ ਤੇ ਤਹਿਸੀਲ ਵਿਕਾਸ ਅਧਿਕਾਰੀ ਨੇ ਮਾਮਲੇ 'ਤੇ ਮਿੱਟੀ ਪਾਉਣ ਦੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ ਹਨ। ਅਧਿਕਾਰੀ ਨੇ ਦਾਅਵਾ ਕੀਤਾ ਕਿ ਮੌਤਾਂ ਭੁਖਮਰੀ ਨਾਲ ਨਹੀਂ ਹੋਈਆਂ ਬਲਕਿ ਹੋਰ ਕਾਰਨਾਂ ਕਰਕੇ ਹੋਈਆਂ ਹਨ। ਬਿਲਕੁਲ ਅਜੇਹੀ ਹੀ ਦੁਰਦਸ਼ਾ ਰਾਂਚੀ ਜ਼ਿਲ੍ਹੇ ਦੇ ਹੇਠਾਂ ਪਿੰਡਾਂ 'ਚ ਵੀ ਪਰੂਲਕਰ ਨੂੰ ਵੇਖਣ ਨੂੰ ਮਿਲੀ। ਉਹਨਾਂ ਵੇਖਿਆ ਕਿ ਉਥੇ ਛਰੂ ਸਿਹਤ ਕੇਂਦਰਾਂ 'ਤੇ ਇਕ ਡਾਕਟਰ ਹੈ ਜਿਸ ਨੂੰ ਹਰ ਥਾਂ ਜਾ ਕੇ ਰੋਗੀਆਂ ਨੂੰ ਦੇਖਣਾ ਅਸੰਭਵ ਹੈ। ਅੰਤ ਨੂੰ ਗਰੀਬ ਲੋਕ ਜਾਂ ਤਾਂ ਮਰਦੇ ਹਨ ਜਾਂ ਕਰਜਾ ਲੈ ਕੇ ਨਿਜੀ ਡਾਕਟਰਾਂ ਕੋਲ ਜਾਂਦੇ ਹਨ। ਵਿਸ਼ਵ ਸਿਹਤ ਸੰਗਠਨ ਅਨੁਸਾਰ ਭਾਰਤ ਦੇ ਪ੍ਰਤੀ 10 ਹਜ਼ਾਰ ਲੋਕਾਂ 'ਤੇ ਇਕ ਡਾਕਟਰ ਹੈ ਜਦਕਿ ਚੀਨ 'ਚ 14 ਡਾਕਟਰ ਹਨ। ਭਾਰਤ ਆਪਣੀ ਕੁਲ ਘਰੇਲੂ ਪੈਦਾਵਾਰ ਦਾ ਸਿਰਫ ਇਕ ਫੀ ਸਦੀ ਜਨਤਕ ਸਿਹਤ 'ਤੇ ਖਰਚ ਕਰਦਾ ਹੈ। ਲੜੀ ਦੇ ਪੰਜਵੇਂ ਲੇਖ 'ਚ ਪਰੂਲਕਰ ਨੇ ਬੋਧ ਗਯਾ ਦੇ ਕੋਲ ਵਸੇ ਮਾਨਵਿਦਿਆ ਪਿੰਡ ਦੇ ਕਾਂਗਰਸ ਮਾਂਝੀ ਤੇ ਉਸ ਦੇ ਪ੍ਰੀਵਾਰ ਦੀ ਕਹਾਣੀ ਦੱਸੀ ਹੈ ਕਿ ਕਿਵੇਂ ਭੋਜਨ ਦੀ ਘਾਟ ਕਰਕੇ ਉਹ ਤਪਦਿਕ ਦਾ ਸ਼ਿਕਾਰ ਹੋ ਗਿਆ। ਅਮਿਤ ਕੁਮਾਰ ਨਾਮਕ ਸਮਰਪਿਤ ਪ੍ਰਤਕਾਰ ਨੇ ਬਲਾਕ ਵਿਕਾਸ ਅਧਿਕਾਰੀ ਨੂੰ ਇਹ ਮੰਨਣ ਲਈ ਮਜਬੂਰ ਕਰ ਦਿੱਤਾ ਕਿ ਮਾਂਝੀ ਨੂੰ ਰਾਸ਼ਣ ਕਾਰਡ ਨਾ ਮਿਲਣਾ ਪ੍ਰਸ਼ਾਸਨ ਦੀ ਭੁੱਲ ਸੀ। ਮਾਂਝੀ ਦੇ ਮਰਨ ਦੇ ਕਾਰਨ ਵਜੋਂ ਭੁੱਖਮਰੀ ਨੂੰ ਮੰਨਣ ਤੋਂ ਪ੍ਰਸ਼ਾਸਨ ਇਨਕਾਰ ਕਰਦਾ ਹੈ। ਜੋ ਵੀ ਹੋਵੇ, ਭੁਖਮਰੀ ਤੇ ਕੁਪੋਸ਼ਣ ਦੇ ਤੱਥ ਨੂੰ ਦਬਾਉਣ ਬਦਲੇ ਉਹਨਾਂ ਨੂੰ ਭਜਾਉਣ ਲਈ ਕਦਮ ਚੁਕਣੇ ਚਾਹੀਦੇ ਹਨ। ਇਹ ਕਠਨ ਕੰਮ ਬਿਹਾਰ ਦਿਵਸ ਦਾ ਨਾਟਕ ਕਰਨ ਨਾਲ ਨਹੀਂ ਹੋ ਸਕਦਾ ਜਿਵੇਂ ਕਿ ਬਿਹਾਰ ਦੇ ਮੁੱਖ ਮੰਤਰੀ ਕਰ ਰਹੇ ਹਨ।

# ਸਬਜ਼ੀ ਲਾਉਣ ਵਾਲੇ ਕਿਸਾਨਾਂ ਦੀ ਦੁਰਦਸ਼ਾ ਕਿਵੇਂ?

ਪਿੰਡ ਦੀ ਸੜਕ ਤੋਂ ਲੰਘਦਿਆਂ ਹਰੀ-ਸਫੈਦ ਗੋਭੀ ਦੀਆਂ ਕਤਾਰਾਂ, ਲਾਲ-ਹਰੀਆਂ ਮਿਰਚਾਂ ਨਾਲ ਲੱਦੇ ਲਹਿਰਾਉਂਦੇ ਪੌਦੇ ਜਾਂ ਭਿੰਡੀ ਤੋਰੀ ਤੇ ਬੈਂਗਣ ਦੇ ਭਰੇ-ਭਰੇ ਖੇਤਾਂ ਨੂੰ ਵੇਖ ਕੇ ਖੁਸ਼ਹਾਲੀ ਦਾ ਅਹਿਸਾਸ ਹੁੰਦਾ ਹੈ। ਲੋਕ ਸੋਚਦੇ ਹਨ ਕਿ ਸਬਜ਼ੀ ਪੈਦਾ ਕਰਨ ਵਾਲੇ ਕਿਸਾਨ ਨੂੰ ਤਾਂ ਮੌਜਾਂ ਹੋਣਗੀਆਂ ਉਦੋਂ ਜਦ ਸਬਜ਼ੀਆਂ ਦੇ ਭਾਅ ਆਕਾਸ਼ ਛੂਹ ਰਹੇ ਹੋਣ। ਇਥੋਂ ਤਕ ਕਿ ਜੇ ਕਿਸਾਨ ਦੂਜੀਆਂ ਫਸਲਾਂ ਦੀ ਖੇਤੀ ਕਰਦੇ ਹਨ, ਉਹਨਾਂ ਨੂੰ ਵੀ ਸਬਜ਼ੀ ਉਗਾਉਣ ਵਾਲਿਆਂ ਨਾਲ ਈਰਖਾ ਹੋ ਸਕਦੀ ਹੈ। ਪਰ ਕੀ ਇਹ ਸਚਮੁੱਚ ਹੀ ਅਜੇਹਾ ਹੈ? ਇਹ ਸਥਿਤੀ ਜਾਨਣ ਲਈ ਪੱਤਰਕਾਰ ਬੜੌਤ ਖੇਤਰ (ਜ਼ਿਲ੍ਹਾ ਬਾਗਪਤ) ਦੇ ਪਿੰਡਾਂ 'ਚ ਸਬਜ਼ੀ ਪੈਦਾ ਕਰਨ ਵਾਲੇ ਕੁਝ ਕਿਸਾਨਾਂ ਨੂੰ ਮਿਲੇ ਜਿਹਨਾਂ ਦੀ ਮੁੱਖ ਫਸਲ ਗੋਭੀ ਹੈ। ਪਤਾ ਲੱਗਿਆ ਕਿ ਗੋਭੀ ਦੀ ਫਸਲ 'ਚ ਏਨੀ ਲਾਗਤ ਤੇ ਮੇਹਨਤ ਹੈ, ਉਸ ਹਿਸਾਬ ਨਾਲ ਇਹਨਾਂ ਕਿਸਾਨਾਂ ਨੂੰ ਨਾਂਹ ਦੇ ਬਰਾਬਰ ਹੀ ਬਚਤ ਹੁੰਦੀ ਹੈ। ਗੋਭੀ ਦੇ ਬੀਜ ਦਾ ਭਾਅ 1000 ਰੁਪਏ ਫੀ ਕਿਲੋ ਤੋਂ 30000 ਰੁਪਏ ਫੀ ਕਿਲੋ ਤਕ ਹੈ। ਇਹਨਾਂ ਕਿਸਾਨਾਂ ਨੂੰ ਸਿੰਚਾਈ ਤੇ ਕਾਫੀ ਖਰਚ ਕਰਨਾ ਪੈਂਦਾ ਹੈ। ਬਿਜਲੀ ਦੀ ਮੋਟਰ ਦਾ ਪਾਣੀ 40 ਤੋਂ 50 ਰੁਪਏ ਫੀ ਘੰਟਾ ਮਿਲ ਜਾਂਦਾ ਹੈ ਜਦਕਿ ਬਿਜਲੀ ਨਾ ਆਉਣ ਤੇ ਜਨਰੇਟਰ ਤੋਂ ਟਿਊਬਵੈਲ ਚਲਾਉਣ ਦਾ ਖਰਚ 300 ਤੋਂ 500 ਰੁਪਏ ਫੀ ਘੰਟਾ ਪੈਂਦਾ ਹੈ। ਕਿਸਾਨਾਂ ਨੇ ਦਸਿਆ ਕਿ ਸਬਜ਼ੀ ਦੀ ਖੇਤੀ 'ਚ ਬਿਮਾਰੀਆਂ ਵੱਧ ਲਗਦੀਆਂ ਹਨ, ਜਿਹਨਾਂ ਨੂੰ ਦੂਰ ਕਰਨ ਲਈ ਕੀਟਨਾਸ਼ਕ ਦਵਾਈਆਂ ਇਕ ਹਜ਼ਾਰ ਰੁਪਏ 3000 ਰੁਪਏ ਲਿਟਰ ਦੇ ਭਾਅ ਖਰੀਦਣੀਆਂ ਪੈਂਦੀਆਂ ਹਨ ਅਤੇ ਤਿੰਨ ਤੋਂ ਪੰਜ ਵਾਰੀ ਤਕ ਛਿੜਕਾਅ ਕਰਨਾ ਪੈਂਦਾ ਹੈ। ਇਸ ਤੋਂ ਇਲਾਵਾ ਖੇਤ ਦੀ ਗੋਡੀ, ਰਸਾਇਣਕ ਤੇ ਜੈਵਿਕ ਖਾਦ, ਮੰਡੀ ਤਕ ਮਾਲ ਦੀ ਢੋਹਾ-ਢੁਹਾਈ, ਵਪਾਰੀਆਂ ਵਲੋਂ ਆੜ੍ਹਤ ਕਟੌਤੀ ਇਹਨਾਂ ਸਭ ਕਰਕੇ ਪੈਦਾਵਾਰ ਲਾਗਤ ਬਹੁਤ ਵੱਧ ਹੋ ਜਾਂਦੀ ਹੈ। ਰਣਵਾੜ ਪਿੰਡ ਦੇ ਕਿਸਾਨ ਚੰਦਰਪਾਲ (55) ਪਾਸ ਚਾਰ ਵਿੱਘੇ ਜ਼ਮੀਨ ਹੈ। ਉਹਨਾਂ ਦਾ ਪ੍ਰੀਵਾਰ ਕਈ ਪੁਸਤਾਂ ਤੋਂ ਸਬਜ਼ੀ ਦੀ ਖੇਤੀ ਕਰਦਾ ਆ ਰਿਹਾ ਹੈ। ਜਦੋਂ ਪੁਛਿਆ ਕਿ ਅੱਜ ਦੀ ਉਨਤ ਖੇਤੀ ਤੇ ਪਹਿਲਾਂ ਦੀ ਖੇਤੀ 'ਚ ਤੁਹਾਨੂੰ ਕੀ ਫ਼ਰਕ ਲਗਦਾ ਹੈ। ਉਹਨਾਂ ਦਸਿਆ "ਭਾਈ ਪਹਿਲਾਂ ਏਨੀ ਮਹਿੰਗਾਈ ਨਹੀਂ ਸੀ, ਬੀਜ, ਖਾਦ ਆਪਣੇ ਘਰਾਂ 'ਚ ਹੁੰਦੇ ਸਨ। ਪਾਣੀ ਹਲਟ 'ਤੇ ਚਲਦੇ ਸਨ। ਹੱਲ ਨਾਲ ਖੇਤ ਵਾਹ ਲੈਂਦੇ ਸਾਂ, ਖਰਚਾ ਕੁਝ ਵੀ ਨਹੀਂ ਸੀ, ਜੋ ਵੀ ਪੈਦਾ ਹੁੰਦਾ ਸੀ, ਉਸ ਨੇ ਆਪਣੇ ਆਪ ਆਸ, ਪੜੋਸ ਦੇ ਕਸਬਿਆਂ 'ਚ ਜਾ ਕੇ ਵੇਚ ਲੈਂਦੇ ਸਾਂ। ਵਧੀਆ ਦਿਨ ਕਟੀ ਹੁੰਦੀ ਸੀ। ਫਸਲਾਂ ਤਾਂ ਹੁਣ ਪਹਿਲਾਂ ਤੋਂ ਡੂਢੀ ਹੈ ਪਰ ਇਸ ਨਾਲ ਤਾਂ ਸਾਡਾ ਗੁਜ਼ਾਰਾ ਵੀ ਨਹੀਂ ਹੁੰਦਾ। ਬੀਜ, ਖਾਦ, ਬਿਜਲੀ, ਪਾਣੀ ਸਭ ਚੀਜ਼ਾਂ ਬਾਜ਼ਾਰ ਤੋਂ ਲੈਣੀਆਂ ਪੈਂਦੀਆਂ ਹਨ। ਹੋਰ ਤਾਂ ਹੋਰ ਜੋ ਕੁਝ ਪੈਦਾ ਹੋਵੇ ਉਹ ਵੀ ਬਾਜ਼ਾਰ ਲਿਆ ਕੇ ਧਰ ਦੇਈਏ, ਚਾਹੇ ਉਹ ਜਿਸ ਭਾਅ ਮਰਜੀ ਖਰੀਦ ਲੈਣ। ਉਥੇ ਸਾਡਾ ਕੁਝ ਹੈ ਹੀ ਨਹੀਂ। ਉਪਰੋਂ ਕਰਜਾ ਸਿਰ ਚੜ੍ਹਿਆ ਹੈ। ਕਦੇ-ਕਦੇ ਤਾਂ ਮਰਨ ਨੂੰ ਜੀ ਕਰਦਾ ਹੈ। ਪਰ ਬੱਚਿਆਂ ਦਾ ਖਿਆਲ ਆ ਜਾਂਦੈ"। ਚੰਦਰਪਾਲ

ਦੀ ਗੱਲਾਂ ਸੋਲ੍ਹਾਂ ਆਨੇ ਸੱਚੀਆਂ ਹਨ। ਅੱਜ ਕਿਸਾਨੀ ਦਾ ਸਚਮੁਚ ਕੁਝ ਨਹੀਂ ਰਿਹਾ। ਉਨਤ ਬੀਜ ਖੇਤੀ ਦੇ ਅਧੁਨਿਕ ਔਜ਼ਾਰ ਤੇ ਸਿੰਚਾਈ ਦੇ ਬੇਹਤਰ ਸਾਧਨਾਂ ਦੇ ਆ ਜਾਣ ਅਤੇ ਉਪਜ਼ ਵਧਣ ਨਾਲ ਕਿਸਾਨਾਂ ਨੂੰ ਖੁਸ਼ਹਾਲ ਹੋਣਾ ਚਾਹੀਦਾ ਸੀ ਪਰ ਦਿਨ-ਬ-ਦਿਨ ਲਾਗਤ ਮਹਿੰਗੀ ਹੋਣ ਅਤੇ ਅਨਾਜ ਦੀ ਉਚਿਤ ਕੀਮਤ ਨਾ ਮਿਲਣ ਕਰਕੇ ਅੱਜ ਖੇਤੀ ਕਿਸਾਨਾਂ ਦੇ ਗਲੇ ਦਾ ਫੰਦਾ ਬਣ ਗਈ ਹੈ। ਕਿਸਾਨਾਂ ਅਨੁਸਾਰ ਜਦ ਫਸਲ ਵੱਧ ਹੁੰਦੀ ਹੈ ਤਾਂ ਮੰਡੀ ’ਚ ਬੇਸ਼ੁਮਾਰ ਮਾਲ ਆਉਣ ਨਾਲ ਭਾਅ ਏਨਾ ਡਿੱਗ ਪੈਂਦਾ ਹੈ ਕਿ ਢੋਹਾ-ਢੁਹਾਈ, ਬਾਰਦਾਨਾ ਤੇ ਪਲੇਦਾਰੀ ਦਾ ਖਰਚ ਵੀ ਨਹੀਂ ਨਿਕਲਦਾ। ਅਜੇਹੀ ਹਾਲਤ ’ਚ ਅਕਸਰ ਆੜ੍ਹਤੀਆਂ ਕੋਲ ਛੱਡ ਕੇ ਹੌਲੀ ਕਰਕੇ ਖਿਸਕ ਜਾਂਦੇ ਹਨ ਤੇ ਉਹਨਾਂ ਨੂੰ ਆਪਣੀ ਪੱਲੀ ਵੀ ਵਾਪਸ ਨਹੀਂ ਮਿਲਦੀ।

ਜੋ ਕਿਸਾਨ ਠੇਕੇ ’ਤੇ ਜ਼ਮੀਨ ਲੈ ਕੇ ਖੇਤੀ ਕਰਦੇ ਹਨ ਉਹਨਾਂ ਦਸਿਆ ਕਿ ‘ਗੋਭੀ ਦੀ ਫਸਲ ਬਹੁਤ ਨਾਜ਼ੁਕ ਹੁੰਦੀ ਹੈ। ਖੇਤ ’ਚ ਪਾਣੀ ਲਾਉਣ ਪਿਛੋਂ ਜੇ ਬਾਰਸ਼ ਹੋ ਗਈ ਜਾਂ ਕਰੜੀ ਧੁੱਪ ਨਿਕਲ ਗਈ ਤਾਂ ਪੂਰੀ ਦੀ ਪੂਰੀ ਗੋਭੀ ਦੀ ਫਸਲ ਮਾਰੀ ਜਾਂਦੀ ਹੈ”। ਜੇ ਕਿਸੇ ਨੂੰ ਪੁਛੀਏ ਕਿ ਤੁਸੀ 20-30 ਵਿਘੇ ਜ਼ਮੀਨ ਠੇਕੇ ’ਤੇ ਲੈ ਕੇ ਖੇਤੀ ਕਿਉਂ ਨਹੀਂ ਕਰਦੇ? ਉਹਨਾਂ ਕਿਹਾ ਕਿ ਇਸ ਸਬਜ਼ੀ ਦਾ ਬਾਜ਼ਾਰ ’ਚ ਵਿਕਣ ’ਤੇ ਸਹੀ ਭਾਅ ਮਿਲਣ ਦਾ ਕੋਈ ਭਰੋਸਾ ਹੁੰਦਾ ਹੀ ਨਹੀਂ। ਨਵੀਂ ਫਸਲ ਆਉਣ ’ਤੇ ਮੰਡੀ ’ਚ ਘੱਟ ਮਾਲ ਆਵੇ ਤਾਂ ਭਾਅ ਠੀਕ ਮਿਲ ਜਾਂਦਾ ਹੈ ਪਰ ਜਦ ਮਾਲ ਵੱਧ ਹੁੰਦਾ ਹੈ ਤਾਂ ਕਦੀ-ਕਦੀ ਆਪਣੀ ਫਸਲ ਮੰਡੀ ’ਚ ਛੱਡ ਕੇ ਛੁਪ ਕੇ ਭੱਜਣਾ ਪੈਂਦਾ ਹੈ ਤਾਂ ਕਿ ਪੱਲੇਦਾਰੀ ਤੇ ਆੜ੍ਹਤ ਜੇਬ ’ਚੋਂ ਨਾ ਦੇਣੀ ਪਵੇ। ਕਿਸੇ ਸਾਲ ਭਾਅ ਠੀਕ ਮਿਲਦੇ ਹਨ ਤਾਂ ਕਿਸੇ ਸਾਲ ਖੇਤੀ ਦਾ ਕਿਰਾਇਆ ਵੀ ਨਹੀਂ ਜੁੜਦਾ। ਥੋੜੀ ਜ਼ਮੀਨ ਹੋਵੇ ਤਾਂ ਉਸ ਦਾ ਕਿਰਾਇਆ ਮਜ਼ਦੂਰੀ ਕਰਕੇ ਜਾਂ ਮੱਝ ਵੇਚ ਕੇ ਵੀ ਚੁਕਾ ਦਿੰਦੇ ਹਾਂ। ਫਸਲ ਖਰਾਬ ਹੋ ਜਾਵੇ ਤਾਂ ਵੱਧ ਜ਼ਮੀਨ ਦਾ ਕਿਰਾਇਆ ਕਿਵੇਂ ਦਿਤਾ ਜਾਊ? ਵੱਧ ਜ਼ਮੀਨ ਲੈ ਕੇ ਖੇਤੀ ਕਰਨ ਵਾਲੇ ਸਾਡੇ ਹੀ ਪਿੰਡ ਦੇ ਤਿੰਨ ਕਿਸਾਨਾਂ ਨੂੰ ਠੇਕੇ ਦਾ ਪੈਸਾ ਨਾ ਮੋੜਨ ਕਰਕੇ ਪਿੰਡ ਛਡਣਾ ਪਿਆ। ਫਿਰ ਘੱਟ ਆਮਦਨੀ ਨਾਲ ਉਹਨਾਂ ਦੇ ਪ੍ਰੀਵਾਰ ਦਾ ਖਰਚ ਕਿਵੇਂ ਚਲਦਾ ਹੈ? ਬੱਚਿਆਂ ਦੀ ਪੜ੍ਹਾਈ ਕਿਵੇਂ ਚਲਦੀ ਹੈ? ਉਹਨਾਂ ਮੁਤਾਬਕ ਬਾਪ ਕੱਚਾ ਕਮਰਾ ਦੇ ਕੇ ਗਿਆ ਸੀ, ਅੱਜ ਵੀ ਪ੍ਰੀਵਾਰ ਉਥੇ ਹੀ ਰਹਿੰਦਾ ਹੈ। ਕੰਮ ਨਹੀਂ ਚਲਦਾ ਤਾਂ ਬੱਚਿਆਂ ਦੀ ਪੜ੍ਹਾਈ ਵਿਚੇ ਛੁੱਟ ਗਈ। ਸਾਲ ਪਹਿਲਾਂ ਰਿਕਸ਼ਾ ਚਲਾਉਂਦਿਆਂ ਪੈਰ ’ਚ ਸੱਟ ਵੱਜ ਗਈ ਸੀ ਉਹ ਜ਼ਖਮ ਅਜੇ ਤਾਈਂ ਠੀਕ ਨਹੀਂ ਹੋਇਆ। ਇਸ ਖੇਤੀ ’ਚੋਂ ਕੁਝ ਬਚਦਾ ਤਾਂ ਇਲਾਜ ਹੋ ਜਾਂਦਾ। ਇਸ ਹਾਲਤ ’ਚ ਕੰਮ ਕਰਨਾ ਪਵੇ। ਬਾਲਕ ਕੋਹਲੂ ’ਚ ਭੱਠਿਆਂ ਤੇ ਮਜ਼ਦੂਰੀ ਕਰਨ। ਲੜਕੀ ਸਕੂਲ ’ਚ ਪੜ੍ਹਦੀ ਹੈ ਪਰ ਬਿਨ੍ਹਾਂ ਡਰੈਸ ਸਕੂਲ ’ਚ ਨਹੀਂ ਬੈਠਣ ਦਿੰਦੇ। ਘਰੇ ਪੈਸਾ ਹੈ ਨਹੀਂ ਸੀ। ਇਕ ਹਫ਼ਤਾ ਘਰ ਬੈਠਾ ਰਿਹਾ ਫਿਰ ਤੇਰੇ-ਮੇਰੇ ਤੋਂ 400 ਰੁਪਏ ਉਧਾਰ ਫੜ੍ਹ ਕੇ ਉਸ ਦੀ ਡਰੈਸ ਸਿਲਵਾਈ। ਪਹਿਲਾਂ ਇਕ ਲੜਕੇ ਲਈ ਆਈ.ਟੀ.ਆਈ ਖਾਤਰ 5000 ਰੁਪਏ ਦਾ ਪਸ਼ੂ ਵੇਚਣਾ ਪਿਆ। ਇਸ ਖੇਤੀ ਨਾਲ ਕੁਝ ਨਹੀਂ ਹੁੰਦਾ। ਮਜ਼ਦੂਰੀ ਕਰਕੇ ਕਰਜ਼ਾ ਨਹੀਂ ਉਤਰਦਾ। ਜੌਹੜੀ ਪਿੰਡ ਦਾ ਕਿਸਾਨ ਆਪਣੀ 30 ਵਿਘੇ ਜ਼ਮੀਨ ’ਚੋਂ ਛੇ ਵਿਘਿਆਂ ’ਤੇ ਗੋਭੀ ਦੀ ਖੇਤੀ ਕਰਦਾ ਹੈ। ਬਹੁਤਾ ਕੰਮ ਮਜ਼ਦੂਰਾਂ ਤੋਂ ਕਰਵਾਉਂਦੇ ਹਨ। ਇਹਨਾਂ ਦੇ ਰਹਿਣ-ਸਹਿਣ

ਪੱਧਰ ਬੇਹਤਰ ਹੈ, ਪੱਕਾ ਘਰ ਹੈ, ਬੱਚੇ ਪੜ੍ਹਦੇ ਹਨ। ਵਧਦੀ ਲਾਗਤ ਤੇ ਬਾਜ਼ਾਰ ਦੇ ਉਤਰਾਅ-ਝੜਾਅ ਦੀ ਚਿੰਤਾ ਉਹਨਾਂ ਨੂੰ ਵੀ ਸਤਾਉਂਦੀ ਹੈ। ਇਸ ਖੇਤੀ ਨਾਲ ਨਗਦ ਜਰੂਰ ਆਉਂਦਾ ਰਹਿੰਦਾ ਹੈ ਪਰ ਬਚਦਾ ਕੁਝ ਨਹੀਂ ਕਿਉਂਕਿ ਖਰਚਾ ਬਹੁਤ ਹੈ ਤੇ ਭਾਅ ਮਿਲਦਾ ਨਹੀਂ। ਜਾਂਚ ਪੜਤਾਲ ਪਿਛੋਂ ਇਹ ਗੱਲਾਂ ਤਾਂ ਸਾਫ ਨਜ਼ਰ ਆਉਂਦੀਆਂ ਹਨ ਕਿ ਸਬਜ਼ੀ ਦੀ ਖੇਤੀ ਕਰਨ ਵਾਲੇ ਲਗਭਗ ਸਾਰੇ ਹੀ ਕਿਸਾਨਾਂ ਦੀ ਸਥਿਤੀ ਬਦਤਰ ਹੈ।

ਛੋਟੀ ਜੋਤ ਜਾਂ ਠੇਕੇ 'ਤੇ ਜ਼ਮੀਨ ਲੈ ਕੇ ਖੇਤੀ ਕਰਨ ਵਾਲੇ ਕਿਸਾਨਾਂ ਦਾ ਗੁਜ਼ਾਰਾ ਸਿਰਫ ਖੇਤੀ ਨਾਲ ਨਹੀਂ ਹੁੰਦਾ। ਛੋਟੀ ਕਿਸਾਨੀ ਨੂੰ ਰੋਟੀ ਰੋਜ਼ੀ ਚਲਾਉਣ ਲਈ ਕੋਈ ਨਾ ਕੋਈ ਦੂਜਾ ਕੰਮ ਕਰਨਾ ਪੈਂਦਾ ਹੈ। ਜਿਵੇਂ ਮੱਝਾਂ ਪਾਲਣੀਆਂ, ਉਹਨਾਂ ਦਾ ਦੁੱਧ ਵੇਚਣਾ, ਕੋਹਲੂ ਅਤੇ ਭੱਠਿਆਂ 'ਤੇ ਜਾ ਕੇ ਮਜ਼ਦੂਰੀ ਕਰਨਾ ਜਾਂ ਰਿਕਸ਼ਾ ਚਲਾਉਣਾ, ਤਦ ਕਿਤੇ ਜਾ ਕੇ ਉਹਨਾਂ ਦੇ ਪ੍ਰੀਵਾਰ ਲਈ ਦੋ ਵਕਤ ਦੀ ਰੋਟੀ ਦਾ ਇੰਤਜਾਮ ਹੁੰਦਾ ਹੈ। ਏਨੀ ਸਖਤ ਮੇਹਨਤ ਕਰਨ ਪਿਛੋਂ ਵੀ ਬਹੁਤੇ ਕਿਸਾਨ ਕਰਜ਼ਦਾਰ ਹਨ। ਖੇਤੀ 'ਚ ਖਾਦ, ਬੀਜ, ਦਵਾ, ਸਿੰਚਾਈ ਦਾ ਖਰਚ ਜਾਂ ਘਰ 'ਚ ਹਾਰੀ-ਬੀਮਾਰੀ ਦੇ ਲਈ ਇਹਨਾਂ ਪਿੰਡਾਂ ਦੇ ਸ਼ਾਹੂਕਾਰਾਂ ਤੋਂ ਮਹਿੰਗੇ ਵਿਆਜ 'ਤੇ ਕਰਜ ਲੈਣਾ ਪੈਂਦਾ ਹੈ। ਕਿਸਾਨਾਂ ਤੋਂ ਜੇ ਪੁਛੀਏ ਕਿ ਘਾਟੇ ਦੇ ਬਾਵਜੂਦ ਉਹ ਖੇਤੀ ਕਿਉਂ ਕਰਦੇ ਹਨ ਤਾਂ ਉਹਨਾਂ ਜੁਆਬ ਦਿੱਤਾ ਕਿ 'ਕੀ ਕਰੀਏ, ਕਿਥੇ ਜਾਈਏ? ਇਸ ਖੇਤੀ ਆਸਰੇ ਇਥੇ ਰਹਿ ਤਾਂ ਰਹੇ ਹਾਂ। ਜੇ ਖੇਤੀ ਛੱਡ ਦਿੱਤੀ ਤਾਂ ਠਿਕਾਣਾ ਵੀ ਨਹੀਂ ਮਿਲਣਾ, ਇਥੇ ਅਸੀਂ ਘਟੋਂ-ਘੱਟ ਜਿਉਂਦੇ ਤਾਂ ਹਾਂ' ਇਸ ਸਚਾਈ ਦਾ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਜਿੰਨ੍ਹਾਂ ਕਿਸਾਨਾਂ ਨਾਲ ਗੱਲ ਵੀ ਕੀਤੀ ਉਹਨਾਂ ਪ੍ਰੀਵਾਰਾਂ ਦੇ ਸਾਰੇ ਲੋਕ ਔਰਤ, ਮਰਦ, ਬੱਚੇ ਵੱਡੇ ਖੇਤੀ ਦੇ ਕੰਮ 'ਚ ਹੀ ਲੱਗੇ ਰਹਿੰਦੇ ਹਨ। ਪੂਰੀ ਸੀਜਨ 'ਚ ਜਦ 20-25 ਦਿਨ ਕੰਮ ਵੱਧ ਹੁੰਦਾ ਹੈ ਤਾਂ ਉਹ ਮਜ਼ਦੂਰੀ ਕਰਦੇ ਹਨ। ਜੇ ਹੋਰ ਪ੍ਰੀਵਾਰਾਂ ਲਈ ਵੀ ਦੂਜਾ ਰੁਜ਼ਗਾਰ ਹੋਵੇ ਤਾਂ ਅਜੇਹਾ ਕਰ ਸਕਦੇ ਹਨ। ਅਜੇਹਾ ਨਾ ਹੋਣ ਕਰਕੇ ਪ੍ਰੀਵਾਰਾਂ ਦੇ ਸਾਰੇ ਦੇ ਸਾਰੇ ਮੈਂਬਰ ਹੀ ਖੇਤੀ ਕੰਮ 'ਚ ਲੱਗ ਕੇ ਗੁਜ਼ਾਰਾ ਕਰਦੇ ਹਨ। ਇਹ ਛੁਪੀ ਹੋਈ ਬੇਰੁਜ਼ਗਾਰੀ ਸਰਕਾਰੀ ਅੰਕੜਿਆਂ 'ਚ ਦਰਜ ਨਹੀਂ ਹੁੰਦੀ।

ਕੀ ਅਸਲ 'ਚ ਇਸ ਨੂੰ ਪੂਰੀ ਤਰ੍ਹਾਂ ਰੁਜ਼ਗਾਰ ਕਿਹਾ ਜਾ ਸਕਦੈ? ਉਨਤ ਬੀਜ ਨਾਲ ਹੋਣ ਵਾਲੀ ਅਸਲੀ ਫਸਲ ਵੀ ਕਿਸਾਨਾਂ ਲਈ ਧੋਖਾ ਹੀ ਸਾਬਤ ਹੁੰਦਾ ਹੈ। ਉਤਮ ਬੀਜ ਬੀਜਣ ਨਾਲ ਜੇ ਵੱਧ ਫਸਲ ਵੀ ਹੁੰਦੀ ਹੈ ਤਾਂ ਆਮਦਨ, ਉਨੀ ਨਹੀਂ ਵਧਦੀ ਜਿੰਨਾ ਬੀਜ ਮਹਿੰਗਾ ਖਰੀਦਿਆ ਹੁੰਦਾ ਹੈ। ਕਿਸਾਨਾਂ ਨੂੰ ਮੰਡੀ 'ਚ ਜੋ ਭਾਅ ਮਿਲਦਾ ਹੈ ਅਤੇ ਖ਼ਪਤਕਾਰਾਂ ਨੂੰ ਜਿਸ ਭਾਅ ਵੇਚਿਆ ਜਾਂਦਾ ਹੈ ਉਸ 'ਚ 5 ਤੋਂ 10 ਗੁਣਾਂ ਤਕ ਦਾ ਫਰਕ ਹੁੰਦਾ ਹੈ। ਇਸ ਤਰ੍ਹਾਂ ਸਬਜ਼ੀ ਉਗਾਉਣ ਵਾਲੇ ਕਿਸਾਨਾਂ ਦੀ ਮੇਹਨਤ ਨਾਲ ਤਿਆਰ ਫਸਲ 'ਤੇ ਵਿਚੋਲਿਆਂ ਦੀ ਇਕ ਪੂਰੀ ਫੌਜ ਪਲ ਰਹੀ ਹੈ। ਸਬਜ਼ੀ ਨੂੰ ਮੰਡੀ ਤਕ ਢੋਹ ਕੇ ਲੈ ਜਾਣ ਵਾਲਿਆਂ ਦਾ ਕੰਮ ਉਹਨਾਂ ਨਾਲ ਹੀ ਚਲਦਾ ਹੈ। ਮੰਡੀ 'ਚ ਬੈਠੇ ਆੜ੍ਹਤੀਏ ਬਿਨਾਂ ਕੋਈ ਮੇਹਨਤ ਕੀਤਿਆਂ ਹਜ਼ਾਰਾਂ ਰੁਪਏ ਕਿਸਾਨਾਂ ਤੋਂ ਬਚਾਅ ਲੈਂਦੇ ਹਨ। ਉਥੋਂ ਵੱਖ-ਵੱਖ ਸ਼ਹਿਰਾਂ ਦੀਆਂ ਵੱਡੀਆਂ ਮੰਡੀਆਂ ਤੇ ਸਪੈਂਸ਼ਰ, ਰਿਲਾਇੰਸ, ਫ੍ਰੇਸ਼ ਤੇ ਸੁਭਿਕਸ਼ਾ ਵਰਗੀਆਂ ਚਮਕ-ਦਮਕ ਵਾਲੀਆਂ ਦੁਕਾਨਾਂ 'ਚ ਇਹਨਾਂ ਸਬਜ਼ੀਆਂ ਨੂੰ ਵੇਚ ਕੇ ਸ਼ਰਮਾਏਦਾਰ ਲੱਖਾਂ

ਰੁਪਏ ਕਮਾ ਰਹੇ ਹਨ। ਇਥੋਂ ਤਕ ਕਿ ਰੇੜ੍ਹੀਆਂ, ਠੇਲਿਆਂ ਤੇ ਫੇਰਾਂ ਵਾਲਿਆਂ ਮੇਹਨਤਕਸ਼ਾਂ ਦੀ ਦਿਹਾੜੀ-ਮਜ਼ਦੂਰੀ ਵੀ ਇਹਨਾਂ ਕਿਸਾਨਾਂ 'ਤੇ ਨਿਰਭਰ ਹੈ ਜੋ ਖੁਦ ਆਪਣੀ ਦਿਹਾੜੀ ਦਾ ਹਿਸਾਬ ਲਾਈਏ ਤਾਂ 25-50 ਰੁਪਏ ਰੋਜ਼ ਮੁਸ਼ਕਲ ਨਾਲ ਆਉਂਦੇ ਹਨ। ਲੋਕਾਂ ਦੀ ਥਾਲੀ ਤਕ ਰੋਜ਼ਾਨਾ ਤਾਜੀ ਮੌਸਮੀ ਸਬਜ਼ੀ ਪਹੁੰਚਾਣ ਵਾਲੇ ਇਹਨਾਂ ਬਦਕਿਸਮਤਾਂ ਦੇ ਹਿਸੇ ਆਉਂਦੀ ਹੈ, ਕੰਗਾਲੀ, ਬਦਹਾਲੀ ਤੇ ਕਰਜੇ ਦਾ ਬੋਝ। ਆਖਰ ਕਿਉਂ? ਸਾਰੀ ਗੱਲਬਾਤ ਤੋਂ ਸਾਫ਼ ਹੁੰਦਾ ਹੈ ਕਿ ਸਬਜ਼ੀ ਪੈਦਾਵਾਰ ਕਰਨ ਵਾਲੇ ਕਿਸਾਨਾਂ ਦੀ ਹਾਲਤ ਤਰਸਯੋਗ ਹੈ। ਇਹ ਦਸ਼ਾ ਸਾਡੇ ਦੇਸ਼ ਦੇ ਕੁਲ ਮਿਲਾ ਕੇ ਸਾਰੇ ਗਰੀਬ ਕਿਸਾਨਾਂ ਦੀ ਹੈ, ਚਾਹੇ ਉਹ ਸਬਜ਼ੀ ਬੀਜ਼ਦੇ ਹੋਣ, ਗੰਨਾ ਉਗਾਉਂਦੇ ਹੋਣ ਜਾਂ ਚੌਲ, ਕਣਕ, ਕਪਾਹ ਪੈਦਾ ਕਰਦੇ ਹੋਣ। ਉਹ ਕਿਸਾਨ ਉਤਰ ਪ੍ਰਦੇਸ਼ ਦੇ ਹੋਣ, ਪੰਜਾਬ, ਆਂਧਰਾ, ਮਹਾਂਰਾਸ਼ਟਰਾ ਜਾਂ ਭਾਰਤ ਦੇ ਕਿਸੇ ਵੀ ਕੋਨੇ ਦੇ ਰਹਿਣ ਵਾਲੇ ਹੋਣ। ਉਹ ਚਾਹੇ ਕਿਸੇ ਵੀ ਜਾਤ ਜਾਂ ਧਰਮ ਦੇ ਹੋਣ ਸਭ ਦੀ ਹੋਂਦ ਦਾ ਸੁਆਲ ਹੈ। ਆਖਰ ਕਿਉਂ? ਕਿਉਂਕਿ ਉਹਨਾਂ ਨੂੰ ਨਹੀਂ ਪਤਾ ਕਿ ਕਿਸ ਤਰ੍ਹਾਂ ਦੇਸੀ ਵਿਦੇਸ਼ੀ ਕੰਪਨੀਆਂ ਇਕ ਜੁਟ ਹੋ ਕੇ ਨਵੇਂ-ਨਵੇਂ ਕਾਨੂੰਨ ਤੇ ਨੀਤੀਆਂ ਬਣਾ ਕੇ ਸਾਡੇ ਦੇਸ਼ 'ਚ ਲੁੱਟ ਮਚਾ ਰਹੀਆਂ ਹਨ। ਵਿਸ਼ਵ ਵਪਾਰ ਸੰਗਠਨ ਲੁੱਟ ਦਾ ਹੀ ਇਕ ਜ਼ਰੀਆ ਹੈ। ਕਿਸਾਨਾਂ ਦੀਆਂ ਸਾਰੀਆਂ ਹੀ ਸਮਸਿਆਵਾਂ ਚਾਹੇ ਬਿਜਲੀ, ਪਾਣੀ, ਵਧਦੀ ਲਾਗਤ, ਘੱਟ ਭਾਅ, ਕਰਜਾ ਸਭ ਪਿਛੇ ਸਰਕਾਰ ਵਲੋਂ ਦਲਾਲ ਸ਼ਰਮਾਏਦਾਰੀ ਦੀਆਂ ਘੜੀਆਂ ਤੇ ਠੋਸੀਆਂ ਨੀਤੀਆਂ ਹਨ। ਕਿਸਾਨ ਜਿੰਨੀ ਮਰਜੀ ਫਸਲ ਪੈਦਾ ਕਰ ਲੈਣ ਜਦ ਮਿਲ ਜੁਲ ਕੇ ਇਹਨਾਂ ਸਮਸਿਆਵਾਂ ਨਾਲ ਸਿੱਧੇ ਮੱਥੇ ਨਹੀਂ ਟੱਕਰਦੇ, ਉਹਨਾਂ ਦੀ ਹਾਲਤ ਸੁਧਰਨ ਦੀ ਬਜਾਏ ਖਰਾਬ ਹੁੰਦੀ ਜਾਵੇਗੀ।

# ਵਿਸ਼ਵ ਵਿਆਪੀ ਭੁਖਮਰੀ ਦਾ ਜ਼ਿੰਮੇਵਾਰ ਕੌਣ?

ਅੱਜ ਦੁਨੀਆਂ 'ਚ 85 ਕਰੋੜ ਲੋਕ ਭੁੱਖੇ ਪੇਟ ਸੌਣ ਲਈ ਮਜ਼ਬੂਰ ਹਨ। ਹਰ ਰੋਜ਼ 25 ਹਜ਼ਾਰ ਲੋਕ ਭੁੱਖ ਨਾਲ ਛਟ-ਪਟਾ ਕੇ ਦਮ ਤੋੜ ਦਿੰਦੇ ਹਨ। ਕਿਧਰੇ ਖੁਰਾਕੀ ਪਦਾਰਥ ਨੂੰ ਲੈ ਕੇ ਦੰਗੇ ਹੋ ਰਹੇ ਹਨ ਤਾਂ ਕਿਸੇ ਦੇਸ਼ ਦੀ ਸਰਕਾਰ ਤੋਂ ਤੰਗ ਆ ਕੇ ਉਸ ਨੂੰ ਗੱਦੀਓ ਹਟਾ ਦਿੰਦੀ ਹੈ। ਇਹਨਾਂ ਸਮਸਿਆਵਾਂ ਪਿਛੇ ਦੁਨੀਆਂ ਭਰ 'ਚ ਅਨਾਜ ਦੀਆਂ ਕੀਮਤਾਂ 'ਚ ਬੇਤਹਾਸ਼ਾ ਵਾਧਾ ਤੇ ਅਨਾਜ ਦਾ ਨਕਲੀ ਸੰਕਟ ਹੈ। ਵਰਨਾ ਵਿਗਿਆਨ ਤੇ ਤਕਨੌਲੋਜੀ ਦੀ ਏਨੀ ਤਰੱਕੀ ਤੇ ਪੈਦਾਵਾਰ 'ਚ ਵਾਧੇ ਦੇ ਬਾਵਜੂਦ ਅੱਜ ਕਰੋੜਾਂ ਦੀ ਗਿਣਤੀ ਵਿਚ ਦੁਨੀਆਂ ਦੇ ਲੋਕ ਭੁਖਮਰੀ ਦੇ ਕੰਢੇ ਕਿਉਂ ਖੜ੍ਹੇ ਹਨ? ਦੁਨੀਆਂ ਭਰ 'ਚ ਖੁਰਾਕ ਸੰਕਟ ਪੈਦਾ ਕਰਨ 'ਚ ਅਨਾਜ ਵਪਾਰ 'ਚ ਸਟੇਬਾਜੀ ਤੇ ਅਨਾਜ ਪਦਾਰਥਾਂ ਤੋਂ ਜੈਵਿਕ ਊਰਜਾ ਉਤਪਾਦਨ ਦੀ ਕੀ ਭੂਮਿਕਾ ਹੈ? ਇਸ ਲੇਖ 'ਚ ਅਸੀਂ ਇਹਨਾਂ ਸੁਆਲਾਂ 'ਤੇ ਵਿਚਾਰ ਕਰਾਂਗੇ। ਮੌਜੂਦ ਸੰਕਟ ਤੋਂ ਪਹਿਲਾਂ ਦੀ ਭੁਖਮਰੀ ਕੀ ਸੀ? ਦੁਨੀਆਂ ਦੀ 6 ਅਰਬ ਆਬਾਦੀ ਚਿਰਾਂ ਤੋਂ ਭੁਖਮਰੀ ਦੇ ਸ਼ਿਕਾਰ ਹਨ ਜਿਸ ਕਾਰਨ ਹਮੇਸ਼ਾ ਹੀ ਉਹਨਾਂ 'ਤੇ ਬੀਮਾਰ ਹੋਣ ਦਾ ਸੰਕਟ ਮੰਡਰਾਉਂਦਾ ਰਹਿੰਦਾ ਹੈ, ਅੱਜ ਵੀ ਵਿਸ਼ਵੀ ਅਰਥਚਾਰੇ ਦੀ ਇਸ ਅਸਲੀਅਤ ਤੋਂ ਹਰੇਕ ਦੇਸ਼ ਦਾ ਹਾਕਮ ਹਮੇਸ਼ਾ ਮੂੰਹ ਚਰਾਉਂਦਾ ਰਿਹਾ ਹੈ ਅਤੇ ਆਪਣੇ ਵਿਕਾਸ ਦੇ ਪੈਮਾਨਿਆਂ 'ਚ ਕਦੀ ਵੀ ਭੁੱਖ ਤੇ ਕੁਪੋਸ਼ਣ ਨੂੰ ਸ਼ਾਮਲ ਨਹੀਂ ਕਰਦਾ। ਅਜੇ ਪਿਛੇ ਜਿਹੇ ਹੀ ਏਸ਼ੀਆਈ ਵਿਕਾਸ ਬੈਂਕ ਨੇ ਆਪਣੀ ਨਵੀਂ ਖੋਜ਼ 'ਚ ਦੱਸਿਆ ਕਿ ਭਾਰਤ 'ਚ 72 ਕਰੋੜ ਲੋਕਾਂ ਨੂੰ ਜੋ ਅਮਰੀਕਾ ਤੇ ਪੂਰੇ ਯੂਰਪੀ ਸੰਘ ਦੀ ਕੁਲ ਆਬਾਦੀ ਤੋਂ ਵੀ ਵੱਧ ਹੈ, ਪੇਟ ਭਰ ਪੌਸ਼ਟਿਕ ਭੋਜਨ ਨਹੀਂ ਮਿਲਦਾ। ਦੁਨੀਆਂ ਭਰ 'ਚ ਭੁਖਮਰੀ ਦੇ ਸ਼ਿਕਾਰ ਲੋਕਾਂ ਵਿਚ 60 ਫੀ ਸਦੀ ਔਰਤਾਂ ਹਨ। ਭੁਖਮਰੀ ਤੋਂ ਪੀੜਤ ਲੋਕਾਂ ਦੀ ਗਿਣਤੀ ਹਰ ਸਾਲ 40 ਲੱਖ ਵੱਧ ਰਹੀ ਹੈ। 18 ਸਾਲ ਤੋਂ ਘੱਟ ਉਮਰ ਦੇ ਕਰੀਬ 40 ਕਰੋੜ ਬੱਚੇ ਕੁਪੋਸ਼ਣ ਦੇ ਸ਼ਿਕਾਰ ਹਨ। ਵਿਕਾਸਸ਼ੀਲ ਦੇਸ਼ਾਂ 'ਚ ਪੰਜ ਸਾਲ ਤੋਂ ਘੱਟ ਉਮਰ ਦੇ 10 ਕਰੋੜ ਬੱਚੇ ਕੁਪੋਸ਼ਣ ਤੇ ਭੁਖਮਰੀ ਤੋਂ ਪੈਦਾ ਹੋਈਆਂ ਬੀਮਾਰੀਆਂ ਨਾਲ ਮਰ ਜਾਂਦੇ ਹਨ। ਕੁਪੋਸ਼ਣ ਸਬੰਧੀ ਸਮਸਿਆਵਾਂ ਨਾਲ ਨਿਪਟਣ ਲਈ ਅਰਬ ਰੁਪਏ ਖਰਚ ਕੀਤੇ ਜਾਣ ਦੇ ਬਾਵਜੂਦ ਇਸ ਦਾ ਕੋਈ ਅੰਤ ਵਿਖਾਈ ਨਹੀਂ ਦੇ ਰਿਹਾ ਹੈ। ਅਨਾਜ ਪੈਦਾਵਾਰ ਦੀ ਕਮੀ ਇਸ ਸੰਕਟ ਦਾ ਕਾਰਨ ਨਹੀਂ ਹੈ ਕਿਉਂਕਿ ਵਿਗਿਆਨੀਆਂ ਅਨੁਸਾਰ ਇਕੱਲੇ ਅਮਰੀਕਾ 'ਚ ਇਨਾਂ ਅਨਾਜ ਪੈਦਾ ਹੋ ਸਕਦਾ ਹੈ ਕਿ ਪੂਰੀ ਦੁਨੀਆਂ ਦੇ ਲੋਕਾਂ ਨੂੰ ਪੇਟ ਭਰ ਖਾਣਾ ਮੁਹੱਈਆ ਕਰਵਾਇਆ ਜਾ ਸਕਦਾ ਹੈ। ਇਸ ਦੇ ਬਾਵਜੂਦ ਅਮਰੀਕਾ 'ਚ ਹੀ 2006 'ਚ 3 ਕਰੋੜ 50 ਲੱਖ ਲੋਕਾਂ ਨੂੰ ਪੇਟ ਭਰ ਖਾਣਾ ਨਸੀਬ ਨਹੀਂ ਹੁੰਦਾ ਸੀ। ਭਾਰਤ ਵਿਚ ਵੀ ਜਦ ਅਨਾਜ ਪੈਦਾਵਾਰ 'ਚ ਆਤਮ ਨਿਰਭਰ ਹੋਣ ਤੇ ਕੁਝ ਸਾਲ ਪਹਿਲਾਂ ਤਕ ਗੋਦਾਮਾਂ 'ਚ ਲੱਖਾਂ ਟਨ ਅਨਾਜ ਸੜਨ ਦੇ ਬਾਵਜੂਦ ਉਸ ਸਮੇਂ ਇਥੋਂ ਦੇ ਕਰੋੜਾਂ ਲੋਕ ਭੁਖਮਰੀ ਝੱਲ ਰਹੇ ਸਨ, ਹੁਣ ਤਾਂ ਸਥਿਤੀ ਹੋਰ ਵੀ ਬਦਤਰ ਹੁੰਦੀ ਜਾ ਰਹੀ ਹੈ। ਕਮਾਲ ਦੀ ਗੱਲ ਹੈ ਕਿ ਮੌਲਿਕ ਅਧਿਕਾਰਾਂ ਦਾ ਦਾਅਵਾ ਕਰਨ ਵਾਲਾ ਸੰਵਿਧਾਨ ਵੀ ਭੋਜਨ ਹਾਸਲ

ਕਰਨ ਨੂੰ ਮੌਲਿਕ ਅਧਿਕਾਰਾਂ ’ਚ ਨਹੀਂ ਗਿਣਦਾ। ਇਸ ਪੈਮਾਨੇ ’ਤੇ ਵੇਖੀਏ ਤਾਂ ਅੱਜ ਦੁਨੀਆਂ ਦੀ ਕਿਸੇ ਵੀ ਸਰਕਾਰ ਨੂੰ ਬਣੇ ਰਹਿਣ ਦੀ ਸੰਵਿਧਾਨਿਕ ਤੇ ਨੈਤਿਕ ਵਾਜਬੀਅਤ ਨਹੀਂ ਹੈ। ਅਸਲੀ ਵਸਤਾਂ ਤੇ ਵਿਲਾਸਤਾ ਦੀ ਵਸਤਾਂ ਬਾਜ਼ਾਰ ’ਚ ਖੁਲ੍ਹੇਆਮ ਭਰੀਆਂ ਪਈਆਂ ਹਨ। ਜਿਥੇ ਮੁੱਠੀ ਭਰ ਅਮੀਰ ਖੁੱਲੇ ਹੱਥ ਖਰਚ ਕਰਕੇ ਕੁਝ ਵੀ ਖਰੀਦ ਸਕਦੇ ਹਨ। ਉਥੇ ਬਹੁਗਿਣਤੀ ਲੋਕ ਪੇਟ ਭਰ ਖਾਣ ਦੀਆਂ ਵਸਤੂ ਤੋਂ ਵੀ ਮੋਹਤਾਜ਼ ਹਨ। ਹਵਾ ਤੇ ਪਾਣੀ ਵਰਗੀਆਂ ਜ਼ਰੂਰੀ ਜੀਵਨ ਉਪਯੋਗੀ ਵਸਤੂਆਂ ਦੇ ਨਾਲ-ਨਾਲ ਪੌਸ਼ਟਿਕ ਭੋਜਨ ਵੀ ਹਰ ਇਨਸਾਨ ਲਈ ਉਨਾਂ ਹੀ ਜ਼ਰੂਰੀ ਹੈ। ਭਾਰਤ ਤੋਂ ਲੈ ਕੇ ਅਮਰੀਕਾ ਤਕ ਸਰਕਾਰਾਂ ਨੇ ਅੱਧੇ ਅਧੂਰੇ ਮਨ ਨਾਲ ਫੂਡ ਸਟੈਂਪ ਤੇ ਸਕੂਲਾਂ ’ਚ ਖਾਣਾ ਵੰਡਣ ਦਾ ਪ੍ਰੋਗਰਾਮ ਚਲਾਇਆ ਹੈ। ਪਰ ਗਲੇ ਤਕ ਭ੍ਰਿਸ਼ਟਾਚਾਰ ’ਚ ਡੁੱਬੀ ਇਸ ਵਿਵਸਥਾ ’ਚ ਸਫਲ ਹੁੰਦਾ ਨਜ਼ਰ ਨਹੀਂ ਆਉਂਦਾ। ਪਿਛੋਂ ਕਈ ਦੇਸ਼ਾਂ ’ਚ ਇਸ ਨੂੰ ਖਤਮ ਕਰ ਦਿਤਾ ਗਿਆ। ਭੁਖਮਰੀ ਤੇ ਕੁਪੋਸ਼ਣ ਤੋਂ ਪੀੜਤ ਬੱਚਿਆਂ ਦਾ ਪੂਰਾ ਭਵਿੱਖ ਹਨੇਰਾ ਹੋ ਜਾਂਦਾ ਹੈ। ਅਜੇਹਾ ਬੱਚਾ ਵੱਖ-ਵੱਖ ਤਰ੍ਹਾਂ ਨਾਲ ਸਰੀਰਕ ਤੇ ਮਾਨਸਿਕ ਪੱਖੋਂ ਅਪਾਹਜ਼ ਹੋ ਜਾਂਦਾ ਹੈ। ਕੁਪੋਸ਼ਣ ਤੋਂ ਪੈਦਾ ਹੋਈ ਦੁਰਬਲਤਾ ਕਾਰਨ ਤੇਜ਼ੀ ਨਾਲ ਬੀਮਾਰੀਆਂ ਦੀ ਲਪੇਟ ਵਿਚ ਆ ਜਾਂਦਾ ਹੈ।

**2008 ਦੀ ਭਿਆਨਕ ਰਹੀ ਹੈ ਭੁਖਮਰੀ**:- ਉਪਰਲੀ ਤਸਵੀਰ 2008 ਤੋਂ ਪਹਿਲਾਂ ਦੀ ਤਸਵੀਰ ਹੈ। ਕੁਪੋਸ਼ਣ ਤੇ ਭੁਖਮਰੀ ਤੋਂ ਪੀੜਤ ਲੋਕਾਂ ਦੀ ਗਿਣਤੀ 2008 ’ਚ ਤੇਜ਼ੀ ਨਾਲ ਵਧੀ ਜਿਹਨਾਂ ’ਚ ਬੱਚੇ, ਬੁੱਢੇ, ਬੇਸਹਾਰਾ ਔਰਤਾਂ ਦੀ ਗਿਣਤੀ ਵੱਧ ਹੈ। ਖਾਦ ਪਦਾਰਥ ਦੀ ਕੀਮਤ ਤੇਜ਼ੀ ਨਾਲ ਵਧੀ ਹੋਣ ਕਰਕੇ ਖਰੀਦਦਾਰ ਖਾਣ ਵਾਲੇ ਕਰੋੜਾਂ ਲੋਕਾਂ ਦੇ ਮੂੰਹ ਤੋਂ ਬੁਰਕੀ ਖੋਹ ਲਈ ਗਈ ਹੈ। ਵਿਸ਼ਵ ਬਾਜ਼ਾਰ ’ਚ ਮੱਕੀ, ਕਣਕ, ਸੋਆਬੀਨ, ਚਾਵਲ ਤੇ ਖਾਣ ਵਾਲੇ ਤੇਲ ਦੀਆਂ ਅਕਾਸ਼ ਦਾ ਪੂਰੀ ਮਾਨਵਤਾ ’ਤੇ ਬੁਰਾ ਅਸਰ ਪਿਆ ਹੈ। 2008 ’ਚ ਵਿਸ਼ਵ ਬਜ਼ਾਰ ’ਚ 60 ਖੇਤੀ ਪਦਾਰਥਾਂ ਦੀਆਂ ਕੀਮਤਾਂ ’ਚ ਜਿਥੇ 37 ਫੀ ਸਦੀ ਦਾ ਵਾਧਾ ਹੋਇਆ ਉਥੇ ਇਕਲੀਆਂ ਚੌਲਾਂ ਦੀਆਂ ਕੀਮਤਾਂ ’ਚ 100 ਫੀ ਸਦੀ ਦਾ ਵਾਧਾ ਹੋਇਆ ਹੈ।

ਆਖਰ ਖੁਰਾਕੀ ਪਦਾਰਥਾਂ ਦੀ ਇਸ ਬੇਲਗਾਮ ਮਹਿੰਗਾਈ ਦਾ ਕਾਰਨ ਕੀ ਹੈ? ਪਹਿਲਾ ਕਾਰਨ ਹੈ ਕੱਚੇ ਤੇਲ ਦੀਆਂ ਕੀਮਤਾਂ ’ਚ ਵਾਧਾ ਕਿਉਂਕਿ ਵਸਤਾਂ ਦੀ ਢੋਹਾ-ਢੁਹਾਈ ਲਈ ਪੈਟ੍ਰੋਲੀਅਮ ਤੇਲਾਂ ਨਾਲ ਚਲਣ ਵਾਲੇ ਵਾਹਨ ਵਰਤੇ ਜਾਂਦੇ ਹਨ ਅਤੇ ਪੈਟਰੋਲੀਅਮ ਦੇ ਭਾਅ ਵਧਣ ਨਾਲ ਸਭ ਤਰ੍ਹਾਂ ਦੀਆਂ ਵਸਤਾਂ ਦੀ ਢੋਹਾ-ਢੁਆਈ ਦੀ ਕੀਮਤ ਵਧ ਜਾਂਦੀ ਹੈ। ਦੁਨੀਆਂ ’ਤੇ ਦਾਬਾ ਕਾਇਮ ਰਖਣ ਲਈ ਅਮਰੀਕਾ ਹਮੇਸ਼ਾ ਤੋਂ ਪੈਟਰੋਲੀਅਮ ਤੇਲ ਨੂੰ ਹਥਿਆਰ ਵਜੋਂ ਵਰਤਦਾ ਰਿਹਾ ਹੈ। ਤੇਲ ਪੈਦਾ ਕਰਨ ਵਾਲੀਆਂ ਅਮਰੀਕੀ ਬਹੁਕੌਮੀ ਕੰਪਨੀਆਂ ਤੇ ਵਿਤੀ ਕੰਪਨੀਆਂ ਦੀ ਮਿਲੀ ਭੁਗਤ ਨਾਲ ਤੇਲ ਦੇ ਭਾਅ ਆਕਾਸ਼ ਛੂਹਣ ਲੱਗੇ ਹਨ। ਕੱਚੇ ਤੇਲ ਦੀਆਂ ਕੀਮਤਾਂ ਪਿਛਲੇ ਸਾਲ ਜਨਵਰੀ ’ਚ 60 ਡਾਲਰ ਪ੍ਰਤੀ ਬੈਰਲ ਤੋਂ ਵੱਧ ਕੇ ਜੁਲਾਈ 2008 ’ਚ 147 ਡਾਲਰ ਪ੍ਰਤੀ ਬੈਰਲ ਹੋ ਗਈਆਂ। ਇਰਾਨ ਤੇ ਵੈਨਜੁਵੇਲਾ ਦੀ ਦਖਲ ਅੰਦਾਜ਼ੀ ਤੇ ਭਾਰੀ ਕੌਮਾਂਤਰੀ ਦਬਾਅ ਕਾਰਨ ਅਗਸਤ ਤਕ ਇਹਨਾਂ ਕੰਪਨੀਆਂ ਨੂੰ ਕੀਮਤਾਂ ਘਟਾ ਕੇ 110 ਡਾਲਰ ਤਕ ਲਿਆਉਣੀਆਂ ਪਈਆਂ ਜੋ ਇਸ ਤੋਂ ਪਹਿਲੇ ਸਾਲ ਦੇ ਮੁਕਾਬਲੇ ਲਗਭਗ ਦੁਗਣੀਆਂ ਸਨ। ਇਸ ਕਾਰਨ ਸਭ ਚੀਜ਼ਾਂ ਦੇ ਭਾਅ

ਤੇਜ਼ੀ ਨਾਲ ਵਧ ਗਏ। ਜਿਹਨਾਂ 'ਚ ਖਾਦ ਪਦਾਰਥ ਵੀ ਹਨ।

ਦੂਜਾ ਕਾਰਨ– ਬਾਇਓ ਡੀਜ਼ਲ ਦੀ ਪੈਦਾਵਾਰ ਹੈ:– ਪੈਟਰੋਲੀਅਮ ਦਾ ਭੰਡਾਰ ਸੀਮਤ ਹੋਣ ਤੇ ਪੈਟਰੋਲੀਅਮ ਦੇ ਭਾਅ ਵਧਣ ਕਾਰਨ ਅਮਰੀਕਾ ਦੀਆਂ ਦਿਓ ਕੱਦ ਕੰਪਨੀਆਂ ਨੇ ਬਾਇਓ ਡੀਜ਼ਲ ਦੀ ਪੈਦਾਵਾਰ ਕਰਕੇ ਮੁਨਾਫ਼ਾ ਕਮਾਉਣਾ ਸ਼ੁਰੂ ਕਰ ਦਿੱਤਾ ਹੈ। ਬਾਇਓ ਡੀਜ਼ਲ ਖੁਰਾਕੀ ਪਦਾਰਥਾਂ ਤੋਂ ਬਣਨ ਵਾਲਾ ਬਾਲਣ (Fuel) ਹੈ ਜਿਸ 'ਚ ਏਥਨਾਲ (ਸ਼ਰਾਬ) ਤੇ ਬਾਇਓ ਡੀਜ਼ਲ ਮੁਖ ਹਨ। ਇਹਨਾਂ ਕੰਪਨੀਆਂ ਨੇ ਭਾਰੀ ਮਾਤਰਾ 'ਚ ਚਾਵਲ, ਮੱਕੀ ਤੇ ਹੋਰ ਖਾਦ ਪਦਾਰਥਾਂ ਤੋਂ ਬਾਇਓ ਬਾਲਣ (Bio Fuel) ਬਣਾ ਕੇ ਦੁਨੀਆਂ ਨੂੰ ਖੁਰਾਕੀ ਤੇ ਅਨਾਜੀ ਸੰਕਟ ਵੱਲ ਧੱਕ ਦਿਤਾ ਹੈ। ਕਿਹੋ ਜਿਹੀ ਵਿਡੰਬਨਾ ਹੈ ਕਿ ਖੁਰਾਕੀ ਪਦਾਰਥਾਂ ਤੋਂ ਬਣੇ ਤੇਲ ਨਾਲ ਅਮੀਰਾਂ ਦੀਆਂ ਕਾਰਾਂ ਚਲਣ ਤੇ ਇਸ ਕਾਰਨ ਗਰੀਬ ਜਨਤਾ ਖੁਰਾਕੀ ਵਸਤਾਂ ਦੀ ਕਮੀ ਕਾਰਨ ਭੁਖਮਰੀ ਦਾ ਸ਼ਿਕਾਰ ਬਣੇ। ਇਸ ਦੇ ਨਾਲ ਹੀ ਵਿਕਾਸ ਸ਼ੀਲ ਦੇਸ਼ਾਂ ਅਤੇ ਅਫਰੀਕਾ 'ਚ ਖੁਰਾਕੀ ਪੈਦਾਵਾਰ ਕਰਨ ਵਾਲੀ ਜ਼ਮੀਨ 'ਤੇ ਜੈਟ੍ਰੋਫਾ ਦੀ ਖੇਤੀ ਸ਼ੁਰੂ ਕਰਵਾ ਦਿਤੀ ਹੈ ਜੋ ਬਾਇਓ ਡੀਜ਼ਲ ਬਣਾਉਣ 'ਚ ਕੰਮ ਆਉਂਦਾ ਹੈ। ਇਥੋਂ ਤਕ ਕਿ ਇਸ ਲਈ ਜੰਗਲਾਂ ਨੂੰ ਸਾੜ ਕੇ ਤੇ ਦਲਦਲਾਂ ਨੂੰ ਸੁਕਾ ਕੇ ਜ਼ਮੀਨ ਮੁਹਈਆ ਕਰਾਉਣ ਕਾਰਨ ਵਾਤਾਵਰਣ ਦਾ ਸੰਕਟ ਵੀ ਪੈਦਾ ਹੋ ਰਿਹਾ ਹੈ। ਜ਼ਾਹਿਰ ਹੈ ਕਿ ਸਾਮਰਾਜੀ ਦੇਸ਼ਾਂ ਦੀਆਂ ਇਹਨਾਂ ਦਿਓ ਕੱਦ ਕੰਪਨੀਆਂ ਨੇ ਆਪਣੇ ਮੁਨਾਫੇ ਦੀ ਹਵਸ਼ 'ਚ ਵਿਸ਼ਵ ਨੂੰ ਖੁਰਾਕੀ ਸੰਕਟ ਵੱਲ ਧੱਕ ਦਿੱਤਾ ਹੈ।

3) **ਮਾਸ ਦੀ ਵਰਤੋਂ**:- ਇਕੋ ਕਿਲੋਗ੍ਰਾਮ ਮਾਸ ਪੈਦਾ ਕਰਨ ਲਈ ਮੱਝ ਨੂੰ ਅੱਠ ਕਿਲੋਗ੍ਰਾਮ, ਸੂਰ ਨੂੰ ਪੰਜ ਕਿਲੋ ਤੇ ਮੁਰਗੇ ਨੂੰ ਤਿੰਨ ਕਿਲੋ ਅਨਾਜ ਖਵਾਉਣਾ ਪੈਦਾ ਹੈ। ਖਾਣੇ 'ਚ ਪੌਸ਼ਟਿਕਤਾ ਲਈ ਮਾਸ ਲਾਜ਼ਮੀ ਹੈ। ਪਰ ਇਸ ਨੂੰ ਪੈਦਾ ਕਰਨ 'ਚ ਕਾਫੀ ਅੰਨ ਖਰਚ ਕਰਨਾ ਪੈਂਦਾ ਹੈ। ਪਰ ਅਮਰੀਕਾ ਦੇ ਅਮੀਰਾਂ ਨੂੰ ਮਾਸ ਮੁਹੱਈਆ ਕਰਾਉਣ ਲਈ ਜਿੰਨੇ ਅੰਨ ਦੀ ਲੋੜ ਪੈਂਦੀ ਹੈ ਉਨੇ ਨਾਲ ਤਾਂ ਉਥੋਂ ਦੇ ਸਾਰੇ ਗਰੀਬਾਂ ਦਾ ਪੇਟ ਭਰਿਆ ਜਾ ਸਕਦਾ ਹੈ। ਏਧਰ ਕੁਝ ਸਾਲਾਂ 'ਚ ਏਸ਼ੀਆ ਤੇ ਲੈਟਿਨ ਅਮਰੀਕਾ ਦੇ ਕੁਝ ਦੇਸ਼ਾਂ 'ਚ ਖਾਂਦਾ ਪੀਂਦਾ ਖੁਸ਼ਹਾਲ ਮੱਧ ਵਰਗ ਪੈਦਾ ਹੋ ਗਿਆ ਹੈ ਜਿਸ ਨੇ ਮਾਸ ਦੀ ਮੰਗ ਨੂੰ ਵਧਾਇਆ ਹੈ ਤੇ ਅਨਾਜ ਦੀਆਂ ਕੀਮਤਾਂ ਵਧਣ 'ਚ ਇਕ ਹੱਦ ਤਕ ਸਹਾਇਕ ਰਿਹਾ ਹੈ।

4) **ਅਨਾਜ 'ਚ ਆਤਮ ਨਿਰਭਰਤਾ ਦੇਸ਼ ਵਲੋਂ ਕਣਕ ਦੀ ਦਰਾਮਦ**:-

ਭਾਰਤ ਤੇ ਚੀਨ ਆਪਣੀ ਅਨਾਜ ਸੁਰਖਿਆ ਤੇ ਆਤਮ ਨਿਰਭਰਤਾ:– ਭਾਰਤ ਤੇ ਚੀਨ ਆਪਣੀ ਅਨਾਜ ਸੁਰਖਿਆ ਤੇ ਆਤਮ ਨਿਰਭਰਤਾ ਨੂੰ ਤਿਆਗ ਕੇ ਅੱਜ ਕਣਕ ਦਰਾਮਦ ਕਰਦੇ ਹਨ। 2007 'ਚ ਭਾਰਤ 'ਚ 16 ਰੁਪਏ ਪ੍ਰਤੀ ਕਿਲੋ ਦੇ ਭਾਅ ਨਾਲ ਅੱਠ ਲੱਖ ਕਣਕ ਦੀ ਦਰਾਮਦ ਕੀਤੀ ਗਈ ਸੀ। ਲੋਕ ਵਿਰੋਧੀ ਭਾਰਤ ਸਰਕਾਰ ਨੇ ਭਾਰਤੀ ਖਾਦ ਨਿਗਮ (FCI) ਨੂੰ ਹੌਲੀ-ਹੌਲੀ ਤੋੜ ਦਿੱਤਾ ਤੇ 2002 'ਚ 630 ਲੱਖ ਟਨ ਕਣਕ ਦੇ ਸਟਾਕ ਨੂੰ ਘਟਾਉਂਦੇ-ਘਟਾਉਂਦੇ 2007 ਤਕ 50 ਲੱਖ ਟਨ ਤਕ ਲੈ ਗਏ। ਗੋਦਾਮ ਖਾਲੀ ਕਰਨ ਲਈ 3 ਲੱਖ ਟਨ ਤੋਂ ਘੱਟ ਕਣਕ 8 ਰੁਪਏ ਕਿਲੋ ਦੇ ਭਾਰਤ ਬਰਾਮਦ ਕਰ ਦਿਤੀ ਗਈ। 187 ਲੱਖ ਟਨ ਦੇਸੀ ਵਪਾਰੀਆਂ ਅਤੇ

187 ਲੱਖ ਟਨ ਭ੍ਰਿਸ਼ਟ ਨੌਕਰਸ਼ਾਹੀ ਦੇ ਹੱਥ ਚੜ੍ਹ ਗਿਆ। ਸਰਕਾਰ ਨੇ ਜਾਣ-ਬੁਝ ਕੇ ਘਟੋ-ਘੱਟ ਸਹਾਇਕ ਮੁੱਲ ਨੂੰ ਘਟਾ ਕੇ ਕਿਸਾਨਾਂ ਤੋਂ ਖਰੀਦ ਨੂੰ ਕਾਫਹ ਘਟਾ ਦਿੱਤਾ। ਇਸ ਤੋਂ ਇਲਾਵਾ ਤਰ੍ਹਾਂ-ਤਰ੍ਹਾਂ ਦੀ ਛੋਟ ਦੇ ਕੇ ਸਰਕਾਰ ਨੇ ਅਨਾਜ ਵਪਾਰ 'ਚ ਲੱਗੀਆਂ ਦੇਸ਼ੀ-ਵਿਦੇਸ਼ੀ ਕੰਪਨੀਆਂ ਨੂੰ ਖੂਬ ਹੱਲਾਸ਼ੇਰੀ ਦਿਤੀ ਹੈ। ਅੱਜ ਜੇ ਸਾਡੇ ਦੇਸ਼ 'ਚ ਵਿਆਪਕ ਭੰਡਾਰ ਹੁੰਦਾ ਤਾਂ ਸੰਸਾਰ 'ਚ ਕੀਮਤਾਂ ਵਧਣ ਦੇ ਬਾਵਜੂਦ ਸਰਕਾਰ ਆਪਣੇ ਦੇਸ਼ 'ਚ ਅੰਨ ਦੀ ਸਪਲਾਈ ਕਰਕੇ ਖੁਰਾਕੀ ਪਦਾਰਥਾਂ ਦੀ ਮਹਿੰਗਾਈ ਘੱਟ ਕਰ ਸਕਦੀ ਸੀ। ਪਰ ਸਰਕਾਰ ਤੇ ਮੀਡੀਆ ਛੋਟੇ-ਛੋਟੇ ਜਮ੍ਹਾਂਖੋਰਾਂ ਨੂੰ ਕੋਸ਼ਣ ਤੋਂ ਇਲਾਵਾ ਅੱਜ ਹੋਰ ਕਰ ਕੀ ਰਿਹਾ ਹੈ? ਜਦ ਸਰਕਾਰੀ ਅੰਨ ਭੰਡਾਰ ਤੇ ਵੱਡੀਆਂ ਅਨਾਜ ਵਪਾਰ ਕੰਪਨੀਆਂ ਦਾ ਦਬਦਬਾ ਹੈ ਤਾਂ ਜਮ੍ਹਾਂਖੋਰਾਂ ਨੂੰ ਕਿਵੇਂ ਕੰਟਰੋਲ ਕੀਤਾ ਜਾ ਸਕਦਾ ਹੈ?

5) **ਉਪਜਾਊ ਭੂਮੀ ਦੀ ਵਧਦੀ ਘਾਟ**:- ਚੀਨ 'ਚ 70 ਲੱਖ ਏਕੜ ਤੇ ਵਿਅਤਨਾਮ 'ਚ 7 ਲੱਖ ਏਕੜ ਜ਼ਮੀਨ ਵਿਕਾਸ ਪ੍ਰੋਜੈਕਟਾਂ 'ਚ ਖੱਪ ਗਈ। ਇਸ ਕਾਰਨ ਇਹਨਾਂ ਦੇਸ਼ਾਂ 'ਚ ਚੌਲ ਦੀ ਪੈਦਾਵਾਰ 'ਚ ਕਮੀ ਆਈ ਹੈ, ਜਿਸ ਨੇ ਅਨਾਜ ਦੀ ਕੀਮਤ ਵਧਣ 'ਚ ਮਦਦ ਕੀਤੀ ਹੈ। ਸੇਜ ਦੇ ਨਾਂ ਹੇਠ ਭਾਰਤ ਵਿਚ ਵੀ ਅੰਧਾ ਧੁੰਦ ਉਪਜਾਊ ਜ਼ਮੀਨਾਂ ਕਿਸਾਨਾਂ ਤੋਂ ਖੋਹ ਕੇ ਸਨਅਤੀਕਰਣ ਤੇ ਸ਼ਹਿਰੀਕਰਨ ਲਈ ਵਰਤੀਆਂ ਜਾ ਰਹੀਆਂ ਹਨ। ਕਿਸਾਨਾਂ ਨੂੰ ਬਾਗਬਾਨੀ ਤੇ ਫੁੱਲਾਂ ਦੀ ਖੇਤੀ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ। ਇਸ ਤੋਂ ਬਿਨਾਂ ਹੀ ਤੀਜੀ ਦੁਨੀਆਂ ਦੇ ਕਈ ਦੇਸ਼ਾਂ ਵਿਚ ਵਿਸ਼ਵੀਕਰਨ ਦੇ ਭਰਮਾਊ ਨਾਹਰੇ ਦੀ ਆੜ ਵਿਚ ਗਰੀਬ ਕਿਸਾਨਾਂ ਨੂੰ ਦਿਤੀ ਜਾਣ ਵਾਲੀ ਸਬਸਿਡੀ ਘਟਾ ਦਿਤੀ ਗਈ ਹੈ। (ਇਹ ਗੱਲ ਵੱਖਰੀ ਹੈ ਕਿ ਤੀਜੀ ਦੁਨੀਆਂ 'ਚ ਸਬਸਿਡੀ ਖਤਮ ਕਰਨ ਵਾਲਾ ਅਮਰੀਕਾ ਹੀ ਆਪਣੇ ਵੱਡੇ ਕਿਸਾਨਾਂ ਨੂੰ ਸਭ ਤੋਂ ਵੱਧ ਸਬਸਿਡੀ ਦੇ ਰਿਹਾ ਹੈ)। ਇਸ ਨਾਲ ਗਰੀਬ ਕਿਸਾਨਾਂ ਦੇ ਉਜੜ ਜਾਣ ਪਿਛੋਂ ਉਹਨਾਂ ਦੀ ਜ਼ਮੀਨਾਂ ਨੂੰ ਖਰੀਦ ਕੇ ਦਿਉ ਕੱਦ ਬਹੁ-ਕੌਮੀ ਕੰਪਨੀਆਂ ਉਸ 'ਤੇ ਖੇਤੀ ਕਰਕੇ ਖੂਬ ਕਮਾਈ ਕਰ ਰਹੀਆਂ ਹਨ। ਮੁਨਾਫ਼ੇ ਦੀ ਹਵਸ਼ 'ਚ ਇਹ ਕੰਪਨੀਆਂ ਖੇਤਾਂ ਤੋਂ ਉਪਜਾਉ ਤੱਤਾਂ ਦੀ ਤੇਜ਼ੀ ਨਾਲ ਲੁੱਟ ਤੇ ਪਾਣੀ ਦੀ ਦੁਰਵਰਤੋਂ ਕਰਦੀਆਂ ਹਨ। ਜਿਸ ਨਾਲ ਕੁਝ ਸਾਲਾਂ ਪਿਛੋਂ ਇਹ ਜ਼ਮੀਨ ਬੰਜਰ ਹੋ ਜਾਂਦੀ ਹੈ। ਭਾਰਤ 'ਚ ਬਹੁਕੌਮੀ ਕੰਪਨੀਆਂ ਕਰੋੜਾਂ ਹੈਕਟੇਅਰ ਖੇਤਾਂ 'ਤੇ ਅੱਜ ਫਲ, ਸਬਜ਼ੀ, ਕਪਾਹ, ਜੈਟ੍ਰੀਫਾ, ਮੈਥਾ ਵਰਗੀਆ ਫਸਲਾਂ ਉਗਾ ਰਹੀਆਂ ਹਨ। ਲੱਖਾਂ ਲੋਕਾਂ ਨੂੰ ਉਜਾੜੇ ਦਾ ਦੁੱਖ ਦੇਣ ਤੋਂ ਇਲਾਵਾ ਇਹ ਠੇਕਾ ਖੇਤੀ ਖੁਰਾਕੀ ਅਨਾਜ ਸੰਕਟ ਨੂੰ ਹੋਰ ਹੱਲਾਸ਼ੇਰੀ ਦਿੰਦੀ ਹੈ। ਇਸ ਤਰ੍ਹਾਂ ਲਗਾਤਾਰ ਅਨਾਜ ਦੀ ਪੈਦਾਵਾਰ ਲਈ ਉਕਤ ਖੇਤੀ ਯੋਗ ਭੂਮੀ ਘੱਟ ਹੁੰਦੀ ਜਾ ਰਹੀ ਹੈ।

6) **ਵਾਤਾਵਰਣ ਪ੍ਰਦੂਸ਼ਣ**:- ਕੰਪਨੀਆਂ ਨੇ ਮੁਨਾਫ਼ੇ ਦੀ ਹਵਸ਼ 'ਚ ਕੁਦਰਤ ਦਾ ਬੇਹਿਸਾਬ ਲੁੱਟ-ਘਸੁੱਟ ਕੀਤੀ ਹੈ। ਜਿਸ ਨਾਲ ਪੈਦਾ ਹੋਇਆ ਵਾਤਾਵਰਣ ਵਿਨਾਸ਼ ਦੀ ਸਮਸਿਆ ਨੇ ਪੂਰੀ ਮਾਨਵ ਜਾਤੀ ਨੂੰ ਸੰਕਟ 'ਚ ਪਾ ਦਿਤਾ ਹੈ। ਅੱਜ ਆਲਮੀ ਤਪਸ਼ ਨਾਲ ਦੁਨੀਆਂ ਦਾ ਤਾਪਮਾਨ ਵਧਣ ਕਰਕੇ ਕਿਤੇ ਸੋਕਾ, ਕਿਤੇ ਹੜ੍ਹ, ਕਿਤੇ ਸਮੁੰਦਰੀ ਤੂਫਾਨ, ਕਿਤੇ ਝੱਖੜ ਵਰਗੀ ਸਥਿਤੀ ਪੈਦਾ ਹੋ ਗਈ ਹੈ। ਕਣਕ

ਦਰਾਮਦ ਕਰਨ ਵਾਲੇ ਦੇਸ਼ ਅਸਟਰੇਲੀਆਂ 'ਚ ਸੋਕੇ ਕਾਰਨ ਇਸ ਸਾਲ ਵਿਸ਼ਵ ਮੰਡੀ 'ਚ ਕਣਕ ਦੀ ਘਾਟ ਪੈਦਾ ਹੋ ਗਈ ਹੈ। ਜਿਸ ਨਾਲ ਕਣਕ ਦੇ ਭਾਅ ਵੱਧ ਗਏ ਹਨ। ਬੰਗਲਾ ਦੇਸ਼ 'ਚ ਸਮੁੰਦਰੀ ਤੂਫਾਨ ਕਰਕੇ 24 ਅਰਬ ਰੁਪਏ ਦੀ ਧਾਨ ਦੀ ਫਸਲ ਤਬਾਹ ਹੋ ਗਈ। ਜਿਸ ਕਾਰਨ ਫੌਰੀ ਤੌਰ 'ਤੇ ਚੋਲਾਂ ਦੇ ਭਾਅ 70 ਫੀ ਸਦੀ ਤਕ ਵਧ ਗਏ। ਉਧਰ ਮੱਧ ਚੀਨ 'ਚ ਸੋਕਾ ਨੇ ਅਨਾਜ ਪੈਦਾਵਾਰ 'ਚ ਕਮੀ ਲਿਆ ਦਿਤੀ ਹੈ। ਭਾਰਤ ਦੇ ਬੁਲੰਦ ਸ਼ਹਿਰ ਇਲਾਕੇ 'ਚ ਜੰਗਲਾਂ ਦੇ ਵਿਨਾਸ਼ ਕਾਰਣ ਲਗਾਤਾਰ ਸੋਕਾ ਪੈਣ ਕਰਕੇ ਪਿਛਲੇ ਪੰਜ ਸਾਲਾਂ 'ਚ ਭੁਖਮਰੀ ਦੀ ਸਥਿਤੀ ਹੈ। ਪਿਛੇ ਜਿਹੇ ਹੀ ਪੰਜਾਬ, ਉਤਰ ਪ੍ਰਦੇਸ਼, ਬਿਹਾਰ ਦੇ ਵੱਖ-ਵੱਖ ਇਲਾਕਿਆਂ 'ਚ ਭੁਖਮਰੀ ਦੀ ਸਥਿਤੀ ਹੈ। ਪਿਛੇ ਜਿਹੇ ਹੀ ਪੰਜਾਬ, ਉਤਰ ਪ੍ਰਦੇਸ਼, ਬਿਹਾਰ ਦੇ ਵੱਖ-ਵੱਖ ਇਲਾਕਿਆਂ 'ਚ ਹੜ੍ਹ ਆਉਣ ਨਾਲ ਭਾਰੀ ਤਬਾਹੀ ਹੋਈ ਹੈ ਜਿਸ ਨਾਲ ਅਨਾਜ ਦੀਆਂ ਫਸਲਾਂ ਬਰਬਾਦ ਹੋ ਗਈਆਂ ਹਨ।

7) **ਸੱਟੇਬਾਜੀ 'ਤੇ ਜਮ੍ਹਾਂਖੋਰਾਂ ਦਾ ਯੋਗਦਾਨ**:- ਸੱਟੇਬਾਜ ਤੇ ਜਮ੍ਹਾਂਖੋਰ ਲੋਕਾਂ ਦੀਆਂ ਮੁਸ਼ਕਲਾਂ ਦਾ ਫਾਇਦਾ ਉਠਾਉਂਦੇ ਹਨ। ਖਾਦ ਪੈਦਾਵਾਰਾਂ ਘੱਟ ਹੋਣ ਕਰਕੇ ਜਦ ਅਨਾਜ ਦੇ ਭਾਅ ਵਧਣ ਲੱਗੇ ਤਾਂ ਜਮ੍ਹਾਂਖੋਰਾਂ ਨੇ ਚੋਰੀ ਛਿਪੇ ਅਨਾਜ ਜਮ੍ਹਾਂ ਕਰਕੇ ਸੰਕਟ ਨੂੰ ਹੋਰ ਵਧਾ ਦਿੱਤਾ। ਜਮ੍ਹਾਂਖੋਰਾਂ ਤੋਂ ਵੀ ਵੱਧ ਮੁਜਰਮਾਨਾ ਹਰਕਤ ਸੱਟੇਬਾਜਾਂ ਨੇ ਵਾਅਦਾ (ਹਵਾਲਾ) ਕਾਰੋਬਾਰ ਨਾਲ ਅਨਾਜਾਂ ਦੇ ਭਾਅ ਵਧਾ ਕੇ ਕੀਤੀ ਹੈ। ਅੱਜ ਦੇ ਅਰਥਚਾਰੇ ਦੇ ਮਹੱਤਵਪੂਰਨ ਅੰਗ ਬਣ ਚੁਕੇ ਇਹ ਸੱਟੇਬਾਜ ਕੁਝ ਵੱਖਰੇ ਬੰਦੇ ਨਹੀਂ ਬਲਕਿ ਦਿਉਂ ਕੱਦ ਬਹੁਕੌਮੀ ਕੰਪਨੀਆਂ ਹਨ। ਪੂਰੇ ਬਾਜ਼ਾਰ 'ਤੇ ਇਹਨਾਂ ਦਾ ਦਾਬਾ ਹੋਣ ਕਰਕੇ ਜਦ ਅਨਾਜ ਪੈਦਾ ਹੁੰਦਾ ਹੈ ਤਾਂ ਉਹ ਕਿਸਾਨਾਂ ਨੂੰ ਸਸਤੇ ਭਾਅ ਅਨਾਜ ਵੇਚਣ ਲਈ ਮਜ਼ਬੂਰ ਕਰ ਦਿੰਦੀਆਂ ਹਨ। ਦੂਜੇ ਪਾਸੇ ਅਨਾਜ ਦੇ ਹਵਾਲਾ ਕਾਰੋਬਾਰ ਨਾਲ ਕੀਮਤਾਂ 'ਚ ਫ਼ਰਜੀ ਵਾਧਾ ਕਰਕੇ ਖ਼ਪਤਕਾਰ ਤੋਂ ਖ਼ੂਬ ਮੁਨਾਫ਼ਾ ਨਚੋੜਦੀਆਂ ਹਨ। ਇਹ ਸੱਟੇਬਾਜ ਕੰਪਨੀਆਂ ਬਜ਼ਾਰ 'ਚ ਕਿਸੇ ਵਸਤੂ ਦੀ ਮੰਗ ਵਧਣ ਕਰਕੇ ਰਾਤੋ-ਰਾਤ ਭਾਅ ਵਧਾ ਦਿੰਦੀਆਂ ਹਨ। ਜਦੋਂ ਭਾਰਤ ਨੇ ਸੰਸਾਰ ਬਾਜ਼ਾਰ ਤੋਂ ਕਣਕ ਖਰੀਦਣ ਦਾ ਫੈਸਲਾ ਲਿਆ ਸੀ ਤਾਂ ਇਹਨਾਂ ਨੂੰ ਫੌਰਨ ਕਣਕ ਦੇ ਭਾਅ 8 ਰੁਪਏ ਪ੍ਰਤੀ ਕਿਲੋ ਤੋਂ 16 ਰੁਪਏ ਪ੍ਰਤੀ ਕਿਲੋ ਕਰ ਦਿਤੇ ਸਨ। ਕਿਸਾਨਾਂ ਦੀ ਰਹਿਨੁਮਾ ਸਰਕਾਰ ਨੇ ਇਸ ਵਧੀ ਹੋਈ ਕੀਮਤ 'ਤੇ ਲੱਖ ਟਨ ਕਣਕ ਦਰਾਮਦ ਕੀਤੀ। ਮਹਿੰਗਾਈ ਪਿਛੇ ਅੱਜ ਅਸਲੀ ਕਾਰਨ ਵਸਤਾਂ ਦੀ ਘਾਟ ਨਹੀਂ ਹੈ ਬਲਕਿ ਅਜ਼ਾਰੇਦਾਰ ਵਪਾਰੀਆਂ ਦੀ ਬੇਹੱਦ ਮੁਨਾਫਾਖੋਰੀ, ਸੱਟੇਬਾਜ਼ੀ, ਵਾਅਦਾ ਕਾਰੋਬਾਰ ਹੈ। ਇਹਨਾਂ ਸੱਟੇਬਾਜਾਂ ਦੇ ਮੈਦਾਨ 'ਚ ਆਉਣ ਤੋਂ ਪਹਿਲਾਂ ਅਨਾਜ ਦੇ ਵਪਾਰੀ ਜਮ੍ਹਾਂਖੋਰੀ ਕਰਕੇ ਸਥਾਨਕ ਪੱਧਰ 'ਤੇ ਕੀਮਤ ਚੜ੍ਹਾ ਦਿੰਦੇ ਹਨ। ਜਦਕਿ ਅੱਜ ਬਿਨ੍ਹਾਂ ਜਮ੍ਹਾਂਖੋਰੀ ਦੇ ਵਿਸ਼ਵ ਬਾਜ਼ਾਰ ਦੀਆਂ ਕੀਮਤਾਂ ਘਟਾ ਵਧਾ ਕੇ ਹਵਾਲਾ ਕਾਰੋਬਾਰੀ ਕਰੋੜਾਂ-ਅਰਬਾਂ ਦੇ ਵਾਰੇ ਨਿਆਰੇ ਕਰ ਰਹੇ ਹਨ। ਸੱਟੇਬਾਜ਼ੀ ਨਾਲ ਹੀ ਕੀਮਤਾਂ ਤੇਜ਼ੀ ਨਾਲ ਵਧੀਆਂ ਹਨ ਜਿਸ ਨਾਲ ਅੱਜ ਬਹੁਗਿਣਤੀ ਅਬਾਦੀ ਨੂੰ ਦਾਣੇ-ਦਾਣੇ ਲਈ ਮੋਹਤਾਜ਼ ਹੋਣਾ ਪੈ ਰਿਹਾ ਹੈ। ਮਹਿੰਗਾਈ 'ਤੇ ਕਾਬੂ ਪਾਉਣ ਲਈ ਇਹਨਾਂ ਸੱਟੇਬਾਜ ਕੰਪਨੀਆਂ ਨੂੰ ਸਰਕਾਰ ਕਿਵੇਂ ਕੰਟਰੋਲ ਕਰ ਸਕਦੀ ਹੈ। ਜਦਕਿ ਇਹ ਦਿਉਂ ਕੱਦ ਕੰਪਨੀਆਂ ਕੁਝ ਦੇਸ਼ਾਂ ਦੀਆਂ ਸਰਕਾਰਾਂ ਨੂੰ ਖੁਦ ਕੰਟਰੋਲ ਕਰਦੀਆਂ ਹਨ। ਇਹਨਾਂ ਕੰਪਨੀਆਂ

ਦੀ ਦਲਾਲ ਸਾਡੀ ਸਰਕਾਰ ਨੇ ਸਭ ਤੋਂ ਪਹਿਲਾਂ ਭਾਰਤੀ ਖਾਦ ਨਿਗਮ ਨੂੰ ਹੌਲੀ-ਹੌਲੀ ਤੋੜਿਆ ਤੇ ਖਰੀਦ ਦਾ ਘਟੋ-ਘੱਟ ਸਹਾਇਕ ਮੁੱਲ ਘਟਾ ਕੇ ਆਈ.ਟੀ.ਸੀ, ਕਾਰਗਿਲ, ਈ.ਡਬਲਯੂ.ਬੀ, ਇੰਡੀਆ, ਬ੍ਰਿਟਾਨਿਆ, ਦਿੱਲੀ, ਫਲੌਰ ਮਿਲ ਤੇ ਅਦਾਨੀ ਇੰਟਰਪ੍ਰਾਈਜਜ਼ ਵਰਗੀਆਂ ਕੰਪਨੀਆਂ ਨੂੰ ਸਿੱਧੇ ਬਾਜ਼ਾਰੋਂ ਕਣਕ ਖਰੀਦਣ ਲਈ ਬੁਲਾਇਆ। ਇਹੀ ਕਾਰਨ ਹੈ ਕਿ ਪਿਛਲੇ ਸਾਲ ਇਹਨਾਂ ਕੰਪਨੀਆਂ ਨੇ ਕਿਸਾਨਾਂ ਤੋਂ 20 ਲੱਖ ਟਨ ਕਣਕ ਦੀ ਸਿੱਧੀ ਖਰੀਦ ਕੀਤੀ। ਜਦਕਿ ਸਰਕਾਰ ਨੇ ਸਿਰਫ 11 ਲੱਖ ਟਨ ਦੀ ਹੀ ਖਰੀਦ ਕੀਤੀ। ਅੱਜ ਦੁਨੀਆਂ 'ਚ ਦਿਉ ਕੱਦ ਕੰਪਨੀਆਂ ਆਪਣੇ ਸਹਿਯੋਗੀਆਂ ਦੇ ਨਾਲ ਮਿਲ ਕੇ ਬੇਹਤਾਸ਼ਾ ਮੁਨਾਫ਼ਾ ਕਮਾਉਣ ਲਈ ਪੂਰੀ ਦੁਨੀਆਂ ਨੂੰ ਅਨਾਜ ਸੰਕਟ ਵੱਲ ਧੱਕ ਰਹੀਆਂ ਹਨ। ਇਹਨਾਂ ਅਜ਼ਾਰੇਦਾਰ ਕੰਪਨੀਆਂ ਨੇ ਆਪਣੀ ਸਾਮਰਾਜੀ ਨੀਤੀ ਤਹਿਤ ਕਈ ਦੇਸ਼ਾਂ ਦੀਆਂ ਸਰਕਾਰਾਂ ਨਾਲ ਵੀ ਗੰਢਤੁਪ ਕਰ ਲਈ ਹੈ। ਇਕ ਪਾਸੇ ਅੱਜ ਪੂਰੀ ਦੁਨੀਆਂ ਮੁਠੀ ਭਰ ਇਜ਼ਾਰੇਦਾਰ ਕੰਪਨੀਆਂ ਦੀ ਲੁੱਟ-ਘਸੁੱਟ ਦੀ ਖੁੱਲੀ ਚਰਾਂਦ ਬਣੀ ਹੋਈ ਹੈ ਤਾਂ ਦੂਜੇ ਪਾਸੇ ਭੁਖਮਰੀ ਦੀ ਮਾਰ ਝੱਲ ਰਹੇ ਲੋਕ ਥਾਂ-ਥਾਂ ਵਿਰੋਧ ਮੁਜਾਹਰੇ ਤੇ ਅੰਦੋਲਨ ਕਰ ਰਹੇ ਹਨ।

ਪਾਕਿਸਤਾਨ, ਮੈਕਸੀਕੋ, ਸੇਨੇਗਲ, ਉਜਬੇਕਿਸਤਾਨ ਤੇ ਹੋਰ ਕਈ ਦੇਸ਼ਾਂ 'ਚ ਅਨਾਜ ਦੀ ਮਹਿੰਗਾਈ ਖਿਲਾਫ ਦੰਗੇ ਫਸਾਦ ਤੇ ਮੁਜ਼ਾਹਰੇ ਹੋਏ ਹਨ। ਭਾਰਤ ਸਮੇਤ ਕਈ ਦੇਸ਼ ਦੀਆਂ ਸਰਕਾਰਾਂ ਨੇ ਮਹਿੰਗਾਈ ਰੋਕਣ ਲਈ ਜੋ ਫ਼ਰਜੀ ਉਪਾਅ ਕੀਤੇ ਹਨ, ਉਲਟਾ ਇਸ ਨਾਲ ਮਹਿੰਗਾਈ ਹੋਰ ਤੇਜ਼ੀ ਨਾਲ ਵਧੀ ਹੈ। ਅੱਜ ਦੁਨੀਆਂ ਦੇ ਅਰਥ ਸਾਸ਼ਤਰੀ ਸਬਪ੍ਰਾਈਮ ਸੰਕਟ ਤੋਂ ਬਹੁਤ ਪ੍ਰੇਸ਼ਾਨ ਹਨ ਜਦਕਿ ਪੂਰੀ ਦੁਨੀਆਂ ਦੇ ਸਾਹਮਣੇ ਅਨਾਜ ਸੰਕਟ ਦੀ ਸਮਸਿਆ ਬਹੁਤ ਹੀ ਵਿਕਰਾਲ ਰੂਪ 'ਚ ਮੂੰਹ ਅੱਡੀ ਖੜ੍ਹੀ ਹੈ। ਦੁਨੀਆਂ ਦੀ 75 ਫੀ ਸਦੀ ਗਰੀਬ ਜਨਤਾ ਪਿੰਡਾਂ 'ਚ ਰਹਿਣ ਕਰਕੇ ਖੇਤੀ ਨਾਲ ਜੁੜੀ ਹੈ ਜਿਸ ਉਪਰ ਅੱਜ ਉਸ ਦੀ ਹੋਂਦ ਦਾ ਸੰਕਟ ਮੰਡਰਾ ਰਿਹਾ ਹੈ।

ਦੁਨੀਆਂ ਦੇ ਹਰ ਦੇਸ਼ ਕੋਲ ਅਨਾਜ ਪੈਦਾਵਾਰ ਲਈ ਲੋੜੀਂਦੀ ਉਪਜਾਊ ਜ਼ਮੀਨ, ਜਲ ਤੇ ਅਨੁਕੂਲ ਵਾਤਾਵਰਣ ਹੈ ਜਿਸ ਨਾਲ ਪੂਰੀ ਮਨੁਖਤਾ ਲਈ ਪੌਸ਼ਟਿਕ ਖੁਰਾਕ ਮੁਹੱਈਆ ਕਰਵਾਈ ਜਾ ਸਕਦੀ ਹੈ। ਭਾਰਤ ਸਮੇਤ ਦੁਨੀਆਂ ਦੇ ਸਾਰੇ ਦੇਸ਼ਾਂ 'ਚ ਅਨਾਜ਼ ਐਮਰਜੈਂਸੀ ਤਹਿਤ ਕੁਪੋਸ਼ਣ ਤੇ ਭੁੱਖ ਨਾਲ ਲੜਿਆ ਜਾ ਸਕਦਾ ਹੈ। ਕਿਸਾਨਾਂ ਨੂੰ ਸਸਤੇ ਭਾਅ ਖਾਦ, ਬਿਜਲੀ, ਪਾਣੀ ਤੇ ਬੀਜ ਮੁਹੱਈਆ ਕਰਵਾ ਕੇ ਘਟੋ-ਘੱਟ ਸਹਾਇਕ ਕੀਮਤ ਵਧਾ ਕੇ ਉਹਨਾਂ ਨੂੰ ਅਨਾਜ ਪੈਦਾਵਾਰ ਲਈ ਪ੍ਰੇਰਿਤ ਕੀਤਾ ਜਾ ਸਕਦਾ ਹੈ। ਬੰਜ਼ਰ ਭੂਮੀ ਨੂੰ ਉਪਜਾਊ ਬਣਾ ਕੇ ਅਤੇ ਭੂਮੀ ਸੁਧਾਰ ਅਪਣਾ ਕੇ ਖੇਤੀ ਯੋਗ ਜ਼ਮੀਨ ਦਾ ਵਿਸਥਾਰ ਕੀਤਾ ਜਾ ਸਕਦਾ ਹੈ। ਘੱਟ ਪਾਣੀ ਸੋਕਣ ਵਾਲੀਆਂ ਫਸਲਾਂ ਅਪਣਾ ਕੇ ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਡਿੱਗਣ ਤੋਂ ਬਚਾਇਆ ਜਾ ਸਕਦਾ ਹੈ। ਪਰ ਤੱਥ ਦਸਦੇ ਹਨ ਕਿ ਅੱਜ ਸਭ ਪਾਰਟੀਆਂ ਦੇ ਪੂੰਜੀਪ੍ਰਸਤ ਆਗੂ, ਸਟੀਰਿਓ ਤੇ ਅਨਾਜ ਕੰਪਨੀਆਂ ਵਿਚਕਾਰ ਇਕ ਮਿਲੀਭੁਗਤ ਤੇ ਗਠਜੋੜ ਕਾਇਮ ਹੈ। ਮੇਹਨਤਕਸ਼ ਲੋਕਾਂ ਦੀ ਭੁਖਮਰੀ ਤੇ ਮੌਤ ਦੀ ਕੀਮਤ 'ਤੇ ਇਹ ਅਯਾਸ਼ੀ ਵਾਲੀ ਜ਼ਿੰਦਗੀ ਜਿਉਂਦੇ ਹਨ। ਇਸ ਸੰਕਟ ਦਾ ਹੱਲ ਕੋਈ ਇਨਕਲਾਬੀ ਸਰਕਾਰ ਹੀ ਕਰ ਸਕਦੀ ਹੈ ਜਿਸ ਨੂੰ ਦੇਸ਼ ਦੇ ਲੋਕਾਂ 'ਤੇ ਪੂਰਾ ਵਿਸਵਾਸ਼ ਹੋਵੇ ਤੇ ਲੋਕ ਵੀ ਉਸ 'ਤੇ ਭਰੋਸਾ ਕਰਦੇ ਹੋਣ। ਲੋਕ ਅੱਜ ਬਦਲਾਅ ਭਾਲਦੇ ਹਨ।

# ਕੀ ਭਾਰਤ 'ਚ ਮੁਰਦੇ ਬੋਲਣ ਲੱਗੇ?

ਕਸ਼ਮੀਰ ਭਾਰਤ ਦੇ ਦੋ ਯੁੱਧ ਖੇਤਰਾਂ 'ਚੋਂ ਇੱਕ ਹੈ। ਜਿੱਥੋਂ ਕੋਈ ਖ਼ਬਰ ਬਾਹਰ ਨਹੀਂ ਨਿਕਲ ਸਕਦੀ ਪਰ ਗੁੰਮਨਾਮ ਕਬਰਾਂ 'ਚ ਦੱਬੀਆਂ ਲਾਸ਼ਾਂ ਖਾਮੋਸ਼ ਨਹੀਂ ਰਹਿਣਗੀਆਂ। 27 ਸਤੰਬਰ ਨੂੰ ਸੁਬਾਹ 3 ਵਜੇ ਦਿੱਲੀ ਹਵਾਈ ਅੱਡੇ 'ਤੇ ਪਹੁੰਚਣ ਦੇ ਕੁਝ ਘੰਟਿਆਂ ਅੰਦਰ ਅਮਰੀਕੀ ਰੇਡਿਓ ਪੱਤਰਕਾਰ ਡੇਵਿਡ ਬਾਰਸਾਮਿਅਨ ਨੂੰ ਵਾਪਸ ਭੇਜ ਦਿੱਤਾ ਗਿਆ। ਜਨਤਕ ਰੇਡਿਓ 'ਤੇ ਪ੍ਰਸਾਰਨ ਲਈ ਅਜ਼ਾਦ ਤੌਰ 'ਤੇ ਮੁਫਤ ਪ੍ਰੋਗ੍ਰਾਮ ਬਣਾਉਣ ਵਾਲਾ ਇਹ ਖਤਰਨਾਕ ਆਦਮੀ ਚਾਲੀ ਸਾਲਾਂ ਤੋਂ ਭਾਰਤ ਆਉਂਦਾ ਰਿਹਾ ਹੈ ਅਤੇ ਉਰਦੂ ਸਿੱਖਣ ਤੇ ਸਿਤਾਰ ਵਜਾਉਣ ਵਰਗੇ ਖਤਰਨਾਕ ਕੰਮ ਕਰ ਰਿਹਾ ਹੈ। ਬਾਰਸਮਿਆਨ ਦੀ ਅਡਵਰਡ ਸਈਅਦ, ਨੋਮ-ਚੋਮਸਕੀ, ਹਾਰਵਰਡ ਜਿਨ, ਇਜਾਜ ਅਹਿਮਦ ਤੇ ਤਾਰਿਕ ਅਲੀ ਦੇ ਨਾਲ ਕੀਤੀ ਇੰਟਰਵਿਊ ਦੀਆਂ ਕਿਤਾਬਾਂ ਪ੍ਰਕਾਸ਼ਿਤ ਹੋ ਚੁੱਕੀਆਂ ਹਨ। (ਉਹ ਜਦ ਨੌਜਵਾਨ ਸਨ ਤਾਂ ਚੋਮਸਕੀ ਤੇ ਐਡਵਰਡ ਹਰਮਨ ਦੀ ਕਿਤਾਬ 'ਮੈਨੂੰਫੈਕਚਰਿੰਗ ਕੰਸੈਂਟ 'ਤੇ ਪੀਟਰ ਵਿੰਟਾਨਿਕ ਦੀ ਡਾਕੂ ਮੈਂਟਰੀ ਫਿਲਮ 'ਚ ਬੈਲ ਬਾਟਮ ਪਹਿਨੇ ਹੋਏ ਇੱਕ ਚਸ਼ਮਦੀਦ ਗਵਾਹ ਵਜੋਂ ਦਿਸੇ ਸਨ) ਭਾਰਤ ਦੀ ਆਪਣੇ ਹਾਲੀਆ ਫੇਰੀ ਦੌਰਾਨ ਉਹਨਾਂ ਨੇ ਕਾਰਕੁੰਨ ਅਕਾਦਮੀਸ਼ੀਅਨਾ, ਫ਼ਿਲਮ ਨਿਰਮਾਤਾਵਾਂ, ਪੱਤਰਕਾਰਾਂ ਤੇ ਲੇਖਕਾਂ ਤੋਂ ਰੇਡਿਓ ਇੰਟਰਵਿਊ ਦੀ ਲੜੀ 'ਤੇ ਕੰਮ ਕੀਤਾ ਹੈ। ਬਾਰਸਮਿਅਨ ਦਾ ਕੰਮ ਉਹਨਾਂ ਨੂੰ ਤੁਰਕੀ, ਇਰਾਨ, ਸੀਰੀਆ, ਲੇਬਨਾਨ ਤੇ ਪਾਕਿਸਤਾਨ ਲੈ ਗਿਆ ਹੈ। ਉਹ ਇਹਨਾਂ 'ਚੋਂ ਕਿਸੇ ਵੀ ਦੇਸ਼ ਤੋਂ ਵਾਪਸ ਨਹੀਂ ਮੋੜੇ ਗਏ ਹਨ। ਤਾਂ ਆਖਰ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਇਸ ਇਕੱਲੇ ਸਿਤਾਰ ਵਜਾਉਣ ਵਾਲੇ ਉਰਦੂ ਬੋਲਣ ਵਾਲੇ ਖੱਬੇ ਪੱਖੀ ਰੁਝਾਣ ਵਾਲੇ ਰੇਡਿਓ ਪ੍ਰੋਗ੍ਰਾਮ ਨਿਰਮਾਤਾ ਤੋਂ ਏਨੀ ਡਰ ਕਿਉਂ ਗਈ? ਬਾਰਸਾਮਿਆਨ ਖੁਦ ਇਸ ਤਰ੍ਹਾਂ ਕਹਿੰਦੇ ਹਨ। 'ਇਸ ਦੀ ਵਜਾਹ ਕਸ਼ਮੀਰ ਹੈ। ਮੈਂ ਝਾਰਖੰਡ, ਸੱਤੀਸ਼ਗੜ੍ਹ, ਪੱਛਮੀ ਬੰਗਾਲ ਨਰਮਦਾ ਬੰਨ੍ਹ, ਕਿਸਾਨਾਂ ਦੀਆਂ ਖੁਦਕੁਸ਼ੀਆਂ, ਗੁਜਰਾਤ ਕਤਲੇਆਮ ਅਤੇ ਬਿਨਾਇਕ ਸੇਨ ਦੇ ਮੁਕੱਦਮੇ ਸਬੰਧੀ ਕੰਮ ਕੀਤਾ ਹੈ। ਇਸ ਮੁੱਦੇ 'ਤੇ ਸਰਕਾਰੀ ਜੋ ਭਾਰਤੀ ਹਕੂਮਤ ਦੇ ਫਿਕਰਾਂ ਦੇ ਕੇਂਦਰ ਵਿੱਚ ਹੈ। ਇਸ ਮੁੱਦੇ 'ਤੇ ਸਰਕਾਰੀ ਕਹਾਣੀ ਨੂੰ ਚੁਣੌਤੀ ਨਹੀਂ ਦਿੱਤੀ ਜਾ ਸਕਦੀ। ਉਸ ਨੂੰ ਵਾਪਸ ਭੇਜ ਦੇਣ ਬਾਰੇ ਆਈਆਂ ਖ਼ਬਰਾਂ 'ਚ ਅਧਿਕਾਰਿਤ ਸਰੋਤਾਂ ਦਾ ਹਵਾਲਾ ਦਿੱਤਾ ਗਿਆ ਸੀ ਜਿਹਨਾਂ ਦਾ ਕਹਿਣਾ ਸੀ ਕਿ ਬਾਰਸਾਮਿਆਨ ਨੇ 2009-10 ਦੀ ਆਪਣੀ ਫੇਰੀ ਦੌਰਾਨ ਵੀਜ਼ਾ ਨਿਯਮਾਂ ਦੀ ਉਲੰਘਣਾ ਕਰਦਿਆਂ, ਪੇਸ਼ਾਵਰ ਰੂਪ ਕੰਮ ਕੀਤਾ ਸੀ ਜਦ ਕਿ ਉਸ ਕੋਲ ਸੈਲਾਨੀ ਵੀਜਾ ਸੀ।' ਭਾਰਤ 'ਚ ਵੀਜ਼ਾ ਨਿਯਮਾਂ ਰਾਹੀਂ ਸਰਕਾਰ ਦੇ ਫਿਕਰਾਂ ਤੇ ਪੂਰਵ ਗ੍ਰਹਿਆਂ ਬਾਰੇ ਅੰਦਾਜਾ ਲਾਇਆ ਜਾ ਸਕਦਾ ਹੈ। 'ਅੱਤਵਾਦ ਖਿਲਾਫ ਯੁੱਧ' ਦੇ ਫਟੇ ਪੁਰਾਣੇ ਬੈਨਰ ਦੀ ਵਰਤੋਂ ਕਰਦਿਆਂ ਗ੍ਰਹਿ ਮੰਤਰਾਲੇ ਨੇ ਹੁਕਮ ਜਾਰੀ ਕੀਤਾ ਹੈ ਕਿ ਸੰਮੇਲਨਾ 'ਚ ਬੁਲਾਏ ਗਏ ਵਿਦਵਾਨਾਂ ਤੇ ਅਕਾਦਮੀਸ਼ਨਾਂ ਨੂੰ ਵੀਜ਼ਾ ਜਾਰੀ ਕਰਨ ਤੋਂ ਪਹਿਲਾਂ ਸੁਰੱਖਿਆ ਕਲੀਰੈਂਸ ਜ਼ਰੂਰੀ ਹੈ। ਇਸ ਕਲੀਰੈਂਸ ਦੀ ਲੋੜ ਕਾਰਪੋਰੇਟ ਐਕਜ਼ੀਕੂਟਿਵਾਂ ਤੇ ਬਿਜਨੈਸਮੈਨਾਂ ਨੂੰ ਨਹੀਂ ਪੈਣੀ। ਤਾਂ ਜੋ ਆਦਮੀ ਬੰਨ੍ਹ ਦੀ ਉਸਾਰੀ 'ਚ ਨਿਵੇਸ਼

ਕਰਨਾ ਚਾਹੁੰਦਾ ਹੈ ਜਾਂ ਇੱਕ ਸਟੀਲ ਪਲਾਂਟ ਬਣਾਉਣਾ ਚਾਹੁੰਦਾ ਹੈ ਉਹ ਸੁਰੱਖਿਆ ਲਈ ਖਤਰਾ ਨਹੀਂ ਮੰਨਿਆ ਜਾਂਦਾ। ਪਰ ਇਕ ਵਿਦਵਾਨ ਜੋ ਸ਼ਾਇਦ ਉਜਾੜੇ ਜਾਂ ਫਿਰਕਾਪ੍ਰਸਤੀ ਜਾਂ ਇਸ ਵਿਸ਼ਵੀ ਅਰਥਚਾਰੇ 'ਚ ਵਧਦੇ ਕੁਪੋਸ਼ਨ ਬਾਰੇ ਇਕ ਸੈਮੀਨਾਰ 'ਚ ਹਿੱਸਾ ਲੈਣਾ ਚਾਹੁੰਦਾ ਹੈ, ਉਹ ਸੁਰਖਿਆ ਲਈ ਖਤਰਾ ਹੈ। ਬੁਰੇ ਇਰਾਦੇ ਵਾਲੇ ਦਹਿਸ਼ਤਗਰਦਾਂ ਨੇ ਸ਼ਾਇਦ ਇਹ ਅੰਦਾਜ਼ਾ ਲਾ ਲਿਆ ਹੋਵੇਗਾ ਕਿ ਕਿਸੇ ਸੈਮੀਨਾਰ 'ਚ ਹਿੱਸਾ ਲੈਣ ਦੀ ਤਰਕੀਬ ਆਪਣਾਉਣ ਦੀ ਬਜਾਏ ਕੰਮਕਾਜੀ ਪੌਸ਼ਾਕ 'ਚ ਸਜ ਸੰਵਾਰ ਕੇ ਕੋਈ ਖਾਨ ਖਰੀਦਣ ਦਾ ਨਾਟਕ ਕਰਨਾ ਵੱਧ ਕਾਰਗਰ ਹੋਵੇਗਾ।

ਡੇਵਿਡ ਬਾਰਸਮਿਆਨ ਕੋਈ ਖਾਣ ਖਰੀਦਣ ਜਾਂ ਕਿਸੇ ਸੰਮੇਲਨ 'ਚ ਹਿੱਸਾ ਲੈਣ ਭਾਰਤ ਨਹੀਂ ਆਏ ਸਨ। ਉਹ ਤਾਂ ਸਿਰਫ ਲੋਕਾਂ ਨਾਲ ਗੱਲਾਂ ਕਰਨ ਆਏ ਸਨ। 'ਅਧਿਕਾਰਿਤ ਸੂਤਰਾਂ' ਮੁਤਾਬਕ ਉਹਨਾਂ ਖਿਲਾਫ ਜੋ ਸ਼ਿਕਾਇਤ ਕੀਤੀ ਗਈ ਹੈ, ਉਹ ਇਹ ਹੈ ਕਿ ਭਾਰਤ ਨੇ ਆਪਣੇ ਪਿਛਲੇ ਦੌਰੇ ਸਮੇਂ ਉਹਨਾਂ ਨੂੰ ਜੰਮੂ ਤੇ ਕਸ਼ਮੀਰ ਦੀਆਂ ਘਟਨਾਵਾਂ ਬਾਰੇ ਰੀਪੋਰਟਿੰਗ ਕੀਤੀ ਸੀ ਅਤੇ ਉਹ ਰੀਪੋਰਟਿੰਗ 'ਤੱਥਾਂ 'ਤੇ ਅਧਾਰਿਤ ਨਹੀਂ ਸੀ'। ਯਾਦ ਰਹੇ ਕਿ ਬਾਰਸਮਿਅਨ ਰੀਪੋਰਟਰ ਨਹੀਂ ਹੈ। ਉਹ ਲੋਕਾਂ ਨਾਲ ਗੱਲਾਂ ਕਰਨ ਵਾਲੇ ਆਦਮੀ ਹਨ। ਉਹ ਅਧਿਕਾਰਿਤ ਅਸਮਿਤ ਲੋਗਾਂ ਤੋਂ ਉਸ ਸਮਾਜ ਬਾਰੇ ਗੱਲਬਾਤ ਕਰਦੇ ਹਨ। ਜਿਹਨਾਂ 'ਚ ਲੋਕ ਉਹ ਲੋਕ ਰਹਿੰਦੇ ਹਨ। ਕੀ ਸੈਲਾਨੀ ਜਿਸ ਦੇਸ਼ 'ਚ ਜਾਂਦੇ ਹਨ, ਉਥੋਂ ਦੇ ਲੋਕਾਂ ਨਾਲ ਗੱਲਾਂ ਕਰਨਾ ਗੈਰ ਕਾਨੂੰਨੀ ਹੈ? ਕੀ ਇਹ ਕਿਸੇ ਲਈ ਗੈਰ ਕਾਨੂੰਨੀ ਹੋਵੇਗਾ ਕਿ ਉਹ ਯੂਰਪ ਜਾਂ ਅਮਰੀਕਾ ਜਾਵੇ ਤੇ ਉਥੇ ਮਿਲੇ ਲੋਕਾਂ ਬਾਰੇ ਉਹ ਲਿਖੇ? ਭਾਵੇਂ ਹੀ ਉਸ ਦੀ ਲੇਖਣੀ ਤੱਥਾਂ 'ਤੇ ਅਧਾਰਿਤ ਨਾ ਹੋਵੇ? ਕੌਣ ਤਹਿ ਕਰੇਗਾ ਕਿ ਕਿਹੜਾ ਤੱਥ ਸਹੀ ਹੈ ਅਤੇ ਕਿਹੜਾ ਨਹੀਂ? ਕੀ ਬਾਰਸਮਿਅਨ ਤਾਂ ਵੀ ਵਾਪਸ ਮੋੜ ਦਿੱਤੇ ਜਾਂਦੇ ਜੇ ਉਹਨਾਂ ਨੇ ਦੁਨੀਆਂ ਦੀ ਸਭ ਤੋਂ ਸੰਘਣੇ ਫੌਜੀ ਕਬਜ਼ੇ 'ਚ (ਕਸ਼ਮੀਰ 'ਚ ਅੰਦਾਜਨ ਇੱਕ ਕਰੋੜ ਦੀ ਅਬਾਦੀ ਪਿੱਛੇ ਛੇ ਲੱਖ ਸਰਗਰਮ ਫੌਜੀ ਤਾਇਨਾਤ ਹਨ) ਰੋਜ਼ ਮਰਾ ਦੀ ਜ਼ਿੰਦਗੀ ਬਾਰੇ ਗੱਲਬਾਤ ਰਿਕਾਰਡ ਕਰਨ ਦੀ ਬਜਾਏ ਕਸ਼ਮੀਰ ਚੋਣਾਂ 'ਚ ਭਾਰੀ ਵੋਟਾਂ ਪੈਣ ਦੀ ਤਾਰੀਫ ਕਰਨ ਵਾਲੀ ਗੱਲਬਾਤ ਰਿਕਾਰਡ ਕੀਤੀ ਹੁੰਦੀ? ਡੇਵਿਡ ਬਰਾਸਮਿਅਨ ਪਹਿਲੇ ਆਦਮੀ ਨਹੀਂ ਹਨ ਜਿਹਨਾਂ ਨੂੰ ਕਸ਼ਮੀਰ ਦੀ ਸੰਵੇਦਨਸ਼ੀਲਤਾ ਦਾ ਬਹਾਨਾ ਬਣਾ ਕੇ ਵਾਪਸ ਭੇਜ ਦਿੱਤਾ ਹੈ। ਸਾਨਫ੍ਰਾਂਸਿਸਕੋ ਦੇ ਇਕ ਨਿਤਤਵਸਾਸਤਰੀ ਪ੍ਰੋਫੈਸਰ ਰਿਚਰਡ ਸ਼ਾਪਿਰੋ ਨਵੰਬਰ 2010 'ਚ ਦਿੱਲੀ ਹਵਾਈ ਅੱਡੇ ਤੋਂ ਬਿਨਾਂ ਕੋਈ ਵਜਾਹ ਦੱਸ ਵਾਪਸ ਕਰ ਦਿੱਤੇ ਗਏ ਸਨ ਸ਼ਾਇਦ ਇਹ ਉਹਨਾਂ ਦੀ ਸਹਿਯੋਗੀ ਅੰਗਨਾ ਚੈਟਰਜੀ 'ਤੇ ਦਬਾਅ ਪਾਉਣ ਦਾ ਇਕ ਤਰੀਕਾ ਹੀ ਸੀ। ਅੰਗਨਾ ਇੰਟਰਨੈਸ਼ਨਲ ਪੀਪਲਸ ਟ੍ਰਿਬਿਊਨਲ ਆਨ ਹਿਊਮਨ ਰਾਈਟਸ ਐਂਡ ਜਸਟਿਸ ਦੀ ਸਹਿਸੰਯੋਜਕ ਹੈ ਜਿਸ ਨੇ ਸਭ ਤੋਂ ਪਹਿਲਾਂ ਦੀਆਂ ਗੁੰਮਨਾਮ ਸਮੂਹਕ ਕਬਰਾਂ ਦੀ ਮੌਜੂਦਗੀ ਨੂੰ ਦਰਜ਼ ਕੀਤਾ ਸੀ। ਸਤੰਬਰ 2011 'ਚ ਮਨੀਲਾ ਸਥਿਤ ਇੰਡੀਅਨ ਫੈਡਰੇਸ਼ਨ ਅਗੇਂਸਟ ਇਨਵਾਲਯੂੰਟਰੀ (ਅਫਾਲ) ਦੇ ਮਾਓਆਕਿਨੋ ਨੂੰ ਦਿੱਲੀ ਹਵਾਈ ਅੱਡੇ ਤੋਂ ਵਾਪਸ ਕਰ ਦਿੱਤਾ ਗਿਆ। ਇਹ 2011 ਦੀ 28 ਮਈ ਨੂੰ ਇਕ ਮਸ਼ਹੂਰ ਭਾਰਤੀ ਜਮਹੂਰੀ ਅਧਿਕਾਰ ਕਾਰਕੁੰਨ ਗੌਤਮ ਨੌ ਲੱਖਾ ਨੂੰ ਸ੍ਰੀ ਨਗਰ ਹਵਾਈ ਅੱਡੇ ਤੋਂ ਦਿੱਲੀ ਮੋੜ ਦਿੱਤਾ ਸੀ। ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁਲਾ ਨੇ ਇਸ ਨੂੰ ਜਾਇਜ਼ ਠਹਿਰਾਉਂਦਿਆਂ ਕਿਹਾ ਕਿ ਨੌ ਲੱਖਾ

ਨੂੰ ਕਸ਼ਮੀਰ ਦੇ ਮਸਲੇ 'ਚ ਦਖਲ ਦੇਣ ਦੀ ਜ਼ਰੂਰਤ ਨਹੀਂ ਕਿਉਂਕਿ ਕਸ਼ਮੀਰ ਸੜਨ ਲਈ ਨਹੀਂ ਹੈ। ਕਸ਼ਮੀਰ ਨੂੰ ਸਭ ਚੀਜ਼ਾਂ ਤੋਂ ਕੱਟਿਆ ਜਾ ਰਿਹਾ ਹੈ। ਉਸ ਨੂੰ ਦੋ ਸਰਹੱਦਾਂ 'ਤੇ ਸਖਤ ਗਸ਼ਤ ਰਾਹੀਂ ਬਾਹਰਲੀ ਦੁਨੀਆਂ ਤੋਂ ਵੱਖ ਕੀਤਾ ਜਾ ਰਿਹਾ ਹੈ। ਇਹ ਸਰਹੱਦਾਂ ਹਨ ਦਿੱਲੀ ਤੇ ਸ੍ਰੀ ਨਗਰ ਜਿਵੇਂ ਕਿਤੇ ਅਜ਼ਾਦ ਹੋ ਚੁੱਕਿਆ ਹੋਵੇ ਤੇ ਜਿਸ ਕੋਲ ਵੀਜ਼ਾ ਦੇਣ ਦੀ ਵੱਖ ਪ੍ਰਣਾਲੀ ਹੋਵੇ। ਇਸ ਦੀ ਸਰਹੱਦ ਦੇ ਅੰਦਰ ਸਰਕਾਰ ਤੇ ਫੌਜ ਲਈ ਸ਼ਿਕਾਰ ਦਾ ਨਿਰੰਤਰ ਸਿਲਸਿਲਾ ਚਲਦਾ ਰਹਿੰਦਾ ਹੈ। ਕਸ਼ਮੀਰੀ ਪੱਤਰਕਾਰਾਂ ਤੇ ਆਮ ਲੋਕਾਂ ਨੂੰ ਕਾਬੂ 'ਚ ਕਰਨ ਦੀ ਕਲਾ ਦੇ ਤਹਿਤ ਰਿਸ਼ਵਤ, ਧਮਕੀਆਂ, ਬਲੈਕਮੇਲ ਤੇ ਬਿਆਨ ਨਾ ਕੀਤੇ ਜਾ ਸਕਣ ਵਾਲੇ ਅਤਿਆਚਾਰਾਂ ਦੀ ਮਦਦ ਲਈ ਜਾਂਦੀ ਹੈ। ਜਿਸ ਵਕਤ ਸਰਕਾਰ ਜਿਉਂਦੇ ਜਾਗਦੇ ਲੋਕਾਂ ਨੂੰ ਚੁਪ ਕਰਾਉਣ ਦੀ ਕੋਸ਼ਿਸ਼ ਕਰ ਰਹੀ ਹੈ ਤਾਂ ਲਾਸ਼ਾਂ ਨੇ ਬੋਲਣਾ ਸ਼ੁਰੂ ਕਰ ਦਿੱਤਾ ਹੈ। ਸ਼ਾਇਦ ਇਹ ਬਾਰਸ ਮਿਆਨ ਦੀ ਅਸੈਸਮਿੰਟ ਸੀ ਕਿ ਉਹਨਾਂ ਨੇ ਕਸ਼ਮੀਰ ਜਾਣ ਦੀ ਯੋਜਨਾ ਉਦੋਂ ਬਣਾਈ ਜਦੋਂ ਰਾਜ ਮਨੁੱਖੀ ਅਧਿਕਾਰ ਕਮਿਸ਼ਨ ਨੇ ਆਖਰ ਕਾਰ ਕਸ਼ਮੀਰ ਦੇ ਤਿੰਨ ਜ਼ਿਲ੍ਹਿਆਂ 'ਚ 2700 ਗੁੰਮਨਾਮ ਕਬਰਾਂ ਦੀ ਮੌਜੂਦਗੀ ਨੂੰ ਮੰਨ ਲੈਣ ਦਾ ਪਖੰਡ ਕੀਤਾ। ਦੂਜੇ ਜ਼ਿਲ੍ਹਿਆਂ ਤੋਂ ਹਜ਼ਾਰਾਂ ਕਬਰਾਂ ਦੀ ਰੀਪੋਟ ਵੀ ਆ ਰਹੀ ਹੈ। ਸ਼ਾਇਦ ਇਹ ਉਹਨਾਂ ਗੁੰਮਨਾਮ ਕਬਰਾਂ ਦੀਆਂ ਅਹਿਮੀਅਤ ਹੈ ਜਿਹਨਾਂ ਨੇ ਠੀਕ ਉਸ ਸਮੇਂ ਭਾਰਤ ਸਰਕਾਰ ਨੂੰ ਪ੍ਰੇਸ਼ਾਨੀ 'ਚ ਪਾ ਦਿੱਤਾ ਜਦ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਪ੍ਰੀਸ਼ਦ 'ਚ ਭਾਰਤ ਦੇ ਰਿਕਾਰਡ ਦੀ ਸਮੀਖਿਆ ਹੋਣੀ ਹੈ। ਖਤਰਨਾਕ ਡੇਵਿਡ ਤੋਂ ਇਲਾਵਾ ਦੁਨੀਆਂ ਦੀ ਸਭ ਤੋਂ ਵੱਡੀ ਜਮਹੂਰੀਅਤ ਹੋਰ ਕਿਹੜੇ ਲੋਕਾਂ ਤੋਂ ਡਰਦੀ ਹੈ?

ਛਤੀਸ਼ਗੜ੍ਹ ਸੂਬੇ 'ਚ ਦਾਂਤੇਵਾੜਾ ਤੋਂ ਆਉਣ ਵਾਲੇ ਇਕ ਆਦੀਵਾਸੀ ਨੌਜਵਾਨ ਲਿੰਗਾਰਾਮ ਕੋਡੋਪੀ ਤੋਂ ਜਿਹਨਾਂ ਨੂੰ 9 ਸਤੰਬਰ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਪੁਲਸ ਦਾ ਕਹਿਣਾ ਹੈ ਕਿ ਉਸ ਨੇ ਉਹਨਾਂ ਨੂੰ ਬਾਜ਼ਾਰ 'ਚ ਰੰਗੇ ਹੱਥੀਂ ਉਦੋਂ ਫੜਿਆ ਜਦੋਂ ਉਹ ਇੱਕ ਕੱਚੇ ਲੋਹੇ ਦੀ ਖਾਨ ਦੀ ਖੁਦਾਈ ਕੰਪਨੀ ਇਸਾਰ ਤੋਂ ਸੁਰਖਿਆ ਰਾਸ਼ੀ (ਪ੍ਰੋਟੈਕਸ਼ਨ ਮਨੀ) ਲੈ ਕੇ ਪਾਬੰਦੀਸ਼ੁਦਾ ਸੀ. ਪੀ. ਆਈ. (ਮਾਓਵਾਦੀ) ਨੂੰ ਦੇ ਰਹੇ ਸਨ। ਉਹਨਾਂ ਦੀ ਚਾਚੀ ਸੋਨੀ ਸੋਰੀ ਕਹਿੰਦੀ ਹੈ ਕਿ ਸਾਦੀ ਵਰਦੀ 'ਚ ਆਈ ਪੁਲਸ ਉਹਨਾਂ ਨੂੰ ਪਾਲਨਾਰ ਪਿੰਡ 'ਚ ਉਹਨਾਂ ਦੇ ਦਾਦੇ ਦੇ ਘਰੋਂ ਸਫੈਦ ਬੋਲੇਰੋ ਕਾਰਾ 'ਚ ਲੈ ਗਈ। ਦਿਲਚਸਪ ਗੱਲ ਇਹ ਹੈ ਕਿ ਜੇ ਪੁਲਸ ਦੀ ਕਹਾਣੀ ਸਹੀ ਹੈ ਤਾਂ ਉਹਨਾਂ ਨੇ ਲਿੰਗਰਾਮ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਇਹ ਉਹਨਾਂ ਬੇਤੁਕੀਆਂ ਗੱਲਾਂ ਦੇ ਸਿਲਸਿਲੇ ਦੀ ਸਭ ਤੋਂ ਤਾਜਾ ਕੜੀ ਹੈ। ਜਿਸ ਤਹਿਤ ਉਹਨਾਂ ਨੇ ਲਿੰਗਾ ਰਾਮ ਖਿਲਾਫ ਬੇਤੁਕੇ ਦੋਸ਼ ਲਾਏ ਅਤੇ ਜਿਹਨਾਂ ਨੂੰ ਵਾਪਸ ਲੈ ਲਿਆ ਗਿਆ ਸੀ। ਇਸ ਦਾ ਅਸਲੀ ਕਸੂਰ ਇਹ ਹੈ ਕਿ ਉਹ ਸਥਾਨਕ ਗੋਡੀ ਭਾਸ਼ਾ ਜਾਨਣ ਵਾਲੇ ਇਕੋ ਇਕ ਪੱਤਰਕਾਰ ਹਨ ਅਤੇ ਉਹ ਇਹ ਵੀ ਜਾਣਦੇ ਹਨ ਕਿ ਦਾਂੜੇਵਾੜਾ ਦੇ ਦੂਰ ਦੁਰਾਡੇ ਜੰਗਲੀ ਇਲਾਕਿਆਂ 'ਚ ਕਿਹੋ ਜਿਹੀ ਗੱਲ ਕਰਨੀ ਹੈ। ਦਾਂਤੇਵਾੜਾ ਭਾਰਤ ਦਾ ਇੱਕ ਦੂਜਾ ਯੁੱਧ ਖੇਤਰ ਹੈ। ਜਿੱਥੋਂ ਕਿਸੇ ਵੀ ਹਾਲਤ 'ਚ ਕੋਈ ਖ਼ਬਰ ਬਾਹਰ ਨਹੀਂ ਜਾਣੀ ਚਾਹੀਦੀ। ਸਰਕਾਰ ਨੇ ਮੱਧ ਭਾਰਤ 'ਚ ਆਦੀਵਾਸੀ ਸਮੂਹ ਦੀ ਜਮੀਨ ਦੇ ਵੱਡੇ-ਵੱਡੇ ਟੁਕੜੇ ਬਹੁਕੌਮੀ ਖੁਦਾਈ ਤੇ ਬੁਨਿਆਦੀ ਤਾਣੇਬਾਣੇ ਸਾਮਰਾਜੀ ਕਾਰਪੋਰੇਸ਼ਨਾਂ ਨੂੰ ਇੱਕ ਤੋਂ ਬਾਅਦ ਇਕ ਗੁਪਤ ਇਕਰਾਰਾਂ ਰਾਹੀਂ ਸੌਂਪ ਦਿੱਤਾ ਹੈ। ਇਸ ਪਿੱਛੋਂ ਉਸ

ਨੇ ਇਹਨਾਂ ਜੰਗਲਾਂ ਨੂੰ ਲੱਖਾਂ ਸੁਰਖਿਆ ਫੋਰਸਾਂ ਨਾਲ ਭਰ ਦਿੱਤਾ ਹੈ। ਗੈਰ ਹਥਿਆਰਬੰਦ ਤੇ ਹਥਿਆਰਬੰਦ ਸਾਰੇ ਵਿਰੋਧਾਂ 'ਤੇ 'ਮਾਓਵਾਦੀ' ਲੇਬਲ ਲਾ ਦਿੱਤਾ ਗਿਆ ਹੈ (ਜਿਵੇਂ ਕਿ ਕਸ਼ਮੀਰ 'ਚ ਸਭ ਨੂੰ ਜ਼ਹਾਦੀ ਤੱਤ ਕਿਹਾ ਜਾਂਦਾ ਹੈ) ਘਰੇਲੂ ਜੰਗ ਦੇ ਤੇਜ਼ ਹੋਣ ਨਾਲ ਸੈਂਕੜੇ ਘਰ ਜਲਾਏ ਜਾ ਰਹੇ ਹਨ। ਹਜ਼ਾਰਾਂ ਆਦੀਵਾਸੀਆਂ ਨੇ ਭੱਜ ਕੇ ਗੁਆਂਢੀ ਸੂਬਿਆਂ 'ਚ ਪਨਾਹ ਲਈ ਹੈ। ਲੱਖਾਂ ਡਰੇ ਹੋਏ ਲੋਕ ਜੰਗਲਾਂ 'ਚ ਛੁਪੇ ਹੋਏ ਹਨ। ਅਰਧਸੈਨਿਕ ਫੋਰਸਾਂ ਨੇ ਜੰਗਲ ਘੇਰ ਲਿਆ ਹੈ ਜਿਸ ਨਾਲ ਪਿੰਡ ਵਾਲਿਆਂ ਲਈ ਜ਼ਰੂਰੀ ਚੀਜਾਂ ਤੇ ਦਵਾਈਆਂ ਲਈ ਬਜਾਰ ਜਾਣਾ ਅਸੰਭਵ ਹੋ ਗਿਐ। ਅਣਗਿਣਤ ਗੁੰਮਨਾਮ ਲੋਕ ਜੇਹਲਾਂ ਵਿੱਚ ਹਨ ਜਿਹਨਾਂ 'ਤੇ ਦੇਸ਼ਧ੍ਰੋਹ ਤੇ ਯੁੱਧ ਛੇੜਨ ਦੇ ਦੋਸ਼ ਹਨ। ਉਹਨਾਂ ਦੇ ਬਚਾਅ ਲਈ ਕੋਈ ਵਕੀਲ ਤਕ ਨਹੀਂ ਹਨ। ਉਹਨਾਂ ਜੰਗਲਾਂ 'ਚੋਂ ਬਹੁਤ ਥੋੜ੍ਹੀਆਂ ਖ਼ਬਰਾਂ ਬਾਹਰ ਆਉਂਦੀਆਂ ਹਨ ਤੇ ਉਥੇ ਤਾਂ ਲਾਸ਼ਾਂ ਦੀ ਵੀ ਕੋਈ ਗਿਣਤੀ ਨਹੀਂ ਹੈ। ਇਸ ਲਈ ਇਹ ਵੇਖਣਾ ਮੁਸ਼ਕਿਲ ਨਹੀਂ ਹੈ ਕਿ ਕਿਉਂ ਲਿੰਗਰਾਮ ਕੋਡੋਪੀ ਤੋਂ ਏਨਾ ਖਤਰਾ ਹੈ। ਪੱਤਰਕਾਰ ਵਜੋਂ ਸਿਖਲਾਈ ਲੈਣ ਤੋਂ ਪਹਿਲਾਂ ਲਿੰਗਾਗਮ ਇਕ ਡਰਾਈਵਰ ਸਨ। 2009 'ਚ ਪੁਲਸ ਨੇ ਉਹਨਾਂ ਨੂੰ ਗ੍ਰਿਫਤਾਰ ਕਰਕੇ ਉਹਨਾਂ ਦੀ ਜੀਪ ਜਬਤ ਕਰ ਲਈ। ਉਹਨਾਂ ਨੂੰ 40 ਦਿਨ ਇਕ ਛੋਟੇ ਜਿਹੇ ਪਖਾਨੇ 'ਚ ਬੰਦ ਕਰਕੇ ਰੱਖਿਆ ਗਿਆ। ਉਹਨਾਂ 'ਤੇ ਸਲਵਾ ਜੂਡਮਾਂ 'ਚ ਸ਼ਾਮਲ ਹੋਣ ਤੇ ਐਸ. ਪੀ. ਓ. ਬਣਨ ਲਈ ਦਬਾਅ ਪਾਇਆ ਗਿਆ। ਸਲਵਾ ਜੂਡਮ ਇੱਕ ਸਰਕਾਰ ਵੱਲੋਂ ਮਿਲੀ ਰਾਜਸੀ ਤੇ ਆਰਥਕ ਮਦਦ ਨਾਲ ਜਥੇਬੰਦ ਇੱਕ ਕਾਤਲੀ ਗਰੋਹ ਹੈ। ਜਿਸ ਨੂੰ ਲੋਕਾਂ ਨੂੰ ਉਹਨਾਂ ਦੇ ਪਿੰਡਾਂ ਤੋਂ ਬਾਹਰ ਕਰਨ ਲਈ ਬਣਾਇਆ ਗਿਆ ਸੀ। (ਸਲਵਾ ਜੂਡਮ ਨੂੰ ਸੁਪਰੀਮ ਕੋਰਟ ਨੇ ਅਰਧ-ਸੈਨਿਕ ਫੋਰਸ ਕਹਿ ਦਿੱਤਾ ਹੈ) ਪੁਲਸ ਨੇ ਲਿੰਗਾਰਾਮ ਨੂੰ ਜਦ ਛੱਡਿਆ ਤਦ ਗਾਂਧੀਵਾਦੀ ਕਾਰਕੁੰਨ ਹਿਮਾਂਸ਼ੂ ਕੁਮਾਰ ਨੇ ਅਦਾਲਤ 'ਚ ਪਟੀਸ਼ਨ ਦਾਇਰ ਕੀਤੀ। ਪਰ ਪੁਲਸ ਨੇ ਲਿੰਗਾਰਾਮ ਦੇ ਬੁਢੇ ਪਿਤਾ ਤੇ ਪ੍ਰੀਵਾਰ ਦੇ ਦੂਜੇ ਲੋਕਾਂ ਨੂੰ ਗ੍ਰਿਫ਼ਤਾਰ ਕਰ ਲਿਆ। ਉਹਨਾਂ ਨੇ ਉਹਨਾਂ ਦੇ ਪਿੰਡ 'ਤੇ ਹਮਲਾ ਕੀਤਾ ਤੇ ਪਿੰਡ ਵਾਲਿਆਂ ਨੂੰ ਧਮਕਾਇਆ ਕਿ ਉਹ ਉਹਨਾਂ ਲੋਕਾਂ ਨੂੰ ਸ਼ਰਨ ਨੇ ਦੇਣ। ਆਖਰਕਾਰ ਲਿੰਗਾਰਾਮ ਦਿੱਲੀ ਭੱਜ ਕੇ ਆ ਗਏ ਜਿੱਥੇ ਉਸਦੇ ਸ਼ੁਭਚਿੰਤਕਾਂ ਨੇ ਉਸ ਨੂੰ ਇੱਕ ਪੱਤਰਕਾਰਿਤਾ ਸਕੂਲ 'ਚ ਦਾਖਲ ਕਰਵਾ ਦਿੱਤਾ। ਅਪ੍ਰੈਲ 2010 'ਚ ਉਹਨਾਂ ਨੇ ਦਾਂਤੇਵਾੜਾ ਦਾ ਦੌਰ ਕੀਤਾ। ਅਤੇ ਪਿੰਡ ਵਾਲਿਆਂ ਨੂੰ ਦਿੱਲੀ ਲੈ ਆਏ ਤਾਂ ਕਿ ਇੰਡੀਪੈਂਡੇਟ ਪੀਪਲਜ ਟ੍ਰਿਬਿਊਨਲ ਦੇ ਸਾਹਮਣੇ ਸਲਵਾ ਜੂਡਮ, ਪੁਲਿਸ ਤੇ ਨੀਮ-ਫੌਜੀ ਫੋਰਸ ਦੀ ਅਤਿਆਚਾਰਾਂ ਦੀ ਗਵਾਹੀ ਦੇ ਸਕਣ। ਖੁਦ ਆਪਣੀ ਗਵਾਹੀ 'ਚ ਲਿੰਗਾਰਾਮ ਨੇ ਮਾਓਵਾਦੀਆਂ ਦੀ ਵੀ ਤਿੱਖੀ ਅਲੋਚਨਾ ਕੀਤੀ ਸੀ। ਪਰ ਛੱਤੀਸ਼ਗੜ੍ਹ ਪੁਲਸ ਇਸ ਤੋਂ ਵੀ ਬਾਜ ਨਹੀਂ ਆਈ। 2 ਜੁਲਾਈ 2010 ਨੂੰ ਮਾਓਵਾਦੀ ਪਾਰਟੀ ਦੇ ਬੁਲਾਰੇ ਕਾ. ਅਜਾਦ ਆਂਧਰਾ ਪੁਲਸ ਵੱਲੋਂ ਫੜ ਕੇ ਮਾਰ ਦਿੱਤੇ ਗਏ। ਛੱਤੀਸਗੜ੍ਹ ਪੁਲਸ ਦੇ ਉਪ ਮਹਾਂ ਨਿਰੀਖਕ ਕੇਲੁਰੀ ਨੇ ਇੱਕ ਪ੍ਰੈਸ ਕਾਨਫਰੰਸ 'ਚ ਐਲਾਨ ਕੀਤਾ ਕਿ ਲਿੰਗਾਰਾਮ ਕੋਡੋਪੀ ਨੂੰ ਮਾਓਵਾਦੀ ਪਾਰਟੀ ਵੱਲੋਂ ਕਾਮਰੇਡ ਅਜਾਦ ਦੀ ਭੂਮਿਕਾ ਲਈ ਚੁਣਿਆ ਗਿਆ ਹੈ। (ਇਹ ਇਉਂ ਹੀ ਸੀ ਜਿਵੇਂ 1936 ਦੇ ਯੂਨਾਨ 'ਚ ਇਕ ਛੋਟੇ ਸਕੂਲੀ ਬੱਚੇ ਨੂੰ ਚਾਓ ਇਨ ਲਾਈ ਕਿਹਾ ਜਾਵੇ) ਇਸ ਦੋਸ਼ ਦਾ ਏਨਾ ਮਜ਼ਾਕ ਉਡਿਆ ਕਿ ਪੁਲਸ ਨੂੰ ਇਹ ਵਾਪਸ ਲੈਣਾ

ਪਿਆ। ਇਸ ਦੌਰਾਨ ਪਿੱਛੋਂ ਉਹਨਾਂ ਨੇ ਲਿੰਗਾਰਾਮ 'ਤੇ ਦਾਂਤੇਵਾੜਾ 'ਚ ਇਕ ਕਾਂਗਰਸੀ ਐਮ. ਐਲ. ਏ. 'ਤੇ ਹੋਏ ਮਾਓਵਾਦੀ ਹਮਲੇ ਦਾ ਮਾਸਟਰ ਮਾਇੰਡ ਹੋਣ ਦਾ ਦੋਸ਼ ਲਾਇਆ ਗਿਆ। ਪਰ ਉਹ ਉਸ ਨੂੰ ਗ੍ਰਿਫ਼ਤਾਰ ਨਹੀਂ ਕਰ ਸਕੇ। ਲਿੰਗਾਰਾਮ ਦਿੱਲੀ 'ਚ ਟਿਕੇ ਰਹੇ ਅਤੇ ਉਹਨਾਂ ਨੇ ਆਪਣਾ ਕੋਰਸ ਪੂਰਾ ਕਰਕੇ ਪੱਤਰਕਾਰਿਤਾ 'ਚ ਡਿਪਲੋਮਾ ਹਾਸਲ ਕੀਤਾ। ਮਾਰਚ 2011 'ਚ ਅਰਧਸੈਨਿਕ ਫੋਰਸਾਂ ਨੇ ਦਾਂਤਵਾੜਾ 'ਚ ਤਾੜਮੇਟਿਲਾ, ਤਿੰਮਾਪੁਰਮ ਤੇ ਮੋਰਾਪਲੀ ਨਾਂ ਦੇ ਤਿੰਨ ਪਿੰਡਾਂ ਨੂੰ ਸਾੜ ਕੇ ਸੁਆਹ ਕਰ ਦਿੱਤਾ। ਛੱਤੀਸ਼ਗੜ੍ਹ ਸਰਕਾਰ ਨੇ ਇਸ ਦਾ ਦੋਸ਼ ਮਾਓਵਾਦੀਆਂ 'ਤੇ ਮੜ੍ਹ ਦਿੱਤਾ। ਸੁਪਰੀਮ ਕੋਰਟ ਨੇ ਸੀ. ਬੀ ਆਈ. ਨੂੰ ਇਸ ਦੀ ਜਾਂਚ ਕਰਨ ਦੀ ਜਿੰਮੇਵਾਰੀ ਸੰਭਾਲੀ। ਲਿੰਗਾਰਾਮ ਇਕ ਵੀਡੀਓ ਕੈਮਰੇ ਦੇ ਨਾਲ ਦੰਤੇਵਾੜਾ, ਵਾਪਸ ਆਏ ਅਤੇ ਪਿੰਡ-ਪਿੰਡ ਜਾ ਕੇ ਪਿੰਡ ਵਾਲਿਆਂ ਤੋਂ ਗਵਾਹੀਆਂ ਇਕੱਠੀਆਂ ਕਰਦੇ ਰਹੇ, ਜਿਹਨਾਂ ਨੇ ਪੁਲਸ ਨੂੰ ਕਸੂਰਵਾਰ ਠਹਿਰਾਇਆ। ਅਜਿਹਾ ਕਰਕੇ ਉਹਨਾਂ ਨੇ ਖੁਦ ਨੂੰ ਦਾਂਤੇਵਾੜਾ ਦੇ ਮੋਸਟ ਵਾਂਟਿਡ ਲੋਕਾਂ 'ਚ ਸ਼ਾਮਲ ਕਰ ਦਿੱਤਾ।

ਆਖਰਕਾਰ 9 ਸਤੰਬਰ ਨੂੰ ਪੁਲਸ ਨੇ ਉਹਨਾਂ ਨੂੰ ਫੜ ਲਿਆ। ਲਿੰਗਾਰਾਮ ਛੱਤੀਸ਼ਗੜ੍ਹ 'ਚ ਖ਼ਬਰਾਂ ਇਕੱਠੀਆਂ ਕਰਨ ਤੇ ਉਹਨਾਂ ਨੂੰ ਦੂਜਿਆਂ ਤਕ ਪਹੁੰਚਾਉਣ ਵਾਲੇ ਤਕਲੀਫ ਦੇਹ ਲੋਕਾਂ ਦੀ ਜਮਾਤ 'ਚ ਸ਼ਾਮਲ ਹੋ ਗਏ ਹਨ। ਸਭ ਤੋਂ ਆਰੰਭ 'ਚ ਇਕ ਮਸ਼ਹੂਰ ਡਾਕਟਰ ਬਿਨਾਇਕਸੇਨ ਨੂੰ ਚੁੱਪ ਕਰਾਉਣ ਦੀ ਕੋਸ਼ਿਸ਼ ਕੀਤੀ ਗਈ, ਜਿਹਨਾਂ ਨੇ ਸਭ ਤੋਂ ਪਹਿਲਾਂ 2005 'ਚ ਸਲਵਾ ਜੂਡਮ ਦੇ ਅਪਰਾਧਾਂ ਖਿਲਾਫ ਅਵਾਜ਼ ਉਠਾਈ ਸੀ। ਉਹਨਾਂ 'ਤੇ ਮਾਓਵਾਦੀ ਹੋਣ ਦਾ ਦੋਸ਼ ਲਾ ਕੇ ਗ੍ਰਿਫ਼ਤਾਰ ਕਰ ਲਿਆ ਗਿਆ ਸੀ ਤੇ ਉਮਰ ਕੈਦ ਦੀ ਸਜਾ ਦੇ ਦਿੱਤੀ ਸੀ। ਕਈ ਸਾਲ ਜੇਹਲ 'ਚ ਰਹਿਣ ਪਿੱਛੋਂ ਉਹ ਜਮਾਨਤ 'ਤੇ ਰਿਹਾ ਹਨ। ਕੋਪਾ ਕੰਜਮ ਦਾਂਤੇਵਾੜਾ ਦੇ ਜੰਗਲ ਦੇ ਪਿੰਡਾਂ 'ਚ ਉਹਨਾਂ ਨੇ ਹਿਮਾਸ਼ੂ ਦੇ ਵਨਵਾਸੀ ਚੇਤਨਾ ਆਸ਼ਰਮ 'ਚ ਉਹੀ ਕੰਮ ਕੀਤੇ ਸਨ ਜੋ ਪਿੱਛੋਂ ਲਿੰਗ ਰਾਮ ਕਰਨ ਦੀ ਕੋਸ਼ਿਸ਼ ਕਰ ਰਹੇ ਸਨ। ਉਹ ਦੂਰ ਦਰਾਡੇ ਦੇ ਪਿੰਡਾਂ 'ਚ ਸਫਰ ਕਰਦੇ ਸਨ। ਖ਼ਬਰਾਂ ਲਿਆਉਂਦੇ ਸਨ ਅਤੇ ਲੋਕਾਂ 'ਤੇ ਹਾਵੀ ਖੌਫ਼ ਨੂੰ ਦਰਜ ਕਰਦੇ ਸਨ। ਦਾਂਤੇਵਾੜਾ ਦੇ ਦੌਰੇ 'ਤੇ ਗਏ ਪੱਤਰਕਾਰਾਂ, ਲੇਖਕਾਂ ਤੇ ਬੁਧੀਜੀਵੀਆਂ ਦੀ ਆਖਰੀ ਪਨਾਹ ਇਹ ਆਸ਼ਰਮ 2009 ਮਈ 'ਚ ਛੱਤੀਸ਼ਗੜ੍ਹ ਸਰਕਾਰ ਨੇ ਤੋੜ ਦਿੱਤਾ। ਕੋਪਾ ਨੂੰ ਸਤੰਬਰ 2009 'ਚ ਮਾਨਵ ਅਧਿਕਾਰ ਦਿਵਸ ਦੇ ਦਿਨ ਗ੍ਰਿਫ਼ਤਾਰ ਕੀਤਾ ਗਿਆ। ਉਹਨਾਂ 'ਤੇ ਇਕ ਕਤਲ ਤੇ ਇਕ ਅਗਵਾ ਸਬੰਧੀ ਮਾਓਵਾਦੀਆਂ ਨਾਲ ਮਿਲੀ ਭੁਗਤ ਦਾ ਦੋਸ਼ ਲੱਗਿਆ ਸੀ। ਕੋਪਾ ਖਿਲਾਫ ਮਾਮਲਾ ਉਦੋਂ ਬਿਖਰਣ ਲੱਗਿਆ ਜਦ ਪੁਲਸ ਦੇ ਗਵਾਹ ਉਸ ਬਿਆਨ ਤੋਂ ਮੁਕਰ ਗਏ ਜੋ ਉਹਨਾਂ ਨੂੰ ਪੁਲਸ ਮੂਹਰੇ ਦਿੱਤੇ ਕਹੇ ਜਾਂਦੇ ਸਨ। ਉਹਨਾਂ 'ਚ ਉਹ ਆਦਮੀ ਵੀ ਸ਼ਾਮਲ ਸੀ, ਜਿਸ ਨੂੰ ਅਗਵਾ ਕੀਤਾ ਗਿਆ ਸੀ। ਇਸ ਨਾਲ ਅਸਲ ਕੋਈ ਫਰਕ ਨਹੀਂ ਪਿਆ ਕਿਉਂਕਿ ਭਾਰਤ 'ਚ ਤਾਂ ਮੋੜਵੇ ਰੋਸ ਦੀ ਸਜ਼ਾ ਹੈ। ਕੋਪਾ ਨੂੰ ਬੇਗੁਨਾਹ ਸਾਬਤ ਕਰਨ 'ਚ ਕਈ ਸਾਲ ਲੱਗ ਗਏ। ਜਿਹਨਾਂ ਲੋਕਾਂ ਨੇ ਕੋਪਾ ਤੋਂ ਪ੍ਰੇਰਣਾ ਲੈ ਕੇ ਪੁਲਸ ਖਿਲਾਫ ਸ਼ਿਕਾਇਤਾਂ ਦਰਜ ਕਰਵਾਈਆਂ ਸਨ ਉਹਨਾਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਉਹਨਾਂ 'ਚ ਔਰਤਾਂ ਵੀ ਸ਼ਾਮਲ ਸਨ, ਜਿਹਨਾਂ ਦਾ ਅਪਰਾਧ ਇਹ ਸੀ ਕਿ ਉਹਨਾਂ ਦਾ ਬਲਾਤਕਾਰ ਹੋਇਆ ਸੀ। ਕੋਪਾ ਦੀ ਗ੍ਰਿਫ਼ਤਾਰੀ ਦੇ ਠੀਕ ਪਿੱਛੋਂ ਹਿਮਾਂਸੂ ਨੂੰ

ਦਾਂਤੇਵਾੜਾ ਤੋਂ ਉਜਾੜ ਦਿੱਤਾ ਗਿਆ। ਆਖਰਕਾਰ ਇੱਥੇ ਵੀ ਮੁਰਦੇ ਬੋਲਦੇ ਹਨ। ਸਿਰਫ ਮਾਰੇ ਗਏ ਲੋਕਾਂ ਹੀ ਨਹੀਂ ਬੋਲਣਗੇ, ਮਾਰੀ ਗਈ ਜ਼ਮੀਨ, ਮਾਰੀਆਂ ਗਈਆਂ ਨਦੀਆਂ, ਮਾਰੇ ਗਏ ਪਹਾੜ ਤੇ ਮਾਰੇ ਗਏ ਜੰਗਲਾਂ ਦੇ ਮਾਰੇ ਗਏ ਜੀਵ ਸੁਨਣ ’ਤੇ ਮਜ਼ਬੂਰ ਕਰ ਦੇਣਗੇ। ਨਿਗਰਾਨੀ ਇੰਟਰਨੈਟ ਪਲੀਸਿੰਗ ਅਤੇ ਫੋਨ ਏਪਿੰਗ ਦੇ ਇਸ ਦੌਰ ਜਦ ਹਰ ਗੁਜਰਦੇ ਦਿਨ ਦੇ ਨਾਲ ਬੋਲਣ ਵਾਲਿਆਂ ’ਤੇ ਹਮਲੇ ਦੀ ਕਠੋਰਤਾ ਵਧਦੀ ਜਾ ਰਹੀ ਹੈ, ਇਹ ਬਹੁਤ ਅਟਪਟਾ ਹੈ ਕਿ ਸਾਹਿਤਕ ਮੇਲਿਆਂ ਦੀ ਸਪਨੀਲੀ ਮੰਜ਼ਿਲ ਬਣਦਾ ਜਾ ਰਿਹਾ ਹੈ। ਇਹਨਾਂ ’ਚੋਂ ਅਨੇਕਾਂ ਮਹੋਤਮਸਵ ਉਹਨਾਂ ਕਾਰਪੋਰੇਸ਼ਨਾਂ ਦੇ ਪੈਸਿਆਂ ’ਤੇ ਆਯੋਜਿਤ ਹੁੰਦੇ ਹਨ ਜਿਹਨਾਂ ਵੱਲੋਂ ਪੁਲਸ ਨੇ ਦਹਿਸ਼ਤ ਦਾ ਰਾਜ ਕਾਇਮ ਕਰ ਰੱਖਿਆ ਹੈ। ਸਾਰੀ ਝੂਠੀ ਅਜਾਦੀ ਦਾ ਇਹ ਸ਼ੋਰ-ਸ਼ਰਾਬਾ ਹਵਾਈ ਅੱਡਿਆਂ ਦੇ ਗਲਹਿਰਿਆਂ ’ਚ ਵਜਦੇ ਉਹਨਾਂ ਲੋਕਾਂ ਨੂੰ ਕਦਮਾਂ ਦੀਆਂ ਅਵਾਜ਼ਾਂ ਨੂੰ ਘਟਾਉਣ ’ਚ ਮਦਦ ਕਰਨ ਲਈ ਹਨ। ਜਿਹਨਾਂ ’ਤੇ ਟੰਗ ਕ ਵਾਪਸ ਮੁੜਦੇ ਜਹਾਜ਼ਾਂ ’ਤੇ ਚੜਾਇਆ ਜਾਂਦਾ ਹੈ। ਇਹ ਹੱਥ ਕੜੀਆਂ ਦੀਆਂ ਉਹਨਾਂ ਛੁਣਕਾਟਾਂ ਨੂੰ ਖਾਮੋਸ਼ ਕਰਨ ਲਈ ਜੋ ਮਜ਼ਬੂਤ, ਗਰਮ ਕਲਾਈਆ ’ਚ ਲੱਗੀਆਂ ਹੋਈਆਂ ਹਨ। ਇਹ ਜੇਹਲ ਦੇ ਦਰਵਾਜ਼ਿਆਂ ਦੇ ਠੰਢੇ ਲੋਹੇ ਦੀ ਖਨਕ ਨੂੰ ਦਬਾਉਣ ਲਈ ਹੈ। ਸਾਡੇ ਫੇਫੜਿਆਂ ’ਚੋਂ ਆਕਸੀਜਨ ਹੌਲੀ-ਹੌਲੀ ਖਤਮ ਹੋ ਰਹੀ ਹੈ। ਸ਼ਾਇਦ ਇਹੀ ਵਕਤ ਹੈ ਕਿ ਅਸੀਂ ਆਪਣੀ ਦੇਹ ’ਚ ਜੋ ਵੀ ਸਾਹ ਬਚੇ ਰਹਿ ਗਏ ਹਨ ਉਸ ਦੀ ਵਰਤੋਂ ਕਰੀਏ ਅਤੇ ਕਹੀਏ ‘ਖੂਨੀ ਦਰਵਾਜ਼ਿਆਂ ਨੂੰ ਖੋਹਲ ਦਿਉ’।

# ਕਦੋਂ ਤਕ ਹਕੂਮਤ ਨਿਰਦੋਸ਼ ਨਾਗਰਿਕਾਂ 'ਤੇ ਝੂਠੇ ਕੇਸ ਮੜ੍ਹਦੀ ਰਹੂ?

15 ਦਸੰਬਰ ਦੀ ਸਵੇਰ ਰੰਗ ਕਰਮੀ ਜਤਿਨ ਮਰਾਂਡੀ ਤੇ ਮਨੋਜ ਰਜਵਾਰ, ਅਨਿਲ ਰਾਮ ਤੇ ਛਤਰਪਤੀ ਮੰਡਲ ਲਈ ਨਵੀਂ ਜ਼ਿੰਦਗੀ ਦਾ ਪੈਗਾਮ ਲੈ ਕੇ ਆਈ। ਗਿਰੀਡੀਹ ਜ਼ਿਲ੍ਹੇ ਦੇ ਚਿਲਖਾਰੀ ਪਿੰਡ ਵਿੱਚ 26 ਅਕਤੂਬਰ 2007 ਨੂੰ ਹੋਏ ਇਕ ਕਤਲੇਆਮ ਵਿੱਚ ਇਹਨਾਂ ਚਾਰ ਦੋਸ਼ੀਆਂ ਨੂੰ ਹੇਠਲੀ ਅਦਾਲਤ ਨੇ ਫਾਂਸੀ ਦੀ ਸਜਾ ਸੁਣਾਈ ਸੀ, ਜਿਸ ਨੂੰ ਝਾਰਖੰਡ, ਹਾਈਕੋਰਟ ਦੇ ਜੱਜ ਆਰ. ਕੇ. ਮੇਰਡਿਆ ਤੇ ਜੱਜ ਡੀ. ਐਨ. ਉਪਾਧਿਆਏ ਦੇ ਬੈਂਚ ਨੇ ਰੱਦ ਕਰਦਿਆਂ ਸਭ ਨੂੰ ਨਿਰਦੋਸ਼ ਕਰਾਰ ਦੇ ਦਿੱਤਾ।

ਇਸ ਫੈਸਲੇ ਨੇ ਝਾਰਖੰਡ ਵਿੱਚ ਪੁਲੀਸ ਅਤਿਆਚਾਰ ਤੇ ਰਾਜ ਸਤਾ ਦੀਆਂ ਸਾਜਿਸ਼ੀ ਨੀਤੀਆਂ ਦੇ ਗਠਜੋੜ ਨੂੰ ਬੇਨਕਾਬ ਕਰ ਦਿੱਤਾ ਹੈ। ਇਸ ਮੁਕੱਦਮੇ ਦੀ ਸੁਣਵਾਈ ਅਤੇ ਦੋਸ਼ੀਆਂ ਦੀ ਸਜ਼ਾ ਖਤਮ ਕਰਨ ਦੀ ਮੰਗ ਸਬੰਧੀ ਵਿਆਪਕ ਲੋਕ ਸੰਘਰਸ਼ ਪਿੱਛੋਂ ਜੋ ਨਤੀਜਾ ਸਾਹਮਣੇ ਆਇਆ, ਉਸ ਨੇ ਆਮ ਲੋਕਾਂ ਦੇ ਦਿਲੋ-ਦਿਮਾਗ 'ਤੇ ਇਹ ਛਾਪ ਛੱਡੀ ਕਿ ਝਾਰਖੰਡ ਪੁਲਸ ਤੇ ਉਕਾ ਹੀ ਵਿਸਵਾਸ਼ ਨਹੀਂ ਕੀਤਾ ਜਾ ਸਕਦਾ ਕਿਉਂਕਿ ਇਹ ਕਿਸੇ ਨਿਰਦੋਸ਼ ਨੂੰ ਵੀ ਫਾਂਸੀ 'ਤੇ ਚੜ੍ਹਾ ਸਕਦੀ ਹੈ। ਅਜਿਹਾ ਨਹੀਂ ਹੈ ਕਿ ਜਤਿਨ ਮਰਾਂਡੀ ਦੇ ਕੇਸ ਪਿੱਛੋਂ ਹੀ ਸੁਰੱਖਿਆ ਫੋਰਸਾਂ ਪ੍ਰਤੀ ਲੋਕਾਂ ਵਿੱਚ ਬੇਵਿਸਵਾਸ਼ੀ ਦਾ ਭਾਵ ਆਇਆ ਹੋਵੇ। ਇਸ ਮਾਮਲੇ ਨੂੰ ਪੁਲਸ ਦੇ ਨਾ ਭਰੋਸੇ ਯੋਗ ਦਿਖ ਦੀ ਪੁਸ਼ਟੀ ਕਰ ਦਿੱਤੀ। ਝਾਰਖੰਡ 'ਚ ਸੁਰੱਖਿਆ ਫੋਰਸਾਂ ਦੇ ਅਤਿਆਚਾਰਾਂ ਦੀ ਲੰਬੀ ਸੂਚੀ ਹੈ। ਜੋ ਨਕਸਲਵਾਦ ਦੇ ਸਫਾਏ ਦੇ ਬਹਾਨੇ ਹੇਠ ਹਾਕਮਾਂ ਵੱਲੋਂ ਅਪਣਾਈਆਂ ਜਾ ਰਹੀਆਂ ਜਾਲਮ ਨੀਤੀਆਂ ਦੀ ਗਵਾਹੀ ਦਿੰਦੀ ਹੈ।

ਇਸ ਸਾਲ ਦੀ ਜੂਨ ਨੂੰ ਪੱਛਮੀ ਸਿੰਘ ਭੂਮ ਸਥਿਤ ਸਾਰੰਡਾ ਦੇ ਜੰਗਲਾਂ 'ਚ ਨਕਸਲੀਆਂ ਖਿਲਾਫ ਮੁਹਿੰਮ ਦੌਰਾਨ ਕੇਂਦਰੀ ਰਿਜ਼ਰਵ ਪੁਲਸ ਫੋਰਸ ਦੇ ਸਹਾਇਕ ਕਮਾਂਡੇਟ ਸੰਭੂ ਕੁਮਾਰ ਵਿਸਵਾਸ਼ ਨੇ ਇਕ ਆਦੀਵਾਸੀ ਮੰਗਲ ਹੋਨਹਾਗਾ ਨੂੰ ਗੋਲੀ ਮਾਰ ਦਿੱਤੀ ਸੀ। ਘਟਨਾ ਪਿੱਛੋਂ ਨਕਸਲੀਆਂ ਨਾਲ ਝੂਠਾ ਮੁਕਾਬਲਾ ਹੋਣ ਅਤੇ ਕ੍ਰਾਸ ਫਾਇਰਿੰਗ 'ਚ ਜੰਗਲ ਅੰਦਰ ਮਾਰੇ ਜਾਣ ਦੀ ਕਹਾਣੀ ਘੜ ਦਿੱਤੀ। ਜਦ ਇਸ ਕੇਸ ਦੀ ਸੱਚਾਈ ਮੰਗਲ ਦੀ ਪਤਨੀ ਮੰਗਰੀ ਹੋਨਹਾਗਾ ਨੇ ਮੁੱਖ ਅਧਿਕਾਰ ਕਮਿਸ਼ਨ ਨੂੰ ਦੱਸੀ ਤਾਂ ਕਮਿਸ਼ਨ ਦੇ ਮੈਂਬਰ ਦੰਗ ਰਹਿ ਗਏ। ਮੰਗਰੀ ਅਨੁਸਾਰ ਸੀ. ਆਰ. ਪੀ. ਐਫ. ਦੇ ਜਵਾਨ ਮੰਗਲ ਤੇ ਹੋਰ ਪੇਂਡੂਆਂ ਨੂੰ ਰਾਹ ਵਿਖਾਉਣ ਲਈ ਆਪਣੇ ਨਾਲ ਲੈ ਗਏ ਸਨ।

ਜਵਾਨਾਂ ਨੇ ਮੰਗਲ ਸਮੇਤ ਹੋਰ ਪੇਂਡੂਆਂ ਤੋਂ ਆਪਣੇ ਸਮਾਨ ਦੀ ਢੋਹਾ ਢਹਾਈ ਕਰਵਾਈ, ਦਿਨ ਢਲਣ ਪਿੱਛੋਂ ਜਦ ਹਨੇਰਾ ਹੋ ਗਿਆ ਤਾਂ ਮੰਗਲ ਨੇ ਸਮਾਨ ਢੋਹਣ ਤੇ ਅੱਗੇ ਜਾਣ ਤੋਂ ਇਨਕਾਰ ਕਰ ਦਿੱਤਾ। ਮੰਗਲ ਦੀ ਇਸ ਹੁਕਮ ਅਦੂਲੀ ਦੀ ਕੀਮਤ ਉਸ ਨੂੰ ਆਪਣੀ ਜਾਨ ਦੇ ਕੇ ਚੁਕਾਉਣੀ ਪਈ। ਮੰਗਰੀ ਵਾਰ-ਵਾਰ ਇਹ

ਕਹਿ ਕੇ ਰੋਂਦੀ ਹੈ ਕਿ ਉਹਨਾਂ ਦੇ ਪਤੀ ਮਾਓਵਾਦੀ ਜਾਂ ਨਕਸਲੀ ਨਹੀਂ ਸਨ। ਮੰਗਲ ਦੀ ਮੌਤ ਦਾ ਭੇਦ ਸ਼ਾਇਦ ਕਦੀ ਨਾ ਖੁਲ੍ਹਦਾ ਜੇ ਸੋਨ੍ਹਵਾ ਥਾਣਾ ਮੁਖੀ ਰਜੇਸ਼ ਕੁਜੂਰ ਨੇ ਆਪਣੇ ਬਿਆਨ 'ਚ ਸੀ. ਆਰ. ਪੀ. ਐਫ. ਦੇ ਅਸਿਸਟੈਂਟ ਕਮਾਂਡਰ ਦੀ ਦਰਿੰਦਗੀ ਦਾ ਜ਼ਿਕਰ ਨਾ ਕੀਤਾ ਹੁੰਦਾ।

ਨਕਸਲੀ ਦਸ ਕੇ ਪੇਂਡੂ ਆਦੀਵਾਸੀਆਂ 'ਤੇ ਜ਼ੁਲਮ ਕਰਨਾ ਝਾਰਖੰਡ 'ਚ ਪੁਲਸ ਦਾ ਸ਼ੁਗਲ ਬਣ ਗਿਆ ਹੈ। ਲਾਤੇਹਾਰ 'ਚ ਨਕਸਲੀਆਂ ਖਿਲਾਫ ਅਪ੍ਰੇਸ਼ਨ 'ਚ ਜੁਟੇ ਪੁਲਸੀਆਂ ਨੇ 22 ਨਵੰਬਰ ਨੂੰ ਮੁਰਗੀਡੀਹ ਨਿਵਾਸੀ ਆਦੀਵਾਸੀ ਨੌਜਵਾਨ ਬਿਰਜੂ ਉਰਾਂਵ ਦੇ ਹੱਥਾਂ ਦੀਆਂ ਅੱਠ ਉਂਗਲਾਂ ਦੇ ਨਹੁੰ ਨੋਚ ਲਏ। ਉਸ ਦਾ ਕਸੂਰ ਸਿਰਫ ਏਨਾ ਸੀ ਕਿ ਉਹ ਨਕਸਲੀ ਦਾ ਪਤਾ ਨਹੀਂ ਜਾਣਦਾ ਸੀ ਅਤੇ ਨਾ ਹੀ ਖੁਦ ਨਕਸਲੀ ਸੀ। ਨਹੁੰ ਪੁਟਣ ਨਾਲ ਲਹੂ ਲੁਹਾਣ ਹੋ ਕੇ ਡਿੱਗ ਚੁੱਕੇ ਬਿਰਜੂ ਨੂੰ ਪੁਲਸ ਨੇ ਬੁਰੀ ਤਰ੍ਹਾਂ ਡਾਗਾਂ ਨਾਲ ਕੁਟਿਆ। ਉਸ ਪਿੱਛੋਂ ਉਸ ਨੂੰ ਭੱਜਣ ਲਈ ਕਿਹਾ ਗਿਆ ਜਿਸ ਤੋਂ ਬਿਰਜੂ ਨੇ ਨਾਂਹ ਕਰ ਦਿੱਤੀ। ਉਸ ਨੂੰ ਸ਼ੱਕ ਸੀ ਕਿ ਜੇ ਉਹ ਦੌੜਦਾ ਤਾਂ ਫਰਜੀ ਪੁਲਸ ਮੁਕਾਬਲੇ 'ਚ ਮਾਰੇ ਗਏ ਨਕਸਲੀਆਂ 'ਚ ਉਸ ਦਾ ਨਾਂ ਵੀ ਜੁੜ ਜਾਂਦਾ। ਉਸ ਨੇ ਨਾਂਹ ਕਰਨ ਤੇ ਪੁਲਸ ਉਸ ਨੂੰ ਛੱਡ ਗਈ। ਇਹ ਕੇਸ ਉਦੋਂ ਖੁਲ੍ਹਿਆ ਜਦ ਸਥਾਨਕ ਵਿਧਾਇਕ ਹਰੀਕ੍ਰਿਸ਼ਨ ਸਿੰਘ ਨੇ ਪਿੰਡ ਪੁੱਜ ਕੇ ਪੀੜਤ ਨੌਜਵਾਨ ਨਾਲ ਗੱਲਬਾਤ ਕੀਤੀ।

ਪੀਪਲਸ ਯੂਨੀਅਨ ਫਾਰ ਸਿਵਲ ਲਿਬਰਟੀਜ਼ (ਪੀ. ਯੂ. ਸੀ. ਐਲ.) ਝਾਰਖੰਡ ਨਾਲ ਜੁੜੇ ਅਰਵਿੰਦ ਅਵਿਨਾਸ਼ ਪੁਲਸ ਦੀਆਂ ਇਹਨਾਂ ਜ਼ਿਆਦਤੀਆਂ ਦੀਆਂ ਕਹਾਣੀਆਂ ਨੂੰ ਬਹੁਤ ਹੀ ਘੱਟ ਅੰਗਦੇ ਹਨ। ਅਰਵਿੰਦ ਅਨੁਸਾਰ ਝਾਰਖੰਡ ਦੀਆਂ ਵੱਖ-ਵੱਖ ਜੇਹਲਾਂ 'ਚ ਕਰੀਬ 3500 ਕੈਦੀ ਅਜਿਹੇ ਹਨ ਜੋ ਫਰਜੀ ਕੇਸਾਂ 'ਚ ਫਸਾ ਕੇ ਜੇਹਲ ਭੇਜੇ ਗਏ ਹਨ। ਪੁਲਸ ਕੋਲ ਐਫ. ਆਈ. ਆਰ. ਦਰਜ ਕਰਨ ਦੀ ਪਾਵਰ ਹੈ। ਲੋਕਾਂ ਨੂੰ ਫੜ ਕੇ ਸੀਖਾਂ ਪਿੱਛੇ ਸੁੱਟ ਦੇਣ ਦੀ ਹਿੰਮਤ ਹੈ। ਪਰ ਕਾਨੂੰਨ ਦੇ ਸਾਹਮਣੇ ਝੂਠ ਨੂੰ ਸੱਚ ਸਾਬਤ ਕਰਨ ਦਾ ਮਾਦਾ ਨਹੀਂ ਹੈ। ਇਹੀ ਵਜਾਹ ਹੈ ਕਿ ਅਦਾਲਤਾਂ 'ਚ ਕਈ ਝੂਠੇ ਕੇਸ ਖਾਰਜ ਕਰਨੇ ਪਏ ਅਤੇ ਪੀੜਤਾਂ ਨੂੰ ਬਾਇੱਜ਼ਤ ਬਰੀ ਕਰਨਾ ਪਿਆ। ਅਵਿਨਾਸ਼ ਦੱਸਦੇ ਹਨ ਕਿ ਜਤਿਨ ਮਰਾਂਡੀ ਦੇ ਕੇਸ 'ਚ ਵੀ ਪੁਲਸ ਨੇ ਏਨੀ ਝੂਠੀ ਕਹਾਣੀ ਘੜੀ ਕਿ ਜਿਸ ਨੂੰ ਸਾਬਤ ਕਰਨ ਲਈ ਨਾ ਤਾਂ ਉਹਨਾਂ ਕੋਲ ਸਬੂਤ ਸਨ ਤੇ ਨਾ ਹੀ ਗਵਾਹ ਸਨ। ਜਤਿਨ ਮਰਾਂਡੀ 'ਤੇ ਹੋਰ ਵੀ ਕਈ ਝੂਠੇ ਕੇਸ ਦਰਜ ਹਨ ਜਦਕਿ ਬੰਦੀ ਰਿਹਾਈ ਸੰਮਤੀ ਦੇ ਪ੍ਰੋਗ੍ਰਾਮ 'ਚ ਹਿੱਸਾ ਲੈਣ 'ਤੇ ਕੇ. ਐਨ. ਪੰਡਿਤ, ਤ੍ਰਿਦਿਬ ਤੇ ਜਤਿਨ ਖਿਲਾਫ ਇਕ ਕੇਸ ਰਾਂਚੀ 'ਚ ਦਰਜ ਕੀਤਾ ਗਿਆ। ਇਹੀ ਵਜਾਹ ਹੈ ਕਿ ਜਤਿਨ ਚਿਲਖਾਰੀ ਕਤਲੇਆਮ ਤੋਂ ਬਰੀ ਹੋਣ ਦੇ ਬਾਵਜੂਦ ਰਿਹਾ ਨਹੀਂ ਕੀਤੇ ਗਏ ਹਨ ਬਲਕਿ ਉਹਨਾਂ ਨੂੰ ਰਾਂਚੀ ਸਥਿਤ ਕੇਂਦਰੀ ਜੇਹਲ 'ਚ ਰੱਖਿਆ ਗਿਆ ਹੈ। ਜਦ ਤਕ ਸਾਰੇ ਕੇਸਾਂ 'ਚੋਂ ਜਮਾਨਤ ਨਹੀਂ ਮਿਲ ਜਾਂਦੀ, ਤਦ ਤਕ ਉਹਨਾਂ ਦੀ ਰਿਹਾਈ ਨਹੀਂ ਹੋ ਸਕਦੀ।

ਜਤਿਨ ਦੀ ਪਤਨੀ ਮਰਾਂਡੀ ਆਪਣੇ ਲੋਕ ਕਲਾਕਾਰ ਪਤੀ ਨੂੰ ਫਾਂਸੀ ਤੋਂ ਅਜਾਦੀ ਮਿਲਣ 'ਤੇ ਖੁਸ਼ ਹੈ ਪਰ ਉਹਨਾਂ ਦੀ ਖੁਸ਼ੀ ਅਧੂਰੀ ਹੈ। ਅਰਪਣਾ ਕਹਿੰਦੀ ਹੈ 'ਝਾਰਖੰਡ ਦੀਆਂ ਜੇਹਲਾਂ 'ਚ ਬਹੁਤ ਸਾਰੇ ਲੋਕ ਲਾਮਬੰਦੀ ਹਨ ਤੇ ਸਾਡੇ ਪਤੀ

ਵਾਗੂੰ ਹੀ ਨਿਰਦੋਸ਼ ਹਨ। ਜੇ ਬਾਹਰ ਨਹੀਂ ਆਉਂਦੇ ਤਾਂ ਮੇਰੀ ਖੁਸ਼ੀ ਅਧੂਰੀ ਹੈ। ਸਾਡੇ ਵਕੀਲ ਐਸ. ਕੇ. ਮੁਰਾਰੀ ਨੇ ਬਿਨਾਂ ਫੀਸ ਲਏ ਇਹ ਲੜਾਈ ਲੜੀ ਹੈ। ਜੋ ਦੇਸ਼ ਦੇ ਲੋਕ ਪੱਖੀ ਵਕੀਲਾਂ ਲਈ ਇਕ ਮਿਸਾਲ ਹੈ। ਧਿਆਨ ਦੇਣ ਵਾਲੀ ਗੱਲ ਹੈ ਕਿ 2007 'ਚ ਗਿਰੀਡੀਹ ਦੇ ਚਿਲਖਾਰੀ ਕਤਲੇਆਮ 'ਚ ਸਾਬਕਾ ਮੁੱਖ ਮੰਤਰੀ ਬਾਬੂ ਲਾਲ ਮਰਾਂਡੀ ਦੇ ਪੁੱਤ ਅਨੂਪ ਮਰਾਂਡੀ ਸਮੇਤ 19 ਲੋਕ ਮਾਰੇ ਗਏ ਸਨ। ਇਹ ਕਾਰਵਾਈ ਮਾਓਵਾਦੀਆਂ ਦੀ ਦੱਸੀ ਗਈ ਸੀ ਅਤੇ ਇਸ ਮਾਮਲੇ ਦੇ ਸਬੰਧ 'ਚ ਗ੍ਰਿਫ਼ਤਾਰ ਸਾਰੇ ਲੋਕ ਨਿਰਦੋਸ਼ ਸਾਬਿਤ ਹੋ ਚੁੱਕੇ ਹਨ।

# ਸਰਕਾਰੀ ਅਤਿਆਚਾਰ ਬਾਦਸਤੂਰ ਜਾਰੀ ਕਿਵੇਂ?

ਛੱਤੀਸ਼ਗੜ੍ਹ 'ਚ ਸੋਨੀ ਸੋਰੀ ਤੇ ਲਿੰਗਾਰਾਮ ਕੋਡੋਪੀ ਨਾਂ ਦੇ ਦੋ ਆਦੀਵਾਸੀਆਂ ਦੀ ਗ੍ਰਿਫਤਾਰੀ ਨੇ ਅਨੇਕਾਂ ਸੁਆਲ ਪੈਦਾ ਕਰ ਦਿੱਤੇ ਹਨ। ਇਹਨਾਂ ਦੋਹਾਂ ਨੂੰ ਸਰਕਾਰ ਮਾਓਵਾਦੀ ਦੱਸਦੀ ਹੈ ਅਤੇ ਇਨ੍ਹਾਂ ਉਪਰ ਦੋਸ਼ ਲਾਇਆ ਗਿਆ ਹੈ ਕਿ ਇਹ ਦੋਨੋ ਸਨਅਤੀ ਗਰੁੱਪ ਇਸਾਰ ਸਮੂਹ ਤੋਂ ਪੈਸੇ ਲੈ ਕੇ ਮਾਓਵਾਦੀਆਂ ਦੀ ਛਾਪਾਮਾਰ ਫੌਜ ਤਕ ਪਹੁੰਚਉਣ 'ਚ ਲੱਗੇ ਹੋਏ ਸਨ। 25 ਸਾਲਾ ਲਿੰਗਾਰਾਮ ਕੋਡੋਪੀ ਦਾ ਮਾਮਲਾ ਇਕ ਡੇਢ ਸਾਲ ਪਹਿਲਾਂ ਵੀ ਸਾਹਮਣੇ ਆਇਆ ਸੀ। ਜਦ ਛੱਤੀਸ਼ਗੜ੍ਹ ਦੇ ਪੁਲਸ ਆਈ. ਜੀ. ਵਿਸ਼ਵਰੰਜਨ ਨੇ ਇਹ ਐਲਾਨ ਕੀਤਾ ਸੀ ਕਿ ਲਿੰਗਾਰਾਮ ਕੋਡੋਪੀ ਕਈ ਅਪਰਾਧਾਂ 'ਚ ਸ਼ਾਮਲ ਹੈ ਅਤੇ ਉਹ ਫਰਾਰ ਹੈ। ਸੱਚਾਈ ਇਹ ਸੀ ਕਿ ਲਿੰਗਾਰਾਮ ਉਹਨਾਂ ਦਿਨੀਂ ਨਵੀਂ ਦਿੱਲੀ ਸਥਿਤ ਇਕ ਅਦਾਰੇ 'ਚ ਦਾਖਲਾ ਲੈ ਕੇ ਪ੍ਰਤਕਾਰਿਤਾ ਦੀ ਸਿਖਲਾਈ ਲੈ ਰਿਹਾ ਸੀ। ਵਿਸ਼ਵਰੰਜਨ ਦੇ ਬਿਆਨ ਪਿੱਛੋਂ ਉਸ ਨੇ ਘਬਰਾ ਕੇ ਹੋਸਟਲ ਛੱਡ ਦਿੱਤਾ ਸੀ। ਸਮਾਜਕ ਕਾਰਕੁੰਨ ਸਵਾਮੀ ਅਗਨੀਵੇਸ਼ ਤੇ ਮਸ਼ਹੂਰ ਬੁਲਾਰੇ ਪ੍ਰਸ਼ਾਂਤ ਭੂਸ਼ਣ ਨੇ ਇਸ ਮੁੱਦੇ 'ਤੇ ਇਕ ਪ੍ਰੈਸ ਕਾਨਫਰੰਸ ਕੀਤੀ ਜਿਸ 'ਚ ਆਪਣੇ ਨਾਲ ਲਿੰਗਾਰਾਮ ਨੂੰ ਵੀ ਬਿਠਾਇਆ ਅਤੇ ਪ੍ਰਤਕਾਰਾਂ ਨੂੰ ਦੱਸਿਆ ਕਿ ਵਿਸ਼ਵਾਰੰਜਨ ਜਿਸ ਖਿਲਾਫ ਝੂਠੇ ਦੋਸ਼ ਲੱਗ ਰਹੇ ਹਨ ਤੇ ਫਰਾਰ ਦੱਸਿਆ ਜਾ ਰਿਹਾ ਹੈ ਉਹ ਬੰਦਾ ਦਿੱਲੀ 'ਚ ਪੜ੍ਹਾਈ ਕਰ ਰਿਹਾ ਹੈ। ਸੁਆਮੀ ਅਗਨੀਵੇਸ਼ ਨੇ ਡੀ. ਜੀ. ਪੀ. ਵਿਸ਼ਵਰੰਜਨ ਨੂੰ ਚੁਣੌਤੀ ਦਿੱਤੀ ਕਿ ਉਹ ਆਉਣ ਤੇ ਲਿੰਗਾਰਾਮ ਨੂੰ ਸੁਆਮੀ ਅਗਨੀਵੇਸ਼ ਦੇ ਘਰੋਂ ਫੜ ਕੇ ਲੈ ਜਾਣ। ਉਸ ਸਮੇਂ ਤਾਂ ਇਹ ਕੇਸ ਦੱਬ ਗਿਆ ਪਰ 9 ਸਤੰਬਰ 2011 ਨੂੰ ਪੁਲਸ ਨੇ ਉਸ ਨੂੰ ਦਾਂਤੇਵਾੜਾ 'ਚ ਗ੍ਰਿਫ਼ਤਾਰ ਕਰ ਲਿਆ। 36 ਸਾਲਾ ਆਦੀਵਾਸੀ ਔਰਤ ਸੋਨੀ ਸੋਰੀ ਇੱਕ ਅਧਿਆਪਕਾ ਹੈ। ਉਸ ਖਿਲਾਫ ਵੀ ਪੁਲਸ ਦੀ ਡਾਇਰੀ 'ਚ ਕਿੰਨੇ ਹੀ ਦੋਸ਼ ਦਰਜ ਸਨ ਅਤੇ ਆਪਣੇ ਬਚਾਅ ਲਈ ਬੇਨਤੀ ਕਰਨ ਦੇ ਮਕਸਦ ਨਾਲ ਉਹ ਦਿੱਲੀ ਆਈ ਸੀ। ਤਿੰਨ ਬੱਚਿਆਂ ਦੀ ਮਾਂ ਸੋਨੀ ਸੋਰੀ ਨੂੰ 4 ਅਕਤੂਬਰ 2011 ਨੂੰ ਦਿੱਲੀ ਪੁਲਸ ਨੇ ਦੱਖਣੀ ਦਿੱਲੀ 'ਚ ਗ੍ਰਿਫ਼ਤਾਰ ਕਰ ਲਿਆ ਸੀ। ਅਤੇ ਛੱਤੀਸ਼ਗੜ੍ਹ ਪੁਲਸ ਦੇ ਹਵਾਲੇ ਕਰ ਦਿੱਤਾ। ਇਹਨਾਂ ਗ੍ਰਿਫ਼ਤਾਰੀਆਂ ਪਿੱਛੋਂ ਛੱਤੀਸ਼ਗੜ੍ਹ ਪੀ. ਯੂ. ਸੀ. ਐਲ. ਦੇ ਸਾਬਕਾ ਮੁਖੀ ਰਜੇਂਦਰ ਸਾਇਲ ਨੇ ਇਕ ਬਿਆਨ 'ਚ ਕਿਹਾ ਕਿ 'ਇਹਨਾਂ ਦੋਨਾ ਦੀ ਗ੍ਰਿਫ਼ਤਾਰੀ ਨੇ ਪੁਲਸ ਦੀ ਭੂਮਿਕਾ 'ਤੇ ਸੁਆਲੀਆ ਚਿੰਨ੍ਹ ਲਾ ਦਿੱਤਾ ਹੈ ਕਿਉਂਕਿ ਦਾਂਤੇਵਾੜਾ 'ਚ ਪੁਲਸ ਜ਼ਿਆਦਤੀ ਖਿਲਾਫ ਲੋਕ ਲਗਾਤਾਰ ਆਵਾਜ਼ ਉਠਾ ਰਹੇ ਸਨ। ਜਿਸ ਦੀ ਵਜਾਹ ਕਰਕੇ ਕਾਫੀ ਸਮੇਂ ਤੋਂ ਪੁਲਸ ਇਹਨਾਂ ਨਾਲ ਪਕੜਣ ਲਈ ਬੇਚੈਨ ਸੀ।'

ਇਹਨਾਂ ਦੀ ਗ੍ਰਿਫ਼ਤਾਰੀ ਤੋਂ ਕੁਝ ਹਫਤੇ ਪਹਿਲਾਂ ਅਨੇਕਾਂ ਅਖਬਾਰਾਂ ਵਿੱਚ ਇਹ ਖਬਰ ਛਪੀ ਸੀ ਕਿ ਬੀ. ਕੇ. ਲਾਲਾ ਨਾਂ ਦਾ ਇਸ਼ਾਰ ਗਰੁੱਪ ਦਾ ਇਕ ਠੇਕੇਦਾਰ 9 ਸਤੰਬਰ ਨੂੰ ਦਾਂਤੇਵਾੜਾ ਦੇ ਬਜ਼ਾਰ 'ਚ ਉਸ ਸਮੇਂ ਰੰਗੀ ਹੱਥੀ ਫੜਿਆ ਗਿਆ ਜਦ ਉਹ ਲਿੰਗਾਰਾਮ ਕੋਡੋਪੀ ਨਾਂ ਦੇ ਇਕ ਮਾਓਵਾਦੀ ਨੂੰ 15 ਲੱਖ ਰੁਪਏ ਦੇ ਰਿਹਾ ਸੀ। ਇਹਨਾਂ ਖਬਰਾਂ 'ਚ ਇਹ ਵੀ ਦੱਸਿਆ ਗਿਆ ਸੀ ਕਿ ਲਾਲਾ ਤੇ ਲਿੰਗਾਰਾਮ ਨੂੰ ਤਾਂ

ਫੜ ਲਿਆ ਸੀ ਪਰ ਇਹਨਾਂ ਦੀ ਇਕ ਤੀਜੀ ਸਹਿਯੋਗੀ ਸੋਨੀ ਸੋਰੀ ਉਥੋਂ ਫਰਾਰ ਹੋ ਗਈ। ਆਪਣੀ ਫਰਾਰੀ ਦੀ ਹਾਲਤ ਵਿੱਚ ਹੀ ਸੋਨੀ ਸੋਰੀ ਅਚਾਨਕ ਇਕ ਦਿਨ ਦਿੱਲੀ 'ਚ 'ਤਹਿਲਕਾ' ਦੇ ਦਫ਼ਤਰ ਪੁੱਜੀ ਤੇ ਇਸ ਅਖਬਾਰ ਨੇ ਲੋਕਾਂ ਨੂੰ ਬੇਨਤੀ ਕੀਤੀ ਕਿ ਉਹ ਸੱਚਾਈ ਸਾਹਮਣੇ ਲੈ ਕੇ ਆਉਣ। ਉਸ ਨੇ ਇਹ ਵੀ ਕਿਹਾ ਕਿ ਉਸ ਦੇ ਸ਼ੁਭ ਚਿੰਤਕਾਂ ਦੀ ਰਾਏ ਹੈ ਕਿ ਉਹ ਖੁਦ ਨੂੰ ਪੁਲਸ ਹਵਾਲੇ ਕਰ ਦੇਣ ਅਤੇ ਕੇਸ ਨੂੰ ਅਦਾਲਤ 'ਚ ਲੈ ਕੇ ਜਾਣ। ਪਰ ਉਹਨਾਂ ਦਾ ਕਹਿਣਾ ਜਦ ਉਹ ਨਿਰਦੋਸ਼ ਹਨ ਤਾਂ ਉਹ ਆਪਣੇ ਆਪ ਨੂੰ ਪੁਲਸ ਹਵਾਲੇ ਕਿਉਂ ਕਰਨ? 'ਤਹਿਲਕਾ' ਅਨੁਸਾਰ ਉਸ ਨੇ ਕਿਹਾ ਕਿ 'ਮੈਂ ਪੜ੍ਹੀ ਲਿਖੀ ਹਾਂ ਅਤੇ ਮੈਨੂੰ ਅਖਬਾਰਾਂ ਦੀ ਜਾਣਕਾਰੀ ਹੈ। ਜੇ ਕੁਝ ਗਲਤ ਕੀਤਾ ਹੁੰਦਾ ਤਾਂ ਮੈਂ ਖੁਸ਼ੀ-ਖੁਸ਼ੀ ਜੇਹਲ ਜਾ ਸਕਦੀ ਸੀ। ਉਸ ਨੇ ਇਹ ਵੀ ਜਾਨਣਾ ਚਾਹਿਆ ਕਿ ਕੀ ਪੁਲਸ ਨੂੰ ਗ੍ਰਿਫ਼ਤਾਰ ਕਰਨ ਤੋਂ ਪਹਿਲਾਂ ਇਸ ਗੱਲ ਦਾ ਸਬੂਤ ਨਹੀਂ ਦੇਣਾ ਚਾਹੀਦਾ ਕਿ ਮੈਂ ਕਿਹੜਾ ਅਪਰਾਧ ਕੀਤਾ ਹੈ? ਇਸ ਤੋਂ ਪਹਿਲਾਂ ਜੈਪੁਰ ਵਿੱਚ ਪੀ. ਯੂ. ਸੀ. ਐਲ. ਦੀ ਸਕੱਤਰ ਕਵਿਤਾ ਸ੍ਰੀ ਵਾਸਤਵ ਦੇ ਘਰ ਪੁਲਸ ਨੇ ਛਾਪਾ ਮਾਰਿਆ ਤੇ ਸੋਨੀ ਸੋਰੀ ਨੂੰ ਫੜਨ ਲਈ ਪੂਰੇ ਘਰ ਦੀ ਤਲਾਸ਼ੀ ਲਈ। ਮਜ਼ੇ ਦੀ ਗੱਲ ਹੈ ਕਿ ਪੁਲਸ ਨੇ ਘਰ ਵਾਲਿਆਂ ਨੂੰ ਜੋ ਸਰਚ ਵਰੰਟ ਵਿਖਾਇਆ ਉਸ 'ਤੇ ਕਿਸੇ ਵੀ ਅਧਿਕਾਰੀ ਦੀ ਮੋਹਰ ਨਹੀਂ ਲੱਗੀ ਹੋਈ ਸੀ।

'ਤਹਿਲਕਾ' 'ਚ ਸੋਮਾ ਚੌਧਰੀ ਨੇ ਲਿਖਿਆ 'ਸੋਨੀ ਦੀ ਅੱਖਾਂ 'ਚ ਅਥਰੂ ਆ ਜਾਂਦੇ ਸਨ ਪਰ ਇਹ ਉਹਨਾਂ ਔਰਤਾਂ 'ਚ ਨਹੀਂ ਸੀ ਜੋ ਆਪਣੇ ਬਿਚਾਰਗੀ ਦਾ ਵਪਾਰ ਕਰੇ। ਉਸ ਨੇ ਬਹੁਤ ਖਤਰਨਾਕ ਹਾਲਤਾਂ 'ਚ ਖੁਦ ਨੂੰ ਇਕ ਬੀਮਾਰ ਔਰਤ ਦਸ ਕੇ ਬੜੀ ਮੁਸ਼ਕਿਲ ਨਾਲ ਉੜੀਸਾ ਦੀ ਸਰਹੱਦ ਪਾਰ ਕੀਤੀ ਅਤੇ ਦਿੱਲੀ ਪਹੁੰਚ ਸਕੀ। ਪਿੰਡ 'ਚ ਉਸ ਨੇ ਆਪਣੇ 5, 8, 12 ਸਾਲਾਂ ਦੇ ਤਿੰਨ ਬੱਚਿਆਂ ਨੂੰ ਰਿਸ਼ਤੇਦਾਰਾਂ ਦੇ ਘਰ ਜਾਂ ਹੋਸਟਲ ਵਿੱਚ ਛੱਡੀ ਰੱਖਿਆ। ਉਸ ਦੇ ਪਤੀ ਅਖੌਤੀ ਮਾਓਵਾਦੀਆਂ ਵਜੋਂ ਜੇਹਲ 'ਚ ਬੰਦ ਹਨ। ਉਸ ਦੇ ਪਿਤਾ ਜਗਦਲਪੁਰ ਦੇ ਹਸਪਤਾਲ 'ਚ ਭਰਤੀ ਹਨ ਅਤੇ ਹੈਰਾਨੀ ਦੀ ਗੱਲ ਇਹ ਹੈ ਕਿ ਉਸ ਦੇ ਪਿਤਾ ਨੂੰ ਮਾਓਵਾਦੀਆਂ ਨੇ ਇਹ ਕਹਿ ਕੇ ਨਿਸ਼ਾਨਾ ਬਣਾਇਆ ਕਿ ਉਹ ਮਾਓਵਾਦੀਆਂ ਦਾ ਸਾਥ ਦੇ ਰਹੇ ਹਨ। ਲਿੰਗਾਰਾਮ ਕੋਡੋਪੀ ਉਸ ਦੀ ਭਤੀਜਾ ਹੈ ਜੋ ਜੇਹਲ 'ਚ ਬੰਦ ਹੈ। ਖੁਦ ਸੋਨੀ ਸੋਰੀ ਨੂੰ ਮਾਓਵਾਦੀ ਹਿੰਸਾ ਦੇ ਪੰਜ ਦੇਸ਼ਾਂ 'ਚ ਦੋਸ਼ੀ ਬਣਾਇਆ ਗਿਆ ਹੈ। ਜਿਸ ਸਰਕਾਰੀ ਸਕੂਲ 'ਚ ਉਹ ਪੜ੍ਹਾਉਂਦੀ ਹੈ ਉਥੇ ਹਰ ਰੋਜ਼ ਪੁਲਸ ਦਾ ਛਾਪਾ ਪੈਂਦਾ ਰਹਿੰਦਾ ਹੈ ਤੇ ਹੁਣ ਉਹ ਬੰਦ ਹੋਣ ਕੰਢੇ ਹੈ। ਉਸ ਸਕੂਲ 'ਚ ਕਰੀਬ 100 ਬੱਚੇ ਪੜ੍ਹਿਆ ਕਰਦੇ ਸਨ ਜਿਹਨਾਂ 'ਚੋਂ 40 ਨੇ ਉਸ ਦਿਨ ਤੋਂ ਹੀ ਆਉਣਾ ਬੰਦ ਕਰ ਦਿੱਤਾ ਸੀ ਜਿਸ ਦਿਨ ਤੋਂ ਸੋਨੀ ਸੋਰੀ ਨੂੰ ਫਰਾਰ ਐਲਾਨਿਆ ਗਿਆ।

ਛੱਤੀਸ਼ਗੜ੍ਹ ਪੁਲਸ ਦੀ ਚਰਚਾ ਕਾਫੀ ਹੋ ਚੁੱਕੀ ਹੈ। ਕਤਲ ਦੇ ਫਰਜੀ ਦੋਸ਼ 'ਚ ਬੰਦ ਕੋਪਾ ਕੁੰਜਮ ਨਾਂ ਦਾ ਇੱਕ ਹੋਰ ਆਦੀਵਾਸੀ ਨੌਜਵਾਨ ਨੂੰ ਜਮਾਨਤ ਲੈਣ 'ਚ ਢਾਈ ਸਾਲ ਤੋਂ ਵੱਧ ਸਮਾਂ ਲੱਗ ਗਿਆ। ਵਨਵਾਸੀ ਚੇਤਨਾ ਆਸ਼ਰਮ ਦੇ ਸੰਚਾਲਕ ਗਾਂਧੀਵਾਦੀ ਸਮਾਜਕ ਕਾਰਕੁੰਨ ਹਿਮਾਂਸ਼ੂ ਕੁਮਾਰ ਦੇ ਕੇਸ 'ਚ ਵੀ ਲੋਕ ਚਰਚਿਤ ਹਨ। ਜਿਸ ਦੇ ਆਸ਼ਰਮ ਨੂੰ ਪੁਲਸ ਨੇ ਇਹ ਕਹਿ ਕੇ ਪੂਰੀ ਤਰ੍ਹਾਂ ਢਹਿ ਢੇਰੀ ਕਰ ਦਿੱਤਾ ਸੀ ਕਿ ਉਥੇ ਮਾਓਵਾਦੀਆਂ ਨੂੰ ਪਨਾਹ ਮਿਲਦੀ ਹੈ। ਹਿਮਾਂਸ਼ੂ ਨੂੰ ਵੀ

ਛੱਤੀਸ਼ਗੜ੍ਹ ਛੱਡਣਾ ਪਿਆ। 11 ਸਤੰਬਰ ਨੂੰ ਦਿੱਲੀ ਲਈ ਜਦ ਸੋਨੀ ਸੋਰੀ ਰਵਾਨਾ ਹੋਈ ਤਾਂ ਜੰਗਲਾਂ ਦੇ ਰਾਹ ਲੁਕਦੇ, ਛੁਪਦੇ ਉਸ ਨੂੰ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਕਿਸੇ ਥਾਂ 'ਤੇ ਜਿੱਥੋਂ ਫੋਨ ਦੀ ਨੈਂਟਵਰਕ ਸਹੂਲਤ ਮੁਹਈਆ ਸੀ ਉਸ ਨੇ ਪ੍ਰਤਕਾਰ ਤੁਸ਼ਾ ਮਿੱਤਲ ਨੂੰ ਦਿੱਲੀ ਫੋਨ ਕਰਕੇ ਦੱਸਿਆ ਕਿ 'ਪੁਲਸ ਉਸ ਦੀ ਹੱਤਿਆ ਕਰਨਾ ਚਾਹੁੰਦੀ ਹੈ ਤੇ ਪੁਲਸ ਨੇ ਉਸ ਉਪਰ ਗੋਲੀ ਵੀ ਚਲਾਈ ਹੈ। ਉਸ ਨੇ ਦੱਸਿਆ ਕਿ ਉਹ ਜਿਉਂਦੇ ਰਹਿਣਾ ਚਾਹੁੰਦੀ ਹੈ ਤਾਂ ਕਿ ਲੋਕਾਂ ਨੂੰ ਛੱਤੀਸ਼ਗੜ੍ਹ ਦੀ ਸੱਚਾਈ ਦੱਸੀ ਜਾ ਸਕੇ। ਅਤੇ ਦੁਨੀਆਂ ਨੂੰ ਸੱਚਾਈ ਦੱਸਣ ਲਈ ਸ਼ਾਇਦ ਇਹ ਦਿੱਲੀ ਤਕ ਪਹੁੰਚ ਸਕੀ। ਦੱਸਿਆ ਜਾਂਦਾ ਹੈ ਲਿੰਗਾਰਾਮ ਨੂੰ ਪੁਲਸ ਨੇ ਜਿਸ ਦਿਨ ਗ੍ਰਿਫ਼ਤਾਰ ਕੀਤਾ। ਉਸ ਤੋਂ ਇਕ ਦਿਨ ਪਹਿਲਾਂ ਯਾਨੀ 8 ਸਤੰਬਰ ਨੂੰ ਕਿਰੰਦੂਲ ਥਾਣੇ ਦੇ ਇਕ ਸਿਪਾਹੀ ਨੇ ਸੋਨੀ ਨਾਲ ਮੁਲਾਕਾਤ ਕੀਤੀ ਅਤੇ ਕਿਹਾ ਕਿ ਉਹ ਲਿੰਗਾਰਾਮ ਨੂੰ ਇਸ ਗੱਲ ਲਈ ਰਾਜ਼ੀ ਕਰੇ ਕਿ ਲਾਲਾ ਨੂੰ ਫੜਾਉਣ 'ਚ ਉਹ ਪੁਲਸ ਨਾਲ ਸਹਿਯੋਗ ਕਰੇ। ਦਰਅਸਲ ਪੁਲਸ ਚਾਹੁੰਦੀ ਸੀ ਕਿ ਲਿੰਗਾਰਾਮ ਕੋਡੋਪੀ ਮਾਓਵਾਦੀ ਬਣਕੇ ਠੇਕੇਦਾਰ ਬੀ. ਕੇ. ਲਾਲਾ ਦੇ ਕੁਝ ਪੈਸੇ ਲੈ ਲਵੇ ਅਤੇ ਉਸ ਨੂੰ ਪੁਲਸ ਹਵਾਲੇ ਕਰ ਦੇਵੇ। ਇਸ ਸਿਪਾਹੀ ਨੇ ਸੋਨੀ ਨਾਲ ਵਾਅਦਾ ਕੀਤਾ ਕਿ ਜੇ ਉਹ ਅਜਿਹਾ ਕਰਵਾ ਸਕੀ ਤਾਂ ਉਸ ਖਿਲਾਫ ਲੱਗੇ ਸਾਰੇ ਦੋਸ਼ਾਂ ਨੂੰ ਖਤਮ ਕਰ ਦਿੱਤਾ ਜਾਵੇਗਾ। ਸੋਨੀ ਨੇ ਅਜਿਹਾ ਕਰਨ ਤੋਂ ਸਾਫ ਨਾਂਹ ਕਰ ਦਿੱਤੀ। ਅਗਲੇ ਦਿਨ 9 ਸਤੰਬਰ ਨੂੰ ਪਲਨਾਰ 'ਚ ਉਸ ਦੇ ਪਿਤਾ ਦੇ ਘਰ ਸਾਦੀ ਵਰਦੀ 'ਚ ਪੁਲਸ ਦੀ ਇਕ ਟੋਲੀ ਪਹੁੰਚੀ ਅਤੇ ਉਸ ਨੇ ਜਬਰੀ ਲਿੰਗਾ ਨੂੰ ਉਥੋਂ ਚੁੱਕ ਲਿਆ। ਸੋਨੀ ਨੇ ਸੀ. ਆਰ. ਪੀ. ਐਫ. ਦੀ 51ਵੀਂ ਬਟਾਲੀਅਨ ਦੇ ਡਿਪਟੀ ਕਮਾਂਡਰ ਮੋਹਨ ਪ੍ਰਕਾਸ਼ ਨੂੰ ਫੋਨ ਕਰਕੇ ਜਾਨਣਾ ਚਾਹਿਆ ਕਿ ਜੋ ਲੋਕ ਆਏ ਸਨ ਕੀ ਉਹ ਉਹਨਾਂ ਦੇ ਆਦਮੀ ਸਨ? ਮੋਹਨ ਪ੍ਰਕਾਸ਼ ਦੇ ਇਸ ਤੋਂ ਇਨਕਾਰ ਪਿੱਛੋਂ ਸੋਨੀ ਤੇ ਉਸ ਦੇ ਭਾਈ ਰਾਮਦੇਵ ਕਿਰੰਦੂਲ ਥਾਣੇ ਗਏ ਅਤੇ ਠਾਣਾ ਇੰਚਾਰਜ ਉਮੇਸ਼ ਰਾਹੁਲ ਨੂੰ ਘਟਨਾ ਬਾਰੇ ਦੱਸਿਆ। ਪਰ ਉਮੇਸ਼ ਰਾਹੁਲ ਨੇ ਵੀ ਕਿਸੇ ਜਾਣਕਾਰੀ ਤੋਂ ਇਨਕਾਰ ਕਰ ਦਿੱਤਾ। ਅਤੇ ਕਿਹਾ ਕਿ ਹੋ ਸਕਦਾ ਹੈ ਲਿੰਗਾ ਨੂੰ ਨਕਸਲਵਾਦੀਆਂ ਨੇ ਗ੍ਰਿਫ਼ਤਾਰ ਕਰ ਲਿਆ ਹੋਵੇ। ਅਗਲੇ ਦਿਨ ਅਖਬਾਰਾਂ 'ਚ ਖਬਰ ਛਪੀ ਕਿ ਠੇਕੇਦਾਰ ਬੀ ਕੇ. ਲਾਲਾ ਤੋਂ ਪੈਸੇ ਲੈਂਦੇ ਹੋਏ ਲਿੰਗਾ ਕੋਡੋਪੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਅਤੇ ਖਬਰਾਂ 'ਚ ਸੋਨੀ ਨੂੰ ਫਰਾਰ ਐਲਾਨਿਆ ਗਿਆ ਸੀ। ਇਸ ਪਿੱਛੋਂ ਸੋਨੀ ਨੇ ਫੈਸਲਾ ਕਿ ਉਸ ਨੂੰ ਫੌਰਨ ਛੱਤੀਸ਼ਗੜ੍ਹ ਤੋਂ ਬਾਹਰ ਚਲੇ ਜਾਣਾ ਚਾਹੀਦਾ ਹੈ।

ਇਸ ਕਹਾਣੀ ਨਾਲ ਇਕ ਹੋਰ ਕਹਾਣੀ ਜੁੜੀ ਹੋਈ ਹੈ। ਜਿਸ ਦਾ ਸਬੰਧ ਉੜੀਸਾ ਦੀ ਵੱਡੀ ਪਾਦਾਰ ਪੰਚਾਇਤ ਦੇ ਸਰਪੰਚ ਜੈਰਾਮ ਖੋੜਾ ਨਾਲ ਹੈ। ਖੋੜਾ ਦੇ ਅਨੁਸਾਰ 14 ਸਤੰਬਰ ਨੂੰ ਉੜੀਸਾ ਦੀ ਪੁਲਸ ਨੇ ਉਹਨਾਂ ਨੂੰ ਗ੍ਰਿਫ਼ਤਾਰ ਕੀਤਾ ਅਤੇ ਪੁੱਛਗਿੱਛ ਲਈ ਛੱਤੀਸ਼ਗੜ੍ਹ ਦੀ ਪੁਲਸ ਨੂੰ ਸੌਂਪ ਦਿੱਤਾ। ਛੱਤੀਸ਼ਗੜ੍ਹ ਦੀ ਪੁਲਸ ਨੇ ਉਹਨਾਂ ਨੂੰ ਗੈਰ ਕਾਨੂੰਨੀ ਤਰੀਕੇ ਨਾਲ ਹਿਰਾਸਤ 'ਚ ਰੱਖਿਆ ਅਤੇ ਅੱਠ ਦਿਨਾਂ ਤਕ ਭਿਅੰਕਰ ਤਸੀਹੇ ਦਿੱਤੇ। ਉਸ ਪਿੱਛੋਂ ਉਹਨਾਂ ਨੂੰ ਦਾਂਤੇਵਾੜਾ ਦੇ ਐਸ. ਪੀ. ਸਾਹਮਣੇ ਪੇਸ਼ ਕੀਤਾ ਗਿਆ ਅਤੇ ਜਬਰਦਸਤੀ ਇਕ ਬਿਆਨ 'ਤੇ ਦਸਖਤ ਕਰਵਾਏ ਗਏ। 19 ਸਤੰਬਰ ਤਕ ਗੈਰ ਕਾਨੂੰਨੀ ਹਿਰਾਸਤ 'ਚ ਰੱਖੇ ਜਾਣ ਪਿੱਛੋਂ 21 ਸਤੰਬਰ ਨੂੰ ਰਿਹਾ

ਕਰ ਦਿੱਤਾ। ਜਿਸ ਬਿਆਨ 'ਤੇ ਖੋੜਾ ਦੇ ਜਬਰੀ ਦਸਖਤ ਕਰਵਾਏ ਗਏ ਉਸ 'ਚ ਕਿਹਾ ਗਿਆ ਹੈ ਕਿ ਉਹ (ਖੋੜਾ) ਬੀ. ਕੇ. ਲਾਲਾ ਦੇ ਨਾਲ ਨਕਸਲਵਾਦੀਆਂ ਦੇ ਕਮਾਂਡਰਾਂ ਨੂੰ ਮਿਲਣ ਅਤੇ ਉਹਨਾਂ ਨੂੰ ਪੈਸੇ ਦੇਣ ਗਏ ਸਨ। ਖੋੜਾ ਦਾ ਕਹਿਣਾ ਹੈ ਕਿ ਬੀ. ਕੇ. ਲਾਲਾ ਦੇ ਨਾਲ ਉਹਨਾਂ ਦਾ ਸਬੰਧ ਏਨਾ ਹੈ ਕਿ ਲਾਲਾ ਨੇ ਉਹਨਾਂ ਦੇ ਪਿੰਡਾਂ 'ਚ 15-20 ਟਿਊਬਵੈਲ ਲਗਵਾਏ ਸਨ। ਅਤੇ ਸਕੂਲ ਦੀ ਇਕ ਨਵੀਂ ਇਮਾਰਤ ਦੀ ਉਸਾਰੀ ਕੀਤੀ ਹੈ। ਆਖਰ ਸੋਨੀ ਸੋਰੀ ਖਿਲਾਫ ਪੁਲਸ ਇਸ ਤਰ੍ਹਾਂ ਕਿਉਂ ਪਿੱਛੇ ਪਈ ਹੈ? ਇਹ ਜਾਨਣ ਲਈ ਸੋਨੀ ਦਾ ਪਿਛੋਕੜ ਜਾਨਣਾ ਜ਼ਰੂਰੀ ਹੈ।

ਸੋਨੀ ਸੋਰੀ ਇੱਕ ਅੱਛੇ ਖਾਂਦੇ ਪੀਦੇ ਆਦੀਵਾਸੀ ਪ੍ਰੀਵਾਰ ਦੀ ਮੈਂਬਰ ਹੈ ਜੋ ਰਾਜਸੀ ਤੌਰ 'ਤੇ ਸਰਗਰਮ ਹੈ। ਸੋਨੀ ਦੇ ਪਿਤਾ ਮਜਰੂ ਰਾਮ ਸੋਰੀ 15 ਸਾਲ ਤਕ ਪਿੰਡ ਦੇ ਸਰਪੰਚ ਰਹੇ। ਉਹ ਇਲਾਕੇ ਦੇ ਪਤਵੰਤੇ ਸੱਜਣਾਂ ਵਿੱਚੋਂ ਗਿਣੇ ਜਾਂਦੇ ਹਨ। ਸੋਨੀ ਦੇ ਚਾਚਾ ਸੀ. ਪੀ. ਆਈ. ਦੇ ਮੈਂਬਰ ਹਨ। ਤੇ ਐਮ. ਐਲ. ਏ. ਰਹਿ ਚੁੱਕੇ ਹਨ। ਸੋਨੀ ਦੇ ਵੱਡੇ ਭਾਈ ਕਾਂਗਰਸ 'ਚ ਹਨ। ਸੋਨੀ ਦਾ ਭਤੀਜਾ ਲਿੰਗਾ ਕੋਡੋਪੀ ਇਕ ਪ੍ਰਤਿਭਾਸ਼ਾਲੀ ਨੌਜਵਾਨ ਹੈ। ਜੋ ਪਤ੍ਰਿਕਾਰਤਾ ਦੀ ਪੜ੍ਹਾਈ ਕਰਨ ਦਿੱਲੀ ਗਿਆ ਸੀ। ਖੁਦ ਸੋਨੀ ਇੱਕ ਸਰਕਾਰੀ ਸਕੂਲ ਦੀ ਅਧਿਆਪਕਾ ਹੈ। ਉਸ ਨੇ ਹਿਮਾਂਸੂ ਕੁਮਾਰ ਦੇ ਆਸ਼ਰਮ 'ਚ ਕਾਫੀ ਕੁਝ ਸਿੱਖਿਆ ਹੈ। ਮਾਓਵਾਦ ਦੇ ਨਾਂ ਹੇਠ ਆਦੀਵਾਸੀਆਂ ਤੇ ਅਤਿਆਚਾਰਾਂ ਖਿਲਾਫ ਸੋਨੀ ਆਵਾਜ਼ ਉਠਾਉਂਦੀ ਸੀ। ਉਹ ਇਸ ਸੱਚਾਈ ਨੂੰ ਸਮਝਦੀ ਸੀ ਕਿ ਇੱਥੋਂ ਦੀ ਖਣਿਜ ਦੌਲਤ ਦੀ ਲੁੱਟ ਕਾਰਪੋਰੇਟ ਘਰਾਣੇ ਤੇ ਪੁਲਸ ਦੇ ਇਸ ਨਾਪਾਕ ਗਠਜੋੜ ਦਾ ਪਰਦਾਫਾਸ਼ ਕਰਨ 'ਚ ਉਹ ਲੱਗੀ ਹੋਈ ਸੀ। ਦਾਂਤੇਵਾੜਾ ਜਿਲ੍ਹਾ ਅਤੇ ਖਾਸ ਕਰਕੇ ਉਹ ਇਲਾਕਾ ਜਿਸ 'ਚ ਲਿੰਗ ਤੇ ਸੋਨੀ ਸਰਗਰਮ ਸਨ। ਮਿਸਾਲ ਵਜੋਂ ਪਲਨਾਰ, ਸਮੇਲੀ, ਜਬੇਲੀ, ਗੀਡਮ ਆਦਿ ਉਸ ਨੂੰ ਮਾਓਵਾਦੀਆਂ ਦਾ ਗੜ੍ਹ ਮੰਨਿਆ ਜਾਂਦਾ ਹੈ। ਇੱਥੇ ਸੰਘਣੇ ਜੰਗਲਾਂ 'ਚ ਰੋਜਾਨਾ ਮਾਓਵਾਦੀਆਂ ਤੇ ਪੁਲਸ 'ਚ ਮੁਠਭੇੜ ਹੁੰਦੀ ਰਹਿੰਦੀ ਹੈ। ਸੋਨੀ ਤੇ ਲਿੰਗਾ ਨੇ ਠੇਕੇਦਾਰਾਂ ਵੱਲੋਂ ਇੱਥੋਂ ਦੀ ਲੇਬਰ ਦੀ ਲੁਟ ਖਿਲਾਫ ਅਵਾਜ ਬੁਲੰਦ ਕੀਤੀ ਤੇ ਲਗਾਤਾਰ ਸੰਘਰਸ਼ ਰਾਹੀਂ ਆਦੀਵਾਸੀਆਂ ਦੀ ਘੱਟੋ-ਘੱਟ ਮਜ਼ਦੂਰੀ ਨੂੰ 60 ਤੋਂ ਵਧਾ 120 ਰੁਪਏ ਕਰਵਾਇਆ। ਇਹਨਾਂ ਠੇਕੇਦਾਰਾਂ ਤੋਂ ਅੱਛੀ ਰਕਮ ਪੁਲਸ ਅਫਸਰਾਂ ਨੂੰ ਮਿਲਦੀ ਸੀ ਜੋ ਹੁਣ ਮਿਲਣੀ ਬੰਦ ਹੋ ਗਈ ਹੈ। ਮਾਓਵਾਦ ਨਾਲ ਨਿਪਟਣ ਬਹਾਨੇ ਪੁਲਸ ਤੇ ਸਰਕਾਰ ਨੇ ਇੱਥੋਂ ਸਭ ਤੱਤਾਂ ਦੇ ਸਫਾਏ ਦੀ ਮੁਹਿਮ ਚਲਾ ਰੱਖੀ ਹੈ ਜੋ ਆਦੀਵਾਸੀਆਂ ਦੇ ਹੱਕ ਦੀ ਲੜਾਈ 'ਚ ਸ਼ਾਮਲ ਹੈ। ਇਹਨਾਂ ਦੋਹਾਂ ਦੇ ਸਰਗਰਮ ਹੋਣ ਤੋਂ ਪਹਿਲਾਂ ਆਮ ਤੌਰ 'ਤੇ ਆਦੀਵਾਸੀਆਂ ਲਈ ਆਵਾਜ਼ ਉਠਾਉਣ ਵਾਲਾ ਕੋਈ ਨਹੀਂ ਸੀ। ਇਸ ਤੋਂ ਪਹਿਲਾਂ ਵੀ ਲਗਭਗ ਦੋ ਸਾਲ ਪਹਿਲਾਂ 30 ਅਗਸਤ 2009 ਨੂੰ ਲਿੰਗਾ ਕੋਡੋਪੀ ਨੂੰ ਪੁਲਸ ਨੇ ਜਬਰੀ ਉਸ ਦੇ ਘਰੋਂ ਚੁੱਕ ਲਿਆ ਸੀ ਤੇ 40 ਦਿਨ ਗੈਰ ਕਾਨੂੰਨੀ ਪੁਲਸ ਹਿਰਾਸਤ 'ਚ ਰੱਖਿਆ ਸੀ। ਪੁਲਸ ਲਿੰਗਾ ਦੀ ਗ੍ਰਿਫ਼ਤਾਰੀ ਤੋਂ ਮੁਕਰ ਜਾਂਦੀ ਰਹੀ। ਹਿੰਮਾਂਸੂ ਵੱਲੋਂ ਦਾਇਰ ਪਟੀਸ਼ਨ ਦੀ ਸੁਣਵਾਈ ਪਿੱਛੋਂ ਹੀ 10 ਅਕਤੂਬਰ ਨੂੰ ਲਿੰਗਾ ਨੂੰ ਗੈਰ ਕਾਨੂੰਨੀ ਹਿਰਾਸਤ 'ਚੋਂ ਛੱਡਿਆ ਗਿਆ। ਹਿੰਮਾਂਸੂ ਦੇ ਸਾਥੀ ਮਾਸਾਰਾਮ ਨੂੰ ਅਗਲੇ ਦਿਨ ਪੁਲਸ ਨੇ ਫੜ ਲਿਆ ਤੇ ਦੋਸ਼ ਲਾਇਆ ਕਿ ਇਸ ਨੇ ਮਾਓਵਾਦੀਆਂ ਦੀ ਰਿਹਾਈ 'ਚ ਮਦਦ ਕੀਤੀ ਹੈ ਕਿਉਂਕਿ ਮਾਸਾਰਾਮ ਨੇ ਹਿੰਮਾਂਸ਼ੂ ਦੇ ਨਾਲ ਪਟੀਸ਼ਨ

ਉਪਰ ਦਸਖਤ ਜਿਉਂ ਕੀਤੇ ਸਨ। ਫਿਰ ਅਦਾਲਤੀ ਕਾਰਵਾਈ ਕਰਕੇ ਹੀ ਮਾਸਾਰਾਮ ਦੀ ਰਿਹਾਈ ਸੰਭਵ ਹੋ ਸਕੀ। ਛੱਤੀਸ਼ਗੜ੍ਹ 'ਚ ਇਸ ਤਰ੍ਹਾਂ ਦੀਆਂ ਘਟਨਾਵਾਂ ਆਮ ਹੋ ਗਈਆਂ ਹਨ। ਦਿੱਲੀ 'ਚ ਪੱਤ੍ਰਕਾਰਿਤਾ ਦੀ ਪੜ੍ਹਾਈ ਪੂਰੀ ਹੋਣ ਪਿੱਛੋਂ ਲਿੰਗਾਕੋਡੋਪੀ ਛੱਤੀਸ਼ਗੜ੍ਹ ਵਾਪਸ ਗਿਆ ਸੀ ਕਿ ਪੁਲਸ ਉਸ 'ਤੇ ਖਫਾ ਹੋ ਗਈ। ਇਸਾਰ ਗਰੁੱਪ ਵੱਲੋਂ ਪੈਸੇ ਲੈਣ ਦੇ ਕੇਸ 'ਚ ਕੁਲ ਚਾਰ ਗ੍ਰਿਫ਼ਤਾਰੀਆਂ ਹੋਈਆਂ ਜਿਹਨਾਂ 'ਚ ਇਸਾਰ ਦੇ ਜਨਰਲ ਮੈਨੇਜਰ ਵੀ ਸ਼ਾਮਲ ਸਨ। ਖੁਲਸ ਹਿਰਾਸਤ 'ਚ ਸੋਨੀ ਸੋਰੀ ਨੂੰ ਭਿਆਨਕ ਤਸੀਹੇ ਦਿੱਤੇ ਗਏ। ਉਸ ਦੇ ਗੁਪਤ ਅੰਗਾਂ 'ਚ ਪੁਲਸ ਨੇ ਪੱਥਰ ਠੋਸੇ ਜਿਹਨਾਂ ਬਾਰੇ ਅਦਾਲਤ 'ਚ ਡਾਕਟਰੀ ਰੀਪੋਟ ਵੀ ਪਹੁੰਚੀ ਹੈ। ਉਹ ਚਲ ਫਿਰ ਨਹੀਂ ਸਕਦੀ। 1980 ਦੇ ਦਹਾਕੇ ਤੋਂ ਆਦੀਵਾਸੀਆਂ ਲਾਈ ਨਾਂ ਤਾਂ ਕੋਈ ਕਾਨੂੰਨੀ ਅਧਿਕਾਰ ਹੈ ਅਤੇ ਨਾ ਮਨੁੱਖੀ ਅਧਿਕਾਰ। ਸੋਨੀ ਸੋਰੀ ਤੇ ਲਿੰਗਾਰਾਮ ਕੋਡੋਪੀ ਵਰਗੇ ਨਾ ਜਾਣੇ ਕਿੰਨੇ ਆਦੀਵਾਸੀਆਂ ਨੂੰ ਗੁੰਮਨਾਮੀ ਦੀ ਮੌਤ ਮਿਲੀ ਪਰ ਹੁਣ ਲੱਗਦਾ ਹੈ ਕਿ ਮੌਤ ਭਾਵੇਂ ਮਿਲੇ ਪਰ ਉਹ ਗੁੰਮਨਾਮੀ ਦੇ ਹਨੇਰੇ 'ਚ ਨਹੀਂ ਗੁਆਚਣਗੇ।

# ਕੀ ਇਹ ਹੀ ਹੈ ਅਪ੍ਰੇਸ਼ਨ ਗਰੀਨ ਹੰਟ ਮੁਹਿੰਮ?

ਭਾਰਤ ਦੀ ਸੁਰੱਖਿਆ ਬਜਟ ਹਰ ਸਾਲ ਵੱਧਦਾ ਰਹਿੰਦਾ ਹੈ। ਇੱਥੋਂ ਤਕ ਕਿ ਆਰਥਕ ਸੰਕਟ ਦਾ ਵੀ ਇਸ ’ਤੇ ਕੋਈ ਅਸਰ ਨਹੀਂ ਪੈਂਦਾ। ਭਾਰਤ ਸਰਕਾਰ ਆਪਣਾ ਪੈਸਾ ਜ਼ਿਆਦਾਤਰ ਆਪਣੇ ਲੋਕਾਂ ਦੀ ਰਾਖੀ ’ਤੇ ਖਰਚ ਕਰਦੀ ਹੈ। ਇਸ ਤੋਂ ਇਲਾਵਾ ਅੰਦਰੂਨੀ ਸੁਰਖਿਆ ਪ੍ਰਤੀ ਖਤਰੇ ਨਾਲ ਨਿਪਟਣ ਲਈ ਸਰਕਾਰ ਕੋਲ ਵਿਸ਼ੇਸ਼ ਬਜਟ ਦੀ ਵੀ ਵਿਵਸਥਾ ਹੈ ਅਤੇ ਅਨੇਕਾਂ ਰਾਜ ਸਰਕਾਰਾਂ ਵੀ ਉਸ ਪੈਸੇ ਨੂੰ ਸੁਰਖਿਆ ’ਤੇ ਖਰਚ ਕਰਦੀਆਂ ਹਨ ਜੋ ਉਹਨਾਂ ਨੂੰ ਆਦੀਵਾਸੀਆਂ ਨਾਲ ਸਬੰਧਤ ਯੋਜਨਾਵਾਂ ਲਈ ਹਾਸਲ ਹੁੰਦਾ ਹੈ। ਸਭ ਤੋਂ ਵੱਡੀ ਵਿਡੰਬਨਾ ਇਹ ਹੈ ਕਿ ਸਰਕਾਰਾਂ ਉਸ ਪੈਸੇ ਦੀ ਵਰਤੋਂ ਆਦੀਵਾਸੀਆਂ ਨੂੰ ਮਾਰਨ ਲਈ ਕਰ ਰਹੀਆਂ ਹਨ ਜਿਸ ਨੂੰ ਉਹਨਾਂ ਦੇ ਕਲਿਆਣ ਤੇ ਵਿਕਾਸ ਲਈ ਖਰਚ ਕਰਨ ਦੀ ਉਮੀਦ ਕੀਤੀ ਜਾਂਦੀ ਹੈ। ਬਹੁਤੇ ਕੇਸਾਂ ’ਚ ਇਹ ਵੇਖਿਆ ਗਿਆ ਹੈ ਕਿ ਸੁਰੱਖਿਆ ਨਾਲ ਸਬੰਧਤ ਖਤਰੇ ਨਾਲ ਨਿਬੜਣ ਦੇ ਅਮਲ ’ਚ ਨਿਰਦੋਸ਼ ਆਦੀਵਾਸੀਆਂ ਨੂੰ ਸ਼ਿਕਾਰ ਬਣਾਇਆ ਜਾਂਦਾ ਹੈ। ਤੇਜੀ ਨਾਲ ਵਿਕਾਸ ਕਰ ਰਿਹਾ ਛੱਤੀਸ਼ਗੜ੍ਹ ਰਾਜ ਜਿਸ ਕੇਸ ਸਬੰਧੀ ਜਿਉਂਦੀ ਜਾਗਦੀ ਉਦਾਹਰਣ ਹੈ। ਜਿੱਥੇ ਅਰਧਸੈਨਿਕ ਬਲਾਂ, ਸਥਾਨਕ ਪੁਲਸ ਤੇ ਕੋਆ ਕਮਾਂਡੋ (ਹਥਿਆਰ ਸੁਟਣ ਵਾਲੇ ਮਾਓਵਾਦੀਆਂ ਦਾ ਬਣਾਇਆ ਸਰਕਾਰੀ ਸੰਗਠਨ) ਦੇ ਹੱਥੋਂ ਭਾਰੀ ਗਿਣਤੀ ’ਚ ਆਦੀਵਾਸੀਆਂ ਨੂੰ ਸ਼ਿਕਾਰ ਬਣਾਇਆ ਗਿਆ ਹੈ ਤੇ ਹਿੰਸਕ ਵਾਰਦਾਤਾਂ ਕਰਨ ਵਾਲਿਆਂ ਖਿਲਾਫ ਕੋਈ ਕਾਰਵਾਈ ਕਰਨ ਦੀ ਬਜਾਏ ਰਾਜ ਉਹਨਾਂ ਦੀ ਗੈਰ-ਮਨੁੱਖੀ ਹਰਕਤਾਂ ਨੂੰ ਜਾਇਜ਼ ਠਹਿਰਾਉਂਦਾ ਹੈ ਅਤੇ ਉਹਨਾਂ ਦਾ ਬਚਾਅ ਕਰਦਾ ਹੈ। ਪਿਛਲੇ ਦਿਨਾਂ ’ਚ ਛੱਤੀਸ਼ਗੜ੍ਹ ਦੇ ਕੋਆ ਕਮਾਂਡੋ ਸੈਂਟਰਲ ਰਿਜ਼ਰਵ ਪੁਲਸ ਫੋਰਸ ਤੋਂ ਕੋਬਰਾ ਬਟਾਲੀਅਨਾਂ ਨੇ ਮਿਲ ਕੇ ਦਾਂਤੇਵਾੜਾ ਜ਼ਿਲ੍ਹੇ ਦੇ ਤੀਮਾਪੁਰਮ, ਮੋਰਪੱਲੀ, ਤੇ ਟਰਮਿਟਾਲਾ ਪਿੰਡਾਂ ਦੇ 300 ਮਕਾਨਾਂ ਨੂੰ 11 ਤੇ 16 ਮਾਰਚ ਦੁਰਮਿਆਨ ਸਾੜ ਦਿੱਤਾ ਤੇ 5 ਆਦੀਵਾਸੀ ਔਰਤਾਂ ਨੂੰ ਬਲਾਤਕਾਰ ਦਾ ਸ਼ਿਕਾਰ ਬਣਾਇਆ। ਸੁਰਖਿਆ ਫੋਰਸਾਂ ਨੇ ਦੋਸ਼ ਲਾਇਆ ਕਿ ਉਹ ਮਾਓਵਾਦੀਆਂ ਦੇ ਪਿੰਡ ਹਨ। ਸੁਰੱਖਿਆ ਫੋਰਸਾਂ ’ਚ 200 ਕੋਆ ਕਮਾਂਡੋ 150 ਕੋਬਰਾ ਦੇ ਫੌਜੀ ਅਤੇ 50 ਸੀ. ਆਰ. ਪੀ. ਐਫ. ਦੇ ਜਵਾਨ ਸ਼ਾਮਲ ਸਨ। ਉਨ੍ਹਾਂ ਦਾ ਮੰਨਣਾ ਸੀ ਕਿ ਮੋਰਪੱਲੀ ਪਿੰਡ ’ਚ ਹਥਿਆਰ ਬਣਾਉਣ ਦੀ ਮਾਓਵਾਦੀਆਂ ਦੀ ਇਕ ਫੈਕਟਰੀ ਹੈ ਜਿਸ ਦੀ ਜਾਣਕਾਰੀ ਉਹਨਾਂ ਨੂੰ ਖੁਫੀਆ ਸੂਤਰਾਂ ਤੋਂ ਮਿਲੀ ਸੀ। ਉਹਨਾਂ ਨੂੰ ਇਹ ਪਤਾ ਲੱਗਿਆ ਸੀ ਕਿ ਇਹਨਾਂ ਇਲਾਕਿਆਂ ’ਚ 100 ਮਾਓਵਾਦੀ ਹਨ। ਅਜੇ ਤਕ ਤਾਂ ਸੁਰਖਿਆ ਫੋਰਸਾਂ ਨੂੰ ਨਾ ਤਾਂ ਕੋਈ ਫੈਕਟਰੀ ਮਿਲੀ ਤੇ ਨਾ ਹੀ ਕੋਈ ਅੱਤਵਾਦੀ। ਪੁਲਸ ਨੇ ਇਹ ਵੀ ਮੰਨਿਆ ਕਿ ਇਹਨਾਂ ਕਾਰਵਾਈਆਂ ਦੌਰਾਨ ਜੋ ਲੋਕ ਮਾਰੇ ਗਏ ਉਹ ਮਾਓਵਾਦੀ ਨਹੀਂ ਸਨ ਬਲਕਿ ਸਿੱਧੇ ਸਾਦੇ ਪੇਂਡੂ ਸਨ। ਕੀ ਸਾਡੇ ਕਾਰਪੋਰੇਟ ਗ੍ਰਹਿ ਮੰਤਰੀ ਪੀ ਚਿੰਦਬਰਮ ਲੋਕਾਂ ਨੂੰ ਦੱਸਣਗੇ ਕਿ ਇਹ ਕਿਸ ਤਰ੍ਹਾਂ ਦਾ ਅਪ੍ਰੇਸ਼ਨ ਗ੍ਰੀਨਹੰਟ (ਨਕਸਲਵਾਦ ਵਿਰੋਧੀ ਮੁਹਿੰਮ) ਹੈ ਜਿਸ ’ਚ ਨਿਰਦੋਸ਼ ਪੇਂਡੂਆਂ ਦਾ ਕਤਲੇਆਮ ਹੋਇਆ, ਔਰਤਾਂ ਨਾਲ ਬਲਾਤਕਾਰ ਕੀਤਾ ਗਿਆ ਅਤੇ ਸਾਰੇ ਲੋਕਾਂ ਦੇ ਘਰ ਕੱਪੜੇ ਤੇ ਅਨਾਜ ਸੁਰਖਿਆ

ਫੋਰਸਾਂ ਨੇ ਸਾੜ ਦਿੱਤੇ। ਬੇਸ਼ੱਕ ਸਾਨੂੰ ਗ੍ਰਹਿ ਮੰਤਰਾਲੇ ਤੋਂ ਇਸ ਗੱਲ ਦਾ ਜੁਆਬ ਚਾਹੀਦਾ ਹੈ ਕਿ ਲੋਕਾਂ ਨੂੰ ਮਾਰਨ ਤੇ ਉਹਨਾਂ ਦੇ ਘਰਾਂ ਨੂੰ ਸਾੜਨ ਤੇ ਔਰਤਾਂ ਨਾਲ ਬਲਾਤਕਾਰ ਕਰਨ ਦੀਆਂ ਨੀਮ-ਫੌਜੀ ਫੋਰਸਾਂ ਤੇ ਸਥਾਨਕ ਪੁਲਸ ਨੂੰ ਛੋਟ ਦੇਣ ਵਾਲੇ ਉਚ ਪੁਲਸ ਅਧਿਕਾਰੀਆਂ ਨੂੰ ਕਿਉਂ ਨਹੀਂ ਜੁਆਬਦੇਹ ਬਣਾਇਆ ਗਿਆ ਤੇ ਉਹਨਾਂ ਨੂੰ ਸਜਾ ਦਿੱਤੀ ਗਈ। ਗ੍ਰਹਿ ਮੰਤਰਾਲੇ ਇਸ ਮਾਮਲੇ ਸਬੰਧੀ ਖਾਮੋਸ਼ ਕਿਉਂ ਹੈ? ਤੇ ਕੀ ਗ੍ਰਹਿ ਮੰਤਰਾਲੇ ਨਿਆਂ ਲਈ ਪੇਂਡੂਆਂ ਦੀ ਪੁਕਾਰ ਸੁਣੇਗਾ?

ਮੋਰਪੱਲੀ ਪਿੰਡ ਦੀ ਮਾਧਵੀ ਹੁੰਗੇ ਅਨੁਸਾਰ ਉਸ ਦੇ 30 ਸਾਲਾ ਪਤੀ ਮਦਵੀ ਚੁੱਲਾ ਪੁਲਸ ਦੀ ਛਾਪਾਮਾਰੀ ਦੌਰਾਨ ਇਕ ਇਮਲੀ ਦੇ ਦਰਖਤ 'ਤੇ ਚੜ੍ਹ ਕੇ ਇਮਲੀ ਤੋੜ ਰਹੇ ਸਨ। ਸੁਰਖਿਆ ਫੋਰਸਾਂ ਨੇ ਉਹਨਾਂ ਤੇ ਗੋਲੀ ਚਲਾਈ। ਮਾਧਵੀ ਨੇ ਬੇਨਤੀ ਕੀਤੀ ਕਿ ਉਹ ਅਜਿਹਾ ਨਾ ਕਰਨ ਪਰ ਜੁਆਬ 'ਚ ਉਹਨਾਂ ਨੇ ਉਸ 'ਤੇ ਵੀ ਹਮਲਾ ਕੀਤਾ। ਕਿਸੇ ਤਰ੍ਹਾਂ ਉਹ ਉਥੋਂ ਬਚ ਨਿਕਲੀ ਪਰ ਉਸ ਦੇ ਪਤੀ ਮਾਰੇ ਗਏ ਤੇ ਉਹਨਾਂ ਦੀ ਲਾਸ਼ ਦਰਖਤ ਤੋਂ ਲਟਕਦੀ ਰਹੀ। ਇਸ ਤਰ੍ਹਾਂ 45 ਸਾਲਾ ਆਮਲਾ ਤੇਂਦ ਪੱਤੇ ਤੋੜ ਰਹੀ ਸੀ ਜਦ ਸੁਰਖਿਆ ਕਰਮੀ ਪਹੁੰਚੇ ਅਤੇ ਉਹਨਾਂ ਕਿਹਾ ਕਿ ਉਹ ਮਾਓਵਾਦੀਆਂ ਦੀ ਜਸੂਸ ਹੈ। ਉਹਨਾਂ ਨੇ ਆਮਲਾ ਨੂੰ ਜਮੀਨ ਤੇ ਪਟਕਾ ਦਿੱਤਾ, ਉਸ ਦੇ ਕੱਪੜੇ ਪਾੜ ਦਿੱਤੇ ਤੇ ਉਸ ਦੀਆਂ ਦੋ ਬੇਟੀਆਂ ਦੇ ਸਾਹਮਣੇ ਉਸ ਨਾਲ ਬਲਾਤਕਾਰ ਕੀਤਾ। ਇਸ ਤਰ੍ਹਾਂ ਇਕ ਹੋਰ ਮਾਮਲੇ ਵਿੱਚ ਪੁਲਸ ਕਰਮੀਆਂ ਨੇ ਮਾਧਵੀ ਗੰਗਾ, ਉਸ ਦੇ ਬੇਟੇ ਅਤੇ ਬੀਮਾ ਤੇ ਉਸ ਦੀ ਬੇਟੀ ਹੁਰੇ ਨੂੰ ਫੜ ਕੇ ਚਿੰਤਲਨਾਰ ਪੁਲਸ ਸਟੇਸ਼ਨ ਲੈ ਗਈ। ਪੁਲਸ ਨੇ 20 ਸਾਲਾ ਹੁਰੇ ਨੂੰ ਇਕ ਵੱਖਰੀ ਕੋਠੜੀ 'ਚ ਰੱਖਿਆ, ਉਸ ਨੂੰ ਨੰਗਾ ਕਰ ਦਿੱਤਾ ਤੇ ਉਸ ਨਾਲ ਰਾਤ ਭਰ ਬਲਾਤਕਾਰ ਚਲਦਾ ਰਿਹਾ। ਨਕਸਲ ਵਿਰੋਧੀ ਮੁਹਿੰਮ ਦੇ ਅਮਲ 'ਚ ਪੁਲਸ ਨੇ ਮੋਰਪੱਲੀ ਪਿੰਡ 'ਚ 37, ਤਿਮਾਪੁਰਮ 'ਚ 50 ਅਤੇ ਟਰਮਿਟਲਾ 'ਚ 200 ਮਕਾਨਾਂ ਅਤੇ ਇਹਨਾਂ ਮਕਾਨਾਂ ਵਿਚਲੀਆਂ ਵਸਤਾਂ ਨੂੰ ਸਾੜ ਦਿੱਤਾ। ਸੁਆਲ ਇਹ ਹੈ ਕਿ ਹੁਣ ਇਹ ਲੋਕ ਸਾਲ ਭਰ ਕੀ ਖਾਣਗੇ। ਕੀ ਪਹਿਨਣਗੇ ਤੇ ਕਿੱਥੇ ਜਾ ਕੇ ਰਹਿਣਗੇ? ਸਭ ਤੋਂ ਵੱਡਾ ਸੁਆਲ ਤਾਂ ਇਹ ਕਿ ਕੀ ਇਸ ਦੇਸ਼ ਵਿੱਚ ਉਹਨਾਂ ਨੂੰ ਸ਼ਹਿਰੀ ਹੱਕ ਹਾਸਲ ਹਨ ਜਾਂ ਨਹੀਂ? ਕੀ ਇਹ ਸਾਰਾ ਕਾਂਡ ਇਸ ਲਈ ਕੀਤਾ ਗਿਆ ਕਿਉਂਕਿ ਇੱਥੋਂ ਦੇ ਪਿੰਡ ਵਾਲਿਆਂ ਨੇ ਜੀ. ਟੀ. ਰੋਡ 'ਤੇ ਸਰਕਾਰ ਵੱਲੋਂ ਚਲਾਏ ਜਾਂਦੇ ਰਾਹਤ ਕੈਂਪਾਂ 'ਚ ਜਾ ਕੇ ਰਹਿਣ ਤੋਂ ਇਨਕਾਰ ਕੀਤਾ ਸੀ। ਪੁਲਸ ਅਨੁਸਾਰ ਕਿਉਂਕਿ ਇਹਨਾਂ ਪਿੰਡ ਵਾਲਿਆਂ ਨੇ ਇਨਕਾਰ ਕੀਤਾ ਇਸ ਲਈ ਇਹ ਮਾਓਵਾਦੀਆਂ ਤੋਂ ਵੱਖਰੇ ਨਹੀਂ ਹਨ। ਪੁਲਸ ਦਾ ਵੀ ਇਹੀ ਕਹਿਣਾ ਹੈ ਕਿ ਜੇ ਇਹ ਸਰਕਾਰ ਦਾ ਸਾਥ ਦੇ ਰਹੇ ਹੁੰਦੇ ਤਾਂ ਉਹ ਜ਼ਰੂਰ ਰਾਹਤ ਕੈਂਪਾਂ 'ਚ ਜਾਂਦੇ। ਪਰ ਉਹ ਸਾਡੀ ਗੱਲ ਇਸ ਲਈ ਨਹੀਂ ਸੁਣ ਰਹੇ ਕਿ ਜਾਂ ਤਾਂ ਉਹ ਮਾਓਵਾਦੀ ਹਨ ਜਾਂ ਉਹਨਾਂ ਦੇ ਹਮਾਇਤੀ। ਛੱਤੀਸ਼ਗੜ੍ਹ 'ਚ ਆਦੀਵਾਸੀਆਂ ਤੇ ਹੋਰ ਸਥਾਨਕ ਲੋਕਾਂ ਖਿਲਾਫ ਅਪਰਾਧਿਕ ਕਾਰਵਾਈ ਕਰਨ ਦਾ ਇਸ ਨਾਲ ਕੀ ਅਧਿਕਾਰ ਮਿਲ ਜਾਂਦਾ ਹੈ? ਇਸ ਮਾਮਲੇ 'ਚ ਕਾਫੀ ਹੰਗਾਮਾ ਹੋਣ ਪਿੱਛੋਂ ਦਾਂਤੇਵਾੜਾ ਦੇ ਕਲੈਕਟਰ ਆਰ ਪਰਸੰਨਾ ਨੇ ਜਾਂਚ ਦਾ ਐਲਾਨ ਕੀਤਾ ਤੇ ਕੋਟਾ ਦੇ ਤਹਿਸੀਲਦਾਰ ਦੀ ਅਗਵਾਈ 'ਚ ਪੰਜ ਮੈਂਬਰੀ ਇਕ ਕਮੇਟੀ ਬਣਾਈ। ਆਦੀਵਾਸੀਆਂ ਖਿਲਾਫ ਇੱਥੋਂ ਦੇ ਪੁਲਸ ਅਧਿਕਾਰੀ ਤੇ ਵੱਡੇ ਨੌਕਰਸ਼ਾਹ ਬੇਹੱਦ ਸ਼ੱਕੀ ਭੂਮਿਕਾ ਨਿਭਾ ਰਹੇ ਹਨ।

ਛੱਤੀਸ਼ਗੜ੍ਹ ਦੇ ਮੁੱਖ ਪੁਲਸ ਮਹਾਂਨਿਰਦੇਸ਼ਕ ਵਿਸ਼ਵ ਰੰਜਨ ਨੇ ਇਹ ਕਹਿੰਦੇ ਹੋਏ ਕਿਉਂਕਿ ਸਥਾਨਕ ਪੁਲਸ ਅਜੇ ਦੋਸ਼ ਮੰਨ ਨਹੀਂ ਰਹੀ ਹੈ ਇਸ ਲਈ ਕਿਸੇ ਜਾਂਚ ਦੀ ਲੋੜ ਨਹੀਂ। ਸੁਆਲ ਇਹ ਹੈ ਕਿ ਕੋਈ ਅਪਰਾਧੀ ਅਪਰਾਧ ਕਰਨ ਪਿੱਛੋਂ ਉਸ ਨੂੰ ਮੰਨਦਾ ਹੈ? ਦਾਂਤੇਵਾੜਾ ਦੇ ਪੁਲਸ ਮੁਖੀ ਐਸ. ਆਰ. ਪੀ. ਕਲੂਰੀ ਨੇ ਤਾਂ ਇਸ ਨੂੰ ਮਾਓਵਾਦੀ ਪ੍ਰਚਾਰ ਕਹਿ ਕੇ ਪੂਰੀ ਤਰ੍ਹਾਂ ਖਾਰਜ ਹੀ ਕਰ ਦਿੱਤਾ। ਮਜ਼ੇ ਦੀ ਗੱਲ ਇਹ ਹੈ ਕਿ ਇਕ ਪਾਸੇ ਤਾਂ ਜ਼ਿਲ੍ਹਾ ਪ੍ਰਸਾਸ਼ਨ ਟਰਮਿਟਲਾ ਪਿੰਡ ਨੂੰ ਚੌਲ, ਦਾਲ, ਖਾਣ ਦਾ ਤੇਲ, ਕੱਪੜੇ ਤੇ ਤੇਲ ਆਦਿ ਭੇਜ ਰਿਹਾ ਹੈ ਅਤੇ ਦੂਜੇ ਪਾਸੇ ਇਹ ਵੀ ਕਹਿ ਰਿਹਾ ਹੈ ਕਿ ਉਥੇ ਕੋਈ ਪੁਲਸ ਕਾਰਵਾਈ ਨਹੀਂ ਹੋਈ। ਬਸਤਰ ਦੇ ਕਮਿਸ਼ਨਰ ਸ੍ਰੀਨਿਵਾਸਲੂ ਤੇ ਦਾਂਤੇਵਾੜਾ ਦੇ ਕਲੈਕਟਰ ਆਰ. ਪ੍ਰਸੰਨਾ ਨੂੰ ਰਾਹਤ ਸਾਮਗਰੀ ਵੰਡਣ ਤੋਂ ਪੁਲਸ ਨੇ ਰੋਕ ਦਿੱਤਾ। ਪ੍ਰਸੰਨਾ ਦਾ ਕਹਿਣਾ ਹੈ ਕਿ ਘਟਨਾ ਬਾਰੇ ਕਿਸੇ ਨੇ ਸ਼ਿਕਾਇਤ ਵੀ ਦਰਜ ਨਹੀਂ ਕਾਰਵਾਈ ਇਸ ਲਈ ਉਹ ਕੋਈ ਕਦਮ ਨਹੀਂ ਉਠਾ ਸਕਦੇ। ਕੀ ਉਹਨਾਂ ਸੁਰਖਿਆ ਕਰਮੀਆਂ ਖਿਲਾਫ ਕੋਈ ਵੀ ਪਿੰਡ ਵਾਲਾ ਸ਼ਿਕਾਇਤ ਦਰਜ ਕਰਵਾਏਗਾ, ਜਿਹਨਾਂ ਨੂੰ ਉਚ ਪੁਲਸ ਅਧਿਕਾਰੀਆਂ ਵੱਲੋਂ ਭੇਜਿਆ ਗਿਆ ਹੋਵੇਗਾ। ਇਲਾਕੇ 'ਚ ਰਾਹਤ ਸਾਮਗਰੀ ਲੈ ਕੇ ਜਾ ਰਹੇ ਇਕ ਐਸ. ਡੀ. ਓ. ਨੂੰ ਆਪਣੀ ਗੱਡੀ ਵਾਪਸ ਲਿਆਉਣੀ ਪਈ ਕਿਉਂਕਿ ਉਹਨਾ 'ਤੇ ਕੋਆ ਲੋਕਾਂ ਕੋਬਰਾ ਸੈਨਿਕਾਂ ਤੇ ਸਪੈਸ਼ਲ ਪੁਲੀਸ ਅਫਸਰਾਂ ਦੇ ਲੋਕਾਂ ਨੇ ਹਮਲਾ ਕਰ ਦਿੱਤਾ। ਛੱਤੀਸ਼ਗੜ੍ਹ ਦੀ ਸਰਕਾਰ ਲਗਾਤਾਰ ਝੂਠ ਬੋਲ ਰਹੀ ਹੈ।

ਅਕਤੂਬਰ 2010 'ਚ ਰਾਜ ਸਰਕਾਰ ਨੇ ਸੁਪਰੀਮ ਕੋਰਟ ਨੂੰ ਦੱਸਿਆ ਕਿ ਛੱਤੀਸ਼ਗੜ੍ਹ 'ਚ ਹੁਣ ਸਲਵਾ ਜੁਡਮ ਦੀ ਹੁਣ ਕੋਈ ਹੋਂਦ ਨਹੀਂ ਹੈ। ਸੱਚਾਈ ਇਸ ਦੇ ਇਕ ਦਮ ਉਲਟ ਸੀ। ਸਲਵਾ ਜੂਡਮ ਦਾ ਨਾਂ ਬਦਲਕੇ ਇਹਨਾਂ ਨੇ ਕੋਆ ਕਮਾਂਡੋ ਬਟਾਲੀਅਨ ਤੇ ਸਪੈਸ਼ਲ ਪੁਲਸ ਆਫੀਸਰ ਕਰ ਦਿੱਤਾ ਹੈ ਅਤੇ ਭਾਰਤ ਸਰਕਾਰ 'ਸੁਰਖਿਆ ਸਬੰਧੀ ਖਰਚ' ਦੀ ਮੱਦ 'ਚ ਇਹਨਾਂ ਤੇ ਪੈਸੇ ਖਰਚ ਕਰ ਰਹੀ ਹੈ। ਸੱਚਾਈ ਇਹ ਹੈ ਕਿ ਛੱਤੀਸ਼ਗੜ੍ਹ ਤੇ ਉਚ ਪੁਲਸ ਅਧਿਕਾਰੀਆਂ ਨੇ ਇਹਨਾਂ ਫੌਜੀਆਂ ਨੂੰ ਇਸ ਲਈ ਤੈਨਾਤ ਕੀਤਾ ਹੈ ਤਾਂ ਕਿ ਸਰਕਾਰ ਦੀ ਗੱਲ ਨਾ ਸੁਨਣ ਵਾਲਿਆਂ ਤੋਂ ਪਿੰਡ ਖਾਲੀ ਕਰਵਾਇਆ ਜਾਵੇ ਅਤੇ ਫਿਰ ਉਹਨਾਂ ਨੂੰ ਕਾਰਪੋਰੇਟ ਲੁਟੇਰਿਆਂ ਨੂੰ ਸੌਂਪ ਦਿੱਤਾ ਜਾਵੇ, ਸੁਰਖਿਆ ਫੋਰਸਾਂ ਨੂੰ ਇਹ ਸਮਝਾਇਆ ਗਿਆ ਕਿ ਜੋ ਲੋਕ ਪਿੰਡ 'ਚ ਟਿਕੇ ਹੋਏ ਹਨ ਉਹ ਜਾਂ ਤਾਂ ਮਾਓਵਾਦੀ ਹਨ ਜਾਂ ਉਹਨਾਂ ਦੇ ਹਮਾਇਤੀ। ਅਜਿਹੇ ਹਾਲਤ 'ਚ ਸਭ ਤੋਂ ਵੱਧ ਫਿਕਰ ਦੀ ਗੱਲ ਰਾਜ ਵੱਲੋਂ ਲੋਕਾਂ ਦੇ ਵਿਚਾਰਾਂ ਤੇ ਸਖਸ਼ੀਅਤ ਦੀ ਅਜਾਦੀ ਦੀ ਉਲੰਘਣਾ ਹੈ। ਇਹਨਾਂ ਦੀ ਅੱਜ ਛੱਤੀਸ਼ਗੜ੍ਹ 'ਚ ਕੋਈ ਹੋਂਦ ਨਹੀਂ ਹੈ। ਇਹਨਾਂ ਇਲਾਕਿਆਂ 'ਚ ਇਹ ਕਹਿ ਕੇ ਕਿਸੇ ਨੂੰ ਵੜਨ ਨਹੀਂ ਦਿੱਤਾ ਜਾਂਦਾ ਕਿ ਇਲਾਕਾ ਬਹੁਤ ਅਸੁਰਖਿਅਤ ਹੈ। ਦਾਂਤੇਵਾੜਾ ਦੇ ਮੁਖ ਮੁਖੀ ਦਾ ਹੁਕਮ ਹੈ ਕਿ ਕੋਈ ਵੀ ਬਾਹਰਲਾ ਬੰਦਾ ਪਿੰਡ 'ਚ ਨਾ ਘੁਸੇ। ਸਿਟੇ ਵਜੋਂ ਕੋਈ ਪ੍ਰੱਤਕਾਰ, ਸਮਾਜਕ ਕਾਰਕੁੰਨ ਜਾਂ ਮਨੁੱਖੀ ਅਧਿਕਾਰ ਵਰਕਰ ਜਦੋਂ ਪਿੰਡ 'ਚ ਵੜਨ ਦੀ ਕੋਸ਼ਿਸ਼ ਕਰਦਾ ਹੈ ਤਾਂ ਉਸ ਉਪਰ ਹਮਲਾ ਹੁੰਦਾ ਹੈ ਜਾਂ ਫਿਰ ਪੁਲਸ ਫੜ ਕੇ ਲੈ ਜਾਂਦੀ ਹੈ। ਇਕ ਪਾਸੇ ਤਾਂ ਪੁਲਸ ਬਾਹਰੀ ਲੋਕਾਂ ਨੂੰ ਦਾਂਤੇਵਾੜਾ 'ਚ ਸੁਰਖਿਆ ਕਾਰਨਾਂ ਕਰਕੇ ਜਾਣ ਤੋਂ ਰੋਕਦੀ ਹੈ ਜਿਸ ਦੇ ਸਿੱਟੇ ਵਜੋਂ ਸੁਆਮੀ ਅਗਨੀਵੇਸ਼ ਨੰਦਨੀ ਸੁੰਦਰ ਤੇ ਹੋਰ ਲੋਕਾਂ

ਉਪਰ ਹਮਲੇ ਹੋਏ ਤੇ ਉਹਨਾਂ ਨੂੰ ਫੜ ਲਿਆ ਗਿਆ। ਹਿੰਮਾਸੂ ਕੁਮਾਰ ਦੇ ਆਸ਼ਰਮ ਨੂੰ ਢਹਿ ਢੇਰੀ ਕਰ ਦਿੱਤਾ ਗਿਆ ਤੇ ਉਹਨਾਂ ਨੂੰ ਸੂਬਾ ਛੱਡਣਾ ਪਿਆ। ਦੂਜੇ ਪਾਸੇ ਟਾਟਾ, ਵਿਸਾਰ, ਜਿੰਦਲ, ਭੂਸ਼ਣ ਵਰਗੇ ਕਾਰਪੋਰੇਟ ਵਰਗੇ ਘਰਾਣਿਆਂ ਦੇ ਨੁਮਾਇੰਦਿਆਂ ਦਾ ਇਲਾਕੇ ’ਚ ਸੁਆਗਤ ਕੀਤਾ ਜਾਂਦਾ ਹੈ। ਤੇ ਉਹਨਾਂ ਨੂੰ ਹਰ ਤਰ੍ਹਾਂ ਸੁਰਖਿਆ ਮੁਹਈਆ ਕੀਤੀ ਜਾਂਦੀ ਹੈ। ਅਜੇ ਤਕ ਕਿਸੇ ਨੇ ਨਹੀਂ ਸੁਣਿਆ ਕਿ ਕਿਸੇ ਕੋਬਰਾ, ਕੋਆ ਜਾਂ ਐਸ. ਪੀ. ਓ. ਨੇ ਉਹਨਾਂ ’ਤੇ ਕੋਈ ਹਮਲਾ ਕੀਤਾ ਹੋਵੇ। ਕੀ ਉਹ ਬਾਹਰਲੇ ਲੋਕ ਨਹੀਂ ਹਨ? ਕੀ ਉਹਨਾਂ ਦੀ ਸੁਰਖਿਆ ਨੂੰ ਕੋਈ ਖਤਰਾ ਨਹੀਂ ਹੈ? ਆਖਰ ਕਿਉਂ ਸਾਰਾ ਖਤਰਾ ਪ੍ਰੱਤਕਾਰਾਂ, ਮਨੁੱਖੀ ਅਧਿਕਾਰ ਸੰਗਠਨਾਂ ਤੇ ਸਮਾਜਕ ਕਾਰਕੁੰਨਾਂ ਲਈ ਹੀ ਹੈ? ਦਰਅਸਲ ’ਚ ਉਹ ਸਾਰੇ ਲੋਕ ‘ਬਾਹਰਲੇ’ ਹਨ ਜੋ ਸਰਕਾਰ ਵੱਲੋਂ ਕੀਤੀ ਜਾ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦਾ ਅਤੇ ਆਦੀਵਾਸੀਆਂ ’ਤੇ ਢਾਹੇ ਜਾ ਰਹੇ ਅਤਿਆਚਾਰਾਂ ਦਾ ਪਰਦਾਫਾਸ਼ ਕਰਦੇ ਹਨ। ਦਰਅਸਲ ਅਖੌਤੀ ਨਕਸਲ ਵਿਰੋਧੀ ਮੁਹਿੰਮ ਇਹਨਾਂ ਕਾਰਪੋਰੇਟ ਘਰਾਣਿਆਂ ਲਈ ਉਥੋਂ ਦੀ ਜਮੀਨ ਯਕੀਨੀ ਬਣਾਉਣ ਲਈ ਚਲਾਈ ਜਾ ਰਹੀ ਹੈ। ਅੱਜ ਆਪਾਂ ਵਿਕਾਸ ਦੇ ਦੋ ਚੇਹਰੇ ਵੇਖੇ ਹਨ। ਛੱਤੀਸ਼ਗੜ੍ਹ ਉਦਾਰੀਕਰਨ, ਨਿਜੀਕਰਨ ਤੇ ਵਿਸ਼ਵੀ ਕਰਨ ਦਾ ਸਿੱਟਾ ਹੈ ਜਿੱਥੇ ਇਹ ਚੇਹਰਾ ਭਾਰਤ ਦੇ ਬਹੁਤ ਤੇਜੀ ਨਾਲ ਹੋ ਰਹੇ ਵਿਕਸਤ ਰਾਜ ਵਜੋਂ ਵਿਖਾਇਆ ਜਾਂਦਾ ਹੈ। ਅਤੇ ਦੂਜਾ ਚੇਹਰਾ ਗੈਰ ਕਾਨੂੰਨੀ ਗ੍ਰਿਫ਼ਤਾਰੀਆਂ ਤਸੀਹਿਆਂ ਬਲਾਤਕਾਰਾਂ ਤੇ ਕਤਲਾਂ ਵਜੋਂ ਵਿਖਾਇਆ ਜਾਂਦਾ ਹੈ। ਸਰਕਾਰ ਇਸ ਦੂਜੇ ਚਿਹਰੇ ਨੂੰ ਪਹਿਲੇ ਚਿਹਰੇ ਨਾਲ ਢੱਕ ਕੇ ਰੱਖਣਾ ਚਾਹੁੰਦੀ ਹੈ। ਕੀ ਇਹ ਉਭਰਦੀ ਮਹਾਂਸ਼ਕਤੀ ਦਾ ਇਹੀ ਚਿਹਰਾ ਹੈ ਜਿੱਥੇ ਮਨੁੱਖੀ ਅਧਿਕਾਰਾਂ ਤੇ ਮਨੁੱਖੀ ਮਾਨ ਸਨਮਾਨ ਲਈ ਕੋਈ ਥਾਂ ਨਾ ਹੋਵੇ, ਆਰਥਕ ਵਿਕਾਸ ਦੀ ਦੌੜ ਹੀ ਸਭ ਤੋਂ ਵੱਧ ਮਾਅਨੇ ਰੱਖਦੀ ਹੈ।

# ਕੀ ਹਨ ਕੌਮੀ ਅੱਤਵਾਦ ਵਿਰੋਧੀ ਕੇਂਦਰ ਦੇ ਅਰਥ?

ਸਾਡੇ ਦੇਸ਼ 'ਚ ਆਮ ਮਿਹਨਤਕਸ਼ ਨਾਗਰਿਕ ਆਬਾਦੀ ਨੂੰ ਵੈਸੇ ਹੀ ਬੇਹੱਦ ਘੱਟ ਸ਼ਹਿਰੀ ਤੇ ਜਮਹੂਰੀ ਅਧਿਕਾਰ ਹਾਸਲ ਹਨ। ਇਹਨਾਂ ਨੂੰ ਵੀ ਹਾਕਮ-ਜਮਾਤ ਅਨੇਕਾਂ ਕਾਲੇ ਕਾਨੂੰਨ ਲਾਗੂ ਕਰਕੇ ਖੋਂਹਦੀ ਰਹਿੰਦੀ ਹੈ। "ਗੈਰ-ਕਾਨੂੰਨੀ ਸਰਗਰਗੀਆਂ ਰੋਕੂ ਕਾਨੂੰਨ-1967 ਹੁਣ ਯੂ. ਏ. ਪੀ. ਏ. 2004, 'ਹਥਿਆਰਬੰਦ ਫੋਰਸਾਂ ਵਿਸੇਸ਼ ਅਧਿਕਾਰ ਕਾਨੂੰਨ 'ਡਿਸਟਰਬਡ ਏਰੀਆ ਐਕਟ' ਤੇ ਦੇਸ਼ ਧ੍ਰੋਹ (124-ਏ) ਆਦਿ ਅਜਿਹੇ ਖਤਰਨਾਕ ਅਤਿਆਚਾਰੀ ਕਾਨੂੰਨਾਂ ਨਾਲ ਕੇਂਦਰ ਸਰਕਾਰ ਲੈਸ ਹੈ ਤਾਂ ਇਸ ਤੋਂ ਇਲਾਵਾ ਹਰ ਰਾਜ ਦੇ ਆਪਣੇ-ਆਪਣੇ ਵਿਸੇਸ਼ ਕਾਲੇ ਕਾਨੂੰਨ ਹਨ ਜਿਹਨਾਂ ਨੂੰ ਲਾਗੂ ਕਰਕੇ ਸਾਡੇ ਹਾਕਮ ਚਾਹੇ ਬਿਨਾਂ ਐਮਰਜੰਸੀ ਐਲਾਨ ਕੀਤਿਆਂ ਵੀ ਐਮਰਜੰਸੀ ਵਰਗੇ ਹਾਲਾਤ ਪੈਦਾ ਕਰਕੇ ਸੀਮਤ ਨਾਗਰਿਕ ਤੇ ਜਮਹੂਰੀ ਅਧਿਕਾਰ ਵੀ ਖੋਹ ਲੈਂਦੇ ਹਨ। ਇਹ ਸਭ ਮਹਿੰਗਾਈ, ਬੇਰੁਜ਼ਗਾਰੀ, ਲੁਟ-ਘਸੁੱਟ, ਉਜਾੜਾ, ਜਬਰੀ ਕਬਜੇ ਤੇ ਭਰਿਸ਼ਟਾਚਾਰ ਦੀ ਮਾਰ ਝਲਦੀ ਬਹੁਗਿਣਤੀ ਸ਼ਹਿਰੀ ਅਬਾਦੀ ਦੇ ਜਬਰਦਸਤ ਮੋੜਵੇਂ ਵਿਰੋਧ ਨੂੰ ਕੁਚਲਣ ਦੇ ਮਕਸਦ ਨਾਲ ਹੀ ਹੁੰਦਾ ਹੈ। ਇਸ ਦੇ ਬਾਵਜੂਦ ਸਾਡੇ ਹੁਕਮਰਾਨ ਅਜੇ ਵੀ ਬੇਚੈਨ ਹਨ। "ਦਹਿਸ਼ਤਗਰਦੀ" ਦੀ ਆੜ 'ਚ ਪਿਛਲੇ ਕਾਲੇ ਕਾਨੂੰਨਾਂ ਦੀ ਹੀ ਤਰਜ 'ਤੇ ਹੁਣ ਐਨ. ਸੀ. ਟੀ. ਸੀ. ਬਣਾਉਣ ਲਈ ਕੇਂਦਰ ਸਰਕਾਰ ਬਜਿਦ ਹੈ। ਭਾਰਤ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ 3 ਫਰਵਰੀ 2012 ਨੂੰ ਐਨ. ਸੀ. ਟੀ. ਸੀ. ਕਾਨੂੰਨ 2012 ਰਾਹੀਂ ਐਨ. ਸੀ. ਟੀ. ਸੀ. ਨਾਮਕ ਅੱਤਵਾਦ ਰੋਕੂ ਇਕਾਈ ਦੇ ਗਠਨ ਦਾ ਆਰਡੀਨੈਸ ਜਾਰੀ ਕਰ ਦਿੱਤਾ। ਬਿਨਾਂ ਕਿਸੇ ਪਾਰਲੀਮੈਂਟਰੀ ਬਿੱਲ ਦੇ ਸਿਰਫ ਆਰਡੀਨੈਸ ਦੇ ਅਧਾਰ 'ਤੇ ਇਸ ਦੇ ਗਠਨ ਦਾ ਤਰੀਕਾ ਵੀ ਗੈਰ ਸੰਵਿਧਾਨਕ ਗੈਰ ਜਮਹੂਰੀ ਹੈ।

ਯਾਦ ਰਹੇ ਕਿ 'ਪਿੱਕੀ ਤੇ ਐਸੋਚੈਮ' ਅਮਰੀਕਾ ਬ੍ਰਿਟੇਨ ਤੇ ਇਜਰਾਇਲ ਦੀ ਹੀ ਤਰਜ 'ਤੇ ਅੱਤਵਾਦ ਵਿਰੋਧੀ ਪ੍ਰਣਾਲੀ ਅਪਣਾਉਣ ਦੀ ਸਿਫਾਰਸ਼ ਕਰਦੇ ਰਹੇ ਹਨ। ਅਮਰੀਕਾ ਦੀ ਤਰਜ਼ 'ਤੇ ਅਤੇ ਉਸ ਤੋਂ ਵੀ ਅੱਗੇ ਵਧਦਿਆਂ ਸਾਡੇ ਹੁਕਮਰਾਨਾਂ ਨੇ ਐਨ. ਸੀ. ਟੀ. ਸੀ. ਵਰਗੀਆਂ ਜਾਂਚ ਏਜੰਸੀਆਂ ਦਾ ਗਠਨ ਕਰਕੇ ਇਸ ਨੂੰ ਪੁਲਸ ਅਧਿਕਾਰਾਂ ਨਾਲ ਵੀ ਲੈਸ ਕਰ ਦਿੱਤਾ ਹੈ। ਇਸ ਨੂੰ ਰਾਜ ਸਰਕਾਰ ਨੂੰ ਸੂਚਨਾ ਦਿੱਤੇ ਬਗੈਰ ਰਾਜਾਂ ਅੰਦਰ ਘੁਸ ਕੇ ਵਿਅਕਤੀ ਨੂੰ ਗ੍ਰਿਫ਼ਤਾਰ ਕਰਨ, ਤਲਾਸ਼ੀ ਤੇ ਜਬਤੀ ਦੇ ਅਧਿਕਾਰ ਹੋਣਗੇ। ਤਲਾਸ਼ੀ ਤੇ ਜਬਤੀ ਦੇ ਇਹ ਕੰਮ ਇਹ ਯੂ. ਏ. ਪੀ. ਏ.-1967 ਦੀਆਂ ਵਿਵਸਥਾਵਾਂ ਤੇ ਸੋਧਾਂ ਦੇ ਤਹਿਤ ਕਰੇਗੀ। ਯੂ. ਆਈ. ਡੀ. ਅਧਾਰ ਐਨ. ਪੀ. ਆਰ. ਨੈਟਗ੍ਰਿਡ ਤੇ ਹੋਰ ਸਭ ਜਾਂਚ ਏਜੰਸੀਆਂ ਤੋਂ ਹਰ ਨਾਗਰਿਕ ਸਬੰਧੀ ਸੂਚਨਾ ਐਨ. ਸੀ. ਟੀ. ਸੀ. ਨੂੰ ਮੁਹਈਆ ਹੋਵੇਗੀ। ਦੇਸ਼ ਦਾ ਹਰ ਸ਼ਹਿਰੀ ਇਸ ਨਿਗਰਾਨੀ ਤੰਤਰ ਦੇ ਅਧੀਨ ਹੋਵੇਗਾ। ਜਦ ਕਿ ਅਮਰੀਕੀ ਐਨ. ਸੀ. ਟੀ. ਸੀ. ਦਾ ਕੰਮ ਅੱਤਵਾਦ ਸਬੰਧੀ ਸਰਕਾਰ ਨੂੰ ਸਲਾਹ ਦੇਣ, ਦਾ ਹੀ ਹੈ। ਇਸ ਦਾ ਗਠਨ ਵੀ ਬਿੱਲ ਰਾਹੀਂ ਦੁਵੱਲੇ ਸਲਾਹ ਮਸ਼ਵਰੇ ਦੇ ਅਧਾਰ 'ਤੇ ਹੋਇਆ ਹੈ। ਸਪਸ਼ਟ ਹੈ ਕਿ ਐਨ. ਸੀ. ਟੀ. ਸੀ. ਨਾਲ ਨਹੀਂ ਬਲਕਿ ਉਹਨਾਂ ਦੇ 'ਬਿਨਾਂ ਸੂਚਨਾਂ ਗ੍ਰਿਫਤਾਰੀ' ਵਾਲੀ ਵਿਵਸਥਾ ਨਾਲ ਹੈ।

ਨਿਸਚੈ ਹੀ ਜਿਸ ਸੰਘੀ ਢਾਂਚੇ ਦੇ ਖਤਮ ਹੋਣ ਦੀ ਗੱਲ ਕਹੀ ਜਾ ਰਹੀ ਹੈ ਉਹ ਤਾਂ ਕਦੀ ਵੀ ਹੈਗਾ ਹੀ ਨਹੀਂ ਸੀ। ਕੇਂਦਰ ਅਸੀਮਤ ਸ਼ਕਤੀਆਂ ਨਾਲ ਪਹਿਲਾਂ ਤੋਂ ਹੀ ਲੈਸ ਹੈ। ਇਸ ਜਾਂਚ ਏਜੰਸੀ ਦੇ ਗਠਿਤ ਹੋਣ ਨਾਲ ਸਕਤੀ ਦਾ ਕੇਂਦਰੀਕਰਣ ਹੋਰ ਵੱਧ ਜਾਵੇਗਾ। ਜੋ ਥੋੜ੍ਹੀਆਂ ਬਹੁਤ ਕਾਨੂੰਨੀ ਅੜਿਚਨਾਂ ਕੇਂਦਰ ਸਰਕਾਰ ਦੇ ਸਾਹਮਣੇ ਆਉਂਦੀਆਂ ਹਨ ਉਹ ਵੀ ਸਭ ਖਤਮ ਹੋ ਜਾਣਗੀਆਂ। ਇਸ ਤੋਂ ਇਲਾਵਾ ਕਦੀ ਵੀ ਕਿਸੇ ਵੀ ਸਮੇਂ ਕਿਸੇ ਵੀ ਬੰਦੇ ਦੀ ਸਿਰਫ ਸ਼ੱਕ ਦੇ ਅਧਾਰ ’ਤੇ ਤਲਾਸੀ ਜਾਂ ਗ੍ਰਿਫਤਾਰੀ ਨਿਸ਼ਚਿਤ ਤੌਰ ’ਤੇ ਨਾਗਰਿਕਾਂ ਨੂੰ ਮਿਲੇ ਸੰਵਿਧਾਨਕ ਅਧਿਕਾਰਾਂ ਨੂੰ ਖਤਮ ਕਰ ਦੇਵੇਗੀ ਤੇ ਐਮਰਜੰਸੀ ਵਰਗੇ ਹਾਲਾਤ ਪੈਦਾ ਕਰ ਦੇਵੇਗੀ।

90 ਦੇ ਦਹਾਕੇ ਪਿੱਛੋਂ ਭਾਰਤੀ ਹਾਕਮ ਜਮਾਤ ਨੇ ਪੂੰਜੀਵਾਦੀ ਸੰਕਟ ਨੂੰ ਹੱਲ ਕਰਨ ਲਈ ਆਰਥਕ ਸੁਧਾਰਾਂ ਦਾ ਜੋ ਅਮਲ ਸ਼ੁਰੂ ਕੀਤਾ ਉਸ ਨੇ ਸਮਾਜ ’ਚ ਤਿਖੀ ਬੇਚੈਨੀ ਤੇ ਰੋਹ ਨੂੰ ਪੈਦਾ ਕੀਤਾ ਹੈ। ਬਹੁਗਿਣਤੀ ਮੇਹਨਤਕਸ਼ ਨਾਗਰਿਕ ਅਬਾਦੀ ਨੂੰ ਹੋਰ ਵੱਧ ਤੇਜੀ ਨਾਲ ਤਬਾਹੀ, ਬਰਬਾਦੀ ਤੇ ਕੰਗਾਲੀ ਵੱਲ ਧੱਕੇਗਾ। ਲੋਕ ਕਦੀ ਜਮੀਨ ਹਥਿਆਉਣ ਦੇ ਵਿਰੋਧ ’ਚ, ਕਦੀ ਆਦੀਵਾਸੀਆਂ ਦੇ ਉਜਾੜੇ ਵਿਰੁੱਧ, ਕਦੀ ਆਤਮ ਨਿਰਣੇ ਦੇ ਅਧਿਕਾਰ ਨੂੰ ਲਾਗੂ ਕਰਾਉਣ ਕਿਤੇ ਸਨਅਤਾਂ ’ਚ ਟ੍ਰੇਡ ਯੂਨੀਅਨ ਅਧਿਕਾਰਾਂ ਨੂੰ ਲਾਗੂ ਕਰਾਉਣ, ਤੇ ਲੁਟ ਦੇ ਵਿਰੋਧ ਵਿੱਚ, ਕਦੀ ਆਕਾਸ਼ ਛੂੰਹਦੀ ਮਹਿੰਗਾਈ, ਵਧਦੀ ਬੇਰੁਜ਼ਗਾਰੀ ਤੇ ਭ੍ਰਿਸ਼ਟਾਚਾਰ ਆਦਿ ਦੇ ਵਿਰੋਧ ਵਿੱਚ ਸੰਘਰਸਸ਼ੀਲ ਹਨ। ਪਰ ਹਾਕਮਾਂ ਕੋਲ ਲਾਠੀ-ਗੋਲ਼ੀ-ਜੇਲ੍ਹ ਤੋਂ ਸਿਵਾਏ ਦੇਣ ਲਈ ਕੁਝ ਨਹੀਂ ਹੈ।

ਵਿਸ਼ਵੀ ਅਰਥਚਾਰਾ ਡੂੰਘੇ ਸੰਕਟ ਵਿੱਚ ਹੈ। ਇਸ ਦੇ ਨਾਲ-ਨਾਲ ਵਿਸ਼ਵੀ ਪੱਧਰ ’ਤੇ ਲੋਕ ਸੜਕਾਂ ’ਤੇ ਬਦਲਾਅ ਦੀ ਚਾਹਤ ਵਿੱਚ ਸੰਘਰਸ਼ ਕਰ ਰਹੇ ਹਨ। ਸਾਡੇ ਹਾਕਮ ਇਸ ਨੂੰ ਬਾਖੂਬੀ ਜਾਣ ਦੇ ਹਨ। ਇਸ ਲਈ ਉਹ ਹੁਣ ਤੋਂ ਹਰ ਪਾਸਿਉਂ ਇਕ ਮਜ਼ਬੂਤ ਕਿਲੇਬੰਦੀ ਕਰ ਲੈਣਾ ਚਾਹੁੰਦੇ ਹਨ ਤਾਂ ਕਿ ਲੁਟ-ਘਸੁੱਟ ਦਾ ਤੰਤਰ ਚਲਦਾ ਰਹੇ। ਐਨ. ਸੀ. ਟੀ. ਸੀ. ਨੂੰ ਵਜੂਦ ’ਚ ਲਿਆਉਣ ਦੀ ਕੋਸ਼ਿਸ਼ ਇਸ ਗੱਲ ਨੂੰ ਦਰਸਾਉਂਦੀ ਹੈ।

# ਨੇਪਾਲ-ਵਰਤਮਾਨ ਤੇ ਭਵਿੱਖ

27 ਮਈ 2012 ਦੀ ਅੱਧੀ ਰਾਤ ਨੂੰ ਨੇਪਾਲ ਦੀ ਸੰਵਿਧਾਨ ਸਭਾ ਬਿਨਾਂ ਨਵੇਂ ਸੰਵਿਧਾਨ ਦੀ ਉਸਾਰੀ ਕੀਤਿਆਂ ਭੰਗ ਹੋ ਗਈ। ਇਸ ਸੰਵਿਧਾਨ ਸਭਾ ਦੀ ਚੋਣ ਅਪ੍ਰੈਲ 2008 'ਚ ਦੋ ਸਾਲ ਲਈ ਸੀ। ਇਸ ਦੀ ਪਹਿਲੀ ਬੈਠਕ 28 ਮਈ 2008 ਨੂੰ ਹੋਈ ਸੀ। ਦੋ ਸਾਲ 'ਚ ਸੰਵਿਧਾਨ ਉਸਾਰੀ ਦਾ ਕਾਰਜ ਪੂਰਾ ਨਾ ਕਰ ਸਕਣ ਕਰਕੇ ਇਸ ਨੂੰ ਚਾਰ ਵਾਰੀ ਆਪਣਾ ਕਾਰਜਕਾਲ ਵਧਾਉਣਾ ਪਿਆ। ਚੌਥੀ ਵਾਰੀ ਕਾਰਜਕਾਲ ਵਧਾਉਣ 'ਤੇ ਸੁਪਰੀਮ ਕੋਰਟ ਨੇ ਫੈਸਲਾ ਦਿੱਤਾ ਕਿ ਇਸ ਪਿੱਛੋਂ ਇਸ ਦਾ ਕਾਰਜਕਾਲ ਨਹੀਂ ਵਧਾਇਆ ਜਾਵੇਗਾ ਤੇ ਜੇ 27 ਮਈ 2012 ਤਕ ਨਵਾਂ ਸੰਵਿਧਾਨ ਨਹੀਂ ਬਣਦਾ ਤਾਂ ਇਹ ਆਪਣੇ ਆਪ ਭੰਗ ਹੋ ਜਾਵੇਗੀ। ਇਹੀ ਹੋਇਆ 27 ਮਈ ਤਕ ਸੰਵਿਧਾਨ ਨਹੀਂ ਬਣ ਸਕਿਆ ਤੇ ਸੰਵਿਧਾਨ ਸਭਾ ਖੁਦ ਹੀ ਭੰਗ ਹੋ ਗਈ।

ਸੰਵਿਧਾਨ ਨਾ ਬਣ ਸਕਣ ਦਾ ਕਾਰਨ ਨੇਪਾਲ ਦਾ ਸੰਘੀ ਢਾਂਚਾ ਸੀ। ਸੰਵਿਧਾਨ ਸਭਾ ਨੇ 28 ਮਈ 2008 ਦੀ ਆਪਣੀ ਮੀਟਿੰਗ 'ਚ ਨੇਪਾਲ ਦੀ ਰਾਜਾ–ਸ਼ਾਹੀ ਨੂੰ ਖਤਮ ਕਰਕੇ ਨੇਪਾਲ ਨੂੰ ਇੱਕ ਧਰਮ ਨਿਰਪੱਖ ਸੰਘੀ ਗਣਰਾਜ ਐਲਾਨ ਦਿੱਤਾ ਸੀ। ਪਰ ਤਦ ਇਸ ਦੇ ਸੰਘ ਚਰਿਤਰ ਨੂੰ ਅਪ੍ਰਭਾਸ਼ਿਤ ਛੱਡ ਦਿੱਤਾ ਗਿਆ, ਜਿਸ ਨੂੰ ਪਿੱਛੋਂ ਸੰਵਿਧਾਨ ਸਭਾ ਨੂੰ ਤਹਿ ਕਰਨਾ ਸੀ। ਬਾਕੀ ਮੁਦਿਆਂ 'ਤੇ ਸੁਲਾਹ–ਸਮਝੌਤੇ ਪਿੱਛੋਂ ਅੰਤ 'ਚ ਇਹ ਬੇਹੱਦ ਟਕਰਾਅ ਵਾਲਾ ਮੁੱਦਾ ਸੰਵਿਧਾਨ ਸਭਾ ਦੇ ਸਾਹਮਣੇ ਆਇਆ ਤਾਂ ਪਤਾ ਲੱਗਿਆ ਕਿ ਨਿਪਾਲੀ ਕਾਂਗਰਸ ਤੇ ਨੇਕਪਾ (ਏਮਾਲੇ) ਵਰਗੀਆਂ ਦੋ ਮੁੱਖ ਪਾਰਟੀਆਂ ਅਸਲ 'ਚ ਨੇਪਾਲ ਦੇ ਸੰਘੀ ਢਾਂਚੇ ਦੇ ਖਿਲਾਫ ਹਨ। ਸੰਘੀ ਢਾਂਚੇ ਲਈ ਬਣੀ ਸੰਵਿਧਾਨ ਸਭਾ ਦੀ ਉਪਸੰਮਤੀ ਤੇ ਸਭ ਪਾਰਟੀਆਂ ਦੀ ਸੰਮਤੀ ਦੋਨਾਂ ਨੇ ਜਨਜਾਤੀ ਦਲਿਤ ਜਾਤੀਆਂ, ਮਥੇਸ਼ੀਆਂ ਆਦਿ ਦੀ ਏਕਲ ਪਹਿਚਾਣ ਵਾਲੇ ਰਾਜਾਂ ਦੀ ਸਿਫਾਰਸ਼ ਕੀਤੀ ਸੀ। ਇਸ ਅਨੁਸਾਰ ਨੇਪਾਲ ਨੂੰ ਦਸ ਜਾਂ 14 ਰਾਜਾਂ 'ਚ ਗਠਿਤ ਕੀਤਾ ਜਾਣਾ ਸੀ।

ਪਰ ਨੇਪਾਲੀ ਕਾਂਗਰਸ ਤੇ ਨੇਕਪਾ (ਏਮਾਲੇ) ਜਿਸਦੀ ਅਗਵਾਈ 'ਚ ਪਹਾੜ ਅਧਾਰਿਤ ਬ੍ਰਾਹਮਣ ਤੇ ਖਮਰੀ ਅਭਿਜਾਤ ਹਨ ਇਸ ਲਈ ਤਿਆਰ ਨਹੀਂ ਹੋਈ। ਉਹ ਬਹੁਪਹਿਚਾਣ ਵਾਲੇ ਮਿਸ਼ਰਣ ਰਾਜਾਂ ਦੀ ਗੱਲ ਕਰਦੀ ਰਹੀ। ਇਸ ਦੇ ਮੁਕਾਬਲੇ ਮਾਓਵਾਦੀ ਪਾਰਟੀ ਤੇ ਮਥੇਸੀ ਪਾਰਟੀਆਂ ਇਕੋ ਜਿਹੀ ਪਹਿਚਾਣ ਵਾਲੇ ਦੇਸ਼ਾਂ ਦੀਆਂ ਪੱਖੀ ਸਨ। ਅੰਤਿਮ ਤੌਰ ਤੇ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਨੇਪਾਲੀ ਕਾਂਗਰਸ ਤੇ ਕ. ਪਾ (ਏਮਾਲੇ) ਅਸਲੀ ਸੰਘੀ ਢਾਂਚੇ ਨੂੰ ਮੰਨਣ ਲਈ ਤਿਆਰ ਨਹੀਂ ਹੋਈਆ। ਇੱਥੋਂ ਤੱਕ ਕਿ ਉਹਨਾਂ ਦੇ ਗੈਰ–ਬ੍ਰਾਹਮਣ ਖਤਰੀ ਸਾਂਸਕਾਂ ਨੇ ਵਿਦਰੋਹ ਦਾ ਰੁੱਖ ਅਖਤਿਆਰ ਕਰ ਲਿਆ। ਇਸ ਕਾਰਨ ਇਹਨਾਂ ਦੋਹਾਂ ਪਾਰਟੀਆਂ ਦੇ ਨੇਤਾ ਅੰਤਿਮ ਦਿਨ ਸੰਵਿਧਾਨ ਸਭਾ ਦੀ ਬੈਠਕ ਲਈ ਤਿਆਰ ਨਹੀਂ ਹੋਏ ਅਤੇ ਸੰਵਿਧਾਨ ਸਭਾ ਆਖਰੀ ਦਿਨ ਬਿਨਾਂ ਮੀਟਿੰਗ ਕੀਤੇ ਭੰਗ ਹੋ ਗਈ।

ਸੰਵਿਧਾਨ ਸਭਾ ਦੇ ਇਸ ਤਰ੍ਹਾਂ ਭੰਗ ਹੋਣ ਦੀ ਹਾਲਤ 'ਚ ਪ੍ਰਧਾਨ ਮੰਤਰੀ

ਬਾਬੂ ਰਾਮ ਭਟਾਚਾਰੀਆ ਨੇ 22 ਨਵੰਬਰ ਨੂੰ ਨਵੀਂ ਸੰਵਿਧਾਨ ਸਭਾ ਚੁਨਣ ਦਾ ਐਲਾਨ ਕਰ ਦਿੱਤਾ। ਨਵੀਂ ਚੋਣ ਦੀ ਗੱਲ ਸੁਪਰੀਮ ਕੋਰਟ ਨੇ ਵੀ ਆਪਣੇ ਫੈਸਲੇ 'ਚ ਕੀਤੀ ਸੀ। ਇਸ ਤੋਂ ਪਹਿਲਾਂ ਭੱਟਾਚਾਰੀਆ ਨੇ ਐਮਰਜੰਸੀ ਲਾ ਕੇ ਸੰਵਿਧਾਨ ਸਭਾ ਦਾ ਕਾਰਜਕਾਲ ਵਧਾਉਣ ਦਾ ਪ੍ਰਸਤਾਵ ਰੱਖਿਆ ਸੀ। ਜਿਸ ਨੂੰ ਨੇਪਾਲੀ ਕਾਂਗਰਸ ਤੇ ਨੇਕ. ਪਾ (ਏਮਾਲੇ) ਨੇ ਨਾਮੰਜੂਰ ਕਰ ਦਿੱਤਾ ਸੀ। 27 ਮਈ ਨੂੰ ਸੰਵਿਧਾਨ ਸਭਾ ਭੰਗ ਹੋਣ ਪਿੱਛੋਂ ਨੇਪਾਲੀ ਕਾਂਗਰਸ ਤੇ ਨੇਕਪਾ (ਏਮਾਲੇ) ਨੇ ਅਜੇ 20 ਦਿਨ ਪਹਿਲਾਂ ਦੀ ਬਣੀ ਕੌਮੀ ਸਰਕਾਰ ਦੇ ਅਸਤੀਫੇ ਤੇ ਨਵੀਂ ਕੌਮੀ ਆਮ ਸਹਿਮਤੀ ਦੀ ਸਰਕਾਰ ਦੀ ਗੱਲ ਕਰਨ ਲੱਗੇ। ਸੰਵਿਧਾਨ ਸਭਾ ਨੂੰ ਫਿਰ ਤੋਂ ਬਹਾਲ ਕਰਨ ਤੋਂ ਲੈ ਕੇ ਨਵੀਂ ਚੋਣ ਤਕ ਸਾਰੀ ਖਿਚੋਤਾਣ ਇਸ ਸਮੇਂ ਨੇਪਾਲ 'ਚ ਜਾਰੀ ਹੈ। ਇਸ ਦੌਰਾਨ ਏਕਤਾ ਨੇਕਪਾ (ਮਾਓਵਾਦੀ) 'ਚ ਫੁੱਟ ਪੈ ਚੁੱਕੀ ਹੈ ਅਤੇ ਤਿੰਨੋ ਹੋਰ ਮੁੱਖ ਪਾਰਟੀਆਂ–ਧੜਿਆਂ 'ਚ ਫੁਟ ਦਾ ਅਮਲ ਚਲ ਰਿਹਾ ਹੈ। ਨੇਪਾਲ ਇਸ ਸਮੇਂ ਸੰਕਟ 'ਚੋਂ ਲੰਘ ਰਿਹਾ ਹੈ।

ਨੇਪਾਲ 'ਚ ਸੰਵਿਧਾਨ ਸਭਾ ਦਾ ਗਠਨ ਕਿਸੇ ਆਮ ਸੰਸਦੀ ਅਮਲ ਦੇ ਤਹਿਤ ਨਹੀਂ ਹੋਇਆ ਸੀ ਬਲਕਿ ਇਹ ਇੱਕ ਲੰਮੇ ਸਮੇਂ ਤਾਂ ਚਲਣ ਵਾਲੀ ਇਨਕਲਾਬੀ ਅਮਲ ਦਾ ਸਿੱਟਾ ਸੀ। ਨੇਪਾਲ 'ਚ ਮੁਢੋਂ ਸੁਢੋਂ ਬਦਲਾਅ ਦੇ ਲਈ ਉਥੇ ਰਾਜਾਸ਼ਾਹੀ–ਜਾਗੀਰਦਾਰੀ ਨੂੰ ਖਤਮ ਕਰਕੇ ਜਮਹੂਰੀਅਤ ਸਥਾਪਤ ਕਰਨ ਤੇ ਫੇਰ ਸਮਾਜਵਾਦ ਵੱਲ ਜਾਣ ਲਈ ਨੇਪਾਲ ਦੀ ਕਮਿਊਨਿਸਟ ਪਾਰਟੀ (ਮਾਓਵਾਦੀ) ਨੇ ਫਰਵਰੀ 1996 'ਚ ਲੋਕ ਜੰਗ ਸ਼ੁਰੂ ਕੀਤੀ ਸੀ। ਇਹ ਲੋਕ ਯੁੱਧ ਨੇ ਨੇਪਾਲ ਮਜ਼ਦੂਰ–ਮਿਹਨਤਕਸ਼ ਲੋਕਾਂ 'ਚ ਤੁਰੰਤ ਆਪਣੀਆਂ ਜੜ੍ਹਾਂ ਜਮਾਈਆਂ ਅਤੇ ਸੱਤ–ਅੱਠ ਸਾਲਾਂ 'ਚ ਨੇਪਾਲ ਦੇ ਬਹੁਤੇ ਪੇਂਡੂ ਇਲਾਕਿਆਂ 'ਚ ਮਾਓਵਾਦੀਆਂ ਦਾ ਪ੍ਰਭਾਵ ਕਾਇਮ ਹੋ ਗਿਆ। ਇਹਨਾਂ ਸਾਰਿਆਂ ਪਿੱਛੋਂ ਜਮਹੂਰੀਅਤ ਲਈ ਲੰਮੇ ਸਮੇਂ ਤੋਂ ਨੇਪਾਲ ਲੋਕਾਂ ਨੂੰ ਉਮੀਦਾਂ ਸਨ। 1990 ਦੇ ਲੋਕ–ਸੰਘਰਸ਼ ਪਿੱਛੋਂ ਪੰਚਾਇਤੀ ਲੋਕ ਰਾਜ ਦੀ ਸਥਾਪਨਾ ਕਰਕੇ ਰਾਜਾ ਤੇ ਨੇਪਾਲੀ ਕਾਂਗਰਸ ਤੇ ਨੇਕਪਾ (ਏਮਾਲੇ) ਦੋਨਾਂ ਨੂੰ ਲੋਕਾਂ ਨੂੰ ਧੋਖਾ ਦਿੱਤਾ। ਇਹ ਅਧੂਰੀ ਜਮਹੂਰੀਅਤ ਸੀ ਜਿਸ ਵਿੱਚ ਹਰ ਤਰ੍ਹਾਂ ਨਾਲ ਰਾਜਾਸ਼ਾਹੀ–ਜਾਗੀਰਦਾਰੀ ਹਾਵੀ ਸੀ। ਉਪਰੋਂ ਹੱਦ ਇਹ ਸੀ ਕਿ ਇਸ ਪੰਚਾਇਤੀ ਜਨਤੰਤਰਾਂ 'ਚ ਇਹਨਾਂ ਦੋਹਾਂ ਮੁਖ ਪਾਰਟੀਆਂ ਨੇ ਖੂਬ ਭ੍ਰਿਸ਼ਟਾਚਾਰ ਤੇ ਸੰਸਦੀ ਜੋੜ–ਤੋੜ ਦਾ ਮੁਜਾਹਰਾ ਕੀਤਾ।

ਇਸ ਲਈ ਮਾਓਵਾਦੀਆਂ ਵੱਲੋਂ ਸ਼ੁਰੂ ਕੀਤੇ ਲੋਕਯੁੱਧ ਨੇ ਫੌਰਨ ਹੀ ਲੋਕਾਂ 'ਚ ਆਪਣਾ ਮੋਹ ਬਣਾ ਲਿਆ ਤੇ ਇਹ ਤੇਜੀ ਨਾਲ ਵਿਸ਼ਾਲ ਹੁੰਦਾ ਗਿਆ। ਇਸ ਨੇ ਮਜ਼ਦੂਰਾਂ ਕਿਸਾਨਾਂ 'ਚ ਦੱਬੀਆਂ ਕੁਚਲੀਆਂ ਜਾਤੀਆਂ ਤੇ ਜਨਜਾਤੀਆਂ 'ਚ ਅਤੇ ਲਤਾੜੀਆਂ ਕੌਮਾਂ 'ਚ ਉਮੀਦ ਦੀ ਲਹਿਰ ਪੈਦਾ ਕੀਤੀ। ਪਰ ਜਦ ਲਗਾਤਾਰ ਅੱਗੇ ਵਧਦਾ ਲੋਕਯੁੱਧ ਪਿੰਡਾਂ ਤੋਂ ਸ਼ਹਿਰਾਂ ਵੱਲੋ ਵਧਿਆ ਤਾਂ ਪਤਾ ਲੱਗਿਆ ਕਿ ਉਸ ਨੂੰ ਉਥੇ ਕਬਜਾ ਕਰਨ 'ਚ ਸਫਲਤਾ ਨਹੀਂ ਮਿਲ ਰਹੀ ਹੈ। ਨਾ ਸਿਰਫ ਰਾਜਾਸ਼ਾਹੀ ਦਾ ਫੌਜੀ ਗੜ੍ਹ ਉਹਨਾਂ ਦੀ ਰਾਖੀ ਕਰ ਰਿਹਾ ਸੀ ਬਲਕਿ ਸ਼ਹਿਰਾਂ ਦੀ ਜਨਤਾ ਵੀ ਨੇਪਾਲੀ ਕਾਂਗਰਸ ਤੇ ਨੇਕ ਪਾ (ਏਮਾਲੇ) ਦੇ ਪ੍ਰਭਾਵ 'ਚ ਹੋਣ ਕਰਕੇ ਬਗਾਵਤ ਨਹੀਂ ਕਰ ਰਹੀ ਸੀ। ਨੇਪਾਲੀ ਇਨਕਲਾਬ ਭਟਕਦਾ ਲੱਗ ਰਿਹਾ ਸੀ।

ਇਸ ਸਮੇਂ ਇੱਕ ਦੂਜੇ ਤਰੀਕੇ ਨਾਲ ਮਾਓਵਾਦੀਆਂ ਨੂੰ ਅੱਗੇ ਵਧਣ ਦਾ ਮੌਕਾ ਦਿਸਿਆ ਤੇ ਉਹਨਾਂ ਨੇ ਤੁਰੰਤ ਮੌਕੇ ਦਾ ਫਾਇਦਾ ਉਠਾਇਆ। ਲੋਕ ਯੁੱਧ ਦੇ ਸ਼ਹਿਰਾਂ ਦੀਆਂ ਹੱਦਾਂ ਤਕ ਆ ਪਹੁੰਚਣ ਨਾਲ ਨੇਪਾਲੀ ਰਾਜਸ਼ਾਹੀ ਬੌਂਦਲ ਗਈ। ਉਸ ਨੇ ਹਕੂਮਤ ਦੀਆਂ ਸਾਰੀਆਂ ਸ਼ਕਤੀਆਂ ਨੂੰ ਆਪਣੇ ਕੋਲ ਕੇਂਦਰਿਤ ਕਰ ਲਈਆਂ। ਇਸ ਦੇ ਲਈ ਉਸ ਨੇ ਪਾਰਲੀਮੈਂਟ ਨੂੰ ਨੁਕਰੇ ਲਾ ਦਿੱਤਾ ਤੇ ਨਾਲ ਹੀ ਰਾਜਾਸ਼ਾਹੀ ਦੇ ਨਾਲ ਤਾਲਮੇਲ ਬਿਠਾਉਣ ਵਾਲੀ ਨੇਕਪਾ (ਮਾਲੇ) ਵਰਗੀਆਂ ਪੂੰਜੀਵਾਦੀ ਪਾਰਟੀਆਂ ਨੂੰ ਵੀ। ਇਸ ਲਈ ਰਾਜਾ ਗਿਆਨੇਂਦਰ ਜੂਨ 2001 ਤੋਂ ਹੀ ਤਿਆਰੀ ਕਰ ਰਿਹਾ ਸੀ ਜਦ ਉਸ ਨੇ ਇੱਕ ਸਾਜਿਸੀ ਕਤਲੇਆਮ ’ਚ ਰਾਜਾ ਵੀਰੇਂਦਰ ਦੇ ਪ੍ਰੀਵਾਰ ਦਾ ਸਫਾਇਆ ਕਰਵਾਇਆ ਸੀ। ਤੇ ਖੁਦ ਦੀ ਤਾਜਪੋਸ਼ੀ ਕਰਵਾਈ ਸੀ। ਇਸ ਸਾਰੇ ਕੁਝ ’ਚ ਉਸ ਨੂੰ ਭਾਰਤੀ ਹਾਕਮਾਂ ਤੇ ਅਮਰੀਕੀ ਸਾਮਰਾਜੀਆਂ ਦੀ ਹਮਾਇਤ ਹਾਸਲ ਸੀ।

ਰਾਜ ਗਿਆਨੇਂਦਰ ਨੇ 2004 ’ਚ ਸਾਰੀਆਂ ਸ਼ਕਤੀਆਂ ਨੂੰ ਆਪਣੇ ਹੱਥ ’ਚ ਕੇਂਦਰਿਤ ਤਾਂ ਕਰ ਲਿਆ ਪਰ ਉਸ ਨੇ ਨਾਲ ਹੀ ਪੂੰਜੀਵਾਦੀ ਪਾਰਟੀਆਂ ਨੂੰ ਆਪਣੇ ਤੋਂ ਦੂਰ ਹੀ ਧੱਕ ਦਿੱਤਾ। ਇਸ ਨਾਲ ਨੇਪਾਲ ’ਚ ਇੱਕ ਨਵੇਂ ਧਰੁਵੀਕਰਨ ਦੀ ਸੰਭਾਵਨਾ ਪੈਦਾ ਹੋਈ। ਇਸ ਮੋੜ ’ਤੇ ਆ ਕੇ ਰਾਜਾਸ਼ਾਹੀ ਨੇਪਾਲੀ ਸਮਾਜ ’ਚ ਆਪਣਾ ਬਹੁਤਾ ਅਧਾਰ ਤਾਂ ਗੁਆ ਚੁੱਕੀ ਸੀ ਤੇ ਹੁਣ ਨੇਪਾਲੀ ਕਾਂਗਰਸ ਤੇ ਨੇਕਪਾ (ਮਾਲੇ) ਇਸ ਤੋਂ ਆਪਣੇ ਆਪ ਨੂੰ ਵੱਖ ਕਰ ਸਕਦੇ ਸਨ। ਇਸ ਸਥਿਤੀ ਵਿਚ ਨਵੰਬਰ 2005 ਵਿਚ ਨੇਕਪਾ (ਮਾਓਵਾਦੀ) ਤੇ ਨੇਪਾਲ ਦੀਆਂ ਸੱਤ ਪੂੰਜੀਵਾਦੀ ਪਾਰਟੀਆਂ ’ਚ ਇੱਕ 12 ਸੂਤਰੀ ਸਮਝੌਤਾ ਹੋਇਆ। ਇਸ ਸਮਝੌਤੇ ਦਾ ਸਾਰ ਤੱਤ ਇਹ ਸੀ ਕਿ ਨੇਪਾਲ ਤੋਂ ਰਾਜਾਸ਼ਾਹੀ ਖਤਮ ਕਰਨ ਲਈ ਤੇ ਜਮਹੂਰੀ ਗਣਤੰਤਰ ਦੀ ਸਥਾਪਨਾ ਲਈ ਇਕ ਮਿਲਿਆ ਅੰਦੋਲਨ ਛੇੜਿਆ ਜਾਵੇਗਾ। ਅੰਦੋਲਨ ਸਫਲ ਹੋਣ ’ਤੇ ਨੇਪਾਲ ਦੇ ਇੱਕ ਨਵੇਂ ਸੰਵਿਧਾਨ ਲਈ ਸੰਵਿਧਾਨ ਸਭਾ ਦੀਆਂ ਚੋਣਾਂ ਕਰਵਾਈਆਂ ਜਾਣਗੀਆਂ। ਇਸ ਦੌਰਾਨ ਮਾਓਵਾਦੀ ਹਥਿਆਰਬੰਦ, ਸੰਘਰਸ਼ ’ਤੇ ਰੋਕ ਲਾਉਣੇ ਅਤੇ ਪਿੱਛੋਂ ਸੰਵਿਧਾਨ ਸਭਾ ਗਠਿਤ ਹੋਣ ’ਤੇ ਸਾਰਾ ਕੁਝ ਉਸ ਦੇ ਤਹਿਤ ਕੀਤਾ ਜਾਵੇਗਾ-ਸ਼ਾਂਤੀ ਅਮਲ ਵੀ। ਇਹਨਾਂ ਸਾਰਿਆਂ ਨੂੰ ਭਾਰਤੀ ਹਾਕਮਾ ਦੀ ਹਮਾਇਤ ਹਾਸਲ ਸੀ ਕਿਉਂਕਿ ਉਹਨਾਂ ਦੇ ਲਈ ਇਹ ਸਪੱਸ਼ਟ ਹੋ ਗਿਆ ਸੀ ਕਿ ਨੇਪਾਲ ਦੀ ਰਾਜਾਸ਼ਾਹੀ-ਜਗੀਰਦਾਰੀ ਉਹਨਾਂ ਦੇ ਹਿੱਤਾਂ ਲਈ ਫਾਇਦੇਮੰਦ ਨਹੀਂ ਰਹਿ ਗਈ ਹੈ।

ਨਵੰਬਰ 2005 ਦੇ ਸਮਝੌਤੇ ਦੇ ਤਹਿਤ ਹੀ ਅਪ੍ਰੈਲ 2006 ’ਚ ਰਾਜਾਸ਼ਾਹੀ ਖਿਲਾਫ ਸੰਘਰਸ਼ ਹੋਇਆ। ਇਸ ਦੀ ਅਗਵਾਈ ਸੱਤ ਪੂੰਜੀਵਾਦੀ ਪਾਰਟੀਆਂ ਨੇ ਕੀਤੀ। ਮਾਓਵਾਦੀ ਇਸ ਅੰਦੋਲਨ ਦਾ ਅਧਾਰ ਸਨ। ਦੋ ਹਫਤਿਆਂ ਅੰਦਰ ਇਸ ਅੰਦੋਲਨ ਦੇ ਸਾਹਮਣੇ ਰਾਜਾਸ਼ਾਹੀ ਦੇ ਪੈਰ ਉਖੜ ਗਏ ਉਸ ਨੇ ਗੋਡੇ ਟੇਕ ਦਿੱਤੇ। ਨੇਪਾਲ ’ਚ ਰਾਜਾਸ਼ਾਹੀ-ਜਾਗੀਰਦਾਰੀ ਦੇ ਦਿਨ ਪੂਰੇ ਹੋ ਗਏ ਸਨ। ਰਾਜਾਸ਼ਾਹੀ ਦੇ ਗੋਡੇ ਟੇਕਣ ਤੇ ਉਸ ਦੇ ਖੰਭ ਕਤਰੇ ਜਾਣ ਪਿੱਛੋਂ ਨੇਪਾਲ ’ਚ ਨਵੀਂ ਸੰਵਿਧਾਨ ਸਭਾ ਵੱਲੋਂ ਨਵੇਂ ਸੰਵਿਧਾਨ ਦਾ ਕਾਰਜ ਸੀ। ਇਸ ਰਾਹੀਂ ਇਕ ਨਵੇਂ ਨੇਪਾਲ ਨੂੰ ਅਨੁਸਾਸ਼ਨ ਬੱਧ ਕੀਤਾ ਜਾਣਾ ਸੀ। ਪਰ ਇਸ ’ਚ ਇਹ ਵੀ ਸ਼ਾਮਲ ਸੀ ਕਿ ਨੇਪਾਲ ਭਵਿੱਖ ’ਚ ਕੀ ਰਾਹ ਅਖਤਿਆਰ ਕਰੇਗਾ। ਕੀ ਨੇਪਾਲ ’ਚ ਰਾਜਾਸ਼ਾਹੀ-ਜਾਗੀਰਦਾਰੀ ਖਤਮ ਹੋਣ ਤੇ ਇੱਕ

ਜਮਹੂਰੀ ਗਣਰਾਜ ਸਥਾਪਤ ਹੋਣ ਪਿੱਛੋਂ ਨੇਪਾਲ ਸਮਾਜਵਾਦ ਵੱਲ ਕਦਮ ਵਧਾਏਗਾ ਜਾਂ ਫਿਰ ਇੱਕ ਪੂੰਜੀਵਾਦੀ ਲੋਕਤੰਤਰਿਕ ਗਣਰਾਜ ਤੱਕ ਸੀਮਤ ਹੋ ਕੇ ਰਹਿ ਜਾਵੇਗਾ? ਕੀ ਜਮਹੂਰੀ ਇਨਕਲਾਬ ਪੂਰਾ ਕਰਨ ਪਿੱਛੋਂ ਇਨਕਲਾਬ ਅੱਗੇ ਵਧੇਗਾ ਜਾਂ ਨਹੀਂ? ਨੇਪਾਲੀ ਕਾਂਗਰਸ ਤੇ ਨੇਕਪਾ (ਮਾਲੇ) ਵਰਗੀਆਂ ਸ਼ਕਤੀਆਂ ਨਹੀਂ ਚਾਹੁੰਦੀਆਂ ਸਨ ਕਿ ਨੇਪਾਲ ਪੂੰਜੀਵਾਦੀ ਲੋਕਰਾਜੀ ਗਣਰਾਜ ਤੋਂ ਅੱਗੇ ਵਧੇ। ਅਤੀਤ 'ਚ ਉਹ ਰਾਜਾਸ਼ਾਹੀ-ਜਾਗੀਰਦਾਰੀ ਨਾਲ ਤਾਲਮੇਲ ਬਿਠਾਈ ਬੈਠੀਆਂ ਰਹੀਆਂ। ਹੁਣ ਰਾਜਾਸ਼ਾਹੀ-ਜਾਗੀਰਦਾਰੀ ਦੇ ਭਰੋਸੇ ਪਿੱਛੋਂ ਉਹ ਨੇਪਾਲ ਨੂੰ ਇੱਕ ਪੂੰਜੀਵਾਦੀ ਦੇਸ਼ ਵਜੋਂ ਵੇਖਣਾ ਚਾਹੁੰਦੀਆਂ ਸਨ। ਇਸ ਵਿੱਚ ਵੀ ਉਹ ਖੱਤਰੀ-ਬ੍ਰਾਹਮਣ ਅਭਿਜਾਤਾਂ ਦੇ ਦਾਬੇ ਨੂੰ ਬਣਾਈ ਰੱਖਣਾ ਚਾਹੁੰਦੀਆਂ ਸਨ। ਰਾਜਾਸ਼ਾਹੀ ਦੇ ਗੋਡੇ ਟੇਕਣ ਦੇ ਨਾਲ ਹੀ ਨੇਪਾਲ ਦੀਆਂ ਇਹਨਾਂ ਦੋਨੋ ਮੁਖ ਸ਼ਕਤੀਆਂ-ਪੂੰਜੀਵਾਦੀ ਤੇ ਮਜ਼ਦੂਰਾਂ ਵਿਚਕਾਰ ਸੰਘਰਸ਼ ਸ਼ੁਰੂ ਹੋ ਗਿਆ।

ਨੇਪਾਲੀ ਕਾਂਗਰਸ ਤੇ ਨੇਕਪਾ (ਮਾਲੇ) ਵਰਗੀਆਂ ਪੂੰਜੀਵਾਦੀ ਸ਼ਕਤੀਆਂ ਨੇ ਲੋਕ ਸੰਘਰਸ਼ ਨਾਲ ਰਾਜਸ਼ਾਹੀ ਨੂੰ ਇੱਕੋ ਝਟਕੇ ਨਾਲ ਖਤਮ ਕਰਨ ਨੂੰ ਰੋਕਿਆ। ਉਸ ਪਿੱਛੋਂ ਉਹਨਾਂ ਨੇ ਸੰਵਿਧਾਨ ਸਭਾ ਦੀਆਂ ਚੋਣਾਂ ਨੂੰ ਜਿੱਥੋਂ ਤੱਕ ਹੋ ਸਕੇ ਟਾਲਣ ਦੀ ਕੋਸ਼ਿਸ਼ ਕੀਤੀ। ਇਸ ਤੋਂ ਉਲਟ ਮਜ਼ਦੂਰਾਂ ਦੀ ਨੁਮਾਇੰਦਾ ਮਾਓਵਾਦੀ ਪਾਰਟੀ ਇਨਕਲਾਬ ਨੂੰ ਅੱਗੇ ਲੈ ਜਾਣ ਲਈ ਹਰ ਸੰਭਵ ਜੋਰ ਲਾ ਰਹੀ ਸੀ। ਇਕ ਰਣਕੌਸ਼ਲ ਦੇ ਤਹਿਤ ਉਸ ਨੇ ਆਪਣੇ ਜ਼ਿਆਦਾਤਰ ਪਰਪੱਕ ਲੜਾਕਿਆਂ ਨੂੰ ਬੈਰਕਾਂ 'ਚ ਰੱਖ ਕੇ ਨੌਜਵਾਨ ਕਮਿਊਨਿਸਟ ਲੀਗ 'ਚ ਭਰਤੀ ਕਰ ਦਿੱਤਾ। ਜਿਸ ਨਾਲ ਪੂੰਜੀਵਾਦੀ ਲੋਕਤੰਤਰਿਕ ਗਣਤੰਤਰ ਦੇ ਦਾਇਰੇ 'ਚ ਸਮੇਟਣ ਲਈ ਪੂੰਜੀਵਾਦੀ ਪਾਰਟੀਆਂ ਨੇ ਦੋ ਤਰੀਕੇ ਅਪਣਾਏ। ਇੱਕ ਤਾਂ ਉਹਨਾਂ ਨੇ ਸੰਵਿਧਾਨ ਸਭਾ ਗਠਿਤ ਹੋਣ ਪਿੱਛੋਂ ਇਸ 'ਚ ਉਹਨਾਂ ਸਭ ਕਦਮਾਂ ਦਾ ਵਿਰੋਧ ਕੀਤਾ ਜੋ ਇਨਕਲਾਬ ਨੂੰ ਅੱਗੇ ਵਧਾ ਸਕਦੇ ਸਨ। ਸੰਵਿਧਾਨ ਸਭਾ 'ਚ ਬਹੁਮਤ 'ਚ ਹੋਣ ਕਾਰਨ ਉਹ ਅਕਸਰ ਇਸ 'ਚ ਕਾਮਯਾਬ ਹੀ ਰਹੇ। ਮਾਓਵਾਦੀ ਪਾਰਟੀ ਇੱਕ ਤੋਂ ਪਿੱਛੋਂ ਇੱਕ ਸਮਝੌਤਾ ਕਰਨ ਲਈ ਮਜਬੂਰ ਹੋਈ। ਇਸ ਨੇ ਉਸ ਅੰਦਰ ਡੂੰਘੇ ਅਸੰਤੋਸ਼ ਨੂੰ ਵੀ ਜਨਮ ਦਿੱਤਾ। ਦੂਜਾ ਉਹਨਾਂ ਨੇ ਬੈਰਕਾਂ 'ਚ ਰਹਿ ਰਹੀ ਮਾਓਵਾਦੀਆਂ ਦੀ ਫੌਜ ਨੂੰ ਨੇਪਾਲ ਦੀ ਫੌਜ 'ਚ ਬੇਹੱਦ ਸੀਮਤ ਪੱਧਰ ਤਕ ਰਲਾਉਣ ਦੀ ਕੋਸ਼ਿਸ਼ ਕੀਤੀ। ਕਿੰਨੇ ਲੜਾਕੇ ਨੇਪਾਲੀ ਸੇਵਾ 'ਚ ਇੱਕ ਜੁਟ ਹੋਣ ਅਤੇ ਕਿਹੜੇ ਅਹੁਦਿਆਂ 'ਤੇ, ਇਸ ਸਬੰਧੀ ਬਹੁਤ ਖਿਚੋਤਾਣ ਹੋਈ। ਅੰਤ 17 ਹਜ਼ਾਰ ਦੀ ਕੁਲ ਫੌਜ ਵਿੱਚੋਂ ਸਿਰਫ ਸਾਫੇ ਤਿੰਨ ਹਜ਼ਾਰ ਹੀ ਨੇਪਾਲੀ ਫੌਜ 'ਚ ਸ਼ਾਮਲ ਹੋਏ। ਬਾਕੀ ਸੇਵਾ ਮੁਕਤੀ ਲੈ ਕੇ ਘਰ ਚਲੇ ਗਏ। ਖਿਚੋਤਾਣ ਦੇ ਇਸ ਲੰਮੇ ਅਮਲ ਨੇ ਪੂੰਜੀਵਾਦੀ ਸ਼ਕਤੀਆਂ ਨੂੰ ਫਾਇਦਾ ਪਹੁੰਚਾਇਆ ਅਤੇ ਇਨਕਲਾਬੀ ਸ਼ਕਤੀਆਂ ਨੂੰ ਨੁਕਸਾਨ। ਸੰਵਿਧਾਨ ਸਭਾ ਤੱਕ ਖੁਦ ਨੂੰ ਸੀਮਤ ਕਰਕੇ, ਉਸ ਨਾਲ ਆਪਣੇ ਆਪ ਨੂੰ ਨੱਥੀ ਕਰਕੇ ਮਾਓਵਾਦੀਆਂ ਨੇ ਇੱਕ ਤੋਂ ਬਾਅਦ ਇਕ ਸਮਝੌਤੇ ਕੀਤੇ ਸਨ। ਇਸ ਨੇ ਉਹਨਾਂ ਅੰਦਰ ਫੁਟ ਬਿਖਰਾਅ ਨੂੰ ਪੈਦਾ ਕੀਤਾ। ਉਸ ਦੀ ਅੰਤਿਮ ਰਣਨੀਤੀ ਇਹ ਹੋਈ ਕਿ ਕਿਰਨ ਬਾਦਲ ਦੀ ਅਗਵਾਈ 'ਚ ਮਾਓਵਾਦੀ ਪਾਰਟੀ ਦਾ ਕੋਈ ਇੱਕ ਤਿਹਾਈ ਹਿੱਸਾ ਜੂਨ 2012 'ਚ ਪਾਰਟੀ ਤੋਂ ਵੱਖ ਹੋ ਗਿਆ ਤੇ ਉਸ ਨੇ ਇਕ ਨਵੀਂ ਪਾਰਟੀ ਬਣਾਉਣ ਦਾ ਐਲਾਨਦਿਆਂ ਨੇਪਾਲ 'ਚ ਬਗਾਵਤ ਕਰਨ ਤੇ ਲੋਕ ਗਣਰਾਜ

ਐਲਾਨਣ ਦੀ ਗੱਲ ਕਰ ਰਿਹਾ ਹੈ।

ਸੰਵਿਧਾਨ ਸਭਾ ਬਗੈਰ ਨਵਾਂ ਸੰਵਿਧਾਨ ਬਣਾਏ ਭੰਗ ਹੋ ਜਾਣ ਦੇ ਬਾਵਜੂਦ ਨੇਪਾਲ ਅੱਜ ਉਥੇ ਨਹੀਂ ਖੜ੍ਹਾ ਹੈ। ਜਿਥੇ ਉਹ ਵੀਹ ਸਾਲ ਪਹਿਲਾਂ ਸੀ। ਲੋਕਯੁੱਧ ਅਤੇ ਉਸ ਤੋਂ ਪਿਛੋਂ ਦੇ ਅਰਸੇ 'ਚ ਨੇਪਾਲ 'ਚ ਇੱਕ ਵੱਡੀ ਤਬਦੀਲੀ ਆ ਚੁੱਕੀ ਹੈ। ਨੇਪਾਲ 'ਚ ਰਾਜਾਸ਼ਾਹੀ-ਜਗੀਰਦਾਰੀ ਦੇ ਤਹਿਤ ਪੰਚਾਇਤ ਜਨਤੰਤਰ ਹੋਣ ਦੀ ਬਜਾਏ ਅੱਜ ਨੇਪਾਲ 'ਚ ਬੁਰਜੂਆ ਜਮਹੂਰੀਅਤ ਹੈ। ਇਹ ਸਿਰਫ ਨਾਂ ਦੀ ਤਬਦੀਲੀ ਨਹੀਂ ਹੈ। ਇਹ ਇਸ ਗੱਲ ਦਾ ਸੂਚਕ ਹੈ ਕਿ ਨੇਪਾਲ ਤੋਂ ਪੁਰਾਣੀਆਂ ਰਾਜਾਸ਼ਾਹੀ-ਜਾਗੀਰਦਾਰੀ ਸ਼ਕਤੀਆਂ ਦਾ ਦਾਬਾ ਖਤਮ ਕਰਕੇ ਉਥੇ ਬੁਰਜੂਆ ਜਮਹੂਰੀਅਤ ਸਥਾਪਤ ਹੋ ਗਈ ਹੈ। ਇਹ ਨੇਪਾਲ ਦੇ ਬੁਰਜੂਆ ਇਨਕਲਾਬ ਦੀ ਦੇਣ ਹੈ। ਇਹ ਅੱਗੇ ਸਮਾਜਵਾਦ ਵੱਲ ਅੱਗੇ ਨਹੀਂ ਵਧ ਸਕੀ ਹੈ। ਤਾਂ ਇਸ ਦੇ ਵਸਤੂਗਤ ਤੇ ਮਨੋਗਤ ਦੋਨੋ ਕਾਰਨ ਹਨ। ਵਸਤੂਗਤ ਕਾਰਨ ਤਾਂ ਇਹ ਹੈ ਕਿ ਨੇਪਾਲ ਦੀ ਇਨਕਲਾਬ ਇੱਕ ਛੋਟੇ ਦੇਸ਼ 'ਚ ਹੋ ਰਿਹਾ ਇਕੱਲਾ ਇਨਕਲਾਬ ਸੀ। ਇਸ ਸਮੇਂ ਸੰਸਾਰ 'ਚ ਇਨਕਲਾਬਾਂ ਦਾ ਦੌਰ ਨਹੀਂ ਸੀ। ਸਾਮਰਾਜੀਆਂ ਦੇ ਦਾਬੇ ਹੇਠ ਏਕੀਕ੍ਰਿਤ ਤੇ ਵਿਸ਼ਵ ਪੂੰਜੀਵਾਦੀ ਦੁਨੀਆਂ 'ਚ ਇਕ ਇਕੱਲੇ ਛੋਟੇ ਪਿਛੜੇ ਦੇਸ਼ 'ਚ ਪੂੰਜੀਵਾਦ-ਸਾਮਰਾਜਵਾਦ ਦੇ ਦਾਬੇ ਨੂੰ ਤੋੜਨ ਵਾਲੇ ਇਨਕਲਾਬ ਦੀ ਸਫਲਤਾ ਦੀ ਗੁੰਜਾਇਸ਼ ਬਹੁਤ ਘੱਟ ਰਹਿ ਜਾਂਦੀ ਹੈ। ਨੇਪਾਲੀ ਇਨਕਲਾਬ ਤੇ ਭਾਰਤੀ ਵਿਸਥਾਰਵਾਦ ਤੇ ਸਾਮਰਾਜਵਾਦ ਦਾ ਦਬਾਅ ਬਹੁਤ ਜ਼ਿਆਦਾ ਸੀ ਤੇ ਉਥੇ ਦੀਆਂ ਪੂੰਜੀਵਾਦੀ ਸ਼ਕਤੀਆਂ ਦੀ ਤਾਕਤ ਨੂੰ ਇਹ ਬਹੁਤ ਵਧਾ ਰਿਹਾ ਸੀ। ਖੁਦ ਨੇਪਾਲ ਦਾ ਆਪਣਾ ਪਿਛੜਾਪਣ ਤੇ ਸਾਧਨਾਂ ਤੋਂ ਵਾਂਝਾ ਹੋਣਾ ਇਨਕਲਾਬ ਦੇ ਸਮਾਜਵਾਦ ਵੱਲ ਅੱਗੇ ਵਿਕਾਸ 'ਚ ਵੱਡਾ ਅੜਿਕਾ ਸੀ। ਇਹਨਾਂ ਸਥਿਤੀਆਂ 'ਚ ਕ੍ਰਾਂਤੀ ਦੀ ਏਨੀ ਸਫਲਤਾ ਵੀ ਵੱਡੀ ਪ੍ਰਾਪਤੀ ਸੀ।

ਕਠਿਨ ਵਸਤੂਗਤ ਹਾਲਤਾਂ ਤੋਂ ਇਲਾਵਾ ਨੇਪਾਲ ਦੀ ਮਾਓਵਾਦੀ ਪਾਰਟੀ ਦੀ ਗਲਤ ਵਿਚਾਰਧਾਰਕ ਪੁਜ਼ੀਸ਼ਨ ਨੇ ਇਨਕਲਾਬ ਨੂੰ ਕੰਮਜੋਰ ਕਰਨ 'ਚ ਭੂਮਿਕਾ ਅਦਾ ਕੀਤੀ। ਉਨ੍ਹਾਂ ਦੀ ਗਲਤੀ ਇਹ ਨਹੀਂ ਸੀ ਕਿ ਉਹ ਇੱਕ ਰਣਕੌਸ਼ਿਲ ਵਜੋਂ ਇਨਕਲਾਬ ਨੂੰ 2004-05 ਦੇ ਫਾਂਸ ਤੋਂ ਅੱਗੇ ਵਧਾਉਣ ਲਈ, ਸੰਵਿਧਾਨ ਸਭਾ ਨਾਲ ਨੱਥੀ ਕਰ ਲਿਆ। ਉਹਨਾਂ ਨੇ ਸੰਵਿਧਾਨ ਸਭਾ ਦੀ ਪ੍ਰਵਾਹ ਪੂੰਜੀਵਾਦੀ ਪਾਰਟੀਆਂ ਤੋਂ ਵੱਧ ਕੀਤੀ। ਉਸ ਦੀਆਂ ਜੜ੍ਹਾਂ ਜਮਹੂਰੀਅਤ ਦੇ ਦੌਰ 'ਚ ਉਹਨਾਂ ਦੀ ਗਲਤ ਸਮਝ ਵਿੱਚ ਹਨ। ਜਨਵਾਦ ਬਾਰੇ ਉਹ ਕਿਸੇ ਹੱਦ ਤੱਕ ਪੂੰਜੀਵਾਦੀ ਕੁਰਾਹਿਆਂ ਦਾ ਸ਼ਿਕਾਰ ਸਨ। ਇਹਨਾਂ ਕਾਰਕਾਂ ਕਰਕੇ ਅੱਜ ਨੇਪਾਲ ਕ੍ਰਾਂਤੀ ਇਕ ਦੋਰਾਹੇ 'ਤੇ ਖੜ੍ਹੀ ਹੈ। ਵਿਧਾਨ ਸਭਾ ਦੇ ਸੰਵਿਧਾਨ ਬਣਾਏ ਬਗੈਰ ਭੰਗ ਹੋ ਜਾਣ ਕਰਕੇ ਨੇਪਾਲ 'ਚ ਜੋ ਅਸਥਿਰਤਾ ਪੈਦਾ ਹੋਈ ਹੈ। ਉਸ ਦੀ ਵਰਤੋਂ ਕਰਕੇ ਨੇਪਾਲੀ ਇਨਕਲਾਬੀ ਇਨਕਲਾਬ ਨੂੰ ਅੱਗੇ ਵਧਾ ਸਕਦੇ ਹਨ, ਪਰ ਇਸ ਲਈ ਉਹਨਾਂ ਨੂੰ ਸਹੀ ਵਿਚਾਰਧਾਰਾ ਗ੍ਰਹਿਣ ਕਰਨੀ ਪੈਣੀ ਹੈ। ਫਿਲਹਾਲ ਇਹ ਔਖਾ ਲੱਗਦਾ ਹੈ। ਕਿਰਨ-ਬਾਦਲ ਧੜਾ ਸਹੀ ਦਿਸ਼ਾ 'ਚ ਵਧਣ ਬਦਲੇ ਸਿਰਫ ਖੱਬੇ ਪੱਖੀ ਲਫਾਜੀ 'ਚ ਮਸ਼ਰੂਫ ਹੈ। ਪਰ ਜੇ ਇਨਕਲਾਬ ਅੱਗੇ ਨਹੀਂ ਵਧਦਾ ਤੇ ਨੇਪਾਲ ਇਕ ਲੋਕਰਾਜੀ ਗਣਰਾਜ ਤਕ ਸੀਮਤ ਹੋ ਕੇ ਰਹਿ ਜਾਂਦਾ ਹੈ ਤਦ ਵੀ ਕੋਈ ਨਿਰਾਸ਼ਾ ਵਾਲੀ ਗੱਲ ਨਹੀਂ। ਨੇਪਾਲ

ਦੀ ਇਸ ਬੁਰਜੂਆ ਕ੍ਰਾਂਤੀ ਨੇ ਏਨਾ ਤਾਂ ਹਾਸਲ ਕਰ ਹੀ ਲਿਆ ਹੈ। ਭਵਿੱਖ 'ਚ ਜਦ ਦੁਨੀਆਂ ਭਰ 'ਚ ਸਮਾਜਵਾਦੀ ਇਨਕਲਾਬਾਂ ਦੀ ਨਵੀਂ ਲੜੀ ਤੋਂ ਸ਼ੁਰੂ ਹੋਵੇਗੀ ਤਾਂ ਨੇਪਾਲ ਨੂੰ ਵੀ ਸਮੇਟ ਲਵੇਗੀ। ਹਾਂ। ਭਵਿੱਖ ਦੀ ਇਸ ਸਮਾਜਵਾਦੀ ਕ੍ਰਾਂਤੀ ਲਈ ਨੇਪਾਲੀ ਇਨਕਲਾਬੀਆਂ ਨੂੰ ਹੁਣ ਤੋਂ ਤਿਆਰ ਕਰਨੀ ਹੋਵੇਗੀ। ਮਜ਼ਦੂਰ ਵਰਗ ਤੇ ਹੋਰ ਮਿਹਨਤਕਸ਼ ਲੋਕਾਂ ਨੂੰ ਇਸ ਲਈ ਲਾਮਬੰਦੀ ਕਰਨ ਤੋਂ ਇਲਾਵਾ ਇਸ ਲਈ ਜ਼ਰੂਰੀ ਹੈ ਕਿ ਨੇਪਾਲ ਦੇ ਇਨਕਲਾਬੀ ਸਹੀ ਇਨਕਲਾਬੀ ਵਿਚਾਰਧਾਰਾ ਗ੍ਰਹਿਣ ਕਰਨ। ਉਮੀਦ ਹੈ ਕਿ ਅਤੀਤ ਦੇ ਸਾਰ-ਸੰਕਲਨ ਤੋਂ ਉਹ ਅਜਿਹਾ ਕਰਨ 'ਚ ਕਾਮਯਾਬ ਹੋਣਗੇ।

# ਬੇਇਨਸਾਫੀ ਦੇ ਲੰਬੇ ਹੱਥ ਕਦੋਂ ਤੱਕ?

"ਜੇ ਇਹੀ ਫੈਸਲਾ ਹੈ ਤਾਂ ਕੀ ਸੋਲ੍ਹਾਂ ਸਾਲ ਪਹਿਲਾਂ ਉਹ ਲੋਕ ਕਿਸੇ ਬੀਮਾਰੀ ਨਾਲ ਮਰੇ ਸਨ? ਜੇ ਸਾਰੇ ਦੋਸ਼ੀ ਬੇਗੁਨਾਹ ਹਨ ਤਾਂ ਕੀ ਕਤਲੇਆਮ ਆਪਣੇ ਆਪ ਹੋ ਗਿਆ? ਮੈਂ ਤਾਂ ਪਿੰਡ 'ਚੋਂ ਵਿਛੜ ਗਿਆ ਪਰ ਜੋ ਲੋਕ ਇਨਸਾਫ ਦੀ ਉਮੀਦ 'ਚ ਅੱਜ ਤਕ ਪਿੰਡ 'ਚ ਵਸੇ ਹਨ, ਉਹਨਾਂ ਨੂੰ ਭਿਅੰਕਰ ਧੱਕਾ ਲੱਗਿਆ ਹੈ। ਸਮਝ 'ਚ ਨਹੀਂ ਆਉਂਦਾ ਕਿ ਗੁਨਾਹਗਾਰਾਂ ਨੂੰ ਕਿਸ ਕਾਨੂੰਨ ਤਹਿਤ ਬਰੀ ਕੀਤਾ ਗਿਆ ਹੈ? ਗੁੱਸੇ ਤੇ ਨਿਰਾਸ਼ਾ ਭਰੇ ਇਜ਼ਹਾਰ ਹਨ ਇਹ ਨਈਮੁਦੀਨ ਦੇ। ਬਿਹਾਰ ਦੇ ਭੋਜਪੁਰ ਜ਼ਿਲ੍ਹੇ ਦੇ ਖੂੰਖਾਰ ਬਥਾਨੀ ਟੋਲਾ ਹੱਤਿਆਕਾਂਡ 'ਚ ਨਈਮੁਦੀਨ ਦੇ ਪ੍ਰੀਵਾਰ ਦੇ ਛੇ ਮੈਂਬਰ ਮਾਰੇ ਗਏ ਸਨ।

ਨਈਮੁਦੀਨ ਬਥਾਨੀ ਟੋਲਾ ਕਤਲੇਆਮ ਦੇ ਪੀੜਤ ਹੀ ਨਹੀਂ ਹਨ ਬਲਕਿ ਮੁਖ ਗਵਾਹ ਵੀ ਹਨ। ਉਹਨਾਂ ਨੇ ਸਰਕਾਰੀ ਮੁਸ਼ਕਲਾਂ ਦੇ ਬਾਵਜੂਦ ਹੇਠਲੀ ਅਦਾਲਤ 'ਚ ਕਈ ਵਾਰ ਗਵਾਹੀਆਂ ਦਿੱਤੀਆਂ ਸਨ। ਕਾਂਡ ਪਿਛੋਂ ਨਈਮੁਦੀਨ ਆਰਾ ਸ਼ਹਿਰ 'ਚ ਵਸ ਗਏ ਸਨ ਪਰ ਉਹਨਾਂ ਦਾ ਮਨ ਅੱਜ ਵੀ ਬਥਾਨੀ ਵਿਚ ਵਸਦਾ ਹੈ। ਇਹ ਮਨੋਦਿਸ਼ਾ ਇੱਕਲੇ ਨਈਮੁਦੀਨ ਦੀ ਨਹੀਂ ਹੈ ਬਲਕਿ ਬਥਾਨੀ ਟੋਲਾ ਦੇ ਸੈਂਕੜੇ ਲੋਕ ਗਹਿਰੇ ਸਦਮੇ ਵਿਚ ਹਨ, ਉਹਨਾਂ ਦੇ ਮਨ ਵਿਚ ਲੋਭ ਹੈ, ਤੇ ਜੁਬਾਨ 'ਤੇ ਸੁਆਲ, ਬੁਢੇ ਨਿਰਾਸ਼ ਹਨ ਤਾਂ ਨੌਜਵਾਨ ਖੌਫ਼ਜਦਾ। ਸੁਪਰੀਮ ਕੋਰਟ 'ਚ ਅਪੀਲ ਕਰਨ ਦਾ ਵਿਕਲਪ ਵੀ ਉਹਨਾਂ ਨੂੰ ਭਰੋਸਾ ਨਹੀਂ ਦਿਵਾਉਂਦਾ। ਜ਼ਿਲ੍ਹਾ ਪ੍ਰੀਸ਼ਦ ਮੈਂਬਰ ਰਹਿ ਚੁੱਕੇ ਕਪਿਲ ਸ਼ਾਵ ਕਹਿੰਦੇ ਹਨ 'ਸਾਡੇ ਕੋਲ ਸੁਪਰੀਮ ਕੋਰਟ 'ਚ ਮੁਕੱਦਮਾ ਲੜਨ ਲਈ ਪੈਸਾ ਕਿੱਥੇ ਹੈ।

ਅਸੀਂ ਤਾਂ ਰੋਜ਼ ਕਮਾਉਣ ਤੇ ਰੋਜ਼ ਖਾਣ ਵਾਲਿਆਂ 'ਚੋਂ ਹਾਂ। ਯਾਦ ਰਹੇ ਕਿ ਜੁਲਾਈ 1996 ਨੂੰ ਭਰੀ ਦੁਪਹਿਰੀ 'ਚ ਬਥਾਨੀ ਟੋਲਾ 'ਚ ਕਰੂਰ ਕਤਲੇਆਮ ਹੋਇਆ ਸੀ ਜਿਸ ਵਿਚ ਤਿੰਨ ਮਹੀਨੇ ਦੀ ਦੁੱਧ ਮੂੰਹੀ ਬੱਚੀ ਤਕ ਨੂੰ ਨਹੀਂ ਬਖ਼ਸ਼ਿਆ ਗਿਆ, ਪਰ ਸੋਲ੍ਹਾਂ ਸਾਲਾਂ ਤੋਂ ਮ੍ਰਿਤਕਾਂ ਦੇ ਸਕੇ ਸਬੰਧੀਆਂ ਤੋਂ ਇਲਾਵਾ ਸੈਂਕੜੇ ਲੋਕ ਆਸ ਲਾਈ ਬੈਠੇ ਸਨ ਕਿ ਇਕ ਦਿਨ ਹਤਿਆਰਿਆਂ ਨੂੰ ਸਜ਼ਾ ਜ਼ਰੂਰ ਮਿਲੇਗੀ। ਪਰ ਲੰਬੇ ਇੰਤਜ਼ਾਰ ਪਿਛੋਂ ਪਟਨਾ ਹਾਈਕੋਰਟ ਤੋਂ ਜੋ ਫੈਸਲਾ ਆਇਆ ਉਸ ਨੇ ਉਸ ਵੇਲੇ ਦੀ ਲਾਲੂ ਪ੍ਰਸ਼ਾਦ ਸਰਕਾਰ ਤੋਂ ਇਲਾਵਾ ਮੌਜੂਦਾ ਨਿਤੀਸ਼ ਸਰਕਾਰ ਦੇ ਮੱਥੇ 'ਤੇ ਅਜੇਹਾ ਦਾਗ਼ ਲਾ ਦਿੱਤਾ ਜਿਸ ਨੂੰ ਸ਼ਾਇਦ ਮਿਟਾਇਆ ਨਹੀਂ ਜਾ ਸਕੇਗਾ। ਸੋਲ੍ਹਾਂ ਅਪ੍ਰੈਲ ਨੂੰ ਆਇਆ 57 ਸਫਿਆਂ ਦਾ ਫੈਸਲਾ ਤੇ ਉਸ ਦੀਆਂ ਇਬਾਰਤਾਂ ਇਸ ਗੱਲ ਦਾ ਸਬੂਤ ਹਨ।

ਨਿਆਂ ਮੂਰਤੀ ਨਵਨੀਤ ਪ੍ਰਸ਼ਾਦ ਸਿੰਘ ਅਤੇ ਨਿਆਂ ਮੂਰਤੀ ਅਸ਼ਵਨੀ ਕੁਮਾਰ ਸਿੰਘ ਦੀ ਬੈਂਚ ਨੇ ਆਪਣੇ ਫੈਸਲੇ 'ਚ ਕਈ ਵਾਰੀ ਅਜੇਹੀਆਂ ਗੱਲਾਂ ਦਾ ਜ਼ਿਕਰ ਕੀਤਾ, ਜਿਸ ਤੋਂ ਪਤਾ ਲੱਗਦਾ ਹੈ ਕਿ ਉਸ ਵੇਲੇ ਦੇ ਰਾਜ ਪ੍ਰਸ਼ਾਸਨ ਨੇ ਇਸ ਹੱਤਿਆ ਕਾਂਡ ਦੀ ਖੋਜ਼ ਭਾਲ ਅਤੇ ਗਵਾਹਾਂ-ਸਬੂਤਾਂ ਆਦਿ ਨੂੰ ਇੱਕਠਾ ਕਰਨ ਤੇ ਰਾਖੀ ਕਰਨ 'ਚ ਸੋਚੀ-ਸਮਝੀ ਲਾਹਪ੍ਰਵਾਹੀ ਵਰਤੀ ਸੀ। ਅਠਵੇਂ ਅਨੁਛੇਦ 'ਚ ਨਿਆਂ

ਮੂਰਤੀ-ਦਿਵਿਆ ਨੇ ਲਿਖਿਆ ਹੈ ਕਿ 'ਸਾਨੂੰ ਖੇਦ ਹੈ ਕਿ ਇਸ ਤਰ੍ਹਾਂ ਦਾ ਭਿਅੰਕਰ ਹੱਤਿਆਕਾਂਡ ਹੋਇਆ ਜਿਸ 'ਚ 20 ਤੋਂ ਵੱਧ ਲੋਕਾਂ ਦੀ ਬੇਰਹਿਮ ਤਰੀਕੇ ਨਾਲ ਹੱਤਿਆ ਕਰ ਦਿੱਤੀ ਗਈ।

ਮ੍ਰਿਤਕਾਂ 'ਚ ਸਿਰਫ ਇਕ ਮਰਦ ਸੀ। ਤਿੰਨ ਮਹੀਨਿਆਂ ਦੇ ਬੱਚੇ ਨੂੰ ਵੀ ਨਹੀਂ ਬਖ਼ਸ਼ਿਆ ਗਿਆ। ਸਾਰੇ ਤੱਥਾਂ ਦੇ ਮੱਦੇਨਜ਼ਰ ਅਦਾਲਤ ਇਸ ਸਿੱਟੇ 'ਤੇ ਪਹੁੰਚੀ ਹੈ ਕਿ ਜਿਹਨਾਂ ਲੋਕਾਂ ਨੇ ਇਸ ਹੱਤਿਆਕਾਂਡ ਨੂੰ ਅੰਜ਼ਾਮ ਦਿੱਤਾ ਉਹਨਾਂ ਦੀ (ਪਹਿਚਾਣ ਲਈ) ਨਿਰਪੱਖ ਜਾਂਚ ਹੋਈ ਹੀ ਨਹੀਂ। ਜਾਂਚ ਸਚਾਈ ਤੋਂ ਦੂਰ ਇਕ ਖਾਸ ਦਿਸ਼ਾ ਵੱਲ ਨਿਰਦੇਸ਼ਿਤ ਸੀ। ਜਾਂਚ ਏਜੰਸੀ (ਪੁਲਸ) ਤੇ ਦੋਸ਼ੀ ਪੱਖ ਨੇ ਜਾਣ ਬੁਝ ਕੇ ਸਚਾਈ 'ਤੇ ਮਿੱਟੀ ਪਾ ਦਿੱਤੀ।' ਯਾਦ ਰਹੇ ਕਿ ਲਗਭਗ ਦੋ ਸਾਲ ਪਹਿਲਾਂ ਆਰਾ ਦੇ ਵਧੀਕ ਪੱਧਰ ਦੇ ਜੱਜ ਅਜੈ ਕੁਮਾਰ ਸ੍ਰੀ ਵਾਸਤਵ ਦੀ ਅਦਾਲਤ ਨੇ ਬਥਾਨੀ ਹੱਤਿਆਕਾਂਡ ਦੇ ਤਿੰਨ ਦੋਸ਼ੀਆਂ ਨੂੰ ਫਾਂਸੀ ਤੇ 20 ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਸੀ ਜਿਸ ਨੂੰ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ। ਹਾਈ ਕੋਰਟ ਨੇ ਪੁਲਸ ਦੀ ਜਾਂਚ ਤੇ ਪੀੜਤ ਪੱਖ ਵਲੋਂ ਪੇਸ਼ ਕੀਤੇ ਚਸ਼ਮਦੀਦ ਗਵਾਹਾਂ ਦੀ ਗਵਾਹੀ ਨੂੰ ਵਿਸ਼ਵਾਸ ਯੋਗ ਕਰਾਰ ਦਿੰਦਿਆਂ ਸਭ ਦੋਸ਼ੀਆਂ ਨੂੰ ਬਰੀ ਕਰ ਦਿੱਤਾ। ਇਹ ਕਾਰਨ ਹੈ ਕਿ ਇਕ ਵਾਰ ਫਿਰ ਹਤਿਆਕਾਂਡ ਦੀ ਜਾਂਚ ਪੜਤਾਲ, ਨਿਆਂ ਅਮਲ, ਸਰਕਾਰੀ ਪੱਖ ਦੀ ਸੁਸਤੀ ਆਦਿ ਕਾਰਨ ਬਿਹਾਰ 'ਚ ਗੰਭੀਰ ਬਹਿਸ ਆਰੰਭ ਹੋ ਗਈ ਹੈ ਤੇ ਤਰ੍ਹਾਂ-ਤਰ੍ਹਾਂ ਦੇ ਸੁਆਲ ਉਠ ਰਹੇ ਹਨ।

ਸੁਆਲਾਂ ਦਾ ਦਾਇਰਾ ਬਥਾਨੀ ਟੋਲਾ ਦੇ ਉਜੜੇ ਦਾਇਰਿਆਂ 'ਚ ਨਿਆਂ ਦੀ ਅਰਜ਼ ਕਰਦੇ ਜ਼ਖਮੀ ਰਿਸਤੇਦਾਰਾਂ ਤਕ ਹੀ ਸੀਮਤ ਨਹੀਂ ਹੈ ਬਲਕਿ ਕੁਝ ਹੀ ਦੂਰ ਤਕ ਸਥਿਤ ਬੜਕੀ ਖੜਾਂਵ ਟੋਲੇ ਤਕ ਫੈਲਿਆ ਹੋਇਆ ਹੈ। ਜਿਹਨਾਂ ਨੂੰ ਦੋਸ਼ੀ ਬਣਾਇਆ ਗਿਆ ਸੀ, ਉਹ ਲੋਕ ਬੜਕੀ ਗੜਾਂਵ ਟੋਲੇ ਦੇ ਹੀ ਹਨ। ਪੈਂਤੀ ਸਾਲਾ ਮੁੰਨਾ ਸਿੰਘ ਨੂੰ ਨਿਚਲੀ ਅਦਾਲਤ ਨੇ ਉਮਰ ਕੈਦ ਦੀ ਸਜ਼ਾ ਸੁਣਾਈ ਸੀ ਅਤੇ ਉਹ ਕਈ ਸਾਲ ਜੇਲ੍ਹ 'ਚ ਵੀ ਰਿਹਾ। ਮੁੰਨਾ ਸਿੰਘ ਕਹਿੰਦੇ ਹਨ 'ਝੂਠੇ ਮੁਕੱਦਮੇ 'ਚ ਮੈਨੂੰ ਫਸਾ ਕੇ ਬਰਬਾਦ ਕਰ ਦਿੱਤਾ ਗਿਆ। ਜ਼ਿੰਦਗੀ 'ਚ ਕਦੀ ਕੁੱਤੇ ਤਕ ਦੇ ਸੋਟੀ ਨਹੀਂ ਮਾਰੀ ਤੇ ਮੈਨੂੰ ਹੱਤਿਆਕਾਂਡ ਦਾ ਦੋਸ਼ੀ ਬਣਾ ਦਿੱਤਾ ਗਿਆ। ਮੁਕੱਦਮਾ ਲੜਨ 'ਚ ਸਾਢੇ ਤਿੰਨ ਵਿੱਘੇ ਜ਼ਮੀਨ ਵਿਕ ਗਈ। ਬੱਚਿਆਂ ਦੀ ਪੜ੍ਹਾਈ ਲਿਖਾਈ ਵੀ ਤਹਿਸ-ਨਹਿਸ ਹੋ ਗਈ। ਕੀ ਉਸ ਦੀ ਪੂਰਤ ਕਦੀ ਹੋ ਸਕੇਗੀ?'

ਸੁਆਲ ਰਾਜਸੀ ਹਲਕਿਆਂ 'ਚ ਵੀ ਉਠ ਰਹੇ ਹਨ, ਜਿਥੇ ਹਰ ਰਾਜਸੀ ਪਾਰਟੀ ਵਿਰੋਧੀ ਪਾਰਟੀ ਨੂੰ ਇਸ ਲਈ ਜ਼ਿੰਮੇਵਾਰ ਠਹਿਰਾ ਰਹੀ ਹੈ। ਭਾਕਾਪਾ (ਮਾ.ਲੇ) ਦੇ ਆਰਾ ਦਫਤਰ ਸਕੱਤਰ ਅਸ਼ੋਕ ਕੁਮਾਰ ਸਿੰਘ ਕਹਿੰਦੇ ਹਨ ਕਿ 'ਲਾਲੂ ਸਰਕਾਰ ਨੇ ਮਰਵਾਇਆ ਤੇ ਨਿਤੀਸ਼ ਕੁਮਾਰ ਨੇ ਛੁਡਾਇਆ ਹੁਣ ਫਿਰ ਤੋਂ ਧਮਕੀ ਦਿਤੀ ਜਾਣ ਲੱਗੀ ਹੈ। ਭੁਲਾ ਗੋਲਅ ਫਿਰ ਬਤਾਨੇ ਦੀ ਪੜੀ ਦਾ (ਭੁਲ ਗਏ ਫਿਰ ਦਸਣਾ ਪਊ ਕਿ?) ਅਜੇਹੇ 'ਚ ਖ਼ੂਨ ਖਰਾਬੇ ਦਾ ਦੌਰ ਫਿਰ ਤੋਂ ਸ਼ੁਰੂ ਹੋ ਜਾਵੇ ਤਾਂ ਇਸ ਲਈ ਕੌਣ ਜ਼ਿੰਮੇਵਾਰ ਹੋਊ?' ਦੂਜੇ ਪਾਸੇ ਹਾਕਮ ਪਾਰਟੀ ਦੇ ਨੇਤਾ ਕਹਿ ਰਹੇ ਹਨ ਕਿ ਕੋਤਾਹੀ ਤਤਕਾਲੀਨ (ਰਾਜਦ) ਸਰਕਾਰ ਨੇ ਵਰਤੀ ਸੀ ਜਦ ਕਿ ਰਾਜਦ ਨੇਤਾਵਾਂ ਦਾ ਦੋਸ਼ ਹੈ ਕਿ ਸਰਕਾਰ ਕਤਲੇਆਮ ਕਰਨ ਵਾਲਿਆਂ ਨਾਲ ਮਿਲੀ ਹੋਈ ਹੈ। ਕਾਂਡ ਦੇ ਸਮੇਂ

ਸਤਾਧਾਰੀ ਜਦ (ਯੂ) ਦੇ ਮੌਜੂਦਾ ਮੁਖੀ ਵਸਿਸ਼ਠ ਨਾਰਾਇਣ ਸਿੰਘ ਵਿਰੋਧੀ ਧਿਰ 'ਚ ਸਨ ਅਤੇ ਉਹਨਾਂ ਕਿਹਾ ਸੀ ਕਿ 'ਸਰਕਾਰ ਨੂੰ ਸਤ੍ਹਾ ਛੱਡ ਦੇਣੀ ਚਾਹੀਦੀ ਹੈ'। ਪਰ ਉਹ ਵਸਿਸ਼ਠ ਨਰਾਇਣ ਸਿੰਘ ਅੱਜ ਚੁੱਪ ਹਨ। ਸੱਚ ਤਾਂ ਇਹ ਹੈ ਕਿ ਦੋਸ਼-ਮੋੜਵੇਂ ਦੋਸ਼, ਪੀੜਤਾਂ ਦੇ ਦਰਦ ਤੇ ਦੋਸ਼ੀਆਂ ਦੇ ਗੁੱਸੇ 'ਚ ਮੁੱਖ ਸੁਆਲ ਗੁੰਮ ਹੋ ਗਿਆ ਹੈ। ਸੁਆਲ ਹੈ ਕਿ ਆਖਰ ਉਹ ਕਿਹੜਾ ਕਾਰਨ ਹੈ ਜਿਸ ਕਾਰਨ ਰਾਜ 'ਚ ਹੱਤਿਆਕਾਂਡਾਂ ਨਾਲ ਜੁੜੇ ਮੁਕਦਮਿਆਂ ਦੀ ਜਾਂਚ ਵੀ ਪੂਰੀ ਨਹੀਂ ਹੋ ਸਕਦੀ ਹੈ? ਡੇਢ-ਦੋ ਦਹਾਕੇ 'ਚ ਜੇ ਕੋਈ ਫੈਸਲਾ ਆਉਂਦਾ ਵੀ ਹੈ ਤਾਂ ਉਹ ਪੀੜਤਾਂ ਦੇ ਹੰਝੂ ਵੀ ਨਹੀਂ ਪੂੰਝਦਾ। ਬਥਾਨੀ ਟੋਲਾ ਕਾਂਡ ਦੇ ਪੁਲਸ ਖੋਜ ਤੇ ਕਾਰਵਾਈ ਤੇ ਗੌਰ ਕਰਨ ਨਾਲ ਅਜੇਹੇ ਸੁਆਲਾਂ ਦੇ ਜੁਆਬ ਮਿਲ ਜਾਂਦੇ ਹਨ। ਅਦਾਲਤ ਦੇ ਰਿਕਾਰਡ ਮੁਤਾਬਕ 'ਵੀਹ ਪੁਲਸ ਅਧਿਕਾਰੀ ਕਾਂਡ ਦੇ ਚਾਰ ਘੰਟੇ ਬਾਅਦ ਹੀ ਬਥਾਨੀ ਟੋਲਾ ਪਹੁੰਚ ਗਏ ਸਨ ਪਰ ਉਹਨਾਂ ਨੇ ਫਰਦ ਬਿਆਨ ਲੈਣ ਤੇ ਸਬੂਤ ਇੱਕਠੇ ਕਰਨ ਦੀਆਂ ਕੋਸ਼ਿਸ਼ਾਂ ਹੀ ਨਹੀਂ ਕੀਤੀਆਂ।

ਪਹਿਲਾਂ ਫਰਦ ਬਿਆਨ ਘਟਨਾ ਦੇ 12 ਘੰਟਿਆਂ ਪਿਛੋਂ ਲਿਆ ਗਿਆ ਤੇ ਇਸ ਦਾ ਕੋਈ ਦਲੀਲਬੱਧ ਕਾਰਨ ਅਦਾਲਤ ਨੂੰ ਨਹੀਂ ਦਸਿਆ ਗਿਆ। ਇਸ ਤੋਂ ਇਲਾਵਾ ਪੁਲਸ ਨੇ ਵਾਇਰਲੈਸ ਮੈਸੇਜ ਨੂੰ ਵੀ ਰਾਖਵਾਂ ਨਹੀਂ ਕੀਤਾ' ਘਟਨਾ ਸਮੇਂ ਬਥਾਨੀ ਟੋਲੇ ਦਾ ਇਕ ਕਿਲੋਮੀਟਰ ਦੇ ਦਾਇਰੇ 'ਚ ਤਿੰਨ ਪੁਲਸ ਪਿਕੇਟਸ ਮੌਜੂਦ ਸਨ। ਇਸ ਦੇ ਬਾਵਜੂਦ ਹਤਿਆਰਿਆਂ ਨੂੰ ਫੜਨ ਜਾਂ ਉਨ੍ਹਾਂ ਨਾਲ ਮੁਕਾਬਲਾ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਘਟਨਾ ਵਾਲੀ ਥਾਂ ਤੋਂ ਮੁੜ ਕੇ ਉਸ ਵੇਲੇ ਦੇ ਮੁੱਖ ਮੰਤਰੀ ਲਾਲੂ ਪ੍ਰਸ਼ਾਦ ਯਾਦਵ ਨੇ ਕਿਹਾ ਸੀ ਕਿ 'ਇਹ ਜਾਗੀਰੂ ਜਨੂੰਨ ਦਾ ਵਿਸਫੋਟ ਹੈ, ਸਰਕਾਰ ਰਹੇ ਜਾਂ ਜਾਵੇ ਅਸੀਂ ਅਪਰਾਧੀ ਨੂੰ ਖਦੇੜ ਕੇ ਹੀ ਦਮ ਲਵਾਂਗੇ' ਕਥਨੀ ਤੇ ਕਰਨੀ ਦੇ ਇਸ ਫਰਕ ਤੋਂ ਪਤਾ ਲਗਦਾ ਹੈ ਕਿ ਕਤਲੇਆਮ ਦੇ ਕੇਸਾਂ 'ਚ ਸਰਕਾਰ ਨੇ ਕਿਹੋ ਜਿਹਾ ਰਵੱਈਆ ਅਪਣਾਇਆ? ਨੇਤਾਵਾਂ ਦੇ ਇਸ ਦੋਹਰੇ ਰਵਈਏ ਨਾਲ ਦੋਸ਼ੀਆਂ ਦੇ ਬਚ ਕੇ ਨਿਕਲ ਜਾਣ ਦੇ ਰਾਜ ਤੋਂ ਵੀ ਪਰਦਾ ਉਠ ਗਿਆ ਹੈ। ਬਥਾਨੀ ਟੋਲਾ ਮਾਮਲੇ 'ਚ ਦੋਸ਼ ਪੂਰਨ ਜਾਂਚ ਪਿਛੋਂ ਬਚੀ ਖੁਚੀ ਕਮੀ ਮੌਜੂਦਾ ਸਰਕਾਰ ਨੇ ਪੂਰੀ ਕਰ ਦਿੱਤੀ। ਹਾਈ ਕੋਰਟ 'ਚ ਬਚਾਅ ਪੱਖ ਵਲੋਂ ਜਿਥੇ ਨਾਮੀ-ਗ੍ਰਾਮੀ 21 ਵਕੀਲਾਂ ਨੇ ਮੁਕੱਦਮੇ ਦੀ ਪੈਰਵੀ ਕੀਤੀ ਉਥੇ ਸਿਰਫ ਦੋ ਵਕੀਲ ਹੀ ਪੇਸ਼ ਕੀਤੇ ਗਏ।

ਨਿਤੀਸ਼ ਸਰਕਾਰ ਦੇ ਸੱਤਾ 'ਚ ਆਉਣ ਤੋਂ ਤੁਰੰਤ ਪਿਛੋਂ ਅਮੀਰ ਦਾਸ ਕਮਿਸ਼ਨ ਨੂੰ ਭੰਗ ਕਰ ਦਿੱਤਾ ਗਿਆ। ਇਸ ਦੇ ਕਾਰਨ ਵੀ ਸਰਕਾਰ ਦੀ ਮੰਸ਼ਾ 'ਤੇ ਉਂਗਲੀ ਉਠਦੀ ਰਹੀ ਹੈ। ਜ਼ਿਕਰਯੋਗ ਹੈ ਕਿ 1997 'ਚ ਉਸ ਵੇਲੇ ਦੀ ਸਰਕਾਰ ਨੇ ਰਣਬੀਰ ਸੈਨਾ ਤੇ ਰਾਜਸੀ ਆਗੂਆਂ ਦੀ ਮਿਲੀਭੁਗਤ ਦੀ ਜਾਂਚ ਲਈ ਇਹ ਕਮਿਸ਼ਨ ਬਣਾਇਆ ਸੀ, ਜਿਸ ਨੇ ਛੇ ਮਹੀਨਿਆਂ 'ਚ ਆਪਣੀ ਰੀਪੋਟ ਦੇਣੀ ਸੀ। ਪਰ 8 ਸਾਲ ਬੀਤ ਜਾਣ 'ਤੇ ਵੀ ਕਮਿਸ਼ਨ ਰੀਪੋਟ ਨਹੀਂ ਦੇ ਸਕਿਆ। ਦਰਅਸਲ ਸਰਕਾਰ ਦਾ ਸ਼ੱਕੀ ਰਵਈਆ ਬਥਾਨੀ ਟੋਲਾ ਕਤਲੇਆਮ ਤਕ ਹੀ ਸੀਮਤ ਨਹੀਂ ਹੈ। ਦਰਵਾਰ ਬਿਟਹਾ ਤੋਂ ਲੈ ਕੇ ਕਲੇਲਚਕ, ਬਘੌਰਾ, ਬਾਰਾ, ਸ਼ੁੰਕਰ ਬਿਗਹਾ, ਲਛਮਣਪੁਰ, ਬਾਥੇ, ਸੇਨਾਰੀ, ਮਿਆਂਪੁਰ, ਵਰਗੇ ਜ਼ਿਆਦਾਤਰ ਕਤਲੇਆਮ ਦੀ ਜਾਂਚ ਤੇ ਨਿਆਂਇਕ ਸੁਣਵਾਈ ਅਨਿਆਂ ਦੀ ਇਸ ਦਾਸਤਾਨ ਨੂੰ ਅੰਤਹੀਣ ਬਣਾ ਦਿੰਦੀ ਹੈ। ਸੇਨਾਰੀ

ਕਤਲੇਆਮ (1999) ਦੇ ਪੀੜਤ 40 ਸਾਲ ਪੰਕਜ਼ ਕੁਮਾਰ ਅਨੁਸਾਰ 'ਉਦੋਂ ਕਿਹਾ ਗਿਆ ਸੀ ਕਿ ਗੁਨਾਹਗਾਰਾਂ ਨੂੰ ਫਾਂਸੀ ਹੋਵੇਗੀ ਪਰ 13 ਸਾਲ ਪਿਛੋਂ ਵੀ ਪੁਲਸ ਫਰਾਰ ਦੋਸ਼ੀਆਂ ਨੂੰ ਫੜ ਨਹੀਂ ਸਕੀ ਹੈ। ਅਸੀਂ ਆਪਣੀ ਜਾਨ ਤਲੀ ਤੇ ਰਖ ਕੇ ਗਵਾਹੀ ਦੇਣ ਜਾਂਦੇ ਹਾਂ। ਜਿਥੇ ਪਿਛੜੇ ਵਰਗ ਦੇ ਲੋਕ ਮਾਰੇ ਜਾਂਦੇ ਹਨ ਉਥੇ ਗਵਾਹਾਂ ਨੂੰ ਪੁਲਸ ਸੁਰੱਖਿਆ ਦਿੰਦੀ ਹੈ ਪਰ ਸਾਨੂੰ ਖੁਦ ਜਾਣਾ ਪੈਂਦਾ ਹੈ' ਜ਼ਿਆਦਾਤਰ ਕੇਸਾਂ 'ਚ ਸਰਕਾਰ ਗਵਾਹਾਂ ਦੀ ਰਾਖੀ ਕਰਨ 'ਚ ਅਸਫਲ ਰਹੀ, ਜਿਸ ਕਾਰਨ ਲਗਭਗ ਸਾਰੇ ਮੁਕਦਮੇ ਦੇ ਕੁਝ ਗਵਾਹ ਐਨ ਮੌਕੇ 'ਤੇ ਮੁਕਰ ਗਏ। ਬਥਾਨੀ ਟੋਲਾ ਮਾਮਲੇ 'ਚ ਵੀ 13 'ਚੋਂ 8 ਗਵਾਹ ਹੀ ਅਦਾਲਤ 'ਚ ਪੇਸ਼ ਹੋਏ। ਦਲੇਲ ਚੱਕ-ਬਘੌਰਾ ਮਾਮਲੇ 'ਚ ਸ਼ਿਵਨੰਦਨ ਨਾਮਕ ਚਸ਼ਮਦੀਦ ਗਵਾਹ ਨੂੰ ਇਸ ਲਈ ਮਾਰ ਦਿਤਾ ਗਿਆ ਕਿ ਉਹਨਾਂ ਨੇ ਹਮਲੇ ਦੇ ਦੋਸ਼ੀ ਸੰਗਠਿਨ ਦੀ ਮਨਾਹੀ ਦੇ ਬਾਵਜੂਦ ਗਵਾਹੀ ਦਿਤੀ ਸੀ। ਇਸ ਤਰ੍ਹਾਂ ਲਕਸ਼ਮਣਪੁਰ, ਬਾਥੇ ਕਤਲੇਆਮ 'ਚ 44 ਲੋਕਾਂ 'ਤੇ ਦੋਸ਼ ਲਾਏ ਗਏ ਸਨ ਜਿਹਨਾਂ 'ਚੋਂ 17 ਗਵਾਹਾਂ ਸਬੂਤਾਂ ਦੀ ਘਾਟ ਕਾਰਨ ਹੇਠਲੀ ਅਦਾਲਤ 'ਚੋਂ ਬਰੀ ਹੋ ਗਏ ਹਨ।

ਤਿੰਨ ਦੋਸ਼ੀ ਅਜੇ ਭਗੌੜੇ ਹਨ। ਰਣਬੀਰ ਸੈਨਾ ਦੇ ਮਘਧ ਖੇਤਰ ਦੇ ਸਾਬਕਾ ਕਮਾਂਡਰ ਧਰਮਾ ਸਿੰਘ ਨੂੰ ਬਾਥੇ ਕਤਲੇਆਮ ਦਾ ਮੁੱਖ ਦੋਸ਼ੀ ਮੰਨਿਆ ਜਾਂਦਾ ਹੈ। ਹੇਠਲੀ ਅਦਾਲਤ ਨੇ ਉਹਨਾਂ ਨੂੰ ਫਾਂਸੀ ਦੀ ਸਜ਼ਾ ਸੁਣਾ ਰਖੀ ਹੈ। ਪਰ ਧਰਮਾ ਸਿੰਘ ਅਜੇ ਤਕ ਭਗੌੜਾ ਹੈ। ਖਗੜੀ ਬਿਗਹਾ (ਗਯਾ) ਕਤਲੇਆਮ ਦੇ ਸਾਰੇ ਦੋਸ਼ੀ ਸਬੂਤਾਂ ਦੀ ਘਾਟ ਕਾਰਨ ਬਰੀ ਹੋ ਗਏ। ਤਿੰਨ ਸਾਲ ਪਹਿਲਾਂ ਸੇਨਾਰੀ ਕਤਲੇਆਮ ਦੇ ਮੁੱਖ ਦੋਸ਼ੀ ਰਾਧੇ ਸ਼ਾਮ ਰਾਮ ਜਹਾਨਾਬਾਦ ਅਦਾਲਤ 'ਚੋਂ ਫਰਾਰ ਹੋ ਗਏ। ਬਹੁਚਰਚਿਤ 'ਜਹਾਨਾਬਾਦ ਜੇਲ ਬ੍ਰੇਕ' ਕਾਂਡ ਵਿਚ ਵੀ ਵਿਚ ਕਤਲੇਆਮਾਂ ਦੇ ਕਈ ਦੋਸ਼ੀ ਫਰਾਰ ਹੋਏ। ਜਿਹਨਾਂ 'ਚੋਂ ਬਹੁਤਿਆਂ ਨੂੰ ਅਜੇ ਤਾਈਂ ਪੁਲਸ ਪਕੜ ਨਹੀਂ ਸਕੀ ਹੈ। ਹਕੂਮਤ ਸੰਭਾਲਣ ਪਿਛੋਂ ਜਦ (ਯੂ)-ਭਾਜਪਾ ਦੇ ਨੇਤਾ ਦਾਅਵਾ ਕਰਦੇ ਆ ਰਹੇ ਹਨ ਕਿ ਉਹਨਾਂ ਦੀ ਸਰਕਾਰ 'ਨਿਆਂ ਦੇ ਨਾਲ ਵਿਕਾਸ ਲਈ ਵੀ ਵਚਨਬੱਧ ਹੈ'। ਵਿਰੋਧੀ ਪਾਰਟੀਆਂ ਦੇ ਨੇਤਾ ਇਸ ਨੂੰ ਸਰਕਾਰ ਦਾ ਪਾਖੰਡ ਕਹਿੰਦੇ ਹਨ।

ਮਾਕਪਾ (ਮਾਲੇ) ਦੇ ਜਨਰਲ ਸਕੱਤਰ ਦਾ ਵੀ ਕਹਿਣਾ ਹੈ ਕਿ ਵਿਕਾਸ ਦੇ ਦਾਅਵੇ ਪਹਿਲਾਂ ਹੀ ਝੂਠੇ ਸਾਬਤ ਹੋ ਗਏ ਹਨ, ਹੁਣ ਨਿਆਂ ਦੇ ਦਾਅਵੇ ਵੀ ਢਹਿ ਢੇਰੀ ਹੋ ਰਹੇ ਹਨ' ਸਰਕਾਰ ਨੂੰ ਕਟਹਿਰੇ 'ਚ ਖੜ੍ਹਾ ਕਰਨਾ ਵਿਰੋਧੀ ਨੇਤਾਵਾਂ ਦਾ ਸ਼ੁਗਲ ਹੋ ਸਕਦਾ ਹੈ ਪਰ ਕਤਲੇਆਮ ਤੋਂ ਪ੍ਰਭਾਵਿਤ ਇਲਾਕਿਆਂ ਦੇ ਲੋਕ ਵੀ ਸਰਕਾਰ 'ਤੇ ਕੁਝ ਅਜੇਹੇ ਹੀ ਦੋਸ਼ ਲਾ ਰਹੇ ਹਨ। ਦਲੇਲਚੱਕ-ਬਘੌਰਾ ਹੋਵੇ ਜਾਂ ਮਿਆਂਪੁਰ, ਬਥਾਨੀ ਟੋਲਾ, ਬਾਥੇ ਜਾਂ ਸੇਨਾਰੀ, ਮ੍ਰਿਤਕ ਦੇ ਵਾਰਿਸ ਇਕ ਅਵਾਜ 'ਚ ਕਹਿੰਦੇ ਹਨ ਕਿ ਸਰਕਾਰ ਉਹਨਾਂ ਲਈ ਨਿਆਂ ਪ੍ਰਤੀ ਗੰਭੀਰ ਨਹੀਂ ਹੈ। ਬਹੁਤ ਸਾਰੇ ਵਾਰਸਾਂ ਦਾ ਕਹਿਣਾ ਹੈ ਕਿ ਕਤਲੇਆਮ ਦੀ ਜਾਂਚ 'ਚ ਵੀ ਮਦਭੇਦ ਵਰਤਿਆ ਜਾਂਦਾ ਹੈ। ਬਾਥੇ ਕਤਲੇਆਮ ਦੇ ਆਸਰਿਤ ਪੁਛਦੇ ਹਨ 'ਕੀ ਕਾਰਨ ਹੈ ਕਿ ਲਾਲੂ ਸਰਕਾਰ ਦੇ ਸਮੇਂ (ਮਿਆਂਪੁਰ ਕਤਲੇਆਮ (ਇਥੇ ਮ੍ਰਿਤਕ ਯਾਦਵ ਫਿਰਕੇ ਦੇ ਹਨ) ਤੇ ਨਿਤੀਸ਼ ਸਰਕਾਰ 'ਚ ਅਮੌਸੀ ਕਤਲੇਆਮ (ਜਿਥੇ ਮ੍ਰਿਤਕ ਕੁਰਮੀ ਫਿਰਕੇ ਦੇ ਸਨ) 'ਚ ਜਾਂਚ ਤੇ ਨਿਆਂਇਕ ਸੁਣਵਾਈ ਤੇਜ ਹੋਈ ਹੈ ਪਰ ਬਥਾਨੀ ਟੋਲਾ, ਬਾਥੇ ਤੇ

ਸੇਨਾਰੀ ਦੇ ਕੇਸ ਸਾਲਾਂ ਬੱਧੀ ਲਟਕ ਰਹੇ ਹਨ? ਭਾਕਪਾ ਦੇ ਆਰਵਲ ਜ਼ਿਲ੍ਹਾ ਸਕੱਤਰ ਪ੍ਰਕਾਸ਼ ਕੁਸ਼ਵਾਹਾ ਕਹਿੰਦੇ ਹਨ 'ਰਾਜ ਸਰਕਾਰਾਂ ਵੋਟ ਬੈਂਕ ਦੇ ਹਿਸਾਬ ਨਾਲ ਚਲਦੀਆਂ ਹਨ, ਨਿਤੀਸ਼ ਸਰਕਾਰ ਨੇ ਆਪਣੇ ਵੋਟ ਬੈਂਕ ਨੂੰ ਖੁਸ਼ ਕਰਨ ਲਈ ਸਤਾ 'ਚ ਆਉਂਦਿਆਂ ਹੀ ਅਮੀਰਦਾਸ ਕਮਿਸ਼ਨ ਭੰਗ ਕਰ ਦਿੱਤਾ।' ਸੰਭਵ ਹੈ ਕਿ ਇਸ ਸਭ ਦੇ ਲਈ ਅਦਾਲਤੀ ਅਮਲ ਤੇ ਤਕਨੀਕੀ ਕਾਰਨ ਵੀ ਜਿੰਮੇਵਾਰ ਹੋਣ ਪਰ ਇਸ 'ਚ ਸ਼ੱਕ ਨਹੀਂ ਕਿ ਬਿਹਾਰ 'ਚ ਕਤਲੇਆਮ ਮਾਮਲਿਆਂ ਦੀ ਜਾਂਚ ਤੇ ਸੁਣਵਾਈ ਸੱਤਾ ਦੀ ਰਾਜਨੀਤੀ ਦੇ ਚੱਕਰ 'ਚ ਫਸੀ ਹੋਈ ਹੈ।

# ਬਿਹਾਰ 'ਚ ਅੱਜ ਵੀ ਪਿੰਡਾਂ 'ਚ ਸਮੂਹਕ ਕਤਲੇਆਮ ਦਾ ਡਰ ਕਿਉਂ?

ਇਕ ਜ਼ਮਾਨਾ ਸੀ ਜਦ ਬਿਹਾਰ ਦੇ ਬਜ਼ੁਰਗ ਕਿਸਾਨ ਨੌਜਵਾਨਾਂ ਦੀ ਹੌਸਲਾ ਅਫ਼ਜਾਈ ਲਈ ਕਹਿੰਦੇ ਸਨ 'ਬਥਾਨ (ਮਵੇਸ਼ੀਆ ਦਾ ਆਸਰਾ ਸਥਾਨ) 'ਚ ਡਰ ਕੇ ਨਹੀਂ ਰਿਹਾ ਜਾ ਸਕਦਾ।' ਲਗਭਗ ਗੈਰ ਪ੍ਰਸੰਗਿਕ ਹੋ ਚੁਕੀ ਇਹ ਲੋਕ ਸ਼ਕਤੀ ਉਸ ਦੌਰ ਦੀ ਹੈ ਜਦ ਬੇ-ਜ਼ਮੀਨਿਆਂ ਦੀ ਭੂਮਿਕਾ ਮੁੱਖ ਤੌਰ 'ਤੇ ਪਸ਼ੂ ਪਾਲਣ 'ਤੇ ਨਿਰਭਰ ਹੁੰਦੀ ਸੀ। ਚਰਵਾਹੀ ਲਈ ਉਹਨਾਂ ਨੂੰ ਬਿਆਬਾਨ 'ਚ ਝੁਗੀ ਪਾ ਕੇ ਰਹਿਣਾ ਪੈਂਦਾ ਸੀ। ਭੋਜਪੁਰ ਜ਼ਿਲ੍ਹੇ ਦੀ ਖੜਾਂਵ ਪੰਚਾਇਤ ਸਥਿਤ ਬਿਆਨੀ ਟੋਲਾ ਵੀ ਕਦੀ ਬਥਾਨ (ਆਰਜੀ ਟੱਪਰੀਵਾਸ) ਜਿਥੇ ਖੂੰਖਾਰ ਜਾਨਵਰਾਂ ਦੇ ਹਮਲੇ ਦਾ ਡਰ ਰਹਿੰਦਾ ਹੈ। ਖੜਾਂਵ 'ਚ ਜੰਗਲ ਦਾ ਨਾਮੋ ਨਿਸ਼ਾਨ ਨਹੀਂ ਹੈ। ਦੂਰ-ਦੂਰ ਤਕ ਬਸ ਖੇਤ ਹੀ ਖੇਤ ਹਨ। ਇਸ ਦੇ ਬਾਵਜੂਦ 70 ਸਾਲ ਦੇ ਮਾਰਵਾੜੀ ਚੌਧਰੀ ਅੱਜ ਵੀ ਪੁਰਖਿਆਂ ਦੀ ਕਹਾਵਤ ਦਸਦੇ ਹਨ। ਚੌਧਰੀ ਨੂੰ ਡਰ/ਸ਼ੱਕ ਹੈ ਕਿ ਹੋਰਾਂ ਲੋਕਾਂ ਵਾਂਗੂੰ ਨਵੀਂ ਪੀੜ੍ਹੀ ਵੀ ਕਿਤੇ ਬਸਤੀ ਨੂੰ ਸਦਾ ਲਈ ਅਲਵਿਦਾ ਨਾ ਕਹਿ ਦੇਵੇ। ਹਮਲਾਵਰਾਂ ਨੇ ਚੌਧਰੀ ਦੇ ਹੀ ਵਿਹੜੇ 'ਚ ਕਤਲੇਆਮ ਕੀਤਾ ਸੀ। ਉਹਨਾਂ ਦੀ ਬੇਟੀ, ਬਹੂ ਤੇ ਮਾਂ ਨੂੰ ਗੋਲੀਆਂ ਨਾਲ ਭੁੰਨ ਕੇ ਝੌਂਪੜੀਆਂ ਨੂੰ ਅੱਗ ਲਾ ਦਿੱਤੀ ਸੀ। ਚੌਧਰੀ ਅਨੁਸਾਰ "ਦੋ ਪੈਰਾਂ ਵਾਲੇ ਜਾਨਵਰਾਂ ਨੇ ਹਮਲਾ ਕੀਤਾ ਹੈ, ਬਾਬੂ ਜੀ ਪੂਰੇ ਬਥਾਨੀ ਨੂੰ ਖੂਨ ਨਾਲ ਲੱਥ-ਪੱਥ ਕਰ ਦਿੱਤਾ ਸੀ" ਕਹਿੰਦੇ ਹਨ ਕਿ ਵਕਤ ਦੀ ਮਲੱਮ ਹਰ ਜ਼ਖਮ ਨੂੰ ਭਰ ਦਿੰਦੀ ਹੈ ਪਰ ਬਥਾਨੀ ਟੋਲੇ 'ਚ ਇਹ ਕਹਾਵਤ ਵੀ ਝੂਠੀ ਸਾਬਤ ਹੁੰਦੀ ਲਗਦੀ ਹੈ। ਅਦਾਲਤ ਨੇ ਕਤਲੇਆਮ ਦੇ ਦੋਸ਼ੀਆਂ ਨੂੰ ਭਾਵੇਂ ਬਰੀ ਕਰ ਦਿੱਤਾ ਹੈ ਪਰ ਬਥਾਨੀ ਦੇ ਬਸ਼ਿੰਦੇ ਬੇਇਨਸਾਫੀ ਦੇ ਦਰਦ ਤੇ ਹੋਣ ਹੋਣੀ ਦੇ ਡਰ 'ਚੋਂ ਅੱਜ ਤਕ ਨਹੀਂ ਉਭਰੇ ਹਨ। ਇਸ ਖੂਨੀ ਦੁਪਹਿਰ ਦੀ ਤਸਵੀਰ ਆਸ਼ਰਿਤਾਂ ਦੀ ਮਨੋਸਮਰਿਤੀ 'ਚ ਛਪ ਜਿਹੀ ਗਈ ਹੈ। ਠੀਕ ਉਸੇ ਤਰ੍ਹਾਂ ਹੀ ਜਿਵੇਂ ਹਮਲਾਵਰਾਂ ਦੀ ਇਕ ਗੋਲੀ ਮਾਰਵਾੜੀ ਚੌਧਰੀ ਦੇ ਦਰਵਾਜੇ 'ਚ ਅਜੇ ਫਸੀ ਹੋਈ ਹੈ। ਸੁਆਲ ਕਰਨ 'ਤੇ ਲੋਕ ਸਹਿਜ ਸੁਭਾਅ ਹੀ ਜੁਬਾਨ ਨੂੰ ਤਾਲਾ ਮਾਰ ਲੈਂਦੇ ਹਨ। ਉਹਨਾਂ ਦੀ ਚੁੱਪ, ਖਾਮੋਸ਼, ਚੀਖ ਵਰਗੀ ਲਗਦੀ ਹੈ। ਪਰ ਇਹ ਜਾਨਣ ਪਿਛੋਂ ਕਿ ਆਂਗਤੁਕ ਪ੍ਰੈਸ ਰਿਪੋਰਟ ਹੈ, ਉਹ ਭਾਵੁਕ ਹੋ ਕੇ ਤ੍ਰਾਸਦੀ ਦੀ ਕਥਾ ਸੁਨਾਉਣ ਲਗਦੇ ਹਨ। ਐਸਾ ਲਗਦਾ ਹੈ ਕਿ ਜਿਵੇਂ ਦਰਦ ਦੇ ਸੈਲਾਬ ਜੁਬਾਨ ਤੋਂ ਫੁੱਟ ਪਿਆ ਹੋਵੇ। ਸਾਹਮਣੇ ਖੇਤ 'ਚ ਕਣਕ ਦੀ ਬੱਚੀਆਂ ਰਖੀਆਂ ਹੋਈਆਂ ਹਨ। ਸੋਹਲਾਂ ਵਰ੍ਹਿਆਂ 'ਚ ਨਾ ਜਾਣੇ ਕਿੰਨੀ ਵਾਰੀ ਇਹ ਖੇਤ ਬੀਜੇ, ਵਾਹੇ ਤੇ ਗੋਡਾਈ ਕੀਤੀ ਗਈ ਹੋਵੇਗੀ ਪਰ 24 ਸਾਲਾਂ ਦੇ ਰਾਮ ਕੁਮਾਰ ਚੌਧਰੀ ਨੂੰ ਖੇਤ ਦੀ ਇਹ ਖਾਸ ਜਗ੍ਹਾ ਅਜੇ ਵੀ ਯਾਦ ਹੈ। ਜਿਥੇ ਉਸ ਦੀ ਮਾਂ ਨੂੰ ਗੋਲੀ ਮਾਰੀ ਗਈ ਸੀ। ਉਸ ਵੱਲ ਇਸ਼ਾਰਾ ਕਰਦਿਆ ਰਾਮ ਕੁਮਾਰ ਕਹਿੰਦੇ ਹਨ "ਮੈਂ ਟਾਟ ਦੇ ਮੋਘਰੇ 'ਚੋ ਦੀ ਵੇਖਿਆ ਸੀ। ਭਜਦੀ ਹੋਈ ਮਾਂ ਗੋਲੀ ਲਗਦਿਆਂ ਹੀ ਲੜਖੜਾ ਕੇ ਡਿਗ ਪਈ ਸੀ" ਦੋਸ਼ੀਆਂ ਦੀ ਰਿਹਾਈ ਕਾਰਨ ਰਾਮ ਕੁਮਾਰ ਨਿਰਾਸ਼ ਹੈ ਪਰ ਕਹਿੰਦਾ ਹੈ "ਉਹਨਾਂ ਨੂੰ ਫਾਂਸੀ

ਲਗਣੀ ਚਾਹੀਦੀ ਹੈ"। ਮੁਆਵਜੇ ਦੇ ਪੈਸਿਆਂ ਨਾਲ ਝੌਂਪੜੀਆਂ ਦੀ ਥਾਂ ਪੱਕੇ ਮਕਾਨ ਬਣ ਗਏ ਹਨ, ਇਸ ਦੇ ਬਾਵਜੂਦ ਬਸਤੀ ਉਜਾੜ ਲਗਦੀ ਹੈ। ਸ਼ਾਇਦ ਵੈਸਾਖ ਦੀ ਸੁਕੀ ਪਸ਼ੂਆ ਹਵਾ ਦਾ ਅਸਰ ਹੈ। ਪੰਚਾਇਤ ਦੇ ਸਰਪੰਚ ਕਾਂਤੀ ਕੁੰਵਰ ਦਾ ਬੇਟਾ ਰਾਜ ਕੁਮਾਰ ਸਾਵ ਕਹਿੰਦਾ ਹੈ, '.. .. .. .. ਨਹੀਂ, ਇਹ ਪਸ਼ੂਆ ਦਾ ਅਸਰ ਨਹੀਂ, ਬੇਇਨਸਾਫੀ ਦੀ ਨਿਰਾਸ਼ਾ ਤੇ ਭਵਿੱਖ ਦੀ ਚਿੰਤਾ ਦਾ ਤਣਾਅ ਹੈ। ਤਣਾਅ ਜਿਥੇ ਖਤਮ ਹੋਇਆ ਹੈ, ਹੁਣ ਕਤਲੇਆਮ ਦੇ ਬਦਲੇ ਚੁਣ-ਚੁਣ ਕੇ ਹੱਤਿਆ ਕੀਤੀ ਜਾ ਰਹੀ ਹੈ। ਕੁਝ ਸਮਾਂ ਪਹਿਲਾਂ ਹੀ ਮੇਰੇ ਵੱਡੇ ਭਾਈ ਦੀ ਹੱਤਿਆ ਕਰ ਦਿੱਤੀ ਗਈ। ਕਤਲੇਆਮ ਦੇ ਬਾਅਦ ਤੋਂ ਤਿੰਨ ਲੋਕਾਂ ਦੀ ਹੱਤਿਆ ਹੋ ਚੁੱਕੀ ਹੈ।' ਬਥਾਨੀ ਟੋਲੇ ਤੋਂ ਡੇਢ ਕਿਲੋਮੀਟਰ 'ਤੇ ਹੀ ਬਡਕੀ ਖੜਾਂਵ ਟੋਲਾ ਹੈ। ਸਭ ਦੋਸ਼ੀ ਇਸੇ ਬਸਤੀ ਦੇ ਸਨ। ਬਰੀ ਹੋਣ ਪਿਛੋਂ ਉਹ ਪਿੰਡ ਵਾਪਸ ਆ ਗਏ ਹਨ ਪਰ ਮਾਹੌਲ ਇਥੇ ਵੀ ਭਾਰੀ ਹੈ। ਉਮਰ ਕੈਦ ਦੀ ਸਜ਼ਾ ਤੋਂ ਬਰੀ ਕੀਤੇ ਗਏ 33 ਸਾਲਾਂ ਕਨਈਆ ਸਿੰਘ ਅਨੁਸਾਰ 'ਸਾਡੇ ਦਰਮਿਆਨ ਕਦੀ ਤਣਾਅ ਨਹੀਂ ਸੀ। ਰਾਜਸੀ ਆਗੂਆਂ ਨੇ ਸਾਜਿਸ਼ ਰਚੀ ਅਪਰਾਧੀਆਂ ਤੋਂ ਹਮਲਾ ਕਰਵਾ ਕੇ ਸਾਨੂੰ ਫਸਾ ਦਿੱਤਾ। ਵੈਸੇ ਹੁਣ ਦੋਨੋਂ ਟੋਲੇ ਦੇ ਲੋਕ ਨਾਲੋ-ਨਾਲ ਉਠਣ ਬੈਠਣ ਲੱਗੇ ਹਨ ਪਰ ਬੇਯਕੀਨੀ ਬਣੀ ਹੋਈ ਹੈ। ਕੁਝ ਨੇਤਾ ਉਹਨਾਂ ਨੂੰ ਭੜਕਾ ਰਹੇ ਹਨ ਕਿਉਂਕਿ ਉਹਨਾਂ ਦੀ ਰੋਟੀ ਰੋਜ਼ੀ ਤਾਂ ਇਸ ਨਾਲ ਹੀ ਚਲਦੀ ਹੈ। ਅਦਾਲਤ ਦਾ ਫੈਸਲਾ ਸਾਡੇ ਲਈ ਪੁਨਰ ਜਨਮ ਵਾਂਗੂੰ ਹੈ, ਜਿਹਨਾਂ ਨੇ ਸਾਨੂੰ ਫਸਾਇਆ ਉਹਨਾਂ ਨੂੰ ਅਸੀਂ ਮੁਆਫ ਕਰਦੇ ਹਾਂ ਪਰ ਸ਼ਾਂਤੀ ਦੀ ਗਰੰਟੀ ਕੋਈ ਤਾਂ ਦੇਵੇ।' ਇਹ ਬੀਮਾਰ ਬਜ਼ੁਰਗ ਨੂੰ ਵਿਖਾਉਂਦਿਆਂ ਰਾਮ ਬਿਹਾਰੀ ਨਾਮਕ ਇਕ ਬੰਦਾ ਉਤੇਜਿਤ ਹੋ ਕੇ ਕਹਿੰਦਾ ਹੈ 'ਇਸ 'ਤੇ ਦੋ ਕਤਲੇਆਮ ਦੇ ਦੋਸ਼ ਹਨ। ਕੀ ਤੁਹਾਨੂੰ ਲਗਦਾ ਹੈ ਕਿ ਇਹ ਸਮੂਹਕ ਕਤਲੇਆਮ ਦਸਤੇ ਦੇ ਮੈਂਬਰ ਹੋ ਸਕਦੇ ਹਨ? ਦਰਅਸਲ ਬਥਾਨੀ ਟੋਲੇ 'ਚ ਅਜਕੱਲ੍ਹ ਹਰ ਕੋਈ ਸੁਆਲ ਕਰ ਰਿਹਾ ਹੈ। ਚੌਤਰਫਾ ਅਵਿਸਵਾਸ਼ ਦੇ ਕਾਰਣ ਉਹਨਾਂ ਦੇ ਚਿਹਰੇ ਜਾਂ ਤਾਂ ਸ਼ਿਕਾਇਤੀ ਹਨ ਜਾਂ ਭੈ-ਭੀਤ ਹਨ। ਬਥਾਨੀ ਟੋਲਾ ਦੇ ਪੱਛਮ 'ਚ ਦਸ-ਬਾਰਾਂ ਕਿਲੋਮੀਟਰ ਦੀ ਦੂਰੀ 'ਤੇ ਲਖਣਪੁਰ ਬਾਥੇ ਹੈ ਦੋਨੋਂ ਪਿੰਡਾਂ ਵਿਚਕਾਰ ਸੋਨ ਨਦੀ ਵਗਦੀ ਹੈ। ਪੁਰ ਚੌਤਰਫਾ ਅਵਿਸਵਾਸ਼ ਦੀ ਗਰਮ ਹਵਾ ਨੂੰ ਸੋਨ ਦੀ ਕਲਕਲ ਧਾਰਾ ਵੀ ਠੰਢ ਨਹੀਂ ਪਾ ਰਹੀ ਹੈ। ਬਥਾਨੀ ਟੋਲਾ ਕਾਂਡ ਦੇ ਲਗਭਗ 16 ਮਹੀਨੇ ਪਿਛੋਂ ਲਛਮਣਪੁਰ ਬਾਥੇ 'ਚ ਸਭ ਤੋਂ ਵੱਡੇ ਕਤਲੇਆਮ ਨੂੰ ਅੰਜਾਮ ਦਿੱਤਾ ਗਿਆ ਸੀ। ਅੱਧੀ ਰਾਤ ਨੂੰ ਸੋਨ ਨਦੀ ਪਾਰ ਕਰਕੇ ਆਏ ਰਣਬੀਰ ਸੈਨਾ ਦੇ ਦਸਤੇ ਨੇ 58 ਦਲਿਤਾਂ ਦੀ ਹੱਤਿਆ ਕਰ ਦਿੱਤੀ। ਘਟਨਾ ਏਨੀ ਵੱਡੀ ਸੀ ਕਿ ਉਸ ਵੇਲੇ ਦੇ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਤੋਂ ਇਲਾਵਾ ਕੋਈ ਦੋ ਦਰਜਨ ਵੱਡੇ ਨੇਤਾ ਉਦੋਂ ਬਾਥੇ ਪਹੁੰਚੇ ਸਨ। ਐਲਾਨਾਂ ਦੀ ਬਰਸਾਤ ਹੋਈ ਸੀ, ਪਰ ਆਸਰਿਤਾਂ ਦੀ ਸ਼ਕਾਇਤ ਹੈ ਕਿ ਉਹਨਾਂ ਨੂੰ ਵਿਤੀ ਮੁਆਵਜੇ ਤੇ ਛਿਟਪੁਟ ਨੌਕਰੀ ਤੋਂ ਇਲਾਵਾ ਕੁਝ ਨਹੀਂ ਮਿਲਿਆ। ਬੌਧ ਪਾਸਵਾਨ ਦਾ ਪੂਰਾ ਕੁਨਬਾ ਹੀ ਖਤਮ ਹੋ ਗਿਆ। ਪਾਸਵਾਨ ਦੇ ਚਾਰੇ ਪੁਤਰਾਂ, ਤਿੰਨ ਬਹੂਆਂ ਦੀਆਂ ਜਾਨਾਂ ਗਈਆਂ ਸਨ। ਪਾਸਵਾਨ ਕਹਿੰਦੇ ਹਨ 'ਮੁਆਵਜਾ ਮਿਲਿਆ ਤਾਂ ਅਸੀਂ ਪੱਕਾ ਮਕਾਨ ਬਣਾ ਲਿਆ। ਫੂਸ ਦੇ ਘਰ ਵਿਚ ਤਾਂ ਉਹ ਬੇਚੈਨ ਸਨ। ਇਟਾਂ ਦੀ ਕੰਧ ਨਾਲ ਕੁਝ ਤਾਂ ਸੁਰਖਿਆ ਮਿਲੀ। ਸਰਕਾਰ ਨੇ ਕਿਹਾ ਸੀ ਕਿ ਆਤਮ ਰਾਖੀ ਲਈ ਬੰਦੂਕ ਦੇਵਾਂਗੇ। ਦੌੜ-ਦੌੜ

ਦੇ ਥੱਕ ਗਏ ਪਰ ਲਾਇਸੰਸ ਨਹੀਂ ਮਿਲਿਆ।' ਹੈਰਾਨੀ ਦੀ ਗੱਲ ਇਹ ਕਿ ਲੋਕ ਸਰਕਾਰ ਦੀ ਵਾਦਾਖਿਲਾਫੀ ਤੋਂ ਵੱਧ ਸੁਰਖਿਆ ਬਾਰੇ ਫਿਕਰਮੰਦ ਹਨ। ਮ੍ਰੈਟਿਕ ਪਾਸ ਜੈ ਨਾਰਾਇਣ ਚੌਧਰੀ ਨੂੰ ਤਰਸ ਦੇ ਆਧਾਰ 'ਤੇ ਸਰਕਾਰੀ ਨੌਕਰੀ ਮਿਲੀ ਹੈ। 15 ਸਾਲਾਂ ਬਾਅਦ ਵੀ ਲੋਕ ਏਨੇ ਤਣਾਅ ਗ੍ਰਸਿਤ ਕਿਉਂ ਹਨ, ਇਸ ਬਾਰੇ ਜੈ ਨਾਰਾਇਣ ਕਹਿੰਦੇ ਹਨ 'ਕਤਲੇਆਮ ਜਾਇਦਾਦ ਹੜੱਪਣ ਲਈ ਨਹੀਂ ਹੋਇਆ ਸੀ। ਦਬਦਬਾ ਕਾਇਮ ਰਖਣ ਲਈ ਉਹਨਾਂ ਨੇ ਸਾਨੂੰ ਨਿਸ਼ਾਨਾ ਬਣਾਇਆ ਸੀ। ਸਰਕਾਰ ਨੇ ਕਿਹਾ ਸੀ ਕਿ ਹਤਿਆਰਿਆਂ ਨੂੰ ਹਰ ਕੀਮਤ 'ਤੇ ਸਜ਼ਾ ਹੋਵੇਗੀ। ਪਰ ਅੱਧੇ ਦੋਸ਼ੀ ਤਾਂ ਹੇਠਲੀ ਅਦਾਲਤ 'ਚੋਂ ਹੀ ਬਰੀ ਹੋ ਗਏ। ਹਮਲੇ ਦੇ ਮਾਸਟਰ ਮਾਈਂਡ ਸਮੇਤ ਕਈ ਦੋਸ਼ੀ ਹੁਣ ਤਕ ਫਰਾਰ ਹਨ। ਸਮਾਜਕ ਸਦਭਾਵਨਾ ਅਜੇ ਵੀ ਕਾਇਮ ਨਹੀਂ ਹੋਈ। ਅਸੀਂ ਇਕ ਦੂਜੇ ਨੂੰ ਸ਼ੱਕ ਨਾਲ ਦੇਖਦੇ ਹਾਂ ਜਦੋਂ ਲਗਿਆ ਦਾਬਾ ਘਟਿਆ ਹੈ ਉਹ ਫਿਰ ਹਮਲਾ ਕਰ ਸਕਦੇ ਹਨ।' ਅਣਪੜ੍ਹ ਸੂਬੇਦਾਰ ਰਾਮ ਜਾਇ ਨਾਰਾਇਣ ਪੁੱਛਦੇ ਹਨ 'ਜਦੋਂ ਤਕ ਸਰਕਾਰ ਵਿਸਵਾਸ਼ ਨਹੀਂ ਦਵਾਉਂਦੀ ਸਾਨੂੰ ਚੈਨ ਕਿਵੇਂ ਮਿਲ ਸਕਦਾ ਹੈ, ਧਮਕੀ ਮਿਲਦੀ ਹੀ ਰਹਿੰਦੀ ਹੈ'। ਬਾਥੇ ਤੇ ਸ਼ੰਕਰ ਬਿਗਹਾ ਦੇ ਬਦਲੇ 'ਚ ਐਮ ਸੀਸੀ ਨੇ 18 ਮਾਰਚ 1999 ਨੂੰ ਭੂਮਿਹਾਰ ਬਹੁਲ ਸੇਨਾਰੀ (ਜ਼ਿਲ੍ਹਾ ਅਰਵਲ) ਪਿੰਡ 'ਤੇ ਹਮਲਾ ਕਰਕੇ 35 ਲੋਕਾਂ ਨੂੰ ਮਾਰ ਦਿੱਤਾ ਸੀ। ਇਸ ਤੋਂ ਪਹਿਲਾਂ ਸੇਨਾਰੀ ਇਕ ਸ਼ਾਂਤ ਪਿੰਡ ਸੀ ਤੇ ਉਥੇ ਕਈ ਕੋਈ ਜਮਾਤੀ ਲੜਾਈ ਨਹੀਂ ਸੀ ਹੋਈ। ਪਰ 1999 ਦੀ ਘਟਨਾ ਨੇ ਨਫ਼ਰਤ ਦੀ ਅਮਰਵੇਲ ਬੀਜ਼ ਦਿੱਤੀ ਹੈ ਜੋ ਬਿਨਾਂ ਜੜ੍ਹ ਦੇ ਲੋਕਾਂ ਦੇ ਦਿਲੋ-ਦਿਮਾਗ 'ਚ ਵੱਧ ਫੁਲ ਰਹੀ ਹੈ। ਤੇਰਾਂ ਸਾਲ ਪਹਿਲਾਂ ਇਕ ਅਜਨਬੀ ਨੇ ਇਥੇ ਖ਼ੂਨੀ ਕਾਂਡ ਰਚਿਆ ਸੀ। ਉਸ ਨੇ ਸਕੂਲ ਖੋਹਲਿਆ ਤੇ ਰੇਕੀ ਕੀਤੀ। ਪਿੰਡ ਦੇ ਹੀ ਭੂਇਆ ਜਾਤੀ ਦੇ ਲੋਕਾਂ ਨੇ ਐਮ ਸੀਸੀ ਦੀ ਮਦਦ ਕੀਤੀ ਸੀ। ਅਗਲੀ ਹੀ ਸਵੇਰ ਉਹ ਪਿੰਡ ਛੱਡ ਕੇ ਚਲੇ ਗਏ। ਮਾਹੌਲ ਅਜੇ ਵੀ ਸ਼ਾਂਤ ਨਹੀਂ ਹੋਇਆ। ਕਤਲੇਆਮ ਭਾਵੇਂ ਨਾ ਵੀ ਹੋਵੇ ਪਰ ਹਤਿਆਵਾਂ ਦਾ ਦੌਰ ਜਾਰੀ ਹੈ ਫਰਾਰ ਦੋਸ਼ੀ ਨੂੰ ਸਰਕਾਰ ਫੜ੍ਹ ਨਹੀਂ ਰਹੀ। ਗਵਾਹਾਂ ਨੂੰ ਧਮਕੀ ਦਿਤੀ ਜਾਂਦੀ ਹੈ। ਮੁਕਦਮੇ ਦੀ ਸੁਣਵਾਈ ਮੱਠੀ ਚਲ ਰਹੀ ਹੈ। ਕੀ ਇਲਾਕੇ 'ਚ ਅਜੇ ਵੀ ਰਣਬੀਰ ਸੈਨਾ ਦੀ ਹੋਂਦ ਹੈ? ਇਸ 'ਤੇ ਉਕਤ ਘਟਨਾ ਬਾਰੇ ਕਿਹਾ ਗਿਆ ਕਿ ਜਦੋਂ ਤਕ ਸਾਡੇ 'ਤੇ ਹਮਲਾ ਨਹੀਂ ਹੁੰਦਾ ਉਦੋਂ ਤਕ ਰਣਬੀਰ ਸੈਨਾ ਨਹੀਂ ਹੈ। ਪਰ ਜਦੋਂ ਤਕ ਉਹ (ਮਤਲਬ ਵਿਰੋਧੀ ਧਿਰ) ਹੈ ਤਾਂ ਸਮਝੋ ਰਣਬੀਰ ਸੈਨਾ ਵੀ ਹੈ। ਇਹ ਸੱਚ ਹੈ ਕਿ ਪਿੱਛੇ ਦੇ ਸਾਲਾਂ 'ਚ ਮੱਧ ਬਿਹਾਰ 'ਚ ਕਤਲੇਆਮ ਦੀ ਕੋਈ ਘਟਨਾ ਨਹੀਂ ਹੋਈ ਹੈ। ਬੀਤੇ ਸਾਲਾਂ 'ਚ ਇਕ ਸਰਕਾਰਤਮਕ ਗੱਲ ਇਹ ਹੋਈ ਕਿ ਖੇਤੀ ਕਿਸਾਨੀ ਫਿਰ ਤੋਂ ਸ਼ੁਰੂ ਹੋ ਗਈ ਹੈ। ਖੇਤੀਬਾੜੀ 'ਚ ਦੋਨੋਂ ਧਿਰਾਂ ਦੇ ਲੋਕ ਆਪਸ 'ਚ ਸਹਿਯੋਗ ਵੀ ਕਰਨ ਲੱਗੇ ਹਨ, ਪਰ ਕਤਲੇਆਮ ਦਾ ਕਾਲਾ ਪ੍ਰਛਾਵਾਂ ਇਲਾਕੇ ਨੂੰ ਜਕੜੀ ਬੈਠਾ ਹੈ। ਸਵਰਨ ਹੋਣ ਜਾਂ ਦਲਿਤ, ਪਿਛੜੇ ਹੋਣ ਜਾਂ ਅਤੀ ਪਿਛੜੇ ਹਰ ਕੋਈ ਭੈਅ, ਸ਼ੱਕ, ਡਰ ਦੇ ਅਣਹੋਣੀ ਦੇ "ਸਿੰਡ੍ਰੋਮ" ਤੋਂ ਗ੍ਰਸਿਤ ਹੈ।

# ਲੋਕ ਕਤਲੇਆਮ ਤੇ ਸਿਆਸਤ ਦਾ ਸੁਮੇਲ ਕਿਵੇ?

ਸੰਨ 1971 ਤੋਂ 1989 ਤਕ ਬਿਹਾਰ 'ਚ ਕੁਲ 16 ਅਜੇਹੇ ਸਮੂਹਿਕ ਕਤਲੇਆਮ ਹੋਏ ਜਿਸ 'ਚ ਹਰੇਕ 'ਚ 10 ਤੋਂ ਵੱਧ ਲੋਕ ਮਾਰੇ ਗਏ। ਫਿਰ ਸੰਨ 1990 ਤੋਂ 2004 ਤਕ 15 ਅਜੇਹੇ ਕਤਲੇਆਮ ਹੋਏ ਜਿਥੇ ਵੀ ਹਰ ਥਾਂ 10 ਜਾਂ ਉਸ ਤੋਂ ਵੱਧ ਲੋਕ ਮਾਰੇ ਗਏ। ਖਗੜਿਆ ਵਿਚ ਸੰਨ 2009 'ਚ ਹੋਏ ਹੱਤਿਆ ਕਾਂਡ 'ਚ 16 ਲੋਕਾਂ ਦੀਆਂ ਜਾਨਾਂ ਗਈਆਂ ਸਰਕਾਰ ਬਦਲਣ ਨਾਲ ਆਖਰ ਹਤਿਆਕਾਂਡਾਂ ਦਾ ਦੌਰਾ ਰੁਕ ਕਿਉਂ ਗਿਆ? ਇਸ ਦੌਰਾਨ ਸੱਤਾ ਦੇ ਸਰੂਪ 'ਤੇ ਵਿਚਾਰ ਕਰਨ 'ਤੇ ਕੁਝ ਖਾਸ ਗੱਲਾਂ ਸਾਹਮਣੇ ਆਉਂਦੀਆਂ ਹਨ। ਸੁਆਲ ਹੈ ਕਿ ਇਹਨਾਂ ਹਤਿਆਕਾਂਡਾਂ ਪਿਛੇ ਰਾਜਸੀ ਤੇ ਪ੍ਰਸ਼ਾਸਨਿਕ ਇਛਾ ਸ਼ਕਤੀ 'ਚ ਘਾਟ ਸੀ ਜਾਂ ਹੱਤਿਆਵਾਂ 'ਚ ਕੁਝ ਨੇਤਾਵਾਂ ਦੀ ਮਿਲੀ ਭੁਗਤ ਸੀ? ਰਾਜ 'ਚ ਸੰਨ 1971 ਤੋਂ 1989 ਤਕ ਤਿੰਨ ਸਾਲ ਨੂੰ ਛੱਡ ਕੇ ਬਾਕੀ ਸਮਾਂ ਆਮ ਤੌਰ 'ਤੇ ਕਾਂਗਰਸ ਦੀ ਸਰਕਾਰ ਰਹੀ। ਸੰਨ 1990 ਤੋਂ 2000 ਤਕ ਲਾਲੂ ਪ੍ਰਸ਼ਾਦ-ਰਾਬੜੀ ਦੇਵੀ ਦੀਆਂ ਸਰਕਾਰਾਂ ਸਨ ਅਤੇ ਸੰਨ 2000 ਤੋਂ 2005 ਤਕ ਰਾਜਦ ਤੇ ਕਾਂਗਰਸ ਦੀ ਮਿਲੀ ਜੁਲੀ ਸਰਕਾਰ ਸੀ। ਸੰਨ 2005 'ਚ ਨਤੀਸ਼ ਕੁਮਾਰ ਨੇ ਸੱਤਾ ਸੰਭਾਲੀ ਖਗੜਿਆ ਦੇ ਅਮੌਸੀ ਹੱਤਿਆਕਾਂਡ ਦੇ ਮੁਕਦਮੇ ਦਾ ਫੈਸਲਾ 14 ਫਰਵਰੀ 2012 ਨੂੰ ਆਇਆ ਜਿਸ 'ਚ ਹੇਠਲੀ ਅਦਾਲਤ ਨੇ ਦਸ ਅਪਰਾਧੀਆਂ ਨੂੰ ਮੌਤ ਦੀ ਸਜ਼ਾ ਦਿਤੀ ਤੇ ਚਾਰ ਨੂੰ ਉਮਰ ਕੈਦ ਦੀ ਸਜ਼ਾ ਦਿਤੀ। ਹੱਤਿਆਕਾਂਡਾਂ ਦੇ ਪ੍ਰਸੰਗ 'ਚ ਏਨੇ ਘੱਟ ਸਮੇਂ 'ਚ ਅਦਾਲਤੀ ਫੈਸਲਾ ਬਿਹਾਰ 'ਚ ਇਕ ਰਿਕਾਰਡ ਹੈ। ਬਿਹਾਰ 'ਚ ਕਤਲੇਆਮ ਕਰਨ ਵਾਲੇ ਗ੍ਰੋਹਾਂ 'ਚ ਭੋਇੰ ਸੈਨਾ, ਰਣਬੀਰ ਸੈਨਾ, ਲਾਲ ਸੈਨਾ, ਲੋਰਿਕ ਸੈਨਾ, ਸਨ ਲਾਈਟ ਸੈਨਾ, ਸਵਰਨ ਲਿਬ੍ਰੇਸ਼ਨ ਫਰੰਟ ਅਤੇ ਬ੍ਰਾਹਰਿਸ਼ੀ ਸੈਨਾ ਪ੍ਰਮੁੱਖ ਰਹੀ। ਇਕ ਜ਼ਮਾਨੇ 'ਚ ਇਹਨਾਂ ਦੀ ਤੂਤੀ ਬੋਲਦੀ ਸੀ। ਇਹਨਾਂ 'ਚ ਲਾਲ ਸੈਨਾ ਨੂੰ ਛੱਡ ਕੇ ਬਾਕੀ ਸਭ ਭੋਇੰ ਮਾਲਕਾਂ ਦੇ ਹਿੱਤਾਂ ਦੀ ਰਾਖੀ ਲਈ ਬਣੀ ਸੀ। ਹੁਣ ਇਸ ਦਾ ਥਹੁ-ਪਤਾ ਨਹੀਂ ਹੈ ਪਰ ਜਦ ਉਹ ਸਰਗਰਮ ਸਨ ਤਾਂ ਇਹਨਾਂ ਦਾ ਲਾਭ ਵੱਖ-ਵੱਖ ਰਾਜਸੀ ਪਾਰਟੀਆਂ ਉਠਾਉਂਦੀਆਂ ਸਨ। ਹੱਤਿਆਕਾਂਡਾਂ ਦੇ ਕਾਰਨ ਸਮਾਜ ਆਪਸੀ ਵਿਰੋਧੀ ਹਿਸਿਆਂ 'ਚ ਵੰਡਿਆ ਜਾਂਦਾ ਸੀ ਅਤੇ ਚੋਣਾਂ ਆਉਣ 'ਤੇ ਇਕ ਪਾਰਟੀ ਨੂੰ ਇਕ ਪੱਖ ਤੇ ਦੂਜੀ ਪਾਰਟੀ ਨੂੰ ਦੂਜਾ ਪੱਖ ਵੋਟ ਦਿੰਦਾ ਸੀ। ਇਸ ਤਰ੍ਹਾਂ ਰਾਜਸੀ ਪਾਰਟੀਆਂ ਦਾ ਬੈਠੇ-ਬੈਠਾਏ ਵੋਟ ਬੈਂਕ ਤਿਆਰ ਹੋ ਜਾਂਦਾ ਸੀ। ਜਾਹਿਰ ਹੈ ਕਿ ਇਸ ਬਦਲੇ ਨੇਤਾਗਣ ਉਹਨਾਂ ਲੋਕਾਂ ਨੂੰ ਮੁਕਦਮੇ 'ਚ ਬਚਾਉਂਦੇ ਸਨ, ਜਿਹਨਾਂ 'ਤੇ ਕਤਲੇਆਮ ਦੇ ਦੋਸ਼ ਲੱਗੇ ਹੁੰਦੇ ਸਨ। ਇਸ ਤਰ੍ਹਾਂ ਕਾਤਲਾਂ ਦਾ ਮਨੋਬਲ ਵਧਦਾ ਸੀ। ਉਹਨਾਂ ਨੂੰ ਲਗਦਾ ਸੀ ਕਿ ਕੋਈ ਵੀ ਅਪਰਾਧ ਕਰਕੇ ਉਹ ਬਚ ਸਕਦੇ ਹਨ। ਅਨੇਕਾਂ ਮਾਮਲਿਆਂ 'ਚ ਤਾਂ ਕਤਲੇਆਮਾਂ ਪਿਛੇ ਰਾਜਸੀ ਨੇਤਾਵਾਂ ਦੇ ਨਿਜੀ ਹਿੱਤ ਸ਼ਾਮਲ ਸਨ। ਪਹਿਲਾ ਵੱਡਾ ਹੱਤਿਆ ਕਾਂਡ ਸੰਨ 1971 'ਚ ਪੂਰਣਿਆਂ ਜ਼ਿਲ੍ਹੇ ਦੇ ਰੂਪਸਪੁਰ ਚੰਦਵਾ 'ਚ ਹੋਇਆ ਸੀ। ਜਿਸ 'ਚ ਜਿੰਨ੍ਹਾਂ ਲੋਕਾਂ ਨੂੰ ਸਜ਼ਾ ਹੋਈ, ਉਹਨਾਂ 'ਚ ਬਿਹਾਰ ਵਿਧਾਨ ਸਭਾ ਦੇ ਇਕ ਸਾਬਕਾ ਸਪੀਕਰ ਵੀ ਸਨ। ਸੰਨ 1987 'ਚ ਔਰੰਗਾਬਾਦ ਜ਼ਿਲ੍ਹੇ ਦੇ ਦਲੇਲਚਕ ਬਘੌਰਾ 'ਚ

ਉਸ ਵੇਲੇ ਦੇ ਐਮ ਸੀਸੀ ਦੇ ਦਸਤੇ ਨੇ 52 ਜਿੰਮੀਦਾਰਾਂ ਤੇ ਉਹਨਾਂ ਦੇ ਹਮਾਇਤੀਆਂ ਦੀ ਹੱਤਿਆ ਕਰ ਦਿਤੀ ਇਹ ਝਗੜਾ ਇਕ ਕਾਂਗਰਸੀ ਨੇਤਾ ਦੀ ਜ਼ਮੀਨ-ਲੋਲੁ ਪਤਾ ਦੇ ਕਾਰਨ ਸ਼ੁਰੂ ਹੋਇਆ ਜੋ ਏਨੇ ਵੱਡੇ ਕਤਲੇਆਮ 'ਚ ਬਦਲ ਗਿਆ। ਉਸ ਨੇਤਾ ਨੇ ਇਕ ਮਠ ਦੇ ਮਹੰਤ ਤੋਂ ਅਜੇਹੀ ਝਗੜੇ ਵਾਲੀ ਜ਼ਮੀਨ ਖਰੀਦ ਲਈ ਸੀ ਜਿਸ ਤੇ ਐਮ ਸੀਸੀ ਸਮਰਥਕ ਮਜ਼ਦੂਰ (ਜਮਾਤ) ਬਟਾਈ 'ਤੇ ਖੇਤੀ ਕਰਦੇ ਸਨ। ਜ਼ਮੀਨ ਹੱਦਬੰਦੀ ਕਨੂੰਨ ਤੋਂ ਬਾਹਰ ਦੀ ਸੀ ਤੇ ਕਨੂੰਨਣ ਉਸ 'ਤੇ ਗਰੀਬਾਂ ਦਾ ਹੱਕ ਹੋਣਾ ਚਾਹੀਦਾ ਸੀ। ਨੇਤਾ ਨੇ ਬਟਾਈਦਾਰਾਂ ਨੂੰ ਜ਼ਬਰਨ ਜ਼ਮੀਨ ਤੋਂ ਬੇਦਖਲ ਕਰਨਾ ਚਾਹਿਆ ਉਹਨਾਂ ਤੇ ਹਿੰਸਾ ਮੋੜਵੀਂ ਹਿੰਸਾ ਹੋਈ ਤੇ ਅਨੇਕਾਂ ਲੋਕ ਮਾਰੇ ਗਏ। ਪਰ ਦਲੇਲ ਚੱਕ ਬਘੌਰਾ ਕਾਂਡ ਪਿਛੋਂ ਉਸ ਵੇਲੇ ਦੀ ਰਾਜ ਸਰਕਾਰ ਨੇ ਜਦ ਉਸ ਜ਼ਮੀਨ ਨੂੰ ਭੂਮੀ ਹੀਣਾ 'ਚ ਵੰਡ ਦਿੱਤਾ ਤਾਂ ਉਥੇ ਐਮ ਸੀਸੀ ਕੰਮਜ਼ੋਰ ਪੈ ਗਈ ਤੇ ਨੇਤਾ ਦੀ ਜ਼ਮੀਨ ਦੀ ਭੁੱਖ ਵੀ ਮਰ ਗਈ। ਪਰ ਇਸ ਕਾਂਡ ਦੇ ਕਾਰਨ ਉਸ ਜ਼ਿਲ੍ਹੇ 'ਚ ਜੋ ਤਣਾਅ ਪੈਦਾ ਹੋਇਆ ਉਸ ਦਾ ਫਾਇਦਾ ਪਿਛੋਂ ਉਸ ਨੇਤਾ ਨੂੰ ਮਿਲਿਆ ਤੇ ਉਹ ਅਸਾਨੀ ਨਾਲ ਚੋਣ ਜਿੱਤ ਗਏ। ਯਾਨੀ ਚੋਣਾਂ ਜਿੱਤਣ ਲਈ ਬਿਹਾਰ ਦੇ ਅਨੇਕਾਂ ਨੇਤਾਵਾਂ ਨੇ ਹੱਤਿਆਕਾਂਡਾਂ ਨੂੰ ਵਰਦਾਨ ਮੰਨਿਆ। ਇਸ ਲਈ ਹੱਤਿਆ ਕਾਡਾਂ ਦੀ ਜੜ੍ਹ ਨੂੰ ਖਤਮ ਕਰਨ ਲਈ ਸਰਕਾਰ ਦੀ ਤਰਫੋਂ ਕੋਈ ਗੰਭੀਰ ਕੋਸ਼ਿਸ਼ ਨਹੀਂ ਹੋਈ। ਅੱਜ ਵੀ ਬਿਹਾਰ 'ਚ ਜ਼ਮੀਨ ਦਾ ਮਾਮਲਾ ਬਹੁਤ ਜਟਿਲ ਹੈ ਜਿਸ ਨੂੰ ਸੁਲਝਾਉਣਾ ਅਜੇ ਬਾਕੀ ਹੈ। ਪਰ ਇਸ ਦੌਰਾਨ ਪ੍ਰਸ਼ਾਸਨਿਕ ਤੇ ਪੁਲਸੀਆ ਉਪਾਵਾਂ ਤੇ ਰਾਜਸੀ ਇੱਛਾ ਸ਼ਕਤੀ ਦੇ ਕਾਰਨ ਕਤਲੇਆਮਾਂ ਤੇ ਕਾਬੂ ਪਾਇਆ ਜਾ ਸਕਿਆ ਹੈ। ਇਸ ਦੇ ਨਾਲ ਹੀ ਇਸ ਰਾਜ ਵਿਚ ਫਿਰਕੂ ਦੰਗੇ ਹੁਣ ਨਹੀਂ ਹੋ ਰਹੇ ਹਨ। ਜੋ ਕਦੀ ਭਾਗਲਪੁਰ ਵਰਗੇ ਵੱਡੇ ਦੰਗਿਆਂ ਲਈ ਦੇਸ਼ ਭਰ 'ਚ ਚਰਚਿਤ ਹੁੰਦੇ ਸਨ। ਨਿਤੀਸ਼ ਦੀ ਅਗਵਾਈ 'ਚ ਸੰਨ 2005 'ਚ ਗਠਿਤ ਸਰਕਾਰ ਨੇ ਅਪਰਾਧਿਕ ਮੁਕਦਮਿਆਂ ਨੂੰ ਤਵਰਿਤ (ਫਾਸਟ) ਅਦਾਲਤਾਂ ਰਾਹੀਂ ਤੇਜੀ ਨਾਲ ਨਿਪਟਾਇਆ। ਕਰੀਬ 70 ਹਜ਼ਾਰ ਅਪਰਾਧੀਆਂ ਨੂੰ ਹੇਠਲੀਆਂ ਅਦਾਲਤਾਂ 'ਚੋਂ ਸਜ਼ਾ ਹੋ ਚੁੱਕੀ ਹੈ।

ਸਮੂਹਿਕ ਕਤਲੇਆਮ ਦੇ ਅਪਰਾਧੀਆਂ ਨੂੰ ਲੱਗ ਰਿਹਾ ਹੈ ਕਿ ਹੁਣ ਉਹਨਾਂ ਨੂੰ ਬਚਾਉਣ ਵਾਲਾ ਨਹੀਂ ਹੈ। ਇਸ ਲਈ ਵੱਡੇ ਕਾਂਡ ਨਹੀਂ ਹੋ ਰਹੇ ਹਨ। ਪਰ ਅਜੇਹਾ ਨਹੀਂ ਹੈ ਕਿ ਕਨੂੰਨ-ਪ੍ਰਣਾਲੀ ਸਬੰਧੀ ਬਿਹਾਰ 'ਚ ਕੋਈ ਰਾਮ-ਰਾਜ ਆ ਗਿਆ ਹੈ। ਇਸ ਦੇ ਉਲਟ ਲਾਲੂ-ਰਾਬੜੀ ਦੇ ਸਾਸ਼ਨ 'ਚ ਕਾਨੂੰਨ ਪ੍ਰਣਾਲੀ ਦੀ ਸਥਿਤੀ ਕਾਫੀ ਵਿਗੜ ਚੁੱਕੀ ਸੀ। ਉਹਨੀਂ ਦਿਨੀਂ ਭਾਜਪਾ ਦੋਸ਼ ਲਾਉਂਦੀ ਸੀ ਕਿ ਲਾਲੂ ਦੀ ਮਾਓਵਾਦੀਆਂ ਨਾਲ ਮਿਲੀਭੁਗਤ ਹੈ ਤੇ ਲਾਲੂ ਦੋਸ਼ ਲਾਉਂਦੇ ਸਨ ਕਿ ਰਣਬੀਰ ਸੈਨਾ ਨੂੰ ਭਾਜਪਾ ਦੀ ਸ਼ਹਿ ਹਾਸਲ ਹੈ। ਸੰਨ 1986 'ਚ ਅਰਵਲ ਕਤਲੇਆਮ 'ਚ ਪੁਲਿਸ ਨੇ 24 ਗਰੀਬਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਸੀ। ਉਹ ਨਕਸਲੀ ਸੰਗਠਨ ਨਾਲ ਜੁੜੇ ਐਮ ਕੇ ਐਸ ਐਸ ਦੇ ਝੰਡੇ ਹੇਠ ਆਪਣੇ ਵਾਜਬ ਹੱਕਾਂ ਦੀ ਮੰਗ ਦੀ ਹਮਾਇਤ 'ਚ ਆਮ ਬੈਠਕ ਕਰ ਰਹੇ ਸਨ। ਉਹਨਾਂ ਦੀ ਮੰਗ ਸੀ ਕਿ ਅਰਵਲ ਬਾਜ਼ਾਰ ਦੀ ਉਸ ਜ਼ਮੀਨ 'ਤੇ ਨੇੜੇ ਦੀ ਭੂਮੀਹੀਣਾਂ ਦਾ ਹੀ ਦਖਲ ਕਬਜਾ ਹੋਵੇ ਜਿਹਨਾਂ ਨੂੰ ਇਕ ਨਿਆਂ ਪੱਖੀ ਐਸ.ਡੀ.ਓ ਵਿਆਸ ਨੇ ਪਹਿਲੇ ਬਾਸਗੀਤ ਦਾ ਪਰਚਾ ਦੇ ਦਿੱਤਾ ਸੀ। ਪਰ ਪਿਛੋਂ ਪ੍ਰਸ਼ਾਸਨ ਨੇ ਉਸ ਜ਼ਮੀਨ ਨੂੰ ਇਕ ਭੋਇੰ ਮਾਲਕ ਨੂੰ ਦੇ ਦਿੱਤਾ। ਉਹਨਾਂ

ਨੌਜਵਾਨਾਂ ਨੂੰ ਨਿਆਂ ਦਵਾਉਣ ਦੀ ਥਾਂ ਪੁਲਸ ਨੇ ਕਤਲੇਆਮ ਕੀਤਾ ਅਤੇ ਐਸਾ ਜੁਲਮ ਕਰਨ ਵਾਲੇ ਪੁਲਸ ਮੁਖੀ ਨੂੰ ਤੱਤੀ ਵਾ ਵੀ ਨਾ ਲੱਗੀ। ਨੇਤਾ ਅਜੇਹੇ ਝਮੇਲਿਆਂ ਤੇ ਆਪਣੀਆਂ ਰਾਜਸੀ ਰੋਟੀਆਂ ਸੇਕ ਰਹੇ ਸਨ। ਉਦੋਂ ਦੇ ਮੁੱਖ ਮੰਤਰੀ ਨੇ ਕਿਹਾ ਸੀ ਕਿ ਨਕਸਲੀ ਚੋਰ-ਡਕੈਤਾਂ ਤੋਂ ਵੱਧ ਕੁਝ ਨਹੀਂ ਹਨ।

ਸੀਵਾਨ ਦੀ ਕਹਾਣੀ ਵੀ ਕੁਝ ਇਸੇ ਤਰ੍ਹਾਂ ਦੀ ਹੈ। ਪ੍ਰਸ਼ਾਸਨ ਨੇ ਉਥੇ ਵੀ ਗਰੀਬਾਂ ਨੂੰ ਭੋਇੰ ਮਾਲਕਾਂ ਦੀ ਲੁੱਟ-ਘਸੁੱਟ ਤੋਂ ਨਹੀਂ ਬਚਾਇਆ। ਮਾਕਪਾ (ਮਾਲੇ) ਨੇ ਗਰੀਬਾਂ ਦਾ ਪੱਖ ਲਿਆ। ਜੁਆਬ 'ਚ ਰਾਜਦ ਨੇਤਾ ਮੁਹੰਮਦ ਸਹਾਬੂਦੀਨ ਭੋਇੰ ਮਾਲਕ ਵਲੋਂ ਆ ਗਏ। ਦੋਨਾਂ ਪਾਸਿਉਂ ਤੋਂ ਹਿੰਸਾ-ਮੋੜਵੀ ਹਿੰਸਾ ਕਈ ਸਾਲ ਚਲੀ। ਇਸ ਨਾਲ ਵੋਟਾਂ ਦਾ ਧਰੁਵੀ ਕਰਣ ਹੋਇਆ। ਇਕ ਪਾਸੇ ਸਾਹਬੁਦੀਨ ਤਾਂ ਦੂਜੇ ਪਾਸੇ ਮਾਲੇ ਨੇਤਾ ਚੋਣ ਜਿਤਦੇ ਰਹੇ। ਹੁਣ ਉਥੋਂ ਕੋਈ ਨਹੀਂ ਜਿੱਤ ਰਿਹਾ ਹੈ। ਸੰਨ 1981 'ਚ ਜਹਾਨਾਬਾਦ ਜ਼ਿਲ੍ਹੇ ਦੇ ਪਰਸ ਬਿਗਹਾ 'ਚ ਗਿਆਰਾਂ ਦਲਿਤਾਂ ਨੂੰ ਜਿਉਂਦੇ ਸਾੜ ਦਿੱਤਾ ਗਿਆ। ਰਾਜ ਦੇ ਇਕ ਸਾਬਕਾ ਮੰਤਰੀ ਵੀ ਮੁਕੱਦਮੇ 'ਚ ਸ਼ਾਮਲ ਸਨ। ਉਹਨਾਂ ਨੇ ਦੋਸ਼ੀਆਂ ਦੇ ਪੱਖ 'ਚ ਅਦਾਲਤ 'ਚ ਗਵਾਹੀ ਦਿਤੀ ਕਿ ਘਟਨਾ ਸਮੇਂ ਦੋਸ਼ੀ ਸਾਡੇ ਨਾਲ ਸੀ। ਪਰ ਅਦਾਲਤ ਨੇ ਉਸ ਗਵਾਹੀ ਨੂੰ ਝੂਠੀ ਮੰਨਿਆ। ਸੰਨ 1977 'ਚ ਬੇਲਛੀ ਕਤਲੇਆਮ ਹੋਇਆ। ਉਚ ਕਾਂਡ 'ਚ ਵਾਂਝਾ ਵਰਗ ਦੇ 11 ਲੋਕ ਮਾਰ ਦਿਤੇ ਗਏ ਸਨ। ਇੰਦਰਾ ਗਾਂਧੀ ਨੇ ਬੇਲਛੀ ਦਾ ਦੌਰਾ ਕੀਤਾ ਸੀ। ਬੇਲਛੀ ਕਾਂਡ ਪਿਛੋਂ ਉਥੇ ਜਾਤੀ ਤਣਾਅ ਵਧਿਆ। ਉਸ ਕਾਂਡ ਦੇ ਇਕ ਦੋਸ਼ੀ ਤਣਾਅ ਦੀ ਮਦਦ ਨਾਲ ਵਿਧਾਇਕ ਬਣ ਗਏ। ਕਤਲੇਆਮ ਨਾਲ ਚੋਣਾਂ ਜਿੱਤਣ 'ਚ ਮਦਦ ਮਿਲਦੀ ਸੀ, ਇਸ ਲਈ ਇਸ ਨੂੰ ਜਾਰੀ ਰਖਿਆ ਜਾਂਦਾ ਰਿਹਾ। ਪਰ ਸੰਤੋਸ਼ ਦੀ ਗੱਲ ਇਹ ਹੈ ਕਿ ਪਿਛਲੇ 5-6 ਸਾਲਾਂ 'ਚ ਵੋਟ ਪਾਉਣ ਦੇ ਸ਼ਾਂਤੀਪੂਰਣ ਤਰੀਕੇ ਅਜਮਾਏ ਗਏ ਅਤੇ ਇਹ ਸਫਲ ਵੀ ਹੋਏ।

# ਹਿੰਸਾ ਦੀਆਂ ਜੜ੍ਹਾਂ ਕਿਥੇ ਹਨ?

ਅਸਮ ਦੀ ਸਾਬਕਾ ਤੇ ਮੌਜੂਦਾ ਸਰਕਾਰ ਨੇ ਸੰਨ। 1993, 1994, 1996 ਅਤੇ 2008 ਦੇ ਜਾਤੀ ਦੰਗਿਆਂ ਤੋਂ ਕੋਈ ਸਬਕ ਨਹੀਂ ਲਿਆ ਇਸ ਦਾ ਸਿੱਟਾ ਸਭ ਦੇ ਸਾਹਮਣੇ ਹੈ। ਰਾਜ ਦਾ ਬੋਡੋ ਇਲਾਕਾ ਇਕਵਾਰ ਫਿਰ ਭਿਅੰਕਰ ਜਾਤੀ ਦੰਗਿਆਂ ਦੀ ਅੱਗ ਵਿਚ ਸੜ ਰਿਹਾ ਹੈ। ਚਾਰ-ਪੰਜ ਦਿਨ ਤਕ ਦੰਗਾਈ ਬੇਖੌਫ ਹੋ ਕੇ ਮਾਸੂਮ ਲੋਕਾਂ ਦੀ ਜਾਨ-ਮਾਲ ਨਾਲ ਖੇਡਦੇ ਰਹੇ। ਭਾਰੀ ਗਿਣਤੀ 'ਚ ਸੁਰਖਿਆ ਫੋਰਸਾਂ ਦੀ ਤੈਨਾਤੀ ਪਿਛੋਂ ਹੀ ਸਥਿਤੀ ਕੁਝ ਕੰਟਰੋਲ ਵਿਚ ਹੋ ਸਕੀ। ਵੈਸੇ ਛੇ-ਸਤ ਦਿਨ ਬਾਅਦ ਹੀ ਬੋਡੋਲੈਂਡ ਟੇਰੀ ਟੋਰੀਅਲ ਆਟੋਨੋਮਸ ਡਿਸਟਕ (BTAD) ਤੇ ਉਸ ਨਾਲ ਜੁੜੇ ਘੁਬੜੀ ਜਿਲੇ 'ਚ ਤਨਾਅ ਬਣਿਆ ਹੋਇਆ ਸੀ ਅਤੇ ਨਵੇਂ ਨਵੇਂ ਸਥਾਨਾ ਤੋਂ ਲੋਕਾਂ ਦੀਆਂ ਲਾਸ਼ਾਂ ਬਰਾਮਦ ਹੋ ਰਹੀਆਂ ਸਨ। ਹਿੰਸਕ ਝੜਪਾਂ ਤੇ ਲੋਕਾਂ ਦਾ ਪਲਾਇਨ ਬਦਸਤੂਰ ਜਾਰੀ ਸੀ। ਪੱਛਮੀ ਅਸਮ ਦੇ ਚਾਰ ਜਿਲਿਆਂ 'ਚ ਫੈਲੀ ਇਸ ਹਿੰਸਾ ਵਿਚ 45 ਲੋਕ ਮਾਰੇ ਜਾ ਚੁਕੇ ਹਨ। ਲਗਭਗ ਦੋ ਲੱਖ ਲੋਕ ਬੇਘਰ ਹੋ ਕੇ ਰਾਹਤ ਕੈਂਪਾਂ 'ਚ ਰਹਿਣ ਲਈ ਮਜ਼ਬੂਰ ਹੋਏ ਹਨ। ਖੁਫੀਆ ਸੂਤਰਾਂ ਦੀ ਸੂਚਨਾ ਦੇ ਅਧਾਰ 'ਤੇ ਭਾਰਤ-ਬੰਗਲਾ ਦੇਸ਼ ਸਰੱਹਦੀ ਖੇਤਰ 'ਚ ਚੌਕਸੀ ਵਧਾ ਦਿੱਤੀ ਗਈ ਹੈ। ਬੰਗਲਾਦੇਸ਼ 'ਚ ਹੋਣ ਵਾਲੀ ਨਜਾਇਜ਼ ਘੁਸਪੈਂਠ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਅਜੇਹਾ ਮੰਨਿਆ ਜਾ ਰਿਹਾ ਹੈ ਕਿ ਬੋਡੋ ਇਲਾਕੇ 'ਚ ਗੈਰ ਸਮਾਜੀ ਤੱਤਾਂ ਨੂੰ ਹਿੰਸਕ ਸਰਗਰਮੀਆਂ ਚਲਾਉਣ ਲਈ ਬੰਗਲਾ ਦੇਸ਼ ਤੋਂ ਹੀ ਹਥਿਆਰ ਮੁਹਈਆ ਕਰਵਾਏ ਗਏ ਹਨ। ਵੈਸੇ ਮੁਖ ਮੰਤਰੀ ਤਰਣ ਗੋਗਈ ਤੇ ਕੇਂਦਰੀ ਗ੍ਰਹਿ ਸਕੱਤਰ ਆਰ. ਕੇ. ਸਿੰਘ ਨੇ ਇਸ ਦਾ ਖੰਡਨ ਕੀਤਾ ਹੈ ਕਿ ਹਿੰਸਾ ਫੈਲਾਉਣ 'ਚ ਬੰਗਲਾ ਦੇਸ਼ੀ ਨਾਗਰਕਿਾਂ ਦਾ ਹੱਥ ਹੈ। ਸਰਹੱਦੀ ਸੁਰਖਿਆ ਫੋਰਸ ਨੇ ਵੀ ਉਸ ਖਬਰ ਦਾ ਖੰਡਨ ਕੀਤਾ ਹੈ। ਪਰ ਲੋਕਾਂ ਨੂੰ ਸਮਝ ਨਹੀਂ ਲੱਗ ਰਹੀ ਹੈ ਕਿ ਕੇਂਦਰ ਤੇ ਰਾਜ ਸਰਕਾਰ ਮਾਮਲੇ ਦੀ ਲਿਪਾਪੋਚੀ ਕਰਦੀ ਹੋਈ ਕਿਉਂ ਦਿਸ ਰਹੀ ਹੈ। ਕਿਉਂਕਿ ਬੱਲੋਂ ਸਵਸ਼ਾਸੀ ਪਰੀਸ਼ਦ (ਬੀ. ਟੀ. ਸੀ.) ਕੇ ਪ੍ਰਮੁੱਖ ਗ੍ਰਾਮਾਂ ਮੋਹਿਲਾਰੀ ਨੇ ਦੋਸ਼ ਲਾਇਆ ਹੈ ਕਿ ਬੰਗਲਾ ਦੇਸ਼ ਤੋਂ ਆਏ ਘੁਸ ਪੈਂਠੀਆਂ ਨੇ ਕੋਕਰਾਝਾਰ 'ਚ ਹਿੰਸਾ ਫੈਲਾਈ ਅਤੇ ਹਿੰਸਾ ਲਈ ਮੁਸਲਮਾਨਾ ਨੂੰ ਉਕਸਾਇਆ ਹੈ। ਦੂਜੇ ਪਾਸੇ ਕੇਂਦਰੀ ਗੁਹਿ ਸਕੱਤਰ ਨੇ ਕਿਹਾ ਹੈ ਕਿ ਕੌਮਾਂਤਰੀ ਸਰਹੱਦ ਨੂੰ ਸੀਲ ਕੀਤਾ ਜਾ ਚੁਕਿਆ ਹੈ ਅਤੇ ਅਜੇਹੀ ਸਥਿਤੀ 'ਚ ਬੰਗਲਾਦੇਸ਼ ਤੋਂ ਹੋਵੇ, ਪਰ ਇਨ੍ਹਾਂ ਬਿਆਨਾ ਤੋਂ ਭਰਮ ਦੀ ਹਾਲਤ ਜਰੂਰ ਪੈਦਾ ਨਾ ਹੋਣ ਦੀ ਸ਼ਰਮਿੰਦਗੀ ਤੋਂ ਬਚਣ ਲਈ ਇਸ ਤਰ੍ਹਾਂ ਦੇ ਬਿਆਨ ਦਿੱਤੇ ਜਾ ਰਹੇ ਹਨ। ਹਿੰਸਾ ਦੀ ਸੁਰੂਆਤ 20 ਜੁਲਾਈ ਦੀ ਰਾਤ ਨੂੰ ਹੋਈ ਜਦ ਕੋਕਰਾਝਾੜ ਦੇ ਪਾਸ ਨਾਮਪਾੜਾ ਨਾਮਕ ਸਥਾਨ ਤੇ ਬੀ. ਐਸ. ਟੀ. ਦੇ ਚਾਰ ਸਾਬਕਾ ਮੈਂਬਰਾਂ ਦੀ ਹੱਤਿਆ ਅਣਪਛਾਤੇ ਹਮਲਾਵਰਾਂ ਨੇ ਕਰ ਦਿੱਤੀ। ਇਸ ਦੇ ਬਦਲੇ ਚ 22 ਜੁਲਾਈ ਨੂੰ ਕੋਕਰਾਝਾੜਦੇ ਪਾਸੇ ਦੁਆਮਾਈ ਪਿੰਡ ਵਿਚ ਅਣਪਛਾਤੇ ਹਮਲਾਵਰਾਂ ਨੇ ਅੰਨੇਵਾਹ ਗੋਲੀ ਬਾਰੀ ਕੀਤੀ, ਜਿਸ 'ਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਪੰਜ ਜਖਮੀ ਹੋ ਗਏ। ਕੋਕਰਾਝਾੜ ਥਾਣੇ ਦੇ ਪਾਸਗੁੜਾ ਪਿੰਡ 'ਚ ਪ੍ਰਵਾਸੀ ਮੁਸਲਮਾਨਾ ਦੇ ਇਕ ਸਮੂਹ ਨੇ ਤਿੰਨ ਵਿਅਕਤੀਆਂ

ਦੀ ਹੱਤਿਆ ਕਰ ਦਿੱਤੀ ਫਿਰ ਗੋਸਾਈਂ ਪਿੰਡ ਤਹਿਸੀਲ ਦੇ ਮਕਲਾਈ ਪਿੰਡ ’ਚ ਦੋ ਪ੍ਰਵਾਸ, ਮੁਸਲਮਾਨਾ ਨੂੰ ਗੋਲੀ ਮਾਰ ਦਿਤੀ ਗਈ। ਇਸ ਦੇ ਨਾਲ ਹੀ ਵੱਡੇ ਪੈਮਾਨੇ ’ਤੇ ਹਿੰਸਾ ਸ਼ੁਰੂ ਹੋ ਗਈ, ਘਰ ਸਾੜਨ ਦਾ ਸਿਲਸਲਾ ਸ਼ੁਰੂ ਹੋ ਗਿਆ। ਲੋਕ ਜਾਨ ਬਚਾਉਣ ਲਈ ਰਾਹਤ ਕੈਂਪਾਂਵੱਲ ਭਜਣ ਲੱਗੇ। ਜਿਕਰਯੋਗ ਹੈ ਕਿ ਸੰਨ 2008 ਵਿਚ ਬੱਡੋ ਅਤੇ ਪ੍ਰਵਾਸੀ ਮੁਸਲਮਾਨ ਵਿਚਕਾਰ ਹਿੰਸਕ ਸੰਘਰਸ਼ ਹੋਇਆ ਸੀ। ਇਸ ਪਿਛੋਂ ਇਲਾਕੇ ’ਚ ਭਾਵੇਂ ਹੀ ਸ਼ਾਂਤੀ ਕਾਇਮ ਹੋ ਗਈ ਪਰ ਅੰਦਰ ਹੀ ਅੰਦਰ ਤਣਾਅ ਬਣਿਆ ਹੋਇਆਂ ਸੀ। ਪਿਛਲੇ ਕੁਝ ਮਹੀਨਿਆਂ ਤੋਂ ਘੱਟ ਗਿਣਤੀ ਵਿਦਿਆਰਥੀ ਯੂਨੀਅਨ ਤੇ ਗੈਰ-ਬੋਡੋ ਸਮੂਹ ਦੇ ਨੁਮਾਇੰਦੇ ਆਪਣੀ ਨੁਮਾਇੰਦਗੀ, ਵਧਾਉਣ ਲਈ ਅੰਦੋਲਨ ਕਰ ਰਹੇ ਸਨ। ਛੇ ਜੁਲਾਈ ਨੂੰ ਮੁਸਲਿਮ ਨੌਜਵਾਨ ਜਥੇਬੰਧ (ਬੀ. ਏਲ. ਟੀ.) ਨੂੰ ਜਿੰਮੇਵਾਰ ਮੰਨਿਆ ਗਿਆ। ਵੀਹ ਜੁਲਾਈ ਨੂੰ ਬੀ. ਐਲ. ਟੀ. ਦੇ ਚਾਰ ਮੈਂਬਰਾਂ ਦੀ ਹੱਤਿਆ ਦੇ ਨਾਲ ਹੀ ਸਮੁੱਚਾ ਪੱਛਮੀ ਅਸਮ ਦੰਗਿਆਂ ਦੀ ਲਪੇਟ ’ਚ ਆ ਗਿਆ। ਸਰਕਾਰ ਨੇ ਕੋਤਾਹੀ ਵਰਤੀ ਜਿਸ ਦੇ ਸਿਟੇ ਵਜੋਂ ਹਿੰਸਾ ਬੇਕਾਬੂ ਹੋ ਗਈ। ਵਰਨਣਯੋਗ ਹੈ ਕਿ ਸੰਨ 2003 ’ਚ ਬੋਡੋ ਸਮਝੌਤਾ ਹੋਇਆ ਸੀ। ਉਸ ਸਮੇਂ ਤੋਂ ਬੀ. ਟੀ. ਸੀ. ਇਲਾਕੇ ’ਚ ਅੰਦਰ ਹੀ ਅੰਦਰ ਤਣਾਅ ਸੁਲਗ ਦਾ ਰਿਹਾ ਹੈ। ਬੋਡੋ ਅੰਦੋਲਨ ਉਦੋਂ ਸ਼ੁਰੂ ਹੋਇਆ ਸੀ ਜਦੋਂ ਜਨਜਾਤੀ ਜ਼ਮੀਨ ’ਤੇ ਪ੍ਰਵਾਸੀ ਮੁਸਲਮਾਨਾ ਦੇ ਕਬਜੇ ਨੂੰ ਮੁੱਦਾ ਬਣਾਇਆ ਗਿਆ ਸੀ। ਜਮੀਨ ਦਾ ਮਸਲਾ ਸ਼ੁਰੂ ਹੋਣ ਨਾਲ ਹੀ ਅੰਦੋਲਨ ਦੇ ਕੇਂਦਰ ਵਿਚ ਰਿਹਾ ਹੈ। ਜਿਸ ਨੂੰ ਸੁਲਝਾਉਣ ਦਾ ਕੋਈ ਯਤਨ ਅੱਜ ਤਕ ਨਹੀਂ ਹੋਇਆ ਹੈ। ਦੂਜੇ ਪਾਸੇ ਪ੍ਰਵਾਸੀ ਮੁਸਲਮਾਨਾ ਤੇ ਗੈਰ ਬੋਡੋ ਲੋਕਾਂ ਦਾ ਦੋਸ਼ ਹੈ ਕਿ ਬੀ. ਟੀ. ਸੀ. ’ਚ ਉਹਨਾਂ ਦੀ ਸਹੀ ਨੁਮਾਇੰਦਗੀ ਨਹੀਂ ਹੋ ਰਿਹਾ ਹੈ। ਅਤੇ ਉਹਨਾਂ ਦੇ ਨਾਲ ਦੋਮ ਦਰਜੇ ਦੇ ਨਾਗਰਿਕ ਵਰਗਾ ਵਰਤਾਅ ਕੀਤਾ ਜਾ ਰਿਹਾ ਹੈ। ਸੰਨ 1996 ਦੇ ਦੰਗਿਆਂ ’ਚ 200 ਲੋਕ ਮਾਰੇ ਗਏ ਸਨ ਅਤੇ 2.20 ਲੱਖ ਲੋਕ ਬੇਘਰ ਹੋਏ ਸਨ। ਸੰਨ 1994 ਅਤੇ 2008 ਦੇ ਜਾਤੀ ਦੰਗਿਆਂ ’ਚ ਮਰਨ ਵਾਲਿਆਂ ਦਾ ਅੰਕੜਾ ਸੌ ਤਕ ਪਹੁੰਚ ਗਿਆ ਸੀ। ਕੋਕਰਾਝਾੜ ਵਿਚ ਸ਼ੁਰੂ ਹੋਣ ਵਾਲੀ ਹਿੰਸਾ ਜਿਥੇ ਗੁਆਂਢੀ ਜਿਲਿਆਂ ’ਚ ਫੈਲਦੀ ਰਹੀ ਹੈ। ਉਥੇ ਭੂਗੋਲਿਕ ਰੂਪ ਨਾਲ ਐਸੀ ਹਿੰਸਾ ਦਾ ਖਮਿਆਜਾ ਅਸਮ ਸਮੇਤ ਸਭ ਪੂਰਬੋਤਕ ਰਾਜਾਂ ਨੂੰ ਭੁਗਤਨਾ ਪੈਂਦਾ ਰਿਹਾ ਹੈ। ਪੂਰਬੋਤਰ ਨੂੰ ਬਾਕੀ ਭਾਰਤ ਦੇ ਨਾਲ ਭੂਮੀ ਮਾਰਗ ਰਸਤੇ ਜੋੜਨ ਲਈ ਕੋਕਰਾਝਾੜ ਹੀ ‘ਤੰਗ ਗਲਿਆਰੇ’ ਦੀ ਭੂਮਿਕਾ ਨਿਭਾਉਂਦਾ ਹੈ। ਹਿੰਸਾ ਫੈਲਣ ’ਤੇ ਹਮੇਸ਼ਾਂ ਪੂਰਬੋਤਰ ਤੋਂ ਬਾਕੀ ਭਾਰਤ ਦਾ ਸੜਕੀ ਤੇ ਰੇਲ ਸੰਪਰਕ ਟੁੱਟ ਜਾਂਦਾ ਹੈ। ਯਾਦ ਰਹੇ ਕਿ ਬੀਤੀ 26 ਮਈ ਨੂੰ ਮੌਜੂਦਾ ਰਾਜ ਸਰਕਾਰ ਦੇ ਕਾਰਜਕਾਲ ਦਾ ਇਕ ਸਾਲ ਪੂਰਾ ਹੋਇਆ ਸੀ ਜਿਸ ਦੇ ਜਲਸੇ ’ਚ ਯੂ. ਪੀ. ਏ ਚੇਅਰ ਪਰਸਨ ਸੋਨੀਆ ਗਾਂਧੀ ਵੀ ਸ਼ਾਮਲ ਹੋਈ ਸੀ। ਜਦ ਬੀ. ਟੀ. ਸੀ. ਪ੍ਰਮੁਖ ਤੇ ਬੋਡੋ ਪੀਪਲਸ ਫਰੰਟ (ਬੀ. ਪੀ. ਐਫ.) ਦੇ ਮੁਖੀ ਹਰਗਾਮਾ ਮੋਹਿਲਾਰੀ ਨੇ ਕਿਹਾ ਸੀ ਕਿ ਇਲਾਕੇ ’ਚ ਅਸ਼ਾਂਤੀ ਫੈਲਾਉਣ ਦੀ ਸ਼ਾਜਿਸ਼ ਰਚੀ ਜਾ ਰਹੀ ਹੈ। ਹਿੰਸਾ ਫੈਲਣ ਪਿਛੋਂ ਮੋਹਿਲਾਰੀ ਨੇ ਸਿੱਧੇ ਤੌਰ ’ਤੇ ਬੰਗਲਾਦੇਸ਼ੀ ਘੁਸਪੈਂਠੀਆਂ ਨੂੰ ਇਸ ਲਈ ਜਿੰਮੇਵਾਰ ਦੱਸਿਆ ਬਕੌਲ ਹਰਗਾਮਾ ‘ਸਾਨੂੰ ਪੱਕੀ ਖ਼ਬਰ ਹੈ ਕਿ ਬੰਗਲਾਦੇਸ਼ ਤੋਂ ਲੋਕ ਨਦੀ ਰਸਤੇ ਘੁਬੜੀ ਪਹੁੰਚ ਰਹੇ ਹਨ’ ਪਰ ਮੁੱਖ ਮੰਤਰੀ ਗੋਗੋਈ ਕਹਿੰਦੇ ਹਨ, ਬੰਗਲਾਦੇਸ਼ੀ ਘੁਸਪੈਠੀਆਂ ਦਾ ਦੰਗਿਆਂ ਪਿਛੇ ਕੋਈ ਹੱਥ ਨਹੀਂ ਹੈ। ਸੁਆਰਥਾਂ ਦੇ

ਟਕਰਾਅ ਕਾਰਨ ਹਿੰਸਾ ਫੈਲੀ ਹੈ।' ਉਧਰ ਖੁਫੀਆ ਸੂਤਰਾਂ ਨੇ ਸਰਕਾਰ ਨੂੰ ਜਾਣਕਾਰੀ ਦਿੱਤੀ ਹੈ ਕਿ ਬੋਡੋ ਖਾੜਕੂ ਸੰਗਠਨ NDFB ਦਾ ਕੰਜਨ ਦੈਮਾਰੀ ਗੁੱਟ ਪ੍ਰਵਾਸੀ ਮੁਸਲਮਾਨਾ ਤੇ ਹਮਲੇ ਦੀ ਵਿਉਂਤ ਘੜ ਰਿਹਾ ਹੈ। ਗੁਹਾਟੀ ਜੇਲ੍ਹ ਵਿਚ ਕੈਦ ਰੰਜਨ ਦੈਮਾਰੀ ਨੇ ਆਪਣੇ ਕੇਡਰਾਂ ਨੂੰ ਸੰਕੇਤ ਭੇਜ ਕੇ ਕਿਹਾ ਹੈ ਕਿ ਸੰਘਰਸ਼ ਦੀਆਂ ਸ਼ਰਤਾਂ ਦੀ ਪ੍ਰਵਾਹ ਕੀਤੇ ਬਿਨਾਂ ਉਹ ਬੋਡੋ ਲੋਕਾਂ ਦੀ ਹੋਂਦ ਲਈ ਸੰਘਰਸ਼ ਦੀਆਂ ਸ਼ਰਤਾਂ ਦੀ ਪ੍ਰਵਾਹ ਕੀਤੇ ਬਿਨਾਂ ਉਹ ਬੋਡੋ ਲੋਕਾਂ ਦੀ ਹੋਂਦ ਲਈ ਸੰਘਰਸ਼ ਕਰੇ। ਕੁਝ ਮੀਡੀਆ ਰੀਪੋਟਾਂ 'ਚ ਚਸ਼ਮਦੀਦ ਗਵਾਂਹਾਂ ਦੇ ਹਵਾਲੇ ਨਾਲ ਦਸਿਆ ਗਿਆ ਹੈ ਕਿ ਹਿੰਸਾ ਨੂੰ ਇਕ ਰਣਨੀਤੀ ਤਹਿਤ ਅੰਜਾਮ ਦਿੱਤਾ ਗਿਆ ਰਾਹਤ ਕੈਂਪ 'ਚ ਮੌਜੂਦ ਚਸ਼ਮਦੀਦ ਗਵਾਹਾਂ ਨੇ ਦਸਿਆ ਕਿ ਸ਼ੁਰੂਆਤੀ ਦਿਨਾ 'ਚ ਸਥਾਨਕ ਬੋਡੋ ਨੇਤਾਵਾਂ ਨੇ ਮੁਸਲਮਾਨਾ ਨੂੰ ਸਲਾਹ ਦਿੱਤੀ ਕਿ ਉਹ ਦੂਜੇ ਇਲਾਕਿਆਂ 'ਚ ਚਲੇ ਜਾਣ ਅਤੇ ਇਕੱਠੇ ਹੋਕੇ ਰਹਿਣ ਪੀੜਤ ਅਜੀਬੁਲ ਹੱਕ ਨੇ ਦੱਸਿਆ ਕਿ 'ਅਸੀਂ ਉਹਨਾਂ ਦੀ ਗੱਲ ਮੰਨ ਲਈ ਤੇ ਹਮਲਾਵਰਾਂ ਨੇ ਇਸ ਦਾ ਫਾਇਦਾ ਉਠਾਇਆ।' ਜੇ ਸਮੇਂ ਸਿਰ ਰਾਜ ਤੇ ਕੇਂਦਰ ਸਰਕਾਰ ਨੇ ਠੋਸ ਕਦਮ ਚੁਕਿਆ ਹੁੰਦਾ ਤਾਂ ਏਨੇ ਬੇਕਸੂਰ ਲੋਕ ਨਾ ਮਾਰੇ ਜਾਂਦੇ ਨਾ ਹੀ ਲੱਖਾਂ ਲੋਕਾਂ ਨੂੰ ਬੇਘਰ ਹੋਣਾ ਪੈਂਦਾ। ਸਰਕਾਰ ਨੂੰ ਸਮਝਣਾ ਪੈਣਾ ਹੈ ਕਿ ਸਮਸਿਆ ਦੀ ਜੜ੍ਹ ਦਾ ਹੱਲ ਕੀਤੇ ਬਗੈਰ ਸਿਰਫ ਸਵਸਾਸ਼ੀ ਪ੍ਰੀਸ਼ਦ ਬਣਾਉਣ ਅਤੇ ਪੈਸਾ ਭੇਜਣ ਨਾਲ ਹੀ ਸਮਸਿਆ ਦਾ ਹੱਲ ਨਹੀਂ ਹੋਵੇਗਾ। ਇਸ ਤਰ੍ਹਾਂ ਦੀ ਕੇਂਦਰੀ ਰਾਸ਼ੀ ਨੇਤਾਵਾਂ, ਨੌਕਰਸ਼ਾਹਾਂ ਤੇ ਠੇਕੇਦਾਰਾਂ ਤਕ ਪਹੁੰਚ ਜਾਂਦੀ ਹੈ। ਪਰ ਲੋਕਾਂ ਨੂੰ ਕੋਈ ਫਾਇਦਾ ਨਹੀਂ ਹੁੰਦਾ। ਸਥਾਈ ਸ਼ਾਂਤੀ ਲਈ ਜਿਥੇ ਬੰਗਲਾ-ਦੇਸ਼ੇ ਤੋਂ ਹੋਣ ਵਾਲੀ ਨਜਾਇਜ ਘੁਸਪੈਂਠ ਰੋਕਣੀ ਪੈਣੀ ਹੈ ਉਥੇ ਫਸਾਦ ਦੀਆਂ ਜੜ੍ਹਾਂ ਤੇ ਸੱਟ ਮਾਰਨੀ ਪੈਣੀ ਹੈ। ਬੋਡੋ ਲੈਂਡ ਦਾ ਢਾਂਚਾ ਤਿਆਰ ਕੀਤਾ ਗਿਆ, ਤਾਂ ਕਈ ਗੈਰ ਬੋਡੋ ਬਹੁਗਿਣਤੀ ਵਾਲੇ ਇਲਾਕੇ ਨੂੰ ਇਸ 'ਚ ਸ਼ਾਮਲ ਕਰ ਲਿਆ ਗਿਆ। ਜਿਸ ਨਾਲ ਗੈਰ ਬੋਡੋਲੋਕ ਨਾਰਾਜ਼ ਹੋਏ ਬੀ. ਟੀ. ਸੀ. 'ਚ ਸੀਟਾਂ ਦੀ ਮਨਚਾਹੀ ਵੰਡ। ਕੁਲ 46 ਸੀਟਾਂ 'ਚ 30 ਜਨਜਾਤੀ ਲਈ ਰਾਖਵੀਆਂ ਅਤੇ ਸਿਰਫ ਪੰਜ ਸੀਟਾਂ ਗੈਰ ਜਨਾਜਾਤੀ ਜਾਤੀਆਂ ਲਈ ਇਸ ਅਸੁਤੰਲਨ ਨਾਲ ਅਸੰਤੋਸ਼ ਫੈਲਿਆਂ ਇਲਾਕੇ 'ਚ ਹਥਿਆਰ ਸੌਖਿਆ ਹੀ ਮਿਲਦੇ ਹਨ। ਆਤਮ ਸਮਰਪਣ ਕਰ ਚੁਕੇ ਖਾੜਕੂ ਖੁਲੇਆਮ ਹਥਿਆਰ ਲੈਕੇ ਘੁੰਮਦੇ ਹਨ। ਇਲਾਕੇ 'ਚ ਐਨ ਡੀ ਐਫ ਬੀ. ਖਾੜਕੂਆਂ ਦੀ ਬਰਾਬਰ ਹਕੂਮਤ ਹੈ। ਸਿਰਫ ਗੋਲੀਬੰਦੀ ਦੇ ਐਲਾਨ ਦੇ ਬਾਵਜੂਦ ਸੰਗਠਨ ਵੱਡੇ ਪੈਮਾਨੇ 'ਤੇ ਧਨ ਵਸੂਲੀ ਮੁਹਿੰਮ ਚਲਾ ਰਿਹਾ ਹੈ। ਪੈਸਾ ਜਬਰੀ ਵੀ ਵਸੂਲਿਆ ਜਾਂਦਾ ਹੈ ਇਸ ਕਰਕੇ ਵੀ ਹਿੰਸਕ ਝੜਪਾਂ ਹੁੰਦੀਆਂ ਰਹਿੰਦੀਆਂ ਹਨ।

# ਕਿਵੇਂ ਬੀਜਾਪੁਰ 'ਚ ਆਦੀਵਾਸੀਆਂ ਨੂੰ ਮਾਰਿਆ ਪੁਲਸ ਨੇ?

ਕੋਆਰਡੀਨੇਸ਼ਨ ਆਫ਼ ਡੈਮੋਕਰੇਟਿਕ ਰਾਈਟਸ ਆਰਗੇਨਾਈਜੇਸ਼ਨ (ਸੀ. ਡੀ. ਆਰ. ਓ.) ਨਾਲ ਸਬੰਧਤ ਕਾਰਕੁੰਨਾ ਦੀ ਇਕ ਕੁਲ ਹਿੰਦ ਤੱਥ ਖੋਜ ਟੀਮ ਨੇ ਸਤੀਸ਼ਗੜ ਜਿਲੇ ਦੇ ਖੇਤਰ ਦਾ ਦੌਰਾ ਕੀਤਾ ਜਿਥੇ 28 ਜੂਨ 2012 ਦੀ ਰਾਤ ਨੂੰ ਸੈਂਟਰਲ ਰਿਜ਼ਰਵ ਪੁਲਸ ਫੋਰਸ (ਸੀ. ਆਰ. ਪੀ. ਐਫ.) ਦੇ ਜਵਾਨਾਂ ਵੱਲੋਂ ਫਾਇਰਿੰਗ ਕੀਤੀ ਗਈ ਜਿਸ ਦੇ ਸਿੱਟੇ ਵਜੋਂ 17 ਆਦਿਵਾਸੀ ਮਾਰੇ ਗਏ। ਟੀਮ ਨੇ 6-7 ਜੁਲਾਈ ਨੂੰ ਸਾਰਕੇਗੁਡਾ ਕੋਟਾਮੁਹਾ ਤੇ ਰਾਜਪੈਂਟਾ ਪਿੰਡ ਦਾ ਦੌਰਾ ਘਟਨਾ ਬਾਰੇ ਤੱਥਾਂ ਦੀ ਛਾਣਬੀਣ ਕੀਤੀ। ਟੀਮ ਵੱਲੋਂ ਦਿੱਤੀ ਸੰਖੇਪ ਰੀਪੋਟ ਅੱਗੇ ਵਰਨਣ ਕੀਤੀ ਗਈ ਹੈ: ਇਹ ਸਾਰੇ ਤਿੰਨ ਪਿੰਡ ਛੋਟੀਆਂ ਬਸਤੀਆਂ ਹਨ ਜੋ ਪਾਰੂ ਪਾਰੂ 'ਚ ਵਸੀਆਂ ਹੋਈਆਂ ਹਨ ਤੇ ਬਸਮੁਡਾ ਸਟੇਸ਼ਨ ਦੇ ਅਧਿਕਾਰ ਖੇਤਰ 'ਚ ਪੈਂਦੀਆਂ ਹਨ ਜੋ ਇੱਥੋਂ ਇੱਕ ਕਿਲੋਮੀਟਰ ਦੂਰ ਸਥਿਤ ਹੈ। ਇਨ੍ਹਾਂ ਪਿੰਡਾਂ ਦੇ ਲਗਪਗ ਤਿੰਨ ਕਿਲੋਮੀਟਰ ਦੂਰੀ 'ਤੇ ਸੀ ਆਰ ਪੀ ਐਫ ਦਾ ਕੈਂਪ ਹੈ। ਸਰਕੇਗੁਡਾ ਜਿਸ 'ਚ 25 ਪਰਿਵਾਰ ਤੇ ਰਾਜਪੇਂਟਾ (12 ਪਰਿਵਾਰ) ਕੋਰਸਾਗੁਡੇਸ ਪੰਚਾਇਤ ਵਿੱਚ ਹਨ ਤੇ ਕੋਟਾਗੁਡਾ ਜਿਸ ਵਿੱਚ 30 ਪਰਿਵਾਰ ਹਨ ਹੀ ਪੁਰੂਪਦ ਪੰਚਾਇਤ ਵਿੱਚ ਹਨ। ਇਨ੍ਹਾਂ ਤਿੰਨਾਂ ਪਿੰਡਾਂ 'ਚ ਜ਼ਿਆਦਾਤਰ ਨਿਵਾਸੀ ਡੋਰਲਾ ਕੋਆ ਜਨਜਾਤੀ ਤੋਂ ਆਉਂਦੇ ਹਨ। ਇਨ੍ਹਾਂ ਪਿੰਡਾਂ ਦੇ ਲਗਭਗ 60 ਆਦੀਵਾਸੀ 28 ਜੂਨ ਨੂੰ ਰਾਤ 8 ਵਜੇ ਸਰਕੇਗੁਡਾ ਤੇ ਕੋਟਾਗੁਡਾ ਦੇ ਵਿਚਕਾਰ ਖੁੱਲ੍ਹੇ ਖੇਤਰ 'ਚ ਇੱਕਠੇ ਹੋਏ। ਇਸ ਤਰ੍ਹਾਂ ਦੀ ਮੀਟਿੰਗ ਅਕਸਰ ਰਾਤ ਸਮੇਂ ਆਯੋਜਿਤ ਕੀਤੀ ਜਾਂਦੀ ਹੈ ਜਿੱਥੇ ਸਮੂਹਿਕ ਫੈਸਲੇ ਲਏ ਜਾਂਦੇ ਹਨ ਕਿਉਂਕਿ ਆਦੀਵਾਸੀ ਦਿਨੇ ਬਹੁਤਾ ਸਮਾਂ ਕੰਮ ਕਰਦੇ ਰਹਿੰਦੇ ਹਨ। ਜਿਵੇਂ ਕਿ ਬਿਜਾਈ ਦਾ ਮੌਸਮ ਆ ਰਿਹਾ ਸੀ। ਮੀਟਿੰਗ ਬੁਲਾਈ ਜਾਂਦੀ ਸੀ ਤਾਂ ਕਿ ਖੇਤੀ ਨਾਲ ਸਬੰਧਤ ਵੱਖ ਵੱਖ ਮੁੱਦਿਆਂ ਬਾਰੇ ਗੱਲਬਾਤ ਕੀਤੀ ਜਾ ਸਕੇ। ਜਿਸ ਵਿੱਚ ਰਵਾਇਤੀ ਤੌਰ 'ਤੇ ਬੀਜ ਬੀਜਣ ਵਾਲੇ ਤਿਉਹਾਰ ਜਿਨ੍ਹਾਂ ਨੂੰ ਬੀਜਾ-ਪੌਂਡੁਮ ਦੇ ਨਾਂ ਨਾਲ ਜਾਣਿਆ ਜਾਂਦੈ (ਇਸ ਨੂੰ ਕੁਝ ਹਫ਼ਤੇ ਪਹਿਲਾਂ ਹੀ ਮਨਾਇਆ ਜਾਂਦਾ ਸੀ ਪਰ ਇਹ ਰਿਵਾਜ ਨੂੰ ਨਿਭਾਉਣ ਵਾਲੇ ਪੁਜਾਰੀ ਦੀ ਮੌਤ ਹੋ ਜਾਣ ਕਰਕੇ ਇਹ ਲੇਟ ਹੋ ਗਿਆ ਸੀ) ਬਾਰੇ ਵਿਧੀ ਨਿਰਧਾਰਿਤ ਹੁੰਦੀ ਸੀ। ਵਾਹੁਣ ਲਈ ਜ਼ਮੀਨ ਦੀ ਵੰਡ ਕਰਨੀ ਬਿਨ੍ਹਾਂ ਜਾਨਵਰਾਂ ਵਾਲੇ ਪਰਿਵਾਰ ਨੂੰ ਉਧਾਰ ਦੇਣ ਦੀ ਵਿਵਸਥਾ ਕਰਨੀ, ਨਵੇਂ ਖਰੀਦੇ ਗਏ ਟ੍ਰੈਕਟਰਾਂ ਨੂੰ ਵਰਤਣ 'ਤੇ ਕਿਰਾਏ ਦੀ ਰਾਸ਼ੀ ਤਹਿ ਕਰਨੀ ਤੇ ਮੱਛੀਆਂ 'ਚ ਕਿਵੇਂ ਵਾਧਾ ਕੀਤਾ ਜਾਵੇ ਆਦਿ ਫੈਸਲੇ ਕੀਤੇ ਜਾਂਦੇ ਸਨ। ਦੋ ਸਾਲ ਦੇ ਤੇਂਦੂ ਪੱਤਾ ਇਕੱਠਾ ਕਰਨ ਬਦਲੇ ਉਨ੍ਹਾਂ ਨੂੰ ਪਿੱਛੇ ਜਿਹੇ ਦਸ ਹਜ਼ਾਰ ਰੁਪਏ ਮਿਲੇ ਸਨ ਤੇ ਉਹ ਇਸ ਨੂੰ ਵਰਤਨ ਬਾਰੇ ਗੱਲਬਾਤ ਕਰਨਾ ਚਾਹੁੰਦੇ ਸਨ। ਇਨ੍ਹਾਂ ਇਕੱਠੇ ਹੋਣ ਵਾਲਿਆਂ 'ਚ ਤਿੰਨ ਪਿੰਡਾਂ ਦੇ ਹੀ ਆਦੀਵਾਸੀ ਸਨ ਅਤੇ ਉਹ ਨਿਹੱਥੇ ਸਨ। ਜਦੋਂ ਇਹ ਮੀਟਿੰਗ ਚਲ ਰਹੀ ਸੀ ਤਾਂ ਸੀ ਆਰ ਪੀ ਐਫ ਜਵਾਨਾ ਦੀ ਵੱਡੀ ਟੁਕੜੀ ਤੇ ਕੋਬਰਾ ਸੀ ਆਰ ਪੀ ਐਫ ਜਵਾਨਾਂ

ਦੀ ਵਿਸ਼ੇਸ਼ ਨਕਸਲ ਵਿਰੋਧੀ ਗੁਰੀਲਾ ਯੂਨਿਟ, ਕਮਾਂਡੋ, ਬਟਾਲੀਅਨ ਫਾਰ ਰਿਜੋਲੂਟ ਐਕਸ਼ਨ ਕਮਾਂਡੋ ਜੋ ਗਿਣਤੀ ਵਿੱਚ 100 ਤੋਂ ਉਪਰ ਸਨ, ਨੇ ਉਸ ਖੇਤਰ ਨੂੰ ਘੇਰ ਲਿਆ। ਪਿੰਡ ਵਾਲਿਆਂ ਅਨੁਸਾਰ ਰਾਤ ਦਸ ਵਜੇ ਬਿਨਾਂ ਕਿਸੇ ਅਗਾਉਂ ਚੇਤਾਵਨੀ ਦੇ ਗੋਲੀਆਂ ਚਲਾਈਆਂ ਗਈਆਂ ਪਹਿਲਾਂ ਧਮਾਕਾ ਪੱਛਮ ਵਾਲੇ ਪਾਸਿਉਂ ਹੋਇਆ ਤੇ ਤਿੰਨ ਆਦੀਵਾਸੀਆਂ ਨੂੰ ਸੱਟ ਵੱਜੀ ਤੇ ਉਹ ਤੁਰੰਤ ਜਖ਼ਮੀ ਹੋ ਗਏ। ਫੌਰਨ ਤਿੰਨੋਂ ਪਾਸਿਉਂ ਤੋਂ ਗੋਲੀਬਾਰੀ ਸ਼ੁਰੂ ਹੋ ਗਈ। ਭੈਭੀਤ ਪਿੰਡ ਵਾਸੀ ਚੀਖਣ ਤੇ ਭੱਜਣ ਲੱਗੇ। ਬਹੁਤੇ ਆਪਣੇ ਆਪਣੇ ਪਿੰਡਾਂ ਵੱਲ ਭੱਜਣ ਲੱਗੇ। ਕੁਝ ਨੇ ਡੰਗਰ ਰੱਖਣ ਵਾਲੀ ਥਾਂ ’ਚ ਘੁਸਣ ਦੀ ਕੋਸ਼ਿਸ਼ ਕੀਤੀ। ਜੋ ਜਾਨ ਬਚਾਉਣ ਲਈ ਭੱਜ ਰਹੇ ਸਨ, ਉਨ੍ਹਾਂ ਤੇ ਵੀ ਗੋਲੀਬਾਰੀ ਕੀਤੀ ਗਈ। ਗੋਲੀਬਾਰੀ 30 ਮਿੰਟਾਂ ਤੱਕ ਜਾਰੀ ਰਹੀ ਅਤੇ ਉਸ ਪਿੱਛੋਂ ਮਰੇ ਹੋਏ ਲੋਕਾਂ ਨੂੰ ਵੇਖਣ ਲਹਏ ਰੋਸ਼ਨੀ ਵਾਸਤੇ ਦੋ ਫਾਇਰ ਅੰਦਰ ਕੀਤੇ ਗਏ ਜਿਸ ਨੇ ਪੂਰੇ ਖੇਤਰ ‘ਚ ਰੋਸ਼ਨੀ ਕਰ ਦਿੱਤੀ। ਫੋਰਸ ਇਲਾਕੇ ’ਚ ਡਟੀ ਰਹੀ। ਇਹ ਤੱਥ ਸਪੱਸ਼ਟ ਸੀ ਕਿ ਆਦੀਵਾਸੀਆਂ ਦੀ ਮੀਟਿੰਗ ਸ਼ਾਂਤਮਈ ਸੀ ਤੇ ਉਨ੍ਹਾਂ ’ਚ ਕਿਸੇ ਕੋਲ ਕੋਈ ਹਥਿਆਰ ਨਹੀਂ ਸਨ। ਸੀ ਆਰ ਪੀ ਐਫ ਦੇ ਜਵਾਨਾਂ ਨੇ ਉਨ੍ਹਾਂ ਨੂੰ ਚਾਰੇ ਪਾਸਿਉਂ ਘੇਰ ਲਿਆ ਤੇ ਬਿਨ੍ਹਾਂ ਚੇਤਾਵਨੀ ਦੇ ਅੰਧਾਧੁੰਦ ਤਰੀਕੇ ਲਾਲ ਗੋਲੀਬਾਰੀ ਕੀਤੀ ਗਈ। ਇਸ ਗੋਲਾਬਾਰੀ ਦੇ ਸਿੱਟੇ ਵਜੋਂ 16 ਆਦੀਵਾਸੀ ਮਾਰੇ ਗਏ–15 ਉਸੇ ਰਾਤ ਤੇ ਇੱਕ ਇਰਪਾ ਸੁਰੇਸ਼ (15) ਅਗਲੇ ਦਿਨ ਬੀਜਾਪੁਰ ਹਸਪਤਾਲ ’ਚ। ਮਾਰੇ ਗਏ 6 ਲੋਕ ਨਾਬਾਲਗ ਸਨ ਜਿਸ ’ਚ ਕੇ. ਰਾਮਾ ਦੀ 2 ਸਾਲ ਦੀ ਧੀ ਕਾਕਾ ਸਰਾਸਵਤੀ ਸੀ। ਉਹ ਕੋਟਾਗੁਡਾ ’ਚ ਆਪਣੇ ਘਰ ਵੱਲ ਭਜਦੀ ਹੋਈ ਮਾਰੀ ਗਈ। ਹੋਰ ਪੰਜ ਨਾਬਾਲਗਾਂ ’ਚ 2–ਕਾਲਾ ਰਾਹੁਲ (16) ਤੇ ਮਦਕਮ ਰਾਮ ਵਿਲਾਸ (16) ਬੰਸੇਗੁੰਡਾ ਦੇ ਸਕੂਲ ਵਿੱਚ 10ਵੀਂ ਜਮਾਤ ‘ਚ ਪੜਦੇ ਸਨ। ਦੋਨੋਂ ਬਸਗੁਡਾ ’ਚ ਇੱਕ ਹੋਸਟਲ ’ਚ ਰਹਿੰਦੇ ਸਨ ਅਤੇ ਗਰਮੀ ਦੀ ਛੁੱਟੀ ਦੌਰਾਨ ਆਪਣੇ ਘਰ ਆਏ ਹੋਏ ਸਨ। ਇਹ ਸ਼ਰ੍ਹੇਆਮ ਹੀ ਉਸ ਰਾਤ ਸਰਕੇਗੁਡਾ ਦੇ ਨੇੜੇ ਕਤਲੇਆਮ ਸੀ। ਪਿੰਡ ਵਾਲਿਆਂ ਅਨੁਸਾਰ ਗੋਲੀਆਂ ਨਾਲ ਜ਼ਖਮੀ ਜੋ ਲੋਕ ਮਰੇ ਨਹੀਂ ਉਨ੍ਹਾਂ ਨੂੰ ਪੁਲਸ ਨੇ ਪਿੰਡੋ ਚੁੱਕ ਕੇ ਕੁਲਹਾੜੀ ਨਾਲ ਮਾਰਿਆ। ਪਿੰਡ ਦੇ ਬਾਹਰ ਅਨੇਕਾਂ ਚਸ਼ਮਦੀਦ ਗਵਾਹਾਂ ਤੇ ਮੀਡੀਆ ਕਰਮੀਆਂ ਨੇ ਜਿਨ੍ਹਾਂ ਨੇ ਲਾਸ਼ਾਂ ਨੂੰ ਦਫ਼ਨਾਏ ਜਾਣ ਤੋਂ ਪਹਿਲਾਂ ਵੇਖਿਆ ਸੀ ਨੇ ਦੱਸਿਆ ਕਿ ਉਨ੍ਹਾਂ ’ਚੋਂ ਕੁਝ ਦੇ ਛਾਤੀ ਤੇ ਸਿਰਾਂ ਉਪਰ ਡੂੰਘੇ ਕੱਟੇ ਜਾਣ ਦੇ ਅਤਿਆਚਾਰੀ ਨਿਸ਼ਾਨ ਸਨ। ਇਸ ਉਦੇਸ਼ ਰਹਿਤ ਕਤਲੇਆਮ ਦਾ 17ਵਾਂ ਸ਼ਿਕਾਰ ਵੀ ਲੱਛਮੀ ਦਾ ਪਤੀ ਇਰੱਪਾ ਹੋਇਆ ਜੋ ਤਿੰਨ ਬੱਚਿਆਂ ਦਾ ਬਾਪ ਸੀ। ਗੋਲੀਬਾਰੀ ਸ਼ੁਰੂ ਹੋਣ ਪਿੱਛੋਂ ਉਹ ਭੱਜਿਆ ਤੇ ਆਪਣੇ ਘਰ ‘ਚ ਠੀਕ ਠਾਕ ਪਹੁੰਚ ਗਿਆ ਤੇ 5 ਵਜੇ ਸੁਬਾਹ ਇਲਾਕਾ ਦੇਖਣ ਬਾਹਰ ਆਇਆ, ਉਸ ਉਪਰ ਗੋਲੀ ਚਲਾਈ ਗਈ ਪਰ ਗੋਲੀ ਲੱਗਣ ਦੇ ਬਾਵਜੂਦ ਉਹ ਆਪਣੇ ਘਰ ਵਾਪਸ ਆਉਣ ’ਚ ਸਫਲ ਹੋ ਗਿਆ। ਸੀ ਆਰ ਪੀ ਐਫ ਵਾਲਿਆਂ ਉਸ ਦਾ ਪਿੱਛਾ ਕੀਤਾ ਤੇ ਉਸ ਨੂੰ ਪਰਿਵਾਰ ਵਾਲਿਆਂ ਦੇ ਸਾਹਮਣੇ ਇੱਟਾਂ ਨਾਲ ਉਦੋਂ ਤੱਕ ਕੁੱਟਿਆ ਜਦੋਂ ਤੱਕ ਉਹ ਮਰ ਨਹੀਂ ਗਿਆ। ਰਮੇਸ਼ ਦੇ ਪਿਤਾ ਇਰਪਾ ਰਾਜੂ ਅਨੁਸਾਰ ਸੀ ਆਰ ਪੀ ਐਫ ਦੇ ਜਵਾਨਾਂ ਨੇ ਉਨ੍ਹਾਂ ਦੇ ਘਰੋਂ 5000 ਰੁਪਏ ਵੀ ਚੋਰੀ ਕਰ ਲਏ। ਉਸੇ ਰਾਤ ਪੁਲਸ ਨੇ ਰਾਜਪੇਟਾ ਵਿੱਚ ਇਰਪਾ ਨਾਰਾਇਣ ਦੇ ਘਰੋਂ 30 ਹਜ਼ਾਰ ਤੇ ਨਾਲ ਹੀ ਮਦਕਮ ਨਗੇਸ਼ ਦੇ ਘਰੋਂ

ਦੋ ਹਜ਼ਾਰ ਰੁਪਏ ਚੋਰੀ ਕਰ ਲਏ। ਜੋ ਲੋਕ ਮਾਰੇ ਗਏ–ਕੋਟਾਗੁੱਡਾ ਤੋਂ

(1) ਕਟਕਾ ਸਰਸਵਤੀ (12) ਕੇ ਰਾਮਾ ਦੀ ਧੀ।

(2) ਕਟਕਾ ਸਾਮਾਇਆ (32) ਕਿਸਾਨ ਕੇ ਨੇਗੀ ਦਾ ਪਤੀ

(3) ਕਟਕਾ ਰਾਹੁਲ (16) ਬਸ ਗੁਡਾ 'ਚ 10ਵੀਂ ਜਮਾਤ ਦਾ ਵਿਦਿਆਰਥੀ ਕੇ ਨਰਾਇਣ ਦਾ ਪੁੱਤਰ

(4) ਮਦਕਮ ਰਾਮ ਵਿਲਾਸ (16) ਬਸਮੁਡਾ 'ਚ 10ਵੀਂ ਦਾ ਵਿਦਿਆਰਥੀ ਤੇ ਕਾਟਕਾ ਰਾਹੁਲ ਦਾ ਸਾਥੀ ਐਮ ਬੁਚੀਆ ਦਾ ਪੁੱਤਰ

(5) ਮਦਕਮ ਦਿਲੀਪ (17) ਪਮੇਡ 'ਚ 8ਵੀਂ ਜਮਾਤ 'ਚ ਪੜ੍ਹਨ ਵਾਲਾ ਖੇਤਾਂ 'ਚ ਆਪਣੇ ਬਾਪ ਐਸ ਮੁਛੇਆ ਦੀ ਮਦਦ ਕਰਨ ਵਾਲਾ

(6) ਇਰਪਾ ਰਮੇਸ਼ (30) ਕਿਸਾਨ, ਆਈ ਲੱਛਮੀ ਦਾ ਪਤੀ, ਤਿੰਨ ਬੱਚਿਆਂ ਦਾ ਪਿਤਾ

(7) ਇਰਪਾ ਦਿਨੇਸ (25) ਕਿਸਾਨ ਆਈ ਜਾਨਕੀ ਦਾ ਪਤੀ ਚਾਰ ਬੱਚਿਆਂ ਦਾ ਬਾਪ ਇਰਪਾ ਰਮੇਸ਼ ਦਾ ਛੋਟਾ ਭਰਾ।

(8) ਮਦਕਮ ਨਗੇਸ਼ (35) ਕਿਸਾਨ ਢੋਲ ਵਜਾਉਣ ਵਾਲਾ ਜੋ ਤਿਉਹਾਰਾਂ 'ਚ ਵਜਾਉਂਦਾ ਸੀ। ਐਮ ਸਮੀ ਦਾ ਪਤੀ, ਦੋ ਬੱਚਿਆਂ ਦਾ ਬਾਪ।

(9) ਮਕਦਮ ਸੁਰੇਸ਼ (30) ਕਿਸਾਨ ਐਮ ਸਪਤਰੀ ਦਾ ਪਤੀ, ਦੋ ਬੱਚਿਆਂ ਦਾ ਬਾਪ, ਮਕਦਮ ਨਗੇਸ਼ ਦਾ ਛੋਟਾ ਭਾਈ।

(10) ਇਰਪਾ ਨਾਰਾਇਣ (15) ਕਿਸਾਨ, ਆਈ ਭੀਮੇ ਦਾ ਪਤੀ ਚਾਰ ਬੱਚਿਆਂ ਦਾ ਪਿਤਾ ਰਾਜਪੇਂਟਾ ਤੋਂ

(11) ਇਰਪਾ ਧਰਮਾਇਆ (40) ਕਿਸਾਨ ਆਈ ਭੀਮੇ ਦਾ ਪਤੀ ਪੰਜ ਦਾ ਬਾਪ

(12) ਇਰਪਾ ਸੁਰੇਸ਼ (15) ਪੰਜਵੀਂ ਜਮਾਤ 'ਚ ਪੜ੍ਹਦਾ ਸੀ ਆਈ ਚੰਦਰਾਇਆ ਦਾ ਪੁੱਤ 29 ਜੂਨ ਨੂੰ ਬੀਜਾਪੁਰ ਹਸਪਤਾਲ 'ਚ ਮੌਤ ਹੋ ਗਈ।

ਸਰਕੇ ਗੁੰਡਾ ਤੋਂ – (13) ਸਰਕੇ ਰਮਨਾ (25) ਕਿਸਾਨ ਐਸ ਸੋਮਲੂ ਦਾ ਪਤੀ ਤਿੰਨ ਬੱਚਿਆਂ ਦਾ ਬਾਪ

(14) ਆਪ ਕਾ ਮੀਤੂ (16) ਏ ਸੁਖਰਾਮ ਦਾ ਪੁੱਤ ਜੋ ਖੇਤੀ 'ਚ ਵੋਰਵੇਲ ਫਰਮ 'ਚ ਕੰਮ ਕਰਦਾ ਸੀ।

(15) ਕੋਰਸਾ ਬਿਸ਼ੇਮ (22) ਦੇ ਗੁਛਟਾ ਦਾ ਪੁੱਤ ਜੋ ਪਹਿਲਾਂ ਹੈਦਰਾਬਾਦ 'ਚ ਵੋਰਵੇਲ ਫਰਮ 'ਚ ਕੰਮ ਕਰਦਾ ਸੀ। ਖੇਤੀ 'ਚ ਆਪਣੇ ਪਰਿਵਾਰ ਦੀ ਮਦਦ ਕਰਨ ਲਈ ਪਹਿਲਾਂ ਪਹਿਲਾਂ ਘਰ ਆਇਆ ਸੀ।

(16) ਕੁੰਜਮ ਮਾਲਾ (25) ਕਿਸਾਨ, ਕੇ ਲਕਮਾਡੂ ਦਾ ਪੁੱਤ

(17) ਮਾਡਵੀ ਸਥੂ (40) ਕਿਸਾਨ, ਏ ਕਾਮਲੀ ਦਾ ਪਤੀ ਤੇ ਚਾਰ ਬੱਚਿਆਂ ਦਾ ਪਿਤਾ। 6 ਆਦੀਵਾਸੀ ਗੋਲੀਬਾਰੀ 'ਚ ਜਖਮੀ ਉਹਨਾਂ ਵਿਚੋਂ ਚਾਰ ਬੀਜਾਪੁਰ ਤੇ ਜਗਤਪੁਰ ਹਸਪਤਾਲ 'ਚ ਦਾਖਲ ਹੋਏ ਅਤੇ ਇਲਾਜ ਪਿੱਛੋਂ ਘਰ ਮੁੜ ਗਏ। ਮਟਕਾ ਸੋਮਾਇਆ (30) ਤੇ ਕਾਕਾ ਸੇਂਟੀ (19) ਨੂੰ ਰਾਏਪੁਰ ਹਸਪਤਾਲ ਲੈ ਜਾਇਆ ਗਿਆ, ਅਜੇ ਵੀ ਇਲਾਜ ਅਧੀਨ ਹਨ। ਜਖ਼ਮੀਆਂ 'ਚ ਕਾਕਾ ਰਮੇਸ਼ (13) ਤੇ ਉਸ ਦੀ ਛੋਟੀ

ਭੈਣ ਖਤਰੇ ਤੋਂ ਬਾਹਰ ਹਨ। ਉਹ ਵਾਲ ਵਾਲ ਬਚੇ ਹਨ। ਕੁਝ ਜਾਨਵਰ ਵੀ ਗੋਲੀਬਾਰੀ 'ਚ ਮਾਰੇ ਗਏ। ਸੀ ਆਰ ਪੀ ਐਫ ਦੇ ਜਵਾਨਾਂ ਨੇ ਉਸ ਰਾਤ ਜ਼ਮੀਨ 'ਤੇ ਕੈਂਪ ਲਾਇਆ ਤੇ ਉਸ ਰਾਤ 15 ਮ੍ਰਿਤਕਾਂ ਨੂੰ ਬਸਗੁਡਾ ਲਿਜਾਇਆ ਗਿਆ ਅਤੇ ਇਰਪਾ ਰਮੇਸ਼ ਨੂੰ ਸੁਬਾਹ। ਜ਼ਖ਼ਮੀਆਂ ਤੋਂ ਇਲਾਵਾ ਉਹ 25 ਪੇਂਡੂਆਂ ਨੂੰ ਆਪਣੇ ਨਾਲ ਲੈ ਗਏ ਜਿਨ੍ਹਾਂ 'ਚ ਰਾਤ ਵੇਲੇ ਹੀ ਛੱਡਿਆ ਗਿਆ। ਆਦੀਵਾਸੀ ਉਸੇ ਦਿਨ ਬਸਮੁਡਾ ਗਏ ਤੇ ਮੰਗ ਕੀਤੀ ਕਿ ਲਾਸ਼ਾਂ ਉਨ੍ਹਾਂ ਨੂੰ ਦੇ ਦਿੱਤੀਆਂ ਜਾਣ। ਪੁਲਸ ਨੇ ਸ਼ਾਮ ਨੂੰ ਅਜੇਹਾ ਕੀਤਾ ਤੇ ਅੰਤਮ ਸੰਸਕਾਰ ਅਗਲੇ ਦਿਨ ਹੀ ਹੋ ਸਕਿਆ। ਕੁਝ ਨੂੰ ਦਫਨਾਇਆ ਗਿਆ। ਅਤੇ ਕੁਝ ਨੂੰ ਸਾੜ ਦਿੱਤਾ ਗਿਆ। ਇਰਪਾ ਦਿਨੇਸ਼ ਦੀ ਦੇਹ ਪਿੰਡ ਪਹੁੰਚੀ ਹੀ ਨਹੀਂ ਕਿਉਂਕਿ ਪੁਲਸ ਅਨੁਸਾਰ ਉਹ ਮਾਓਵਾਦੀ ਸੀ। ਉਸ ਦੀ ਦੇਹ ਬਸਮੁਡਾ 'ਚ ਪੁਲਸ ਸਟੇਸ਼ਨ ਦੇ ਨੇੜੇ ਦਫ਼ਨਾ ਦਿੱਤੀ ਗਈ। ਨਿਰਧਾਰਿਤ ਪੈਮਾਨਿਆਂ ਦੀਆਂ ਧੱਜੀਆਂ ਉਡਾਉਂਦੇ ਹੋਇਆ ਸੀ ਆਰ ਪੀ ਐਫ ਦੇ ਜਵਾਨ ਨਾ ਸਿਰਫ਼ ਲਾਸ਼ਾਂ ਨੂੰ ਲੈ ਗਏ ਬਲਕਿ ਲਾਸ਼ਾਂ ਹੇਠਾਂ ਖ਼ੂਨ ਨਾਲ ਲੱਥ ਪੱਥ ਮਿੱਟੀ ਵੀ ਕਹੀ ਨਾਲ ਖੁਰਚ ਦਿੱਤੀ। ਬਸਮੁਡਾ ਦੇ ਐਸ. ਪੀ. ਨੇ ਕਿਹਾ ਕਿ ਬਸਮੁਡਾ ਥਾਣੇ ਵਿੱਚ ਡਾਕਟਰਾਂ ਦੀ ਇੱਕ ਟੀਮ ਵੱਲੋਂ ਸਹੀ ਪੋਸਟਮਾਰਟਮ ਕੀਤਾ ਗਿਆ।" ਪਰ ਪਿੰਡ ਵਾਲੇ ਇਕਮਤ ਹਨ ਕਿ ਪੋਸਟਮਾਰਟਮ ਕੀਤਾ ਹੀ ਨਹੀਂ ਗਿਆ ਤੇ ਕੁਝ ਰੀਪੋਟਾਂ ਰਾਹੀਂ ਹੀ ਇਸ ਤੱਥ ਨੂੰ ਪੁਖਤਾ ਕੀਤਾ ਜਿਨ੍ਹਾਂ ਵੇਖਿਆ ਕਿ ਮ੍ਰਿਤਕ ਦੇ ਸ਼ਰੀਰਾਂ ਤੇ ਲੰਮੇਂ ਨਿਸ਼ਾਨਾਂ ਦੇ ਚਿੰਨ ਨਹੀਂ ਸਨ ਜੋ ਪੋਸਟਮਾਰਟਮ ਅਮਲ ਦੌਰ ਆਉਂਦੇ ਹਨ। 29 ਮਈ ਦੀ ਸਵੇਰ ਸੀ ਆਰ ਪੀ ਐਫ ਦੇ ਜਵਾਨ ਦੋ ਔਰਤਾਂ ਨੂੰ ਨੇੜੇ ਦੇ ਖੇਤਾਂ 'ਚ ਘਸੀਟ ਕੇ ਲੈ ਗਏ, ਉਨ੍ਹਾਂ ਦੇ ਕੱਪੜੇ ਪਾੜ ਸੁੱਟੇ ਤਿੰਨ ਹੋਰ ਔਰਤਾਂ ਨੂੰ ਵੀ ਗਾਲਾਂ ਕੱਢੀਆਂ। ਮਾਰਿਆ ਕੁੱਟਿਆ ਤੇ ਬਲਾਤਕਾਰ ਦੀ ਧਮਕੀ ਦਿੱਤੀ ਇਹ ਸਿੱਧਾ ਜਿਹਾ ਸੱਚ ਹੈ ਕਿ ਪੁਲਸ ਜਿਸ ਵਿੱਚ ਬੀਜਾਪੁਰ ਦੇ ਐਸ ਪੀ ਤੋਂ ਲੈ ਕੇ ਸੀ ਆਰ ਪੀ ਐਫ ਦੇ ਉਚੇ ਰੈਂਕ ਦੇ ਅਧਿਕਾਰੀ ਸ਼ਾਮਲ ਹਨ ਨੇ ਇਹ ਸਥਾਪਤ ਕਰਨ ਦੀ ਕੋਸ਼ਿਸ਼ ਕੀਤੀ ਕਿ ਇਹ ਨਾਗਰਿਕਾਂ ਦਾ ਕਤਲੇਆਮ ਨਹੀਂ ਬਲਕਿ ਮਾਓਵਾਦੀਆਂ ਨਾਲ ਲੰਬੀ ਗੋਲਾਬਾਰੀ ਹੋਈ ਜਿਸ ਦੇ ਸਿੱਟੇ ਵਜੋਂ ਹੀ ਮੌਤਾਂ ਹੋਈਆਂ। 6 ਸੀ ਆਰ ਪੀ ਐਫ ਤੇ ਕੋਬਰਾ ਕਮਾਂਡੋ ਨੂੰ ਲੱਗੀਆਂ ਸੱਟਾਂ ਨੂੰ ਵਾਰ ਵਾਰ ਦੁਹਰਾਇਆ ਗਿਆ। ਇਸ ਝੂਠ ਨੂੰ ਵੱਡੀ ਪੱਧਰ 'ਤੇ ਹਾਕਮ ਜਮਾਤ ਦੇ ਰਾਜਸੀ ਆਗੂਆਂ ਵੱਲੋਂ ਬਿਨਾਂ ਸੋਚੇ ਸਮਝੇ ਦੋਹਰਾਇਆ ਗਿਆ ਜਿਸ ਦੀ ਅਗਵਾਈ ਪੀ. ਚਿਦੰਬਰਮ ਕਰਦੇ ਹਨ। ਸ਼ੁਰੂ 'ਚ ਵੱਡੀ ਪੱਧਰ ਤੇ ਇਹ ਦਾਅਵਾ ਕੀਤਾ ਗਿਆ ਕਿ ਕਈ ਸਾਲ ਪਹਿਲਾਂ 'ਅਪ੍ਰੇਸ਼ਨ ਸਿਲਗਰ' ਦੀ ਤਿਆਰੀ ਕੀਤੀ ਗਈ ਅਤੇ ਸੀ ਆਰ ਪੀ ਐਫ ਤੇ ਕੋਬਰਾ ਜਵਾਨਾਂ ਦੀਆਂ ਤਿੰਨ ਟੀਮਾਂ ਇਸ ਖੇਤਰ 'ਚ ਇਕੱਠੀਆਂ ਹੋਈਆਂ ਜਿਥੇ ਉਨ੍ਹਾਂ ਨੂੰ ਖੁਫੀਆਂ ਵਸੀਲਿਆਂ ਤੋਂ ਮਾਓਵਾਦੀਆਂ ਦੀ ਇੱਕ ਭੀੜ ਦੇ ਇਕੱਠੇ ਹੋਣ ਦੀ ਖਬਰ ਸੀ ਪਰ ਸੀ ਆਰ ਪੀ ਐਫ ਦੇ ਜਵਾਨਾਂ ਦੇ ਪਹੁੰਚਣ ਤੋਂ ਪਹਿਲਾਂ ਉਹ ਸਰਕੇਗੁਡਾ 'ਚ ਧਾਰਮਿਕ ਜਗਾਹ ਪਹੁੰਚੇ ਤੇ ਜਦ ਤੱਕ ਉਹ ਮਾਮਲਿਆਂ ਨੂੰ ਸਮਝ ਸਕਦੇ, ਉਨ੍ਹਾਂ ਨੇ ਸੀ ਆਰ ਪੀ ਐਫ ਦੇ ਜੁਆਨਾਂ 'ਤੇ ਗੋਲੀਬਾਰੀ ਸ਼ੁਰੂ ਕਰ ਦਿੱਤੀ ਜਿਸ ਦੇ ਦਬਾਅ ਕਰਕੇ ਜਵਾਨਾਂ ਨੇ ਵੀ 'ਆਤਮ ਰੱਖਿਆ' ਲਈ ਗੋਲੀ ਚਲਾਈ ਸਿਟੇ ਵਜੋਂ ਅਨੇਕਾਂ ਮਾਓਵਾਦੀ ਮਾਰੇ ਗਏ। ਸੀ ਆਰ ਪੀ ਐਫ ਦੇ ਆਈ ਜੀ (ਅਪਰੇਸ਼ਨ) ਪੰਕਜ ਕੁਮਾਰ ਸਿੰਘ ਅਨੁਸਾਰ 'ਇੱਕ ਮਾਓਵਾਦੀ ਕੈਂਪ

ਇਥੇ ਚਲ ਰਿਹਾ ਸੀ ਤੇ ਪ੍ਰਬੰਧ ਅਜਿਹਾ ਸੀ ਕਿ ਹਮਲਾ ਹੋਣ ਦੀ ਸੂਰਤ 'ਚ ਉਹ 10 ਮਿੰਟਾਂ 'ਚ ਉਥੋਂ ਸਭ ਕੁਝ ਸਮੇਟ ਸਕਣ। ਅਸੀਂ ਕਿੰਨਾ ਹੀ ਸਾਹਿਤ, ਸੇਲ ਤੇ ਭਰੀਆਂ ਹੋਈਆਂ ਬੰਦੂਕਾਂ ਬਰਾਮਦ ਕੀਤੀਆਂ ਹਨ। ਇਹ ਇੱਕ ਭਿਅੰਕਰ ਅਪਰਾਧ ਬਾਰੇ ਬੇਸ਼ਰਮੀ ਭਰਿਆ ਬੋਲਿਆ ਗਿਆ ਨੰਗਾ ਚਿੱਟਾ ਝੂਠ ਹੈ। ਪੁਲਸ ਤੇ ਅਰਧ ਫੌਜੀ, ਫੋਰਸਾਂ ਵੱਲੋਂ ਅਧਿਕਾਰ ਖੇਤਰ ਤੋਂ ਬਾਹਰ ਗੈਰ ਕਨੂੰਨੀ ਹੱਤਿਆਵਾਂ ਕਰਕੇ ਆਤਮ ਰੱਖਿਆ 'ਚ ਦਿੱਤੀ ਗਈ ਇਹ ਪਸੰਦੀਦਾ ਦਲੀਲ ਹੈ। ਇਹ ਤੱਥ ਨਾ ਝੁਠਲਾਇਆ ਜਾ ਸਕਣ ਵਾਲਾ ਹੈ ਕਿ ਮੁਕਾਬਲੇ ਦੌਰਾਨ ਗੋਲੀਆਂ ਨਹੀਂ ਚੱਲੀਆਂ ਹਨ, ਬਲਕਿ ਗੋਲੀਬਾਰੀ ਇੱਕ ਤਰਫਾ ਹੋਈ ਹੈ ਜੋ ਵਿਸ਼ੇਸ਼ ਫੋਰਸਾਂ ਵੱਲੋਂ ਕੀਤੀ ਗਈ ਇਹ ਬਿਨ੍ਹਾਂ ਅਗਾਉਂ ਸੂਚਨਾ ਦੇ ਕੀਤਾ ਗਿਆ ਹਮਲਾ ਸੀ। ਉਸ ਰਾਤ 6 ਸੀ. ਆਰ. ਪੀ. ਐਫ. ਤੇ ਕੋਬਰਾ ਜਵਾਨਾਂ ਨੂੰ ਲੱਗੀ ਸੱਟ ਨੂੰ ਸੀ ਆਰ ਪੀ ਐਫ ਦੇ ਅਧਿਕਾਰੀਆਂ ਵੱਲੋਂ ਮੁਕਾਬਲੇ 'ਚ ਗੋਲੀਬਾਰੀ ਦੀ ਤਰਜ ਨੂੰ ਜਾਇਜ਼ ਠਹਿਰਾਉਣ ਲਈ ਵਾਰ ਵਾਰ ਦੁਹਰਾਇਆ ਗਿਆ ਤੇ ਤੱਥ ਖੋਜ ਟੀਮ ਦੀ ਜਾਣਕਾਰੀ 'ਚ ਇਹ ਆਇਆ ਹੈ ਕਿ ਉਸ ਇਲਾਕੇ 'ਚ ਚਾਰੋਂ ਪਾਸੇ ਦਰੱਖਤਾਂ ਤੇ ਗੋਲੀਆਂ ਦੇ ਦਰਜਨਾਂ ਨਿਸ਼ਾਨ ਹਨ ਜਿਸ ਤੋਂ ਸਾਬਤ ਹੁੰਦਾ ਹੈ ਕਿ ਗੋਲੀਆਂ ਚਾਰੋਂ ਪਾਸਿਓ ਚਲਾਈਆਂ ਗਈਆਂ ਸਨ ਅਤੇ ਇਹ ਪੂਰੀ ਤਰ੍ਹਾਂ ਤਰਕਸੰਗਤ ਹੈ ਕਿ ਜੋ ਛੇ ਜਵਾਨ ਜਖ਼ਮੀ ਹੋਏ ਹਨ ਉਹ ਦੂਜੀ ਤਰਫ਼ੋਂ ਆਪਣੇ ਹੀ ਸਾਥੀਆਂ ਵੱਲੋਂ ਕੀਤੀ ਗਈ ਗੋਲਾਬਾਰੀ ਦਾ ਸ਼ਿਕਾਰ ਹੋਏ ਹਨ। ਪਿੰਡ ਵਾਲੇ ਵੀ ਇਸ ਗੱਲ 'ਤੇ ਦ੍ਰਿੜ੍ਹ ਮਤ ਹਨ ਕਿ 6 ਸੀ ਆਰ ਪੀ ਐਫ ਕੋਬਰਾ ਦੇ ਜਵਾਨ ਆਪਸੀ ਕਰਾਸ ਫਾਇਰਿੰਗ ਦਾ ਸ਼ਿਕਾਰ ਹੋਏ ਹਨ। ਸਾਰੇ ਆਦੀਵਾਸੀ ਨਿਵਾਸੀਆਂ ਵੱਲੋਂ ਤੱਥ ਖੋਜ ਟੀਮ ਨੂੰ ਜ਼ੋਰਦਾਰ ਤਰੀਕੇ ਨਾਲ ਦੱਸਿਆ ਗਿਆ ਕਿ ਉਨ੍ਹਾਂ ਦੀ ਜਨ ਸਭਾ 'ਚ ਕੋਈ ਵੀ ਮਾਓਵਾਦੀ ਨਹੀਂ ਸੀ ਤੇ ਮੀਟਿੰਗ 'ਚ ਸ਼ਾਮਲ ਉਥੇ ਲੋਕ ਨਿਹੱਥੇ ਸਨ। ਕੌਮੀ ਮੀਡੀਆ 'ਚ ਰੀਪੋਟ ਆਉਣ ਪਿੱਛੋਂ ਕਿ ਮਾਰੇ ਗਏ ਲੋਕਾਂ 'ਚ ਆਮ ਨਾਗਰਿਕ ਵੀ ਸਨ ਜਿਨ੍ਹਾਂ 'ਚ ਨਾਬਾਲਗ ਵੀ ਸਨ, ਪਿੱਛੋਂ ਅਧਿਕਾਰੀਆਂ ਦੇ ਬੋਲਾਂ ਦੀ ਫੂਕ ਤਾਂ ਨਿਕਲ ਗਈ ਪਰ ਮੂਲ ਤਰਕ ਕਿ ਹਥਿਆਰਬੰਦ ਮਾਓਵਾਦੀ ਸਭਾ 'ਚ ਹਾਜ਼ਰ ਸਨ ਤੇ ਉਨ੍ਹਾਂ ਨਾਲ ਹੀ ਮੁਠਭੇੜ ਹੋਈ, ਇਸ 'ਤੇ ਉਹ ਜ਼ੋਰ ਦਿੰਦੇ ਰਹੇ। ਸੀ. ਆਰ. ਪੀ. ਐਫ. ਹੁਣ ਕਹਿੰਦੀ ਹੈ ਕਿ ਮ੍ਰਿਤਕਾਂ 'ਚੋਂ ਸੱਤ ਮਹਿਕਮੇ ਮੁਕੇਸ਼, ਮਕਦਮ ਨਗੇਸ਼, ਮਾਡਵੀ ਅਯਤੂ, ਕਾਕਾ ਸਾਮਿੱਆ, ਕੋਰਸਾ ਜਿੱਸੇ, ਮਹਿਕਮ ਦਿਲੀਪ ਤੇ ਝਰਪਾ ਨਰਾਇਣ ਮਾਓਵਾਦੀ ਹਨ ਅਤੇ ਸਤੀਸ਼ਗੜ੍ਹ ਰਾਜ ਦੇ ਬਾਹਰ ਅਨੇਕਾਂ ਪੁਲਸ ਥਾਣਿਆਂ 'ਚ ਉਨ੍ਹਾਂ ਖਿਲਾਫ਼ ਗੰਭੀਰ ਹਿੰਸਾ ਦੇ ਅਨੇਕਾਂ ਕੇਸ ਦਰਜ ਹਨ। ਆਦੀਵਾਸੀ ਨਾਗਰਿਕਾਂ ਦੀ ਮੌਤ ਹੋਣ ਨਾਲ ਬਦਨਾਮੀ ਤੋਂ ਬਚਣ ਲਈ ਸਤੀਸ਼ਗੜ੍ਹ ਦੇ ਮੁੱਖ ਮੰਤਰੀ ਐਸ ਰਮਨ ਸਿੰਘ ਨੇ ਕਿਹਾ ਕਿ ਮਾਓਵਾਦੀ ਆਦੀਵਾਸੀ ਨੂੰ ਮਨੁੱਖੀ ਢਾਲ ਵਜੋਂ ਵਰਤਦੇ ਹਨ ਅਤੇ ਇਸ ਤਰ੍ਹਾਂ ਉਹ ਨਾਗਰਿਕਾਂ ਦੀ ਮੌਤ ਲਈ ਜ਼ਿੰਮੇਵਾਰ ਹਨ। ਸੁਰੱਖਿਆ ਤੰਤਰ ਦੇ ਵੱਧ ਬੁੱਧੀਮਾਨ ਹੁਣ ਮੰਦਭਾਗੇ ਯੁੱਧਨੀਤੀ ਦੀ ਗੱਲ ਕਰ ਰਹੇ ਹਨ ਅਤੇ ਕਹਿੰਦੇ ਹਨ ਕਿ ਭਵਿੱਖ 'ਚ ਇਸ ਤਰ੍ਹਾਂ ਦੇ ਹਰਜੇ ਨੂੰ ਘੱਟੋ ਘੱਟ ਕਰਾਂਗੇ। ਕਈ ਸਾਲਾਂ ਤੋਂ ਭਿਆਨਕ ਹਿੰਸਾ ਇਸ ਖੇਤਰ 'ਚ ਹੋਈ ਹੈ। ਖਾਸ ਕਰਕੇ ਦੱਖਣੀ ਬਸਤਰ ਵਿੱਚ 2005 ਤੋਂ ਪੁਲਿਸ ਤੇ ਅਪਰਾਧਿਕ ਸਲਵਾ ਜੂਡਮ ਦੇ ਗੈਂਗ ਦੇ ਆਪਸ 'ਚ ਮਿਲ ਜਾਣ ਪਿੱਛੋਂ ਸਲਵਾ ਜੂਡਮ ਗੈਂਗ ਵੱਲੋਂ ਹਮਲੇ ਦਾ ਸਾਹਮਣਾ ਕਰਨਾ ਪੈਂਦਾ ਹੈ। ਉਨ੍ਹਾਂ ਦੇ ਘਰ ਲੁੱਟ ਲਏ ਗਏ

ਤੇ ਜਲਾ ਦਿੱਤੇ ਗਏ ਜਿਸ ਦੇ ਸਿੱਟੇ ਵਜੋਂ ਉਨ੍ਹਾਂ 'ਚੋਂ ਅਨੇਕਾਂ ਨੇੜੇ ਦੇ ਆਂਧਰਾ ਪ੍ਰਦੇਸ਼ ਦੇ ਖਮਰਾ ਜ਼ਿਲ੍ਹੇ 'ਚ ਉਜੜ ਕੇ ਚਲੇ ਗਏ। ਦੋ ਆਦੀਵਾਸੀ ਸਰਕੇਗੁਡਾ ਦੇ ਮਕਦਮ ਬਿਲਾ ਤੇ ਇੱਕ ਨਾਬਾਲਗ ਕੋਰਸੇ ਭੀਮਾ ਵੀ ਪੁਲਸ ਵੱਲੋਂ ਉਸ ਸਮੇਂ ਮਾਰੇ ਗਏ। ਅਸਲ 'ਚ ਆਦੀਵਾਸੀ ਤਿੰਨ ਦਿਨ ਪਹਿਲਾਂ ਵਾਪਸ ਆ ਗਏ ਸਨ ਹੁਣ 28 ਜੂਨ ਨੂੰ ਇਹ ਕਤਲੇਆਮ ਵਾਪਰਿਆ।

ਕੋਰਸੇਗੁਡਾ ਤੇ ਸ਼ੀਪੁਰੂਪੱਟੀ ਪੰਚਾਇਤ ਦੇ ਕਈ ਪਿੰਡ ਪੁਲਸ ਦੇ ਵਧੇਰੇ ਜਬਰ ਦੀਆਂ ਮਿਸਾਲਾਂ ਹਨ। ਰਾਜ ਵੱਲੋਂ ਆਦੀਵਾਸੀਆਂ 'ਤੇ ਅਤਿਆਚਾਰ ਦੇ ਪਹਿਲੇ ਪੜ੍ਹਾਅ 'ਚ ਇਹ ਸਪੱਸ਼ਟ ਆਮ ਤੌਰ 'ਤੇ ਸੁਣਿਆ ਜਾਂਦਾ ਸੀ ਕਿ "ਇਹ ਸਭ ਜਡੂਮ ਨੇ ਕੀਤਾ ਹੈ।" ਹੁਣ ਲੋਕ ਕਹਿੰਦੇ ਹਨ ਕਿ 'ਜਵਾਨ ਇਸ ਸਮੱਸਿਆ ਲਈ ਜ਼ਿੰਮੇਵਾਰ ਹਨ।' ਜਿਸ 'ਚ ਸੀ ਆਰ ਪੀ ਐਫ ਤੇ ਦੂਜੇ ਅਰਧ ਸੈਨਿਕ ਤੇ ਵਿਸ਼ੇਸ਼ ਪੁਲਸ ਫੋਰਸ ਸ਼ਾਮਲ ਹਨ ਜਿਨ੍ਹਾਂ ਨੂੰ ਵੱਡੀ ਗਿਣਤੀ 'ਚ ਪਿਛਲੇ ਦੋ ਸਾਲਾਂ ਦੌਰਾਨ ਲਾਇਆ ਗਿਆ ਹੈ। ਉਹ ਕਹਿੰਦੇ ਹਨ ਕਿ 'ਸੁਰੱਖਿਆ ਫੋਰਸ ਆਉਂਦੀ ਹੈ, ਰਾਤ ਨੂੰ ਪਿੰਡ ਦੇ ਨੇੜੇ ਹੀ ਰਹਿੰਦੇ ਹਨ ਅਤੇ ਹਵਾ 'ਚ ਗੋਲੀਆਂ ਚਲਾਉਂਦੇ ਹਨ। ਉਹ ਇਹ ਦੇਖਣ ਲਈ ਅਜਿਹਾ ਕਰਦੇ ਹਨ ਕਿ ਕੋਈ ਬਾਹਰ ਆਇਆ ਜਾਂ ਭੱਜਿਆ ਤਾਂ ਉਸ ਨੂੰ ਗੋਲੀ ਮਾਰ ਦਿਆਂਗੇ।" ਕੋਰਸੇਗੁਡਾ ਤੇ ਛੀਪੁਰੂਪੱਟੀ ਤੇ ਨੇੜੇ ਦੀਆਂ ਹੋਰ ਪੰਚਾਇਤਾਂ ਤੋਂ ਲੋਕ ਰਾਸ਼ਣ ਪਾਣੀ ਖਰੀਦਣ ਤੇ ਆਪਣੀਆਂ ਵਸਤਾਂ ਵੇਚਣ ਲਈ ਬਸਗੁਡਾ ਜਾਂਦੇ ਹਨ। ਪਰ ਸਿਰਫ਼ ਔਰਤਾਂ ਜਾਂਦੀਆਂ ਹਨ ਕਿਉਂਕਿ ਆਦਮੀਆਂ ਨੂੰ ਹਮੇਸ਼ਾ ਬਸਗੁਡਾ 'ਚ ਪੁਲਸ ਵੱਲੋਂ ਫੜ ਲਿਆ ਜਾਂਦਾ ਹੈ ਅਤੇ ਉਸ ਤੋਂ ਪੁੱਛਗਿੱਛ ਕੀਤੀ ਜਾਂਦੀ ਹੈ। ਗਾਲਾਂ ਕੱਢੀਆਂ ਜਾਂਦੀਆਂ ਹਨ, ਮਾਰ ਕੁੱਟਿਆ ਜਾਂਦਾ ਹੈ ਅਤੇ ਆਖਰ ਵਿੱਚ ਹਫ਼ਤਿਆਂ ਬੱਧੀ ਉਨ੍ਹਾਂ ਨੂੰ ਨਜ਼ਰਬੰਦ ਕਰ ਦਿੱਤਾ ਜਾਂਦਾ ਹੈ। ਜਦ ਕੁਝ ਆਦੀਵਾਸੀਆਂ ਨੇ ਭੱਜਣਾ ਸ਼ੁਰੂ ਕੀਤਾ ਤਾਂ ਉਨ੍ਹਾਂ 'ਚੋਂ ਕੁਝ ਨੂੰ ਝੂਠੇ ਕੇਸਾਂ 'ਚ ਫਸਾ ਦਿੱਤਾ ਗਿਆ। ਜਦ ਤੱਥ ਖੋਜ ਟੀਮ ਤਿੰਨ ਪਿੰਡਾਂ 'ਚ ਦੌਰਾ ਕਰ ਰਹੀ ਸੀ ਤਦ ਅਸੀਂ ਵੇਖਿਆ ਕਿ ਭਾਰੀ ਹਥਿਆਰਬੰਦ ਸੀ. ਆਰ. ਪੀ. ਐਫ. ਦੇ ਜਵਾਨਾਂ ਦੇ ਕਈ ਸਮੂਹ ਜੰਗਲ ਵਿੱਚ ਸਨ ਉਨ੍ਹਾਂ ਨੇ ਟੀਮ ਨੂੰ ਸ਼ਕ ਦੀ ਨਜ਼ਰ ਨਾਲ ਵੇਖਿਆ ਪਰ ਕਿਸੇ ਤਰ੍ਹਾਂ ਦੀ ਦਖਲ ਅੰਦਾਜ਼ੀ ਨਹੀਂ ਕੀਤੀ। ਜਦ ਕਈ ਘੰਟਿਆਂ ਬਾਦ ਟੀਮ ਵਾਪਸ ਆਈ ਤਾਂ ਪੁਲਸ ਤਦ ਵੀ ਹਾਜ਼ਰ ਸੀ। ਇੱਕ ਹਫ਼ਤਾ ਪਹਿਲਾਂ ਕਤਲੇਆਮ ਦੇ ਜ਼ਿੰਮੇਵਾਰ ਹੋਣ ਪਿੱਛੋਂ ਉਨ੍ਹਾਂ ਦੀ ਮੌਜੂਦਗੀ ਉਥੇ ਆਮ ਰੂਪ ਨਾਲ ਕੰਮ ਕਰਨ ਦੇ ਅਤੇ ਉਸ ਖੇਤਰ ਵਿੱਚ ਭੈ ਮੁਕਤ ਜੀਵਨ ਸ਼ੈਲੀ ਦੀਆਂ ਸਰਗਰਮੀਆਂ ਦੇ ਖਿਲਾਫ਼ ਸੀ। ਸਤੀਸ਼ਗੜ੍ਹ ਸਰਕਾਰ ਵੱਲੋਂ ਇਸ ਘਟਨਾ 'ਚ ਇੱਕ ਹਾਈਕੋਰਟ ਦੇ ਜੱਜ ਤੋਂ ਜਾਂਚ ਕਰਵਾਉਣ 'ਤੇ ਕਿਹਾ ਗਿਆ ਕਿ ਇਸ ਜਾਂਚ ਦਾ ਕੋਈ ਅਰਥ ਉਦੋਂ ਹੋਵੇਗਾ ਜਦ ਇਹ ਜਾਂਚ ਖੁਦ ਪਿੰਡ ਵਿੱਚ ਹੋਵੇ। ਇਸ ਗੈਰ ਮਨੁੱਖਤਾ ਦੇ ਚਲਦਿਆ ਆਦੀਵਾਸੀਆਂ 'ਚ ਖੁੱਲ੍ਹੀ ਹੁਕਮ ਅਦੂਲੀ ਦੀ ਉਤਸ਼ਾਹਜਨਕ ਅਵਾਜ਼ ਉਠ ਰਹੀ ਹੈ। ਸਲਵਾ ਜੂਡਮ ਦੇ ਸ਼ੁਰੂਆਤੀ ਅਤਿਆਚਾਰ ਤੋਂ ਵੱਖ, ਆਦੀਵਾਸੀ ਹੁਣ ਪਿੰਡ ਨੂੰ ਛੱਡਣ ਦੀ ਰਾਇ ਨਹੀਂ ਰੱਖਦੇ। ਇਸਦੀ ਥਾਂ ਉਨ੍ਹਾਂ 'ਚ ਆਪਣੇ ਬਾਰੇ ਕੀਤੇ ਗਏ ਅਨਿਆਂ ਦੀ ਸਮਝ ਹੈ ਅਤੇ ਉਸ ਤੋਂ ਛੁਟਕਾਰਾ ਪਾਉਣ ਲਈ ਉਨ੍ਹਾਂ ਅੰਦਰ ਰੁਝਾਣ ਪੈਦਾ ਹੋ ਰਿਹਾ ਹੈ। ਤੱਥ ਖੋਜ ਟੀਮ ਇਸ ਗੱਲ ਦੀ ਗਵਾਹ ਸੀ ਕਿ ਸਰਕਾਰ ਵੱਲੋਂ ਭੇਜੀ ਗਈ ਰਾਹਤ ਸਮੱਗਰੀ ਨੂੰ ਉਨ੍ਹਾਂ ਨੇ ਸਪੱਸ਼ਟ

ਹੀ ਠੁਕਰਾ ਦਿੱਤਾ। ਭੂਪਲ ਪਟਨਮ ਦਾ ਐਸ. ਡੀ. ਐਮ. ਆਰ. ਏ. ਕੁਰੂਵੰਸ਼ੀ ਉਥੇ ਕਈ ਵਾਹਨ 'ਚ ਦਾਲ ਚੌਲ, ਕੱਪੜੇ ਤੇ ਕੁਝ ਵਰਤਨ ਲੈ ਕੇ ਪਹੁੰਚਿਆ ਨਰਾਜ਼ ਪੇਂਡੂ ਉਸ ਉਪਰ ਅਤੇ ਹੋਰ ਅਧਿਕਾਰੀਆਂ 'ਤੇ ਕੋਟੇਗੁਡਾ ਦੇ ਬਾਹਰ ਟੁੱਟ ਕੇ ਪੈ ਗਏ "ਤੁਸੀਂ ਸਾਡੇ ਬੱਚਿਆਂ ਨੂੰ ਮਾਰਦੇ ਹੋ ਤੇ ਹੁਣ ਤੁਸੀਂ ਸਹਾਇਤਾ ਕਰਨਾ ਚਾਹੁੰਦੇ ਹੋ?" ਅਸੀਂ ਮਾਓਵਾਦੀ ਹਾਂ ਜਾਂ ਨਹੀਂ? ਕੀ ਤੁਸੀਂ ਇਹ ਰਾਸ਼ਣ ਪਾਣੀ ਮਾਓਵਾਦੀਆਂ ਨੂੰ ਦੇਣ ਲਈ ਲਿਆਏ ਹੋ?" ਤੱਥ ਖੋਜ ਟੀਮ ਦਾ ਇਹ ਮਤ ਹੈ ਕਿ 28 ਜੂਨ ਨੂੰ 17 ਆਦੀਵਾਸੀਆਂ ਦਾ ਮਾਰਿਆ ਜਾਣਾ ਸਰਕਾਰ ਦੀ ਮਾਓਵਾਦੀਆਂ ਖਿਲਾਫ਼ ਲੜਾਈ 'ਚ ਅੱਜਕਲ੍ਹ 'ਕਾਊਂਟਰ-ਇਨਸਿਉਰਜੇਂਸੀ" ਰਣਨੀਤੀ ਦਾ ਸਿੱਟਾ ਹੈ। ਸਤੀਸ਼ਗੜ੍ਹ 'ਚ ਇਸ ਸਮੇਂ ਤੇ ਦੁਬਾਰਾ ਇਸ ਦਾ ਮਤਲਬ ਇਹ ਹੋਵੇਗਾ ਕਿ ਆਦੀਵਾਸੀਆਂ ਨੂੰ ਮਾਓਵਾਦੀਆਂ ਦੇ ਅਧਾਰ ਵਜੋਂ ਸਮਝਿਆ ਜਾਂਦਾ ਹੈ, ਜਿਸ ਕਾਰਨ ਉਹ ਵਿਸ਼ੇਸ਼ ਤੌਰ 'ਤੇ ਨਿਸ਼ਾਨੇ 'ਤੇ ਹੋਣਗੇ ਅਤੇ ਭਿਆਨਕ ਹਿੰਸਾ ਦਾ ਸ਼ਿਕਾਰ ਬਣਨਗੇ। ਇਹ ਜ਼ਿੰਦਗੀ ਤੇ ਆਜ਼ਾਦੀ ਦੇ ਅਧਿਕਾਰ ਨੂੰ ਨਾ ਮੰਨਣਯੋਗ ਉਲੰਘਣਾ ਹੈ। ਕੇਂਦਰ ਤੇ ਰਾਜ ਸਰਕਾਰਾਂ ਨੂੰ ਚਲਾਉਣ ਵਾਲੇ ਸਮੇਂ ਸਮੇਂ ਸਿਰ ਇਹ ਬਿਆਨ ਦਿੰਦੇ ਰਹਿੰਦੇ ਹਨ ਕਿ ਮਾਓਵਾਦ ਸਿਰਫ਼ ਅਮਨ-ਕਾਨੂੰਨ ਦੀ ਸਮੱਸਿਆ ਨਹੀਂ ਹੈ। ਬਲਕਿ ਇਸ ਦੀਆਂ ਜੜ੍ਹਾਂ ਸਮਾਜਿਕ-ਆਰਥਿਕ ਹਨ। ਫਿਰ ਵੀ ਵਿਹਾਰ 'ਚ ਮਾਓਵਾਦ ਦੇ ਭੜਕ ਉਠਣ ਨੂੰ ਸਿਰਫ਼ ਅਪਰਾਧ ਦੇ ਫੁਟ ਪੈਣ ਤੇ ਫੇਰ ਹਥਿਆਰੇ ਸੁਰੱਖਿਆ ਦਸਤਿਆਂ ਨੂੰ ਲਾ ਕੇ ਨਿਬੇੜਨ ਤੋਂ ਸਿਵਾਏ ਕੋਈ ਹੱਲ ਨਜ਼ਰ ਨਹੀਂ ਆਉਂਦਾ ਹੈ। ਭਿਅੰਕਰ ਜਬਰ ਦੀ ਇਹ ਨੀਤੀ ਖਤਮ ਹੋਣੀ ਚਾਹੀਦੀ ਹੈ। ਇਹ ਸਾਡਾ ਪੱਖ ਨਹੀਂ ਹੈ ਕਿ ਪੁਲਸ ਮਾਓਵਾਦੀਆਂ ਵੱਲੋਂ ਕੀਤੀ ਹਿੰਸਾ ਤੋਂ ਆਪਣੀਆਂ ਅੱਖਾਂ ਬੰਦ ਕਰ ਲਵੇ, ਪੁਲਸ ਅਪਰਾਧ ਦੀ ਜਾਂਚ ਪੜਤਾਲ ਕਰੇ ਪਰ ਉਸ ਨੂੰ ਅਜਿਹਾ ਲੋਕਾਂ ਦੇ ਅਧਿਕਾਰਾਂ ਨੂੰ ਪੂਰਾ ਮਾਨ ਸਨਮਾਨ ਦੇ ਕੇ ਕਰਨਾ ਚਾਹੀਦਾ ਹੈ ਅਤੇ ਕਨੂੰਨ ਦੇ ਦਾਇਰੇ 'ਚ ਦ੍ਰਿੜ੍ਹਤਾ ਨਾਲ ਕੰਮ ਕਰਨਾ ਚਾਹੀਦਾ ਹੈ। ਸਰਕਾਰ ਨੂੰ ਇੱਕ ਨੀਤੀ ਅਪਣਾਉਣੀ ਚਾਹੀਦੀ ਹੈ। ਜਿਸ ਰਾਹੀਂ ਗੰਭੀਰਤਾਪੂਰਵਕ ਸਮਾਜਿਕ ਤੇ ਆਰਥਿਕ ਸਮੱਸਿਆਵਾਂ ਨੂੰ ਦੂਰ ਕਰਨਾ ਚਾਹੀਦਾ ਹੈ। ਦੇਸ਼ ਦੇ ਕਨੂੰਨ ਤੇ ਸੰਵਿਧਾਨ ਦੀ ਪ੍ਰਵਾਹ ਨਾ ਕਰਨਾ, ਇਸ ਬਾਰੇ ਸੋਚਿਆ ਜਾਣਾ ਚਾਹੀਦਾ ਹੈ।

28 ਜੂਨ ਨੂੰ ਸਰਕੇਗੁਡਾ ਪਿੰਡ ਦੇ ਕਰੀਬ ਅਪਰੇਸ਼ਨ 'ਚ ਸੀ ਆਰ ਪੀ ਐਫ. ਤੇ ਕੋਬਰਾ ਦੇ ਜਿਨ੍ਹਾਂ ਜਵਾਨਾਂ ਨੇ ਹਿੱਸਾ ਲਿਆ ਉਨ੍ਹਾਂ ਤੇ ਕਤਲ ਦੇ ਮੁਕੱਦਮੇ ਦਰਜ ਹੋਣ ਅਤੇ ਐਸ ਸੀ/ਐਸ ਟੀ ਐਕਟ 1989 ਦੇ ਤਹਿਤ ਵੀ ਮੁਕੱਦਮੇ ਦਰਜ ਹੋਣ। ਮੁਕੱਦਮੇ ਦੀ ਜਾਂਚ ਸੀ. ਬੀ. ਆਈ. ਜਾਂ ਕੌਮੀ ਮਨੁੱਖੀ ਅਧਿਕਾਰ ਕਮਿਸ਼ਨ ਕਰੇ। ਕੇਂਦਰ ਤੇ ਰਾਜਾਂ ਨੂੰ ਮਾਓਵਾਦੀਆਂ ਉਪਰ ਹੁੰਦੇ ਜਬਰ ਨੂੰ ਤੁਰੰਤ ਬੰਦ ਕਰਨਾ ਚਾਹੀਦੈ ਆਦੀਵਾਸੀਆਂ ਦੇ ਜ਼ਮੀਨ ਤੇ ਕੁਦਰਤੀ ਧਨ ਦੌਲਤ 'ਤੇ ਅਧਿਕਾਰ ਨੂੰ ਲਾਗੂ ਕਰਨਾ ਚਾਹੀਦਾ ਹੈ।

# ਜੰਗ-ਲੁਟ-ਤੇ ਅਕਾਲ ਨਾਲ ਜੂਝਦਾ ਕਾਂਗੋ

ਮੋਬਾਈਲ ਫੋਨ, ਲੈਪ ਟਾਪ, ਆਈ ਪੈਡ ਦੇ ਨਵੇਂ ਮਾਡਲ ਅੱਜ ਉਚ ਮੱਧਵਰਗ ਲਈ 'ਸਟੇਟਸ ਸਿੰਬਲ' ਬਣ ਗਏ ਹਨ। ਮਨੁੱਖੀ ਸਮਾਜ ਦੇ ਉਨਤ ਕੌਰ ਦੀਆਂ ਇਹਨਾਂ ਵਸਤਾਂ ਦਾ ਬਾਜ਼ਾਰ ਗਰਮ ਹੈ ਆਏ ਦਿਨ ਇਲੈਕ੍ਰਟਾਨਿਕ ਤੇ ਮੋਬਾਈਲ ਕੰਪਨੀਆਂ ਇਹਨਾਂ ਦਾ ਕੋਈ ਨਵਾਂ ਮਾਡਲ ਬਾਜ਼ਾਰ 'ਚ ਉਤਾਰ ਦਿੰਦੀਆਂ ਹਨ ਅਤੇ ਇਹਨਾਂ ਨੂੰ ਹਾਸਲ ਕਰਨ ਦੀ ਇਕ ਦੌੜ ਜਿਹੀ ਲੱਗੀ ਹੋਈ ਹੈ। ਜਿਥੇ ਇਕ ਪਾਸੇ ਇਲੈਕਟ੍ਰਾਨਿਕ ਗੈਜੇਟ ਤੇ ਮੋਬਾਈਲ ਕੰਪਨੀਆਂ ਨੂੰ ਮੀਡੀਆ ਤੇ ਪ੍ਰਚਾਰ ਤੰਤਰ ਦੇ ਜਰੀਏ ਉਹਨਾਂ ਨੂੰ ਉਨਤ ਹੋਣ ਦੀ ਨਿਸ਼ਾਨੀ ਬਣਾ ਦਿੱਤਾ ਹੈ। ਉਥੇ ਇਹ ਵੀ ਸੱਚ ਹੈ ਕਿ ਇਹ ਆਧੁਨਿਕ ਜੀਵਨ ਸ਼ੈਲੀ ਦੀ ਇਕ ਜਰੂਰਤ ਵੀ ਹੈ। ਜੇ ਬੱਸ 'ਚ ਸਫਰ ਕਰਦੇ ਸਮੇਂ ਆਪਦੇ ਕੰਨਾ 'ਚੋ ਤਾਰ ਨਾ ਨਿਕਲ ਰਹੇ ਹੋਣ ਜਾਂ ਤੁਸੀਂ ਮੋਬਾਈਲ ਦੇ ਤਾਜਾ ਮਾਡਲਾਂ ਦੀਆਂ ਵਿਸੇਸ਼ਤਾਵਾਂ ਨਾ ਜਾਣਦੇ ਹੋ ਤਾਂ ਤਾਜੁਬਦੀ ਗੱਲ ਨਹੀਂ ਹੈ ਕਿ ਆਪ ਦੇ ਮਿਤਰ ਆਪ ਨੂੰ ਆਊਟ ਡੇਟਡ ਸਮਝ ਲੈਣ। ਮੋਬਾਈਲ ਲੈਪਟਾਪ, ਐਪੀ-3 ਪਲੇਅਰ ਆਦਿ ਅੱਜ ਸ਼ਹਿਰ ਨੌਜਵਾਨ ਅਬਾਦੀ ਦੀ ਇਕ ਜਰੂਰਤ ਬਣ ਗਏ ਹਨ ਜਾਂ ਬਣਾ ਦਿੱਤੇ ਗਏ ਹਨ। ਪਰ ਕੀ ਅਸੀਂ ਆਪਣੇ ਦੋਸਤ ਨੂੰ ਐਸ ਐਮ ਐਸ ਲਿਖਦੇ ਸਮੇਂ ਜਾਂ ਆਪਣਾ ਮੰਨਪਸੰਦ ਗਾਣਾ ਸੁਣਦੇ ਸਮੇਂ ਇਸ ਗੱਲ ਦਾ ਅੰਦਾਜਾ ਲਾ ਸਕਦੇ ਹਾਂ ਕਿ ਸਾਡੇ ਮੋਬਾਈਲ ਜਾਂ ਐਮ ਪੀ-3 ਪਲੇਅਰ ਦੀ ਕੀਮਤ ਸਾਡੇ ਜੇਬ 'ਚੋਂ ਖਰਚ ਕੀਤੇ ਗਏ ਕੁਝ ਸੌ ਜਾਂ ਹਜ਼ਾਰ ਰੁਪਇਆ ਤੋਂ ਕਈ ਗੁਣਾ ਅਧਿਕ ਹੈ?

ਜੀ ਹਾਂ ਇਨਸਾਨੀਅਤ ਅੱਜ ਇਸ ਦੀ ਬਹੁਤ ਭਾਰੀ ਕੀਮਤ ਚੁਕਾ ਰਹੀ ਹੈ। ਇਲੈਕਟ੍ਰਾਨਿਕ ਗੈਜੇਟਾਂ ਨੂੰ ਸਾਇਜ 'ਚ ਛੋਟਾ ਬਣਾਉਣ ਲਈ ਟੇਂਟੇਲਸ ਦੀ ਲੋੜ ਹੁੰਦੀ ਹੈ। ਨਾਲ ਹੀ ਇਲੈਕਟ੍ਰਾਨਿਕ ਸੰਕਟ 'ਚ ਵਰਤੇ ਜਾਣ ਵਾਲੇ ਸੋਨੋਡਰ 'ਚ ਇਨ ਵੀ ਇਕ ਜਰੂਰੀ ਤੱਤ ਹੈ ਟੇਂਟੇਲਸ ਇਕ ਦੁਰਲੱਤ ਤੱਤ ਹੈ ਜੋ ਧਰਤੀ ਦੇ ਬਹੁਤ ਘੱਟ ਹਿਸਿਆ 'ਚ ਪਾਇਆ ਜਾਂਦਾ ਹੈ। ਟੇਂਟੇਲਸ ਦੇ ਕੱਚੇ ਮਾਲ ਨੂੰ ਕੋਲਟਾਨ ਕਿਹਾ ਜਾਂਦਾ ਹੈ ਦੁਨੀਆਂ ਦਾ 70% ਕੋਲਟਾਨ ਪੂਰਵੀ ਕਾਂਗੋ ਦੀਆਂ ਖਾਨਾ 'ਚ ਪਾਇਆ ਜਾਂਦਾ ਹੈ। ਖੁਦਾਈ ਦੀ ਲਾਗਤ ਤੇ ਪੈਦਾਵਾਰ ਦੀ ਮਾਤਰਾ ਦੇ ਲਿਹਾਜ ਨਾਲ ਪੂਰਵੀ ਕਾਂਗੋ ਟਿਨ ਦੇ ਕੱਚੇ ਮਾਲ ਕੈਸਿਟ੍ਰਾਈਟ ਦੀ ਖੁਦਾਈ ਦੀ ਵੀ ਇਕ ਮੁੱਖ ਥਾਂ ਹੈ। ਟਿਨ ਤੇ ਟੇਂਟੇਲਸ ਦੇ ਵਾਧੂ ਕਾਂਗੋ ਦੀਆਂ ਖਾਨਾ ਹੀਰੇ, ਸੋਨੇ, ਟੰਗਸਟਨ ਤੇ ਕੋਬਾਲਟ ਦੇ ਵੀ ਕੀਮਤੀ ਸਰੋਤ ਹਨ।

ਆਪਣੀ ਇਸ ਖੁਸ਼ਹਾਲ ਖਣਿਕ ਦੌਲਤ ਦੇ ਕਾਰਨ ਇਹ ਮੱਧ-ਅਫੀਕੀ ਦੇਸ਼ ਬਸਤੀਵਾਦੀ ਤਾਕਤਾਂ ਦਾ ਨਿਸ਼ਾਨਾ ਬਣਿਆ ਰਿਹਾ ਅਤੇ ਅੱਜ ਇਹ ਅਮਰੀਕੀ ਤੇ ਯੂਰਪੀ ਸਾਮਰਾਜੀ ਤਾਕਤ ਦੀ ਦਖਲ ਅੰਦਾਜੀ ਦਾ ਸ਼ਿਕਾਰ ਹੈ। ਕਾਂਗੋ ਦਾ ਇਤਿਹਾਸ ਬੇਹੱਦ ਉਥਲ-ਪੁਥਲ ਭਰਿਆ ਰਿਹਾ ਹੈ ਤੇ ਇਕ ਅਜਾਦ ਵਿਸਥਾਰਿਤ ਬਹਿਸ ਦੀ ਮੰਗ ਕਰਦਾ ਹੈ ਪਰ ਅੱਜ ਲੋਕਾਂ 'ਚ ਮੌਜੂਦ ਪੂੰਜੀਵਾਦੀ ਲੁੱਟ ਦਾ ਘਿਨੌਣਾ ਚਿਹਰਾ ਦੇਖਣ ਲਈ ਇਸ ਇਤਿਹਾਸ ਦੀ ਸੰਖੇਪ ਚਰਚਾ ਕਰਾਂਗੇ।

## ਅਮਰੀਕਾ ਤੇ ਯੂਰਪ ਕਾਂਗੋ ਤੋਂ ਕੀ ਚਾਹੁੰਦੇ ਹਨ?

ਕਾਂਗੋ ਦੇ ਲੋਕ ਪਿਛਲੇ ਪੰਦਰਾਂ ਸਾਲਾਂ ਤੋਂ ਜੰਗ ਦਾ ਬੋਝ ਚੁਕ ਰਹੇ ਹਨ ਪਹਿਲਾਂ ਕਾਂਗੋ ਯੁੱਧ ਦੀ ਸੁਰੂਆਤ 1996 'ਚ ਹੋਈ। 1961 ਤੋਂ ਰਾਜ ਕਰ ਰਹੇ ਤਾਨਾਸ਼ਾਹ ਮੋਬੂਟੂ ਦੀ ਤਾਨਾਸ਼ਾਹੀ ਵਿਰੁੱਧ ਅਵਾਜ਼ ਉਠਾ ਰਹੇ ਕਾਂਗੋ ਦੇ ਨੇਤਾਵਾਂ ਦੀ ਅਗਵਾਈ ਲਾਰੇਟ ਕਬੀਲਾ ਕਰ ਰਹੇ ਹਨ ਉਥੋਂ ਕਾਂਗੋ ਦੇ ਗੁਆਂਢੀ ਦੇਸ਼ ਰਵਾਂਡਾ ਨੂੰ ਅਮਰੀਕਾ ਦੀ ਫੌਜੀ ਤੇ ਆਰਥਕ ਮਦਦ ਹਾਸਲ ਸੀ। ਸੰਸਾਰ ਭਰ 'ਚ ਮੋਬੂਟੂ ਦੀ ਤਾਨਾਸ਼ਾਹੀ ਵਿਰੁੱਧ ਆਪਣੇ ਫੌਜੀ ਪ੍ਰੋਗਰਾਮ ਨੂੰ ਜਾਇਜ ਦਸਦਿਆਂ ਅਮਰੀਕਾ ਨੇ ਖਾਣਾ ਤੇ ਕਬਜਾ ਕਰ ਲਿਆ ਅਤੇ ਜਾਇਜ ਖੁਦਾਈ ਦੇ ਰਾਹੀਂ ਅਮਰੀਕਾ ਦੀ ਫੌਜੀ ਮਦਦ ਦਾ ਉਧਾਰ ਮੋੜਨਾ ਸ਼ੁਰੂ ਕਰ ਦਿੱਤਾ।

ਉਥੇ ਰਵਾਂਡਾ ਦੇ ਫੌਜੀ ਅਫਸਰਾਂ ਨੇ ਕਬੀਲੇ ਦੀ ਮਦਦ ਨਾਲ ਕਾਂਗੋਂ ਦੀ ਫੌਜ ਵਿਚ ਆਪਣੀ ਥਾਂ ਬਣਾਉਣੀ ਸ਼ੁਰੂ ਕਰ ਦਿੱਤੀ। ਕੁਝ ਹੀ ਸਮੇਂ ਵਿਚ ਰਵਾਂਡਾ ਦੀ ਫੌਜ ਦੇ ਖੁਦਾਈ ਉਦਯੋਗ 'ਚ ਵਧਦੀ ਦਖਲਅੰਦਾਜੀ ਨੂੰ ਵੇਖ ਅਤੇ ਖੁਦ ਆਪਣੀ ਗੱਦੀ ਖੁਸਣ ਦੇ ਡਰੋਂ 1998 ਵਿਚ ਕਬੀਲਾ ਨੇ ਫੌਜ ਦੇ ਵਾਪਸ ਮੁੜਣ ਦੀ ਗੱਲ ਕੀਤੀ। ਖੁਦਾਈ ਤੋਂ ਮੁਨਾਫਾ ਕਮਾ ਰਹੀ ਰਵਾਂਡਾ ਦੀ ਫੌਜ ਨੇ ਖੁਦ ਨੂੰ ਮੁੜ ਜਥੇਬੰਦ ਕਰਕੇ ਇਕ ਵਾਰੀ ਫਿਰ ਕਾਂਗੋ 'ਚ ਯੁੱਧ ਛੇੜ ਦਿੱਤਾ। 2001 'ਚ ਲਾਰੇਂਟ ਕਬੀਲਾ ਦੀ ਹੱਤਿਆਂ ਹੋ ਗਈ ਤੇ ਉਸ ਦੀ ਥਾਂ ਉਹਨਾਂ ਦੇ ਪੁੱਤਰ ਜੋਜੇਫ ਕਬੀਲਾ ਨੇ ਲੈ ਲਈ। 2003 'ਚ ਮੁਖ ਹਥਿਆਰਬੰਦ ਦਸਤਿਆਂ ਵਿਚਕਾਰ ਸੱਤਾ-ਵੰਡ ਦੇ ਅਧਾਰ 'ਤੇ ਅਸਥਾਈ ਸਰਕਾਰ ਬਣੀ ਅਤੇ 2008 ਤਕ ਕੌਮੀ ਚੋਣਾਂ ਰਾਹੀਂ ਜੋਜੇਫ ਕਬੀਲਾ ਸੱਤਾ 'ਤੇ ਕਾਬਜ ਹੋ ਗਿਆ। ਇਕ ਬੇਹੱਦ ਕੰਮਜੋਰ ਸਰਕਾਰੀ ਢਾਂਚੇ ਜਰਨਕਾਂਗੋਂ ਦੀ ਫੌਜ ਦੇ ਅਫਸਰਾਂ ਦੀ ਕੰਟਰੋਲ ਹੁਣ ਲੋਕਰਾਜ ਦੇ ਮਖੌਟੇ ਦੇ ਹੇਠਾਂ ਸੰਭਵ ਹੋ ਗਿਆ। ਇਕ ਪਾਸੇ ਅਮਰੀਕਾ ਨੇ ਆਪਣੇ ਲੋਕਰਾਜ ਪ੍ਰੇਮ ਲਈ ਵਾਹਵਾਹ ਖੱਟੀ ਅਤੇ ਦੂਜੇ ਪਾਸੇ ਰਵਾਂਡਾ ਦੀ ਫੌਜ ਤੇ ਹਥਿਆਰ ਬੰਦ ਦਸਤਿਆਂ ਦੀ ਮਦਦ ਰਾਹੀਂ ਕਾਂਗੋਂ ਦੀ ਫੌਜ ਦੇ ਖਣਿਜ ਦੌਲਤ ਦੀ ਲੁੱਟ ਨੂੰ ਹੋਰ ਵਿਆਪਕ ਰੂਪ ਵੀ ਦੇ ਦਿੱਤਾ। ਕਾਂਗੋ 'ਚ ਅੱਜ ਤਕ ਜੰਗ ਦੀ ਹਾਲਤ ਬਣੀ ਹੋਈ ਹੈ। ਰਵਾਂਡਾ ਦੀ ਫੌਜ ਨੂੰ ਹਥਿਆਰ ਪਹੁੰਚਾਉਣ ਤੋਂ ਲੈ ਕੇ ਫੌਜੀ ਸਿਖ ਲਾਈ 'ਚ ਅਮਰੀਕੀ ਕੋਈ ਕਸਰ ਨਹੀਂ ਛੱਡ ਰਿਹਾ। ਇਹ ਯੁੱਧ ਹੁਣ ਤਕ 60 ਲੱਖ ਤੋਂ ਵੀ ਵੱਧ ਲੋਕਾਂ ਦੀਆਂ ਜਾਨਾ ਲੈ ਚੁਕਿਆ ਹੈ। ਹਰ ਮਹੀਨੇ 45000 ਲੋਕ ਕਾਂਗੋ ਦੀ ਫੌਜ ਜਾਂ ਰਵਾਂਡਾ ਦੇ ਹਥਿਆਰਬੰਦ ਦੁਸਤਿਆਂ ਦਾ ਸ਼ਿਕਾਰ ਬਣ ਰਹੇ ਹਨ। ਕਾਂਗੋ ਦੀ ਖਾਣਾ 'ਤੇ ਅੱਜ ਦੋ ਮੁੱਖ ਤੋਰ 'ਤੇ ਦੋ ਫੌਜੀ ਤਾਕਤਾਂ ਤਦਾ ਕਬਜਾ ਹੈ। ਇਹਨਾਂ ਵਿਚੋਂ ਇਕ ਤਾਂ ਖੁਦ ਕਾਂਗੋ ਦੀ ਕੌਮੀ ਫੌਜ ਹੈ। ਅਤੇ ਦੂਸਰੀ ਪੂਰੇ ਤੋਰ 'ਤੇ ਅਮਰੀਕਾ ਵਲੋਂ ਸਹਾਇਤਾ ਪ੍ਰਾਪਤ ਐਫ. ਡੀ. ਐਲ. ਆਰ ਹੈ। ਪੈਟਾਗਾਨ ਐਫ ਡੀ ਐਲ ਆਰ ਨੂੰ ਲੋਕਾਂ 'ਤੇ ਜਾਬਰ ਹਕੂਮਤ ਚਲਾਉਣ ਲਈ ਵਿਸ਼ੇਸ਼ 'ਮਿਲਟ੍ਰੀ ਟ੍ਰੇ ਨਿੰਗ ਸੈਸਨ' ਆਯੋਜਤ ਕਰਵਾਉਂਦਾ ਹੈ। ਅਪਵਾਦਾਂ ਨੂੰ ਛੱਡ ਕੇ, ਪੂਰਵੀ ਕਾਂਗੋ 'ਚ ਸਾਰੀ ਖੁਦਾਈ ਗੈਰ-ਰਵਾਇਤੀ ਖੇਤਰ 'ਚ ਹੁੰਦੀ ਹੈ। ਖਾਦ ਮਜਦੂਰ ਜਾ ਤਾਂ ਨੰਗੇ ਹੱਥੀਂ ਕੰਮ ਕਰਦੇ ਹਨ ਜਾਂ ਫਿਰ ਕੁਝ ਪਿਛੜੇ ਔਜਾਰਾਂ ਦੇ ਸਹਾਰੇ ਖਾਣ ਦੀਆਂ ਕੰਮ ਦੀਆਂ ਹਾਲਤਾਂ ਬੇਹੱਦ ਗੈਰ ਮਨੁੱਖੀ ਹਨ। ਮਜ਼ਦੂਰਾਂ ਨੂੰ ਖੁਦਾਈ ਦਾ ਕੋਈ ਸਿਖ ਲਾਈ ਨਹੀਂ ਦਿੱਤੀ ਜਾਂਦੀ, ਨਾ ਹੀ ਖਾਣਾ 'ਚ ਕੰਮ ਕਰਨ ਲਈ ਜਰੂਰ ਸੰਦ ਤੇ ਵਰਦੀ

ਉਹਨਾਂ ਕੋਲ ਹੁੰਦੀ ਹੈ। ਮਜ਼ਦੂਰਾ ਦਾ ਗੰਭੀਰ ਰੂਪ ’ਚ ਜਖਮੀ ਹੋ ਜਾਣਾ ਜਾਂ ਮੌਤ ਦੀ ਗੋਦ ਵਿਚ ਚਲੇ ਜਾਣਾ, ਆਮ ਗੱਲ ਹੈ। ਖਾਣਾ ਦੇ ਮਜਦੂਰਾਂ ’ਚ ਵੱਡੀ ਗਿਣਤੀ ਬਾਲ-ਮਜਦੂਰਾ ਦੀ ਹੈ। ਕੰਮ ਦੇ ਘੰਟੇ ਤਹਿ ਨਹੀਂ ਹਨ। ਹਥਿਆਰਬੰਦ ਫੌਜੀਆਂ ਦੇ ਕਹਿਣ ’ਤੇ ਕੰਮ ਨਾ ਕਰਨ ’ਤੇ ਮਜਦੂਰਾਂ ਨੂੰ ਜਾਨ ਤੋਂ ਹੱਥ ਧੋਣੇ ਪੈਂਦੇ ਹਨ। ਸਮੇਂ ਸਮੇਂ ਸਿਰ ਇਹ ਫੌਜੀ ਔਰਤਾਂ ਤੇ ਬੱਚਿਆਂ ਨੂੰ ਆਪਣੀ ਹਵਸ ਦਾ ਸ਼ਿਕਾਰ ਬਣਾਉਂਦੇ ਹਨ। ਅਜੇ ਤਕ ਇਸ ਜੰਗ ਦੇ ਦੌਰਾਨ ਚ ਲੱਖ ਔਰਤਾਂ ਨਾਲ ਬਲਾਤਕਾਰ ਹੋ ਚੁਕਿਆ ਹੈ। ਫੌਜ ਹਿੰਸਾ ਕਰਦੇ ਹਨ। ਕੰਮ ਮਿਲਣ ਦੀ ਕੋਈ ਗਰੰਟੀ ਨਹੀਂ ਹੈ। ਮਜਦੂਰ ਚਾਹੇ ਕਿਸੇ ਵੀ ਖਾਣ ’ਤੇ ਕੰਮ ਕਰਨ ਜਾਣ, ਐਫ ਡੀ ਐਲ ਆਰ ਐਫ. ਏ. ਆਰ. ਡੀ. ਸੀ. ਵਲੋਂ ਕੰਟਰੋਲ ਖਾਣਾ ਤਨਖਾਹ ਦੀ ਸਮੱਸਿਆਦੀ ਕੋਈ ਹੋਂਦ ਨਹੀਂ ਹੈ। ਫੌਜੀ ਮਜ਼ਦੂਰਾਂ ਵਲੋਂ ਖੋਦੇ ਗਏ ਸਾਰੇ ਖਣਿਜ ਨੂੰ ਜਬਤ ਕਰ ਲੈਂਦੇ ਹਨ ਜਾਂ ਫਿਰ ਇਕ ਛੋਟਾ ਜਿਹਾ ਹਿੱਸਾ ਮਜ਼ਦੂਰਾਂ ਕੋਲ ਛੱਡ ਦਿੰਦੇ ਹਨ। ਕੁਝ ਖਾਣਾ ’ਤੇ ਗੁਲਾਮਾ ਵਾਗੂੰ ਅਤਿਆਚਾਰ ਸਹਿਣਾ ਹੀ ਕੇਵਲ ਕਾਂਗੋ ਦੀ ਮਜਦੂਰ ਆਬਾਦੀ ਦੀ ਬਰਬਾਦੀ ਦਾ ਹਿੱਸਾ ਨਹੀਂ ਹੈ। ਮਜਦੂਰ ਜਿਨ੍ਹਾਂ ਰਾਹਾਂ ਤੋਂ ਲੰਘਦੇ ਹਨ, ਉਹਨਾਂ ਤੇ ਉਹਨਾਂ ਨੂੰ ਐਫ ਡੀ ਐਲ ਆਰ ਤੇ ਐਫ ਏ ਆਰ ਡੀ ਸੀ ਦੀਆਂ ਚੌਕੀਆਂ ਮਿਲ ਜਾਂਦੀਆਂ ਹਨ ਇਨ੍ਹਾਂ ਚੌਕੀਆਂ ’ਤੇ ਹਥਿਆਰ ਬੰਦ ਫੌਜੀ ਮਜ਼ਦੂਰਾਂ ਦੀ ਕਮਾਈ ਦਾ ਇਕ ਹਿੱਸਾ ਵਸੂਲ ਲੈਂਦੇ ਹਨ। ਇਕ ਰਾਹ ’ਚ ਦਸ ਤੋਂ ਪੰਦਰਾਂ ਚੌਕੀਆਂ ਮਿਲ ਜਾਂਦੀਆਂ ਹਨ ਜਿਨ੍ਹਾਂ ਥਾਵਾਂ ’ਤੇ ਸੜਕਾਂ ਨਹੀਂ ਹਨ, ਉਥੇ ਮਜਦੂਰ ਖਣਿਜਾਂ ਨੂੰ ਹਵਾਈ ਅੱਡੇ ਤਕ ਪਹੁੰਚਾਉਣ ਦਾ ਕੰਮ ਵੀ ਬਿਨਾਂ ਤਨਖਾਹ ਕਰਦੇ ਹਨ। ਕਾਂਗੋ ਦਾ ਕਨੂੰਨ ਫੌਜ ਦੇ ਕਿਸੇ ਵੀ ਬੰਦੇ ਨੂੰ ਖਣਿਕ ਉਦਯੋਗ ਜਾਂ ਖੁਦਾਈ ਨਾਲ ਜੁੜਣ ਤੋਂ ਰੋਕਦਾ ਹੈ। ਪਰ ਇਕ ਜਰਜਰ ਨਿਆਂਇਕ ਢਾਚੇ ’ਚ ਵਿਦੇਸ਼ੀ ਦਬਾਅ ਤੇ ਫੌਜ ਦੇ ਅਫਸਰਾਂ ਦੀ ਵਧਦੀ ਆਰਥਕ ਤਾਕਤ ਕਾਰਨ ਇਹ ਕਨੂੰਨ ਧਰੇ ਦਾ ਧਰਿਆ ਰਹਿ ਜਾਂਦਾ ਹੈ। ਅੱਜ ਤਕ ਇਕ ਵੀ ਅਜੇਹਾ ਮੌਕਾ ਨਹੀਂ ਆਇਆ ਜਦ ਕਿਸੇ ਇਕ ਐਫ. ਏ. ਆਰ. ਡੀ ਸੀ. ਖਣਿਜਾਂ ਦੇ ਵਪਾਰ ਤੋਂ ਸਲਾਨਾ ਕਰੋੜਾਂ ਡਾਲਰ ਦਾ ਮੁਨਾਫਾ ਕਮਾ ਰਹੀ ਹੈ। ਇਸ ਦੇ ਕਾਰਨ ਐਫ. ਡੀ. ਐਲ. ਆਰ ਬਿਨਾਂ ਕਿਸੇ ਦਿੱਕਤ ਦੇ ਉਨਤ ਹਥਿਆਰ ਵੀ ਇਕੱਠੇ ਕਰ ਲੈਂਦੀ ਹੈ। ਐਫ. ਡੀ. ਐਲ. ਆਰ. ਵਲੋਂ ਕੰਟਰੋਲ ਪੂਰਵੀ ਕਾਂਗੋ ਦੇ ਇਲਾਕਿਆਂ ’ਚ ਇਹਨਾਂ ਦੇ ਕਮਾਂਡਰ ਤੇ ਫੌਜੀ ਹਥਿਆਰਾਂ ਆਸਰੇ ਬਰਾਬਰ ਦੇ ਆਰਥਕ ਰਾਜਸੀ ਤੇ ਸਮਾਜਕ ਢਾਂਚੇ ਵੀ ਚਲਾ ਰਹੇ ਹਨ। ਜਿਸ ’ਚ ਸਮਾਨਾਂਤਰ ਨਿਆਂ ਪ੍ਰਣਾਲੀ ਵੀ ਸ਼ਾਮਲ ਹੈ। ਐਫ ਡੀ ਐਲ ਆਰ ਅਤੇ ਐਫ ਏ ਆਰ ਡੀ. ਸੀ ਦੇ ਲੁੱਟ ਤੇ ਜਬਰ ਦੇ ਤਰੀਕਿਆਂ ਵਿਚ ਤੇ ਜੁਲਮ ਦੀਆਂ ਹੱਦਾਂ ’ਚ ਕੋਈ ਫਰਕ ਨਹੀਂ ਹੈ। ਇਕ ਨਾਗਰਿਕ ਅਨੁਸਾਰ “ਜੇ ਕੋਈ ਮਜ਼ਦੂਰ ਕਿਸੇ ਨਵੀਂ ਖਾਣ ਨੂੰ ਲੱਭ ਲੈਂਦਾ ਹੈ ਤਾਂ ਐਫ. ਡੀ. ਐਲ. ਆਰ ਫੌਰੀ ਉਸ ’ਤੇ ਆਪਣਾ ਕਬਜਾ ਕਰ ਲੈਦੀ ਹੈ। ਉਹਨਾਂ ਨੂੰ ਕੋਈ ਨਹੀਂ ਰੋਕ ਸਕਦਾ ਅਸੀਂ ਸਿਰਫ ਚੁਪਦਰਸ਼ਕ ਹੀ ਬਣੇ ਰਹਿ ਸਕਦੇ ਹਾਂ।” ਕੁਝ ਖਾਣਾ ਦੇ ਮਜ਼ਦੂਰਾਂ ਨੂੰ ਤਨਖਾਹ ਵੀ ਦਿੱਤੀ ਜਾਂਦੀ ਹੈ “ਪਰ ਜੇ ਨਿਸ਼ਚਤ ਸਮਾਂ-ਸੀਮਾ ਤਕ ਤਹਿ ਮਾਤਰਾ ’ਚ ਖਣਿਜ ਖੋਦ ਕੇ ਨਹੀਂ ਲੱਭ ਲਿਆ ਜਾਂਦਾ ਤਾਂ ਮਜ਼ਦੂਰਾਂ ਨੂੰ ‘ਦਿਕਤਾ’ ਦਾ ਸਾਹਮਣਾ ਕਰਨਾ ਪੈ ਸਕਦਾ ਹੈ।” ਐਫ ਡੀ ਐਲ ਆਰ ਦੇ ਫੌਜੀ ਖਣਿਜਾਂ ਨੂੰ ਜਾਂ ਤਾਂ ਖਾਣ ਵਾਲੀ ਥਾਂ ’ਤੇ ਹੀ ਵੇਚ ਦਿੰਦੇ ਹਨ ਜਾਂ ਫਿਰ ਸਥਾਨ

ਮੰਡੀਆਂ 'ਚ ਭੇਜ ਦਿੰਦੇ ਹਨ। ਇਥੇ ਕਾਂਗੋ ਦੇ ਵਪਾਰੀਆਂ ਦੇ ਏਜੰਟ ਉਹਨਾਂ ਨੂੰ ਖਰੀਦ ਕੇ ਵਪਾਰੀਆਂ ਦੀਆਂ ਕੰਪਨੀਆਂ ਤਕ ਪਹੁੰਚਾ ਦਿੰਦੇ ਹਨ। ਕੌਮਾਂਤਰੀ ਬਾਜ਼ਾਰ ਖਣਿਜਾਂ ਦੀ ਵਧਦੀ ਮੰਗ ਕਾਰਨ ਐਫ ਡੀ ਐਲ ਆਰ ਉਪਰ ਆਪਣੇ ਵਲੋਂ ਕੰਟਰੋਲ ਖਾਣਾ ਤੋਂ ਵੱਧ ਤੋਂ ਵੱਧ ਪੈਦਾਵਾਰ ਕਰਵਾਉਣ ਦਾ ਦਬਾਅ ਵੀ ਵਧਦਾ ਰਿਹਾ ਹੈ। ਹੁਣ ਇਥੇ ਜੰਗ ਫੌਜ ਤੇ ਹਥਿਆਰਬੰਦ ਦਸਤਿਆਂ ਵਿਚਾਲੇ ਨਹੀਂ, ਬਲਕਿ ਫੌਜ, ਹਥਿਆਰਬੰਦ ਫੌਜ ਤੇ ਕਾਂਗੋ ਦੀ ਗਰੀਬ ਜਨਤਾ ਵਿਚਾਲੇ ਹੈ। ਐਫ ਏ ਆਰ ਡੀ ਸੀ ਜਾਂ ਐਫ ਡੀ ਐਲ ਆਰ ਇਕ ਦੂਜੇ ਦੇ ਖੇਤਰਾਂ ਵਿਚ ਦਖਲਅੰਦਾਜੀ ਨਹੀਂ ਕਰਦੇ ਹਨ। ਕਾਂਗੋ ਦੀ ਸਰਕਾਰ ਇਸ ਸਹਿ-ਹੋਂਦ 'ਤੇ ਚੁੱਪ ਹੈ। ਸਰਕਾਰ ਨੇ ਆਪਣਾ ਕੰਮ ਸਿਰਫ ਬਰਾਮਦ ਕੀਤੇ ਖਣਿਜਾਂ ਦੇ ਅੰਕੜਿਆਂ ਨੂੰ ਇਕੱਠੇ ਕਰਨ ਤਕ ਹੀ ਸੀਮਤ ਕਰ ਲਿਆ ਹੈ। ਸਰਕਾਰੀ ਅਧਿਕਾਰੀਆਂ ਨੂੰ ਖਣਿਜਾਂ ਦੀ ਲੁੱਟ ਦਾ ਹਿੱਸਾ ਪਹੁੰਚ ਜਾਂਦਾ ਹੈ ਅਤੇ ਉਹ ਸਰਕਾਰੀ ਰੀਪੋਟਾਂ ਦੇ ਪੰਨਿਆਂ 'ਤੇ ਖਣਿਜਾਂ ਨੂੰ 'ਕਾਨਫਲਿਕਟ ਫ੍ਰੀ' ਹੋਣ ਦਾ ਦਾਅਵਾ ਪੇਸ਼ ਕਰ ਦਿੰਦੇ ਹਨ। ਜੇ ਕੁਝ ਸਰਕਾਰੀ ਅਧਿਕਾਰੀ ਖਾਣਾਂ 'ਤੇ ਸਰਵੇਖਣ ਲਈ ਜਾਣਾ ਵੀ ਚਾਹੁੰਦੇ ਹਨ ਤਾਂ ਉਹਨਾਂ ਨੂੰ ਵੀ ਐਫ. ਡੀ. ਐਲ. ਆਰ. ਧਮਾਕਾ ਕਰਕੇ ਵਾਪਸ ਭੇਜ ਦਿੰਦਾ ਹੈ। ਇਕ ਅਧਿਕਾਰੀ ਅਨੁਸਾਰ "ਰਾਜ ਨੇ ਖੁਦ ਰਾਜ ਦੀਆਂ ਸਾਰੀਆਂ ਰਚਨਾਵਾਂ ਨੂੰ ਢਹਿ ਢੇਰੀ ਕਰ ਦਿੱਤਾ ਹੈ।"

ਕਾਗੋ ਦੇ ਸ਼ਹਿਰਾਂ 'ਚ ਸਥਿਤ ਖਣਿਜ ਕੰਪਨੀਆਂ ਉਹ ਕੇਂਦਰ ਹਨ ਜਿਥੋਂ ਵਿਦੇਸ਼ੀ ਕੰਪਨੀਆਂ ਇਹਨਾਂ ਖਣਿਜਾਂ ਨੂੰ ਖਰੀਦ ਦੀਆਂ ਹਨ। ਐਫ. ਈ. ਸੀ. ਦੇ ਉਚ ਅਧਿਕਾਰੀ ਹੀ ਇਹਨਾਂ ਕੰਪਨੀਆਂ ਦਾ ਮਾਲਕ ਜਾਂ ਸ਼ੇਅਰ ਹੋਲਡਰ ਵੀ ਹਨ। ਇਹ ਕੰਪਨੀਆਂ ਸਥਾਨਕ ਬਾਜ਼ਾਰਾਂ ਤੋਂ, ਆਪਣੇ ਏਜੰਟਾਂ ਦੇ ਰਾਹੀਂ ਖਣਿਜ ਖਰੀਦ ਦੀਆਂ ਹਨ। ਏਜੰਟ ਦੇ ਜ਼ਰੀਏ ਐਫ. ਡੀ. ਐਲ. ਆਰ ਨੂੰ ਵਿਤੀ ਮਦਦ ਵੀ ਪਹੁੰਚਦੀ ਹੈ ਜਿਸ ਦੇ ਬਦਲੇ ਖਣਿਜਾਂ ਦੀ ਮੰਗ ਤੇ ਨਿਸ਼ਚਿਤ ਸਮੇਂ-ਸੀਮਾ ਐਫ. ਡੀ. ਐਲ. ਆਰ ਨੂੰ ਦਿੱਤੀ ਜਾਂਦੀ ਹੈ। ਕੰਪਨੀਆਂ ਦੇ ਮਾਲਕ ਕਾਂਗੋ ਦੇ ਵੱਡੇ ਸਰਮਾਏਦਾਰ ਹਨ। ਇਸ ਲਈ ਕਾਗਜ਼ੀ ਤੌਰ 'ਤੇ ਖਣਿਜਾਂ ਨੂੰ 'ਕਾਨਫਲਿਕਟ ਫ੍ਰੀ' ਐਲਾਨ ਕਰ ਦੇਣ ਇਕ ਦਮ ਸੌਖਾ ਹੈ। ਇਹ ਕੰਪਨੀਆਂ ਐਫ. ਏ. ਆਰ. ਡੀ. ਸੀ ਜਾਂ ਐਫ. ਡੀ. ਐਲ. ਆਰ. ਨਾਲ ਇਨ੍ਹਾਂ ਕੰਪਨੀਆਂ ਦੇ ਗੱਠਜੋੜ 'ਤੇ ਸੁਆਲ ਖੜੇ ਕਰਦੀਆਂ ਹੋਈਆਂ। ਉਹਨਾਂ ਲੋਕਾਂ ਦੇ ਕਤਲਾਂ ਦਾ ਕਾਰਨ ਦਸਿਆ ਗਿਆ ਤਾਂ ਇਹਨਾਂ ਕੰਪਨੀਆਂ ਨੇ ਇਹ ਜੁਆਬ ਦਿੱਤਾ ਕਿ ਇਹ ਯਕੀਨੀ ਬਣਾਉਣਾ ਕਿ ਕਿਹੜਾ ਖਣਿਜ ਫੌਜੀ ਜਾਂ ਹਥਿਆਰਬੰਦ ਦਸਤਿਆਂ ਵਲੋਂ ਕੰਟਰੋਲ ਕੀਤੀਆਂ ਜਾਂਦੀਆਂ ਖਾਣਾ ਤੋਂ ਆ ਰਿਹਾ ਹੈ। ਬੇਹੱਦ ਕਠਿਨ ਹੈ। ਉਹਨਾਂ ਪਾਸ ਖਣਿਜ ਪਹੁੰਚਣ ਤੋਂ ਪਹਿਲਾਂ ਹੀ ਵੱਖ-ਵੱਖ ਖਾਣਾ ਦੀਆਂ ਵਸਤਾਂ ਨੂੰ ਮਿਆ ਲਿਆ ਜਾਂਦਾ ਹੈ। ਇਸ ਤਰ੍ਹਾਂ ਨਾਲ ਕਾਗਜੀ ਤੌਰ 'ਤੇ ਖਣਿਜ ਉਦਯੋਗ 'ਤੇ ਲੱਗੇ ਖ਼ੂਨ ਦੇ ਧੱਬੇ 'ਕਨੂੰਨੀ' ਤੌਰ 'ਤੇ ਸਾਫ ਕਰ ਦਿੱਤੇ ਜਾਂਦੇ ਹਨ ਅਤੇ ਖਣਿਜਾਂ ਨੂੰ ਬਰਾਮਦ ਕਰਕੇ ਵਿਦੇਸ਼ੀ ਪ੍ਰੋਸੈਸਿੰਗ ਕੰਪਨੀਆਂ ਤਕ ਭੇਜ ਦਿੱਤਾ ਜਾਂਦਾ ਹੈ। ਏਸ਼ੀਆ, ਯੂਰਪ ਤੇ ਅਫਰੀਕਾ ਸਥਿਤ ਮੈਟਲ ਪ੍ਰੋਸੈਸਿੰਗ ਕੰਪਨੀਆਂ ਤੇ ਕਾਗੋ ਦੇ ਖਣਿਜਾਂ ਨੂੰ ਆਪਣੇ ਮੋਬਾਈਲ ਫੋਨ ਤੇ ਇਲੈਕਟ੍ਰਾਨਿਕ ਤੇ ਕਾਗੋ ਦੇ ਖਣਿਜਾਂ ਨੂੰ ਆਪਣੇ ਮੋਬਾਈਲ ਫੋਨ ਤੇ ਇਲੈਕਟ੍ਰਾਨਿਕ ਗੈਜੇਟਾਂ 'ਚ ਵਰਤਣ ਵਾਲੀਆਂ ਕੰਪਨੀਆਂ ਤੇ ਇਹਨਾਂ ਕੰਪਨੀਆਂ ਦੇ ਦੇਸ਼ਾਂ ਦੀਆਂ ਸਰਕਾਰਾਂ ਗੀ ਕਾਂਗੋ ਦੀ ਜਨਤਾ ਦੀਆਂ

ਠੰਡੀਆਂ ਹੱਤਿਆਵਾ ਲਈ ਉਨੀਆਂ ਹੀ ਜਿੰਮੇਵਾਰ ਹਨ ਜਿੰਨੀਆਂ ਕਿ ਐਫ. ਏ. ਆਰ. ਡੀ. ਸੀ. ਐਫ. ਡੀ. ਐਲ. ਆਰ., ਐਫ. ਈ. ਸੀ ਆਈ।

ਇਹ ਕੰਪਨੀਆਂ ਕਾਂਗੋ ਨੂੰ ਸਸਤੇ ਕੱਚੇ ਮਾਲ ਦੀ ਮੰਡੀ ਵਜੋਂ ਵਰਤਦੀਆਂ ਹਨ। ਸਿਖੀ ਫੌਜੀ ਮਦਦ ਜਾਂ ਅਸਿੱਧੇ ਤੌਰ 'ਤੇ ਸਰਕਾਰ 'ਤੇ ਦਬਾਅ ਬਣਾ ਕੇ ਇਹ ਕੰਪਨੀਆਂ ਆਪਣੀ ਲੁੱਟ ਨੂੰ ਵੱਧ ਤੇਜ ਕਰਨਾ ਲੋਚਦੀਆਂ ਹਨ। ਇਹ ਕੰਪਨੀਆਂ 'ਚ ਸ਼ਾਮਲ ਹਨ ਬੈਲਜਿਅਮ ਦੀ ਟਰੇਡ ਮੈਂਟ ਟਰੈਕਸੀ ਸਦੇ ਸਤੀ ਅਤੇ ਸਪੈਸ਼ਲਿਟੀ ਸੇਟਲਸ, ਥਾਈਲੈਂਡ ਦੀ ਥਾਈਲੈਂਡ ਸਮੇਲਿੰਟਗ ਐਂਡ ਰਿਫਾਇਨਿੰਗ ਕਾਰਪੋਰੇਸ਼ਨ (ਸੰਸਾਰ ਦੀ ਪੰਜਵੀ ਸਭ ਤੋਂ ਵੱਡੀ ਟਿਨ ਉਤਪਾਦਕ), ਮਲੇਸ਼ਿਅਨ ਸਮੇਲਿਟੰਗ ਕਾਰਪੋਰੇਸ਼ਨ, ਚੀਨ ਦੀ ਅਫ੍ਰੀਕਨ ਵੈਂਚਰਸ ਲਿਮਿਟਡ, ਭਾਰਤ ਦੀ ਮੇਟ ਟ੍ਰੇਡ ਰੂਸ ਦੀ ਯੂਰੋਸਿਬ ਗਿਸਟਿਕਸ ਤੇ ਕਨੇਡਾ ਦੀ , ਅਫਰੀਕਾ ਦੀ ਏਫ੍ਰੀਮੇਕਸ ਆਦਿ। ਇਹ ਕੰਪਨੀਆਂ ਇਹਨਾਂ ਖਣਿਜਾਂ 'ਚੋਂ ਧਾਤੂਆਂ ਨੂੰ ਸੋਧ ਕੇ ਐਚ ਪੀ, ਨੋਕਿਆ, ਡੇਲ, ਮੋਟੋਰੋਲਾ, ਏਪਲ, ਇੰਟੇਲ ਵਰਗੀਆਂ ਕੰਪਨੀਆਂ ਨੂੰ ਵੇਚਦੀਆਂ ਹਨ। ਕੁਝ ਕੰਪਨੀਆਂ ਤਾਂ ਸਿਧੇ ਐਫ ਏ ਆਰ. ਡੀ. ਸੀ. ਜਾ ਐਫ. ਡੀ. ਐਲ. ਆਰ. ਨਾਲ ਹੀ ਵਪਾਰ ਕਰਦੀਆਂ ਹਨ। ਆਪਣੇ ਏਜੰਟਾ ਰਾਹੀਂ ਫੌਜੀਆਂ ਤੇ ਕਮਾਂਡਰਾਂ ਦੀ ਵਿਤੀ ਸੇਵਾ ਕਰਕੇ ਇਹ ਕੰਪਨੀਆਂ ਆਪਣੀ ਮੰਗ ਦੱਸ ਦਿੰਦੀਆਂ ਹਨ। ਇਹਨਾਂ 'ਚੋਂ ਕੁਝ ਕੰਪਨੀਆਂ ਜਿਵੇਂ ਸੋਡੇਕਸ ਮਾਇੰਸ (ਜੋ ਕਿ ਅਮਰੀਕੀ ਸਰਮਾਏਦਾਰ ਏਲਿਵਨ ਬਲੈਟਨਟ ਦੇ ਗਰੁੱਪ ਦੀ ਕੰਪਨੀ ਹੈ) ਹੁਣ ਕਾਂਗੋ ਦੇ ਹੋਰ ਆਰਥਕ ਤੇ ਸਮਾਜਕ ਖੇਤਰਾਂ ਵਿਚ ਵੀ ਦਖਲ ਅੰਦਾਜੀ ਕਰ ਰਹੀ ਹੈ। ਲੱਖਾਂ ਲੋਕਾਂ ਦੀ ਮੌਤ ਦਾ ਕਾਰਨ ਇਹ ਕੰਪਨੀਆਂ ਦੂਜੇ ਪਾਸੇ ਵਿਕਾਸ ਦੇ ਨਾਂ ਹੇਠ ਖੇਤੀ, ਦੂਰਸੰਚਾਰ, ਬੈਕਿੰਗ ਆਦਿ ਵਿਚ ਨਿਵੇਸ਼ ਕਰਕੇ ਵੀ ਭਾਰੀ ਮੁਨਾਫਾ ਬਟੋਰ ਰਹੀਆਂ ਹਨ। ਕਾਂਗੋ ਦੀ ਸਰਕਾਰ ਦਾ ਇਹਨਾਂ ਕੰਪਨੀਆਂ ਦੀ ਪੂਰੀ ਹਮਾਇਤ ਹਾਸਲ ਹੈ ਜਿਥੇ ਇਕ ਪਾਸੇ ਇਹ ਕੰਪਨੀਆਂ ਕਾਂਗੋ ਦੇ ਲੋਕਾਂ ਦੀ ਤਬਾਹੀ ਦੇ ਦਮ 'ਤੇ ਅਰਬਾਂ ਡਾਲਰ ਦਾ ਮੁਨਾਫਾ ਕਮਾ ਰਹੀਆਂ ਹਨ, ਉਥੇ ਦੂਜੇ ਪਾਸੇ ਐਚ ਪੀ, ਨੋਕਿਆ ਆਪਣੇ ਪ੍ਰਚਾਰ ਵਿਚ ਖਪਤਕਾਰਾਂ ਨਾਲ ਇਹ ਵੀ ਵਾਅਦਾ ਕਰ ਰਹੀਆਂ ਹਨ ਕਿ ਉਹਨਾਂ ਦੇ ਪ੍ਰੋਡਕਟ 'ਕਾਨਫਲਿਕਟ ਫ੍ਰੀ' ਹਨ ਅਤੇ ਇਸ ਦੀ ਬੁਨਿਆਦ ਹੈ 'ਕਾਗੋ ਦੇ ਸਰਕਾਰੀ ਅਧਿਕਾਰੀਆਂ ਦੀ ਰੀਪੋਟਾਂ' ਕਾਂਗੋ 'ਚ ਹੱਤਿਆਵਾਂ ਤੇ ਬਲਾਤਕਾਰ ਬਦਸਤੂਰ ਜਾਰੀ ਹਨ। 1960 ਵਿਚ 'ਆਜ਼ਾਦੀ' ਸਮੇਂ ਕਾਂਗੋ ਅਫ੍ਰੀਕਾ ਦਾ ਦੂਜਾ ਸਭ ਤੋਂ ਵੱਡੀ ਸਨਅਤੀ ਦੇਸ਼ ਸੀ। ਕਾਂਗੋ ਦਾ ਖੇਤੀ ਖੇਤਰ ਵਿਸ਼ਾਲ ਸੀ। ਪਰ ਦੋ ਜੰਗਾਂ ਨੇ ਅਤੇ ਖਣਿਜਾਂ ਦੀ ਲੁੱਟ ਨੇ ਕਾਂਗੋ ਦੇ ਅਰਥਚਾਰੇ ਨੂੰ ਖੋਖਲਾ ਕਰ ਦਿੱਤਾ ਹੈ। 76% ਅਬਾਦੀ ਜੰਗ ਦੇ ਕਾਰਨ ਮੌਤ ਕੰਢੇ ਖੜੀ ਰਹਿੰਦੀ ਹੈ। ਪਰ ਇਹ ਸਚਾਈਆਂ ਆਧੁਨਿਕਤਾ ਦੀ ਚਮਕ-ਚਮਕ ਤੇ ਸ਼ੋਰ 'ਚ ਦਬ ਜਾਂਦੀਆਂ।

# ਆਦੀਵਾਸੀਆਂ ਨਾਲ ਵਾਅਦਾ ਖਿਲਾਫੀ ਕਿਵੇ?

ਆਦੀਵਾਸੀ ਸਮਾਜ ਆਪਣੇ ਲੰਬੇ ਸਮੇਂ ਦੇ ਸਭ ਤੋਂ ਔਖੇ ਦੌਰ ਵਿਚਦੀ ਲੰਘ ਰਿਹਾ ਹੈ। ਕਈ ਪ੍ਰਜਾਤੀਆਂ ਸਬੰਧੀ ਇਹ ਦੌਰ 'ਇਤਿਹਾਸ ਦਾ ਅੰਤ' ਸਾਬਤ ਹੋ ਸਕਦਾ ਹੈ। ਇਹੀ ਨਹੀਂ ਸੰਸਾਰ ਵਿਆਪੀ ਸਾਮਰਾਜੀ ਪੂੰਜੀਵਾਦੀ ਹਮਲੇ ਮੂਹਰੇ 'ਪੇਂਡੂ ਭਾਰਤਵੀ ਜ਼ਿਆਦਾ ਦੇਰੇ ਟਿਕ ਨਹੀਂ ਸਕੇਗਾ। ਪੇਂਡੂ ਭਾਰਤ 'ਤੇ ਉਸ ਵਧਦੇ ਦਬਾਅ ਕਾਰਨ ਆਦੀਵਾਸੀਆਂ ਦਾ ਸੰਕਟ ਹੋਰ ਵੀ ਤੇਜ ਹੋ ਸਕਦਾ ਹੈ। ਇਸ ਲਈ ਸਾਨੂੰ 'ਹੁਣ ਨਹੀਂ ਤਾਂ ਕਦੇ ਨਹੀਂ' ਦੇ ਇਸ ਫੈਸਲਾਕੁੰਨ ਦੌਰ 'ਚ ਆਦੀਵਾਸੀਆਂ ਇਲਾਕਿਆਂ 'ਤੇ ਆਪਣਾ ਧਿਆਨ 'ਅੱਜ ਤੇ ਹੁਣੇ' ਕੇਂਦਰਿਤ ਕਰਨਾ ਪਵੇਗਾ। ਆਦੀਵਾਸੀਆਂ ਤੇ ਰਾਜ ਸੱਤਾ ਵਿਚਾਲੇ ਦਾਬੇ ਦੀ ਲੜਾਈ ਅੰਗਰੇਜ਼ ਰਾਜ ਦੇ ਸਮੇਂ ਤੋਂ ਹੀ ਸ਼ੁਰੂ ਹੋ ਗਈ ਸੀ। 1947 ਪਿਛੋਂ ਇਸ 'ਚ ਕੁਝ ਠਹਿਰਾਅ ਆਇਆ। ਪਰ 1960 ਦੇ ਦਹਾਕੇ ਪਿੱਛੋਂ ਇਹ ਫਿਰ ਤਿੱਖਾ ਹੋਣ ਲੱਗਿਆ। ਹੌਲੀ ਹੌਲੀ ਇਹ ਏਨਾ ਵਿਆਪਕ ਹੋ ਗਿਆ ਕਿ ਅੱਜ ਹਾਕਮ ਜਮਾਤ ਉਸ 'ਅੰਦਰੂਨੀ ਸੁਰਖਿਆ ਲਈ ਸਭ ਤੋਂ ਵੱਡਾ ਖਤਰਾ' ਮੰਨ ਰਹੀ ਹੈ। ਸਭ ਤੋਂ ਵੱਡੀ ਵਿੰਡਬਨਾਂ ਤਾਂ ਇਹ ਹੈ ਕਿ ਉਸ ਹਾਕਮ ਜਮਾਤ ਨੇ ਉਸ ਦੀ ਰਾਖੀ ਲਈ ਰਵਾਇਤੀ ਤੌਰ 'ਤੇ ਸੰਵਿਧਾਨਕ ਵਿਵਸਥਾਵਾ, ਕਨੂੰਨਾਂ ਤੇ ਨੀਤੀਆਂ ਦਾ ਅੰਬਾਰ ਜਿਹਾ ਲਾ ਦਿੱਤਾ ਹੈ। ਇਸ ਨੀਤੀਗਤ ਵਰਤਾਅ ਨੂੰ ਦੁਨੀਆਂ 'ਚ ਕਿਤੇ ਵੀ ਕਾਨੂੰਨ ਦੇ ਰਾਜ' ਪ੍ਰਤੀ ਆਸਥਾਵਾਨ ਦੇਸ਼ ਵਜੋਂ ਮਾਣ ਨਾਲ ਪੇਸ਼ ਕੀਤਾ ਜਾ ਸਕਦਾ ਹੈ। ਪਰ ਦੂਜੇ ਪਾਸੇ ਭਾਰਤ 'ਵਾਅਦਾਖਿਲਾਫੀ' ਸਬੰਧੀ ਮੈਡਲ ਜਿੱਤ ਸਕਦਾ ਹੈ।

ਆਦੀਵਾਸੀਆਂ ਦੀ ਅਸਲੀ ਹਾਲਤ ਦਾ ਵਿਸਥਾਰਿਤ ਵੇਰਵਾ ਜਾਂ ਕੱਚਾ ਚਿੱਠਾ ਇਸ ਤਰ੍ਹਾਂ ਦਾ ਕਿਤੇ ਵੀ ਨਹੀਂ ਹੈ ਜਿਸ ਨੂੰ ਆਮ ਲੋਕ ਸਮਝ ਸਕਣ। 'ਟੁਟੇ ਵਾਅਦਿਆਂ ਦੀ ਅਣਟੁੱਟੀ ਲੜੀ' ਭਾਰਤੀ ਰਾਜ ਤੇ ਆਦੀਵਾਸੀ ਸਮਾਜ' ਸਿਰਲੇਖ ਵਾਲੀ ਅੰਗ੍ਰੇਜੀ ਦੀ ਕਿਤਾਬ 'ਚ 'ਆਜ਼ਾਦੀ' ਪਿਛੋਂ ਆਦੀਵਾਸੀ ਜੀਵਨ ਦਾ ਇਤਿਹਾਸਕ ਬਿਉਰਾ ਪੇਸ਼ ਕਰਨ ਦੀ ਕੋਸ਼ਿਸ਼ ਰਹੀ ਹੈ। ਸਾਡੇ ਦੇਸ਼ ਦੇ ਅਨੇਕਾਂ ਸੰਵੇਦਨਸ਼ੀਲ ਤੇ ਸੰਕਲਪਿਤ ਲੋਕਾਂ ਨੇ ਆਦੀਵਾਸੀ ਇਲਾਕਿਆਂ 'ਚ ਅਣਗਿਣਤ ਕੇਸਾਂ 'ਚ ਦਖਲ ਅੰਦਾਜ਼ੀ ਕੀਤੀ ਹੈ। ਉਸ ਨਾਲ ਲੋਕਾਂ ਨੂੰ ਰਾਹਤ ਮਿਲੀ ਹੈ। ਕਈ ਅਜੇਹੀਆਂ ਵੱਡੀਆਂ ਪ੍ਰਾਪਤੀਆਂ ਵੀ ਹਨ ਜਿਹਨਾਂ 'ਤੇ ਸਾਨੂੰ ਮਾਣ ਹੈ। ਫਿਰ ਵੀ ਫਾਇਦੇ ਨਿਗੂਣੇ ਸਾਬਤ ਹੋਏ ਹਨ। ਸਾਮਰਾਜੀ ਤਾਕਤਾਂ ਦੇ ਵਧਦੇ ਦਬਾਅ ਕਾਰਨ ਆਦੀਵਾਸੀਆਂ ਦੀ ਸਮਾਜਕ ਤੇ ਆਰਥਕ ਵਿਨਾਸ਼ ਕੰਢੇ ਪਹੁੰਚਦਾ ਜਾ ਰਿਹਾ ਹੈ। ਇਸ ਵਿਨਾਸ਼ਲੀਲਾ ਤੋਂ ਉਦੋਂ ਤਕ ਬਚਣਾ ਅਸੰਭਵ ਹੈ ਜਦ ਤਕ 'ਅਜੇ ਨਹੀਂ ਤਾਂ ਕਦੇ ਨਹੀਂ' ਦੀ ਗਹਿਰਾਈ ਦੇ ਅਹਿਸਾਸ ਨਾਲ 'ਮਜਬੂਤ ਆਦੀਵਾਸੀ ਸੰਘਰਸ਼' ਨਾ ਛੇੜਿਆ ਜਾਵੇ। ਉਸ ਅੰਦੋਲਨ 'ਚ ਵਾਅਦਾ ਖਿਲਾਫੀ ਸਮੇਤ ਪ੍ਰਬੰਦ ਦੇ ਸਾਰੇ ਲੋਕ ਵਿਰੋਧੀ ਪਹਿਲੂਆਂ ਨੂੰ ਸ਼ਾਮਲ ਕੀਤਾ ਜਾਵੇ। ਅਜੇਹੀ ਸਥਿਤੀ ਵਿਚ ਹੀ ਰਾਜ ਨੂੰ ਆਪਣੀਆਂ ਗਲਤੀਆਂ ਤੇ ਕੁਕਰਮਾ ਨੂੰ ਮੰਨਣ ਲਈ ਮਜ਼ਬੂਰ ਕੀਤਾ ਜਾ ਸਕਦਾ ਹੈ। ਉਸ ਦੇ ਨਾਲ ਹੀ ਪੂਰਾ ਕਰਨਾ ਯਕੀਨੀ ਬਣਾਇਆ ਜਾ ਸਕਦਾ ਹੈ। ਸਾਮਰਾਜੀ

ਪੂੰਜੀਵਾਦ ਦੇ ਦੇ ਹਮਲੇ ਦੇ ਇਸ ਦੌਰ 'ਚ ਇਸ ਪ੍ਰਸਤਾਵ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ। ਫਿਰ ਵੀ ਅੱਜ ਦੀ ਚੁਣੌਤੀ ਦਾ ਮੁਕਾਬਲਾ ਕਰਨ ਲਈ ਕਿਸੇ ਵੀ ਸੰਘਰਸ਼ ਦਾ ਪਹਿਲਾ ਕਦਮ ਇਹੀ ਹੋ ਸਕਦਾ ਹੈ ਕਿ ਉਸ ਦੇ ਖਪਤਕਾਰ ਉਸ ਚੁਣੌਤੀ ਨੂੰ ਸਹੀ ਰੂਪ 'ਚ ਪਹਿਚਾਨਣ ਤੇ ਉਸ ਦਾ ਇਕ ਜੁੱਟ ਹੋ ਕੇ ਮੁਕਾਬਲਾ ਕਰਨ ਦਾ ਮੌਕਾ ਪੈਦਾ ਕਰਨਾ। ਅੰਦੋਲਨ ਦੇਸ਼ ਵਿਆਪੀ ਹੋਣਾ ਚਾਹੀਦਾ ਹੈ। ਪਰ ਸ਼ੁਰੂਆਤ ਆਦੀਵਾਸੀ ਇਲਾਕਿਆਂ ਤੋਂ ਹੋਵੇ ਜਿਥੇ ਸਵੈਸਾਸ਼ਨ ਦੀਆਂ ਰਵਾਇਤਾਂ ਅੱਜ ਵੀ ਜੀਵਤ ਤੇ ਪ੍ਰਭਾਵੀ ਹਨ। ਆਦੀਵਾਸੀ ਇਲਾਕਿਆਂ 'ਚ ਆਮ ਲੋਕ ਜੇ ਇਕ ਵਾਰੀ ਸਾਮਰਾਜੀ ਤਾਕਤਾਂ ਮੂਹਰੇ ਆਪਣੇ 'ਬੁਨਿਆਦੀ ਅਧਿਕਾਰਾ' ਦੀ ਪੁਨਰ ਸਮਰਥਾ ਕਰਨ 'ਚ ਸਫਲ ਹੋ ਜਾਂਦੇ ਹਨ ਤਾਂ ਉਹ ਵਿਚਾਰ ਜੰਗਲ ਦੀ ਅੱਗ ਵਾਗੂੰ ਤੇਜੀ ਨਾਲ ਫੈਲੇਗਾ। ਉਸ ਨੂੰ ਦੁਨੀਆਂ ਦੀ ਕੋਈ ਵੀ ਤਾਕਤ ਰੋਕ ਨਹੀਂ ਸਕਦੀ ਹੈ। ਪਿਛਲੇ 24 ਅਗਸਤ ਨੂੰ ਕੌਮੀ ਵਿਕਾਸ ਪ੍ਰੀਸ਼ਦ 'ਚ ਪ੍ਰਧਾਨ ਮੰਤਰੀ ਨੇ ਮੰਨਿਆ ਕਿ ਆਦੀਵਾਸੀ ਖੇਤਰਾਂ ਵਿਚ 'ਸ਼ਾਂਤੀ ਤੇ ਚੰਗੀ ਹਕੂਮਤ' ਦੀ ਕੁੰਜੀ 'ਪੈਸਾ ਕਨੂੰਨ' ਹੈ ਪਰ ਜੇ ਅਸੀਂ ਇਸ ਸਬੰਧੀ ਸੁਚੇਤ ਨਾ ਰਹੇ ਤਾਂ ਉਹਨਾਂ ਦਾ ਇਹ ਰੂਪ ਵੀ ਹਾਸੋਹੀਣਾ ਹੋ ਜਾਵੇਗਾ ਅਤੇ ਟੁੱਟ ਵਾਅਦਿਆਂ ਦੀ ਆਕਾਸ਼ ਗੰਗਾ ਵਿਚ ਇਕ ਨਵੀਂ ਤਾਰਿਕਾ ਵਰਗੀ ਬਣ ਕੇ ਰਹਿ ਜਾਵੇਗੀ। ਜ਼ਿਕਰ ਕਰਨ ਲਾਇਕ ਹੈ ਕਿ ਇਥੇ ਅਣਸੂਚਿਤ ਖੇਤਰ ਵੀ ਹਨ। ਛੇ ਰਾਜ ਤੇ ਦੋ ਸੰਘੀ ਖੇਤਰ ਅਜੇਹੇ ਹਨ ਜਿਹਨਾਂ 'ਚ ਅਣਸੂਚਿਤ ਜਨਜਾਤੀਆਂ ਤਾਂ ਹਨ ਪਰ ਅਣਸੂਚਿਤ ਖੇਤਰ ਨਹੀਂ ਹਨ। ਉਤਰ ਪੂਰਬ ਦੇ ਆਦੀਵਾਸੀ ਬਹੁਗਿਣਤੀ ਸੂਬਿਆਂ ਤੋਂ ਇਲਾਵਾ ਹੋਰ ਰਾਜਾਂ ਵਿਚ ਆਦੀਵਾਸੀ ਬਹੁਗਿਣਤੀ ਇਲਾਕਿਆਂ ਲਈ ਛੇਵੀਂ ਅਣਸੂਚੀ ਦੀ ਵਿਸੇਸ਼ ਵਿਵਸਥਾ ਹੈ।

ਵਾਅਦਾ ਖਿਲਾਫੀ – ਸੰਨ 1949 ਵਿਚ ਭਾਰਤੀ ਸੰਵਿਧਾਨ ਲਾਗੂ ਹੋ ਗਿਆ ਪਰ ਆਦੀਵਾਸੀ ਰਵਾਇਤ ਲਈ ਕਨੂੰਨ ਵਿਵਸਥਾ ਨਹੀਂ ਕੀਤੀ ਗਈ। ਆਦੀਵਾਸੀ ਸਮਾਜ ਕਨੂੰਨ ਦੀ ਨਜ਼ਰ 'ਚ ਅਪਰਾਧੀ ਹੋ ਗਿਆ। 'ਅਣਸੂਚਿਤ ਖੇਤਰ' ਦੇ ਰਖਿਆ ਕਵਚ ਨੂੰ ਪਹਿਲਾਂ ਤਾਂ ਸੰਨ 1960 'ਚ 'ਜਰੂਰੀ ਨਹੀਂ' ਮਾਨਿਆ ਗਿਆ। ਉਸ ਪਿੱਛੋਂ 1975 'ਚ ਉਸ ਦੀ ਮੁੜਸੁਰਜੀਤੀ ਹੋਈ ਪਰ 1980 ਪਿਛੋਂ ਉਸ ਨੂੰ ਫਿਰ ਭੁਲਾ ਦਿੱਤਾ ਗਿਆ।

ਅਣੁਛੇਦ 275 (1) ਦੇ ਪਰੰਤਕ ਵਿਚ ਅਨੁਸੂਚਿਤ ਖੇਤਰਾਂ ਦੇ ਪ੍ਰਸ਼ਾਸਨ ਨੂੰ ਸੁਯੋਗ ਬਣਾਉਣ ਲਈ ਜੋ ਸੰਵਿਧਾਨਕ ਸੰਕਲਪ ਹੈ। ਉਹਨਾਂ 'ਤੇ ਅੱਜ ਤਕ ਕੋਈ ਕਾਰਵਾਈ ਨਹੀਂ ਹੋਈ, 'ਸਜਾ ਦੇ ਬਤੌਰ ਨਿਯੁਕਤੀ' ਦੇ ਬਣ ਰਹਿਣ ਨਾਲ ਜੋ ਸੰਵਿਧਾਨਕ ਸੰਕਲਪ ਹੈ। ਉਹਨਾਂ 'ਤੇ ਅੱਜ ਤਕ ਕੋਈ ਕਾਰਵਾਈ ਨਹੀਂ ਹੋਈ, 'ਸਜਾ ਦੇ ਬਤੌਰ ਨਿਯੁਕਤੀ' ਦੇ ਬਣ ਰਹਿਣ ਨਾਲ ਜੋ ਸੰਵਿਧਾਨਕ ਸੰਕਲਪ ਹੈ। ਉਹਨਾਂ 'ਤੇ ਅੱਜ ਤਕ ਕੋਈ ਕਾਰਵਾਈ ਨਹੀਂ ਹੋਈ। ਆਦਿਮ ਜਨਜਾਤੀਆਂ ਦੀ ਹਾਲਤ ਬਦ ਤੋਂ ਬਦਤਰ ਹੋ ਗਈ ਹੈ। ਸ਼ਾਹੂਕਰਾਂ ਤੇ ਜਮੀਨ ਹੜੱਪਣ ਵਾਲਿਆਂ 'ਤੇ ਕੰਟਰੋਲ ਲਈ ਕਨੂੰਨ ਤੇ ਨੀਤੀਆਂ ਦੇ ਸਹੀ ਪਾਲਣ ਬਿਨਾਂ ਆਦੀਵਾਸੀ ਇਲਾਕਿਆਂ 'ਚ ਉਹਨਾਂ ਦਾ ਭਾਰੀ ਦਬਦਬਾ ਹੈ। ਸ਼ਰਾਬ ਦੇ ਵਪਾਰ ਨਾਲ ਰਾਜ ਵਲੋਂ ਆਦੀਵਾਸੀਆਂ ਦੀ ਸਿੱਧੀ ਲੁੱਟ 1974 ਦੀ ਆਬਕਾਰੀ ਨੀਤੀ ਕਾਰਨ ਖਤਮ ਹੋਈ ਪਰ ਦੂਜੇ ਪਾਸੇ ਇਹੀ ਲੁੱਟ ਹੋਰ

ਵੀ ਬੁਰੀ ਤਰ੍ਹਾਂ ਜਾਰੀ ਹੈ। ਲਘੂ ਵਣੋਪਜ ਜੋ ਆਦੀਵਾਸੀਆਂ ਦੀ ਰੋਟੀ ਰੋਜ਼ੀ ਦਾ ਵਿਸ਼ੇਸ਼ ਅਧਾਰ ਹੈ। ਪਰ ਸਮਾਜ ਦੇ ਮਾਲਕਾਨਾ ਹੱਕ ਦੀ ਤਿੰਨ ਵਾਰੀ (1976, 1996 ਅਤੇ 2006), ਐਲਾਨਾ ਦੇ ਬਾਵਜੂਦ, ਅਮਲ ਨਹੀਂ ਹੋਇਆ। 'ਪੇਸਾ' ਦੀ ਸੰਵਿਧਾਨਕ ਵਿਵਸਥਾ ਜਿਸ 'ਚ ਸਵੇਸਾਸ਼ਨ, ਸਵੈ-ਸ਼ਕਤੀਕਰਣ ਤੇ ਸਾਧਨਾ 'ਤੇ ਸਵੈ ਅਧਿਕਾਰ ਦੀਆਂ ਬੁਨਿਆਦੀ ਵਿਵਸਥਾਵਾਂ ਹਨ ਜੋ ਅੱਜ ਤਕ ਸਹੀ ਤੌਰ 'ਤੇ ਲਾਗੂ ਨਹੀਂ ਹੋਈਆਂ ਹਨ। ਉਹਨਾਂ ਕੰਪਨੀਆਂ ਨੇ ਜੋ ਆਦੀਵਾਸੀਆਂ ਦੇ ਕੁਦਰਤੀ ਮਾਲ ਖਜਾਨਿਆਂ ਨੂੰ ਹੜੱਪਣ ਲਈ ਬਜਿਦ ਹਨ, ਕਈ ਇਲਾਕਿਆਂ ਨੂੰ ਤਹਿਸ ਨਹਿਸ ਕਰ ਦਿੱਤਾ ਹੈ। ਤੇ ਉਸ ਨੂੰ ਜਾਰੀ ਰਖਣ ਲਈ ਵੀ ਸਰਕਾਰੀ ਇਕਰਾਰ-ਨਾਗਿਆਂ ਦੀ ਹਨੇਰੀ ਜਿਹੀ ਆ ਗਈ ਹੈ। ਵਣ ਅਧਿਕਾਰ ਕਨੂੰਨ 2006 'ਚ ਜਮੀਨ, ਲਘੂ ਵਣੋਪਜ ਤੇ ਗ੍ਰਾਮ ਸਭਾ ਸਬੰਧੀ ਵਿਆਪਕ ਅਧਿਕਾਰਾਂ ਦੀ ਵਿਵਸਥਾ ਹੋਣ ਦੇ ਬਾਵਜੂਦ ਉਹਨਾਂ ਦਾ ਅਮਲ ਨਾਂਹ ਦੇ ਬਰਾਬਰ ਹੈ। ਆਪਣੀ ਮਾਂ ਬੋਲੀ 'ਚ ਮੁਢਲੀ ਸਿਖਿਆ ਦੇ ਅਧਿਕਾਰ ਦੀ ਅਣਦੇਖੀ ਹੋਣ ਦੇ ਨਾਲ ਆਦੀਵਾਸੀ ਸਮਾਜਾਂ ਦਾ ਭਵਿਖ ਹਨੇਰਾ ਹੋ ਗਿਆ ਹੈ। ਦੰਡਕਾਰਣੀਆ ਵਿਕਾਸ ਅਥਾਰਟੀ (1952) ਦੇ ਮੁਖ ਉਦੇਸ਼ ਆਦੀਵਾਸੀ-ਕੇਂਦਰਿਤ ਵਿਕਾਸ ਦਾ ਸੀ ਪਰ ਉਸ ਨੂੰ ਵਿਸਾਰ ਦਿੱਤਾ ਗਿਆ।

ਸੰਕਟਮਈ ਏਜੰਡਾ - 'ਪੇਸਾ' ਕਨੂੰਨ ਦੇ ਤਹਿਤ ਜੰਗਲ, ਜਲ, ਜ਼ਮੀਨ ਤੇ ਖਣਿਜ 'ਤੇ ਰਾਜ ਦੀ ਅਜਾਰੇਦਾਰੀ ਦੀ ਬਜਾਏ ਸਮਾਜ ਦੀ ਅਜਾਰੇਦਾਰੀ ਨੂੰ ਸਥਾਪਤ ਕੀਤਾ ਜਾਵੇ। ਸਾਰੇ ਇਕਰਾਰਨਾਮੇ () ਫੌਰਨ ਮੁਲਤਵੀ ਹੋਣ। ਸਾਧਨਾ ਤੇ ਸਮਾਜ ਦੇ ਅਧਿਕਾਰ 'ਚ ਵਿਸ਼ਵਾਸ ਦੇ ਨਾਲ ਉਹਨਾਂ ਸਾਰਿਆਂ ਦਾ ਮੁੜ ਮੁਲਅੰਕਣ ਕੀਤਾ ਜਾਵੇ। ਪੈਂਡ ਸਭਾਵਾਂ ਤੋਂ ਸਲਾਹ ਲੈ ਕੇ ਉਹਨਾਂ ਸਾਰੇ ਕੇਸਾਂ ਦੇ ਫੈਸਲਿਆਂ ਨੂੰ ਖਾਰਜ ਕੀਤਾ ਜਾਵੇ ਜਿਥੇ ਹੇਰਾ ਫੇਰੀ ਜੋਰ-ਜਬਰਦ ਸੀ ਜਾਂ ਕਿਸੇ ਹੋਰ ਤਰ੍ਹਾਂ ਦੀ ਹੇਰਾਫੇਰੀ ਹੋਈ ਹੋਵੇ। ਸਜਾ ਵਜੋਂ ਨਿਯੁਕਤੀਆਂ ਦਾ ਖਾਤਮਾ, ਇਕੋ ਇਕ ਪ੍ਰਸਾਸ਼ਨਿਕ ਵਿਵਸਥਾ ਅਤੇ 'ਪੇਸਾ' ਦੀ ਭਾਵਨਾ ਅਨੁਸਾਰ ਆਪਣੀ ਹੋਣੀ ਦੀ ਆਪ ਮਾਲਕੀ ਯਕੀਨੀ ਹੋਵੇ। ਵਿਕਾਸ ਖੰਡਾਂ, ਤਹਿਸੀਲਾਂ ਜਾਂ ਜਿਲਿਆਂ ਦੀਆਂ ਸਰਹੱਦਾਂ 'ਤੇ ਸਥਿਤ ਸਾਰੇ ਆਦੀਵਾਸਿਆਂ ਇਲਾਕਿਆਂ ਦਾ ਪ੍ਰਬੰਦਕੀ ਪੁਨਰਗਠਨ ਹੋਵੇ। ਅੱਜ ਦੀ ਘੋਰ ਅਰਾਜਕਤਾ ਦੇ ਸਹੀ ਹੱਲ ਲਈ ਜਮੀਨੀ ਹਲਕਿਆਂ ਤੋਂ ਲੈ ਕੇ ਸਰਭਉਚ ਪੱਧਰ ਤਕ ਸਪਸ਼ਟ ਤੇ ਖੁੱਲੀ ਸੰਵੇਦਨਸ਼ੀਲ ਵਿਵਸਥਾ ਤਾਣੇ ਬਾਣੇ ਦੀ ਸਥਾਪਨਾ ਹੋਵੇ। ਅਨੁਸੂਚਿਤ ਖੇਤਰਾਂ 'ਚ ਸਮਾਜ ਵਲੋਂ ਸਮਾਜ ਦੀ ਮਜਬੂਤੀ, ਸਾਧਨਾ 'ਤੇ ਸਮਾਜ ਦੀ ਮਾਲਕੀ ਅਤੇ ਸਮਾਜਕ ਤੇ ਨਿਜੀ ਅਧਿਕਾਰਾਂ ਦੀ ਅਸਰਦਾਰ ਰਾਖੀ 'ਪੇਸਾ' ਕਨੂੰਨ ਦੇ ਤਹਿਤ ਹੋਵੇ। ਆਦੀਵਾਸੀ ਉਪਯੋਜਨਾ 'ਚ ਸ਼ਾਮਲ ਬਾਕੀ ਆਦੀਵਾਸੀ ਇਲਾਕਿਆਂ ਨੂੰ ਫੌਰ ਅਣਸੂਚਿਤ ਕੀਤਾ ਜਾਵੇ। ਆਪਣੇ ਫਰਜਾਂ ਲਈ 'ਸਮਰਥ' ਗ੍ਰਾਮ ਸਭਾ ਸਲਾਹ ਤਾਂ ਕਿਸੇ ਨਾਲ ਵੀ ਕਰ ਸਕਦੀ ਹੈ ਪਰ ਉਹ ਸਰਕਾਰੀ ਨਿਯਮਾਂ ਦੇ ਅਧੀਨ ਕੰਮ ਕਰਨ ਲਈ ਮਜ਼ਬੂਰ ਨਹੀਂ ਹੈ। ਅਣਸੂਚਿਤ ਖੇਤਰਾਂ ਵਿਚ ਸਮਾਜ ਦੀ ਮਾਲਕੀ ਦੇ ਅਸੂਲਾਂ ਦਾ ਪਾਲਣ ਹੋਵੇ ਜਿਹਨਾਂ 'ਚ ਸਾਧਨਾ ਦੀ ਵਰਤੋਂ 'ਤੇ ਅਧਾਰਿਤ ਅਦਾਰਿਆਂ 'ਚ ਸਮਾਜ ਦੀ ਮਾਲਕੀ ਹੱਕ ਵੀ ਸ਼ਾਮਲ ਹੋਵੇ। ਆਬਕਾਰੀ ਨੀਤੀ ਦਾ ਪਾਲਣ ਹੋਵੇ। ਸ਼ਕੀ ਫਰਜ਼ ਖਤਮ ਹੋਵੇ। ਸ਼ਾਹੂਕਾਰ 'ਤੇ ਰੋਕ ਲੱਗੇ। ਬੰਧਕ ਪ੍ਰਣਾਲੀ ਖਤਮ ਹੋਵੇ ਅਤੇ ਅੱਛੇ ਕੰਮ ਦਾ ਸਨਮਾਨ ਹੋਵੇ। ਪੰਜਵੀਂ ਅਣਸੂਚੀ ਦੇ ਤਹਿਤ 'ਸ਼ਾਂਤੀ ਤੇ ਸੁਰਖਿਆ ਲਈ

ਸੰਕਲਪਿਤ ਪੂਰਾ ਪ੍ਰਸ਼ਾਸਨ ਗ੍ਰਾਮ ਸਭਾ ਮੂਹਰੇ ਜੁਆਬਦੇਹ ਹੋਵੇ। ਸਜਾ ਵਜੋ ਨਿਯੁਕਤੀਆਂ ਦੀ ਗਲਤ ਰਵਾਇਤ ਖਤਮ ਕਰਕੇ ਸੰਘ ਸਰਕਾਰ ਅਨੁਛੇਦ 275 (1) ਤਹਿਤ ਅਣਸੂਚਿਤ ਖੇਤਰਾਂ ਦੇ ਪ੍ਰਬੰਦ ਦੀ ਸਲਾਨਾ ਸਮੀਖਿਆ ਕਰਕੇ ਉਸ ਨੂੰ ਬੇਹਤਰ ਬਣਾਇਆ ਜਾਵੇ। ਮਾਂ ਬੋਲੀ 'ਚ ਮੁਢਲੀ ਸਿਖਿਆ ਦੀ ਵਿਵਸਥਾ ਹੋਵੇ। ਆਰਥਕ ਪ੍ਰਬੰਦ 'ਤੇ ਪ੍ਰਭਾਵੀ ਅਧਿਕਾਰ ਹੋਵੇ। 'ਪੇਸਾ' ਕਨੂੰਨ ਦੇ ਤਹਿਤ ਸਰਕਾਰੀ ਪ੍ਰੋਗਰਾਮਾ ਸਮੇਤ ਸਭ ਆਰਥਕ ਸਰਗਰਮੀਆਂ ਦਾ ਰੇਗੂਲਰ ਸਮਾਜਕ ਮੁਲਅੰਕਣ ਯਕੀਨੀ ਹੋਵੇ। ਲਘੂ ਵਨੋਪਜ 'ਤੇ ਮਾਲਕੀ ਦੇ ਹੱਕ ਦੀ ਵਿਵਸਥਾ ਤੁਰੰਤ 'ਚ ਅਮਲ 'ਚ ਨਿਆਂ ਦੀ ਜਾਵੇ, ਹੜੱਪੀਆਂ ਗਈਆਂ ਜ਼ਮੀਨ ਵਾਪਸ ਹੋਣ, ਵਣਾ 'ਤੇ ਗ੍ਰਾਮ ਸਭਾ ਦੇ ਕਨੂੰਨ ਅਧਿਕਾਰਾਂ 'ਤੇ ਅਮਲ ਹੋਵੇ। ਵਣੀਕਰਣ 'ਚ ਆਦੀਵਾਸੀਆਂ ਨੂੰ ਹਿਸੇਦਾਰ ਬਣਾਇਆ ਜਾਵੇ। ਅਲੋਪ ਹੋ ਰਹੀਆਂ ਜਨਜਾਤੀਆਂ 'ਤੇ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਉਜੜੇ ਦੀ ਥਾਂ, ਪ੍ਰੋਜੈਕਟ ਦੀ ਪ੍ਰਕਿਰਤੀ ਅਨੁਸਾਰ ਜਿਵੇਂ ਸਨਅਤੀ, ਜਾਂ ਸਿੰਚਾਈ-ਬਿਜਲੀ, ਉਸ ਨਾਲ ਜੁੜੇ ਨਵੇਂ ਅਰਥਚਾਰੇ 'ਚ ਆਦੀਵਾਸੀਆਂ 'ਚ ਆਦੀਵਾਸੀਆਂ ਦਾ ਸਨਮਾਨਜਨਕ ਥਾਂ ਯਕੀਨੀ ਹੋਵੇ। ਇਕ ਮੇਹਨਤਕਸ਼ ਦੇ ਕੰਮ ਦੀ ਹੱਕਦਾਰੀ ਇਸ ਤਰ੍ਹਾਂ ਤਹਿ ਕੀਤੀ ਜਾਵੇ ਕਿ 'ਮਜ਼ਦੂਰ ਤੇ ਉਸ ਦੇ ਪਰਿਵਾਰ' ਲਈ ਇਕ ਅੱਛੀ ਜ਼ਿੰਦਗੀ ਸੰਭਵ ਹੋਵੇ।

# ਜਾਤੀ, ਜ਼ਮੀਨ ਤੇ ਜਮਹੂਰੀਅਤ ਦਾ ਸੁਆਲ ਹੈ ਕੀ?

ਲੋਕਰਾਜ ਕਿਸੇ ਦੇਸ਼ ’ਤੇ ਮੁਠੀਭਰ ਲੋਕਾਂ ਵੱਲੋਂ ਠੋਸੀ ਗਈ ਹਕੂਮਤ ਨਹੀਂ ਹੈ ਬਲਕਿ ਲੋਕ ਇਨਕਲਾਬਾਂ ‘ਚੋਂ ਪੈਦਾ ਹੋਈ ਆਦਰਸ਼ ਜੀਵਨ ਪ੍ਰਣਾਲੀ ਹੈ। ਸਦੀਆਂ ਤੋਂ ਚਲੀ ਆ ਰਹੀ ਜਾਗੀਰੂ ਦਾਸਤਾ ਦੇ ਬੰਧਨਾ ਖਿਲਾਫ਼ ਜਨਤਾ ਦੀ ਬਗਾਵਤ ਨੇ ਲੋਕ ਰਾਜ ਨੂੰ ਜਨਮ ਦਿੱਤਾ ਤੇ ਹਰ ਨਾਗਰਿਕ ਦੀ ਅਜ਼ਾਦੀ ਬਰਾਬਰੀ ਤੇ ਭਾਈਚਾਰੇ ’ਤੇ ਅਧਾਰਤ ਇੱਕ ਆਦਰਸ਼ ਨੂੰ ਆਪਣੇ ਸਾਹਮਣੇ ਰੱਖਿਆ। ਆਸਥਾ ਤੇ ਅੰਧ ਵਿਸ਼ਵਾਸ ਦੀ ਥਾਂ ਤਰਕ ਤੇ ਵਿਗਿਆਨ ਨੂੰ ਤਰਜੀਹ ਦਿੱਤੀ ਗਈ ਜਿਸ ਨਾਲ ਨਵੇਂ ਵਿਚਾਰ ਤੇ ਨਵੀਆਂ ਤਕਨੀਕਾਂ ਨੂੰ ਹੱਲਾਸ਼ੇਰੀ ਮਿਲੀ ਅਤੇ ਸਮਾਜ ਲੰਬੇ ਸਮੇਂ ਤੋਂ ਚਲੇ ਆ ਰਹੇ ਠਹਿਰਾਅ ਨੂੰ ਤੋੜਕੇ ਛਾਲ ਮਾਰ ਕੇ ਅੱਗੇ ਵਧਿਆ। ਸਾਡੇ ਦੇਸ਼ ’ਚ ਲੋਕਰਾਜ ਕਿੰਨਾ ਤੇ ਕਿਸ ਹੱਦ ਤੱਕ ਹੈ, ਇਸ ਨੂੰ ਸਮਝਣ ਲਈ ਸਾਨੂੰ ਲੋਕਤੰਤਰ ਤੇ ਉਕਤ ਆਦਰਸ਼ਾਂ ਨੂੰ ਰੱਖਣਾ ਹੋਵੇਗਾ। ਇਸ ਲਈ ਭਾਰਤੀ ਲੋਕਤੰਤਰ ਦੇ ਅਜ਼ਾਦੀ ਪਿੱਛੋਂ ਦੇ 60 ਸਾਲਾਂ ਦੇ ਇਤਿਹਾਸ ਤੇ ਅਤੇ ਅੱਜ ਦੇ ਭਾਰਤੀ ਸਮਾਜ ’ਚ ਆਮ ਆਦਮੀ ਦੀ ਸਥਿਤੀ ’ਤੇ ਇੱਕ ਸਰਸਰੀ ਨਜ਼ਰ ਮਾਰਨੀ ਹੋਵੇਗੀ। ਕੀ ਸਾਡਾ ਸਮਾਜ ਅਜ਼ਾਦੀ ਬਰਾਬਰੀ ਤੇ ਭਾਈਚਾਰੇ ’ਤੇ ਅਧਾਰਤ ਸਮਾਜ ਬਣ ਗਿਆ? ਕੀ ਅਸੀਂ ਹਜ਼ਾਰਾਂ ਸਾਲਾਂ ਤੋਂ ਜਾਗੀਰੂ ਦਾਸਤਾਂ, ਜੜਤਾ ਤੇ ਠਹਿਰਾਅ ਦੇ ਅੰਨੇ ਦੌਰ ’ਚੋਂ ਅਸੀਂ ਆਪਣੇ ਦੇਸ਼ ਨੂੰ ਕੱਢ ਸਕੇ? ਆਪਣੇ ਪ੍ਰੀਵੇਸ਼ ’ਤੇ ਥੋੜ੍ਹੀ ਜਿੰਨੀ ਨਜ਼ਰ ਮਾਰਦਿਆਂ ਹੀ ਸਾਨੂੰ ਲੋਕਤੰਤਰ ਦੇ ਇਨ੍ਹਾਂ ਆਦਰਸ਼ਾਂ ਦੀਆਂ ਧੱਜੀਆਂ ਉਡਦੀਆਂ ਨਜ਼ਰ ਆਉਂਦੀਆਂ ਹਨ। ਇਹ ਕਿਹੋ ਜਿਹਾ ਲੋਕਤੰਤਰ ਹੈ?

ਜਿੱਥੇ 77 ਫੀਸਦੀ ਅਬਾਦੀ 20 ਰੁਪਏ ਰੋਜ਼ਾਨਾ ’ਤੇ ਗੁਜ਼ਾਰਾ ਕਰਨ ਲਈ ਮਜ਼ਬੂਰ ਹੈ? ਰੋਟੀ ਰੋਜ਼ੀ ਤੇ ਪਰਿਵਾਰ ਦਾ ਪੇਟ ਪਾਲਣ ਲਈ ਉਨ੍ਹਾਂ ਨੂੰ ਰੋਜ਼ਾਨਾ ਆਪਣੇ ਸਵੈਮਾਣ ਨੂੰ ਗਹਿਣੇ ਰੱਖਣਾ ਪੈਂਦਾ ਹੈ। ਇਹ ਕਿਹੋ ਜਿਹਾ ਲੋਕਤੰਤਰ ਹੈ ਜਿੱਥੇ ਦੋ ਬਾਲਗ ਨਾਗਰਿਕਾਂ ਨੂੰ ਪਿਆਰ ਕਰਨ ਤੇ ਆਪਣੀ ਮਰਜ਼ੀ ਦੀ ਸ਼ਾਦੀ ਕਰਨ ਦੀ ਕੀਮਤ ਆਪਣੀ ਜਾਨ ਦੇ ਕੇ ਚੁਕਾਉਣੀ ਪੈਂਦੀ ਹੈ। ਅੱਜ ਇਥੇ ਕੋਈ ਇਸ ਲਈ ਹੀਣ ਸਮਝਿਆ ਜਾਂਦਾ ਹੈ ਕਿ ਉਹ ਇੱਕ ਖਾਸ ਜਾਤੀ ’ਚ ਪੈਦਾ ਹੋਇਆ ਹੈ, ਜਿੱਥੇ ਤਰਕ ਤੇ ਵਿਗਿਆਨ ਦੀ ਥਾਂ ਅੱਜ ਵੀ ਸਦੀਆਂ ਪੁਰਾਣੀਆਂ ਆਸਥਾਵਾਂ ਤੇ ਅੰਧ ਵਿਸ਼ਵਾਸ ਹੀ ਸਾਡੇ ਮਾਰਗ ਦਰਸ਼ਕ ਹਨ। ਇਨ੍ਹਾਂ ਸੁਆਲਾਂ ਦੇ ਜੁਆਬ ਖੋਜਣ ਲਈ ਸਾਨੂੰ ਭਾਰਤੀ ਸਮਾਜ ਦੀਆਂ ਬੁਨਿਆਦੀ ਸੰਸਥਾਵਾਂ ਦੀ ਜਾਂਚ ਪੜ੍ਹਤਾਲ ਕਰਨੀ ਪੈਣੀ ਹੈ। ਜਿਸ ’ਚ ਜਾਤੀ ਪ੍ਰਣਾਲੀ ਸਭ ਤੋਂ ਮੁੱਖ ਹੈ। ਜਾਤੀ ਭਾਰਤੀ ਸਮਾਜ ਦੀ ਇੱਕ ਬੁਨਿਆਦੀ ਇਕਾਈ ਹੈ ਜਿਸ ਨੂੰ ਸਮਝੇ ਬਿਨ੍ਹਾਂ ਭਾਰਤੀ ‘ਲੋਕਤੰਤਰ’ ਦੀ ਅਸਲੀਅਤ ਨੂੰ ਨਹੀਂ ਸਮਝਿਆ ਜਾ ਸਕਦਾ। ਇਹ ਭਾਰਤੀ ਸਮਾਜ ਦੀ ਐਸੀ ਵਸਿਸ਼ਟਤਾ ਹੈ ਜੋ ਇਸ ਨੂੰ ਦੁਨੀਆਂ ਦੇ ਸਾਰੇ ਸਮਾਜਾਂ ਤੋਂ ਵੱਖ ਕਰਦੀ ਹੈ। ਦੁਨੀਆਂ ’ਚ ਸਿਰਫ਼ ਇਹੀ ਅਜਿਹਾ ਦੇਸ਼ ਹੈ ਜਿਥੇ ਕੋਈ ਬੰਦਾ ਸਿਰਫ਼ ਇਸ ਲਈ ਬੇਇੱਜ਼ਤ ਕੀਤਾ ਜਾਂਦਾ ਹੈ ਤੇ ਨੀਚ ਸਮਝਿਆ ਜਾਂਦਾ ਹੈ, ਜ਼ਮੀਨ ਤੇ ਸਿੱਖਿਆ ਸਮੇਤ ਸਾਰੇ ਹੱਕਾਂ ਤੋਂ ਵਾਂਝਿਆ ਕੀਤਾ ਜਾਂਦਾ ਹੈ ਕਿਉਂਕਿ ਉਹ ਇੱਕ ਖਾਸ ਜਾਤੀ ’ਚ ਪੈਦਾ ਹੋਇਆ। ਜਾਤੀਆਂ ਦੀ ਇਹ

ਪ੍ਰਣਾਲੀ ਸਾਰੇ ਦੇਸ਼ 'ਚ ਮੌਜੂਦ ਹੈ। ਆਰਥਿਕ ਵਿਕਾਸ ਦੀਆਂ ਵੱਖ-ਵੱਖ ਹਾਲਤਾਂ ਤੇ ਇਤਿਹਾਸ ਦੀਆਂ ਭਿੰਨਤਾਵਾਂ ਕਾਰਨ ਵੱਖ ਵੱਖ ਇਲਾਕਿਆਂ 'ਚ ਜਾਤੀ ਪ੍ਰਣਾਲੀ ਦੀ ਬਣਤਰ ਥੋੜ੍ਹਾ ਥੋੜ੍ਹਾ ਫਰਕ ਰੱਖਦੀ ਹੈ। ਪਰ ਇਸ ਦੇ ਬੁਨਿਆਦੀ ਰੂਪ 'ਚ ਪੂਰੇ ਦੇਸ਼ 'ਚ ਕੋਈ ਫਰਕ ਨਹੀਂ ਹੈ। ਭਾਰਤੀ ਸਮਾਜ ਚਾਰ ਮੁੱਖ ਵਰਣਾਂ (ਬ੍ਰਾਹਮਣ, ਖੇਤਰੀ, ਵੈਸ਼ ਅਤੇ ਸ਼ੂਦਰ) 'ਚ ਵੰਡਿਆ ਹੋਇਆ ਹੈ। ਸਮਾਜ 'ਚ ਹਰੇਕ ਜਾਤੀ ਦਾ ਇੱਕ ਦਰਜਾ ਨਿਰਧਾਰਿਤ ਹੈ। ਕ੍ਰਮਵਾਰ ਹਰੇਕ ਜਾਤੀ ਆਪਣੇ ਉਪਰ ਦੀ ਜਾਤ ਤੋਂ ਹੀਣ ਅਤੇ ਹੇਠਾਂ ਦੀਆਂ ਜਾਤਾਂ ਤੋਂ ਉਚੀ ਮੰਨੀ ਜਾਂਦੀ ਹੈ। ਹੀਣਤਾ ਤੇ ਉਚਤਾ ਦਾ ਸਿੱਧਾ ਸਬੰਧ ਜਾਤੀ ਵਿਸ਼ੇਸ਼ 'ਚ ਭੂਮੀ ਹੀਣਤਾ ਜਾਂ ਮਾਲਕੀਅਤ ਦੀ ਅਸਲੀਅਤ ਅਤੇ ਜਾਤੀਗਤ ਪੇਸ਼ੇ ਨਾਲ ਹੁੰਦਾ ਹੈ।

ਜਿਸ ਜਾਤੀ ਪਾਸ ਜਿੰਨੀ ਵੱਧ ਜ਼ਮੀਨ ਹੈ ਤੇ ਜੋ ਜਿੰਨੀ ਮੇਹਨਤ ਕਰਦਾ ਹੈ ਅਤੇ ਉਹ ਓਨਾ ਹੀ ਉੱਚਾ ਹੈ। ਜੋ ਜਾਤੀਆਂ ਕਠੋਰ ਗੈਰ ਮਨੁੱਖੀ ਕਿਰਤ ਕਰਦੀਆਂ ਹਨ, ਬੇਜ਼ਮੀਨੀਆਂ ਹਨ ਤੇ ਨੀਵੀਆਂ ਤੇ ਬੇਕਾਰ ਮੰਨੀਆਂ ਜਾਂਦੀਆਂ ਹਨ। ਇਸ ਤਰ੍ਹਾਂ ਸਭ ਤੋਂ ਉਤੇ ਬ੍ਰਾਹਮਣ, ਫਿਰ ਖਤਰੀ, ਫਿਰ ਵੈਸ਼ਅ ਤੇ ਸਭ ਤੋਂ ਹੇਠਾਂ ਸ਼ੂਦਰ ਸ਼੍ਰੇਣੀ ਦੀਆਂ ਜਾਤੀਆਂ ਆਉਂਦੀਆਂ ਹਨ। ਹਰੇਕ ਸ਼੍ਰੇਣੀ 'ਚ ਉਪਰ ਤੋਂ ਹੇਠਾਂ ਦਾ ਦਰਜਾ ਉਪਰੋਕਿਤ ਅਧਾਰ ਅਨੁਸਾਰ ਤਹਿ ਹੁੰਦਾ ਹੈ। ਵਰਣ ਜਾਤੀ ਦੀ ਇਹ ਪ੍ਰਣਾਲੀ ਭਾਰਤੀ ਸਮਾਜ ਦੀ ਬੁਨਿਆਦ ਹੈ। ਸਮਾਜ 'ਚ ਕਿਸੇ ਬੰਦੇ ਦੀ ਪਹਿਚਾਣ, ਮਾਨ-ਸਨਮਾਨ, ਛੂਤ-ਅਛੂਤ, ਹੀਣਤਾ-ਉਚਤਾ ਯਾਨੀ ਉਸ ਦੀ ਸਮਾਜਿਕ ਹੈਸੀਅਤ ਦਾ ਨਿਰਧਾਰਿਤ ਉਸ ਦੇ ਗੁਣਾ ਦੋਸ਼ਾਂ ਦੇ ਅਧਾਰ 'ਤੇ ਨਹੀਂ ਬਲਕਿ ਉਸ ਦੀ ਜਾਤੀ ਦੇ ਆਧਾਰ 'ਤੇ ਹੁੰਦਾ ਹੈ। ਕੀ ਆਧੁਨਿਕ ਸਮਾਜ 'ਚ ਇਨ੍ਹਾਂ ਮੁੱਲਾਂ ਤੇ ਮਾਣਤਾਵਾਂ ਨੂੰ ਕਿਸੇ ਵੀ ਤਰਕ ਨਾਲ ਜਾਇਜ਼ ਠਹਿਰਾਇਆ ਜਾ ਸਕਦਾ ਹੈ? ਕੀ ਲੋਕਤੰਤਰ ਦੇ ਆਦਰਸ਼ ਨਾਲ ਉਸ ਦਾ ਰੱਤੀ ਭਰ ਵੀ ਲੈਣਾ ਦੇਣਾ ਹੈ? ਇਸ ਦੇ ਬਾਵਜੂਦ ਜੇ ਭਾਰਤੀ ਸਮਾਜ 'ਚ ਅੱਜ ਵੀ ਸੋਚਣ ਦਾ ਇਹ ਤਰੀਕਾ ਮੌਜੂਦ ਹੈ ਤੇ ਜਾਤੀਗਤ ਅਧਾਰ 'ਤੇ ਜ਼ਿਆਦਾਤਰ ਅਬਾਦੀ ਦੇ ਨਾਲ ਭੇਦ-ਭਾਵ ਕੀਤਾ ਜਾਂਦਾ ਹੈ ਤਾਂ ਭਾਰਤੀ ਲੋਕਤੰਤਰ ਦੀ ਅਸਲੀਅਤ ਬਾਰੇ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ। ਉਨ੍ਹਾਂ ਨੂੰ ਗੁਲਾਮੀ ਦੇ ਬੰਨਾਂ 'ਚ ਜਕੜਣ ਵਾਲਾ ਬੇਰਹਿਮ ਸਮਾਜ ਲੋਕ ਰਾਜ ਕਿਵੇਂ ਹੋ ਸਕਦਾ ਹੈ। ਕਿਰਤ ਪ੍ਰਤੀ ਜਾਤੀ-ਪ੍ਰਣਾਲੀ ਦੇ ਨਫ਼ਰਤ ਭਰੇ ਨਜ਼ਰੀਏ ਨੇ ਭਾਰਤੀ ਸਮਾਜ ਨੂੰ ਕਿੰਨਾ ਨੁਕਸਾਨ ਪਹੁੰਚਾਇਆ ਹੈ, ਉਨ੍ਹਾਂ ਹੋਰ ਕਿਸੇ ਨੇ ਨਹੀਂ। ਜਿਥੇ ਕਿਰਤ ਕਰਨ ਵਾਲੇ ਅਛੂਤ ਸਮਝੇ ਜਾਣ, ਆਪਣੀ ਕ੍ਰਿਤ ਨਾਲ ਦੇਸ਼ ਦੀ ਸਾਰੀ ਧਨ ਦੌਲਤ ਪੈਦਾ ਕਰਨ ਵਾਲਿਆਂ ਨੂੰ ਖੁਦ ਹਰ ਤਰ੍ਹਾਂ ਦੀ ਦੌਲਤ ਤੋਂ, ਹਰ ਤਰ੍ਹਾਂ ਦੇ ਅਧਿਕਾਰਾਂ ਤੋਂ, ਗਿਆਨ-ਵਿਗਿਆਨ ਤੋਂ ਵਾਂਝਿਆ ਰੱਖਿਆ ਜਾਵੇ ਜਦਕਿ ਸਰਮਾਏਦਾਰਾਂ ਨੂੰ ਨਾ ਸਿਰਫ਼ ਉਤਮ ਸਮਝਿਆ ਜਾਵੇ ਬਲਕਿ ਉਨ੍ਹਾਂ ਨੂੰ ਕਿਰਤ ਕਰਨ ਵਾਲੀਆਂ ਜਾਤੀਆਂ ਦੇ ਮਾਨ ਸਨਮਾਨ ਨੂੰ ਹਰਜਾ ਪਹੁੰਚਾਉਣ ਦਾ ਅਧਿਕਾਰ ਹੋਵੇ-ਉਥੋਂ ਕੌਣ ਮਜ਼ਦੂਰੀ ਕਰਨਾ ਚਾਹੇਗਾ।

ਜਿਨ੍ਹਾਂ ਕੋਲ ਗਿਆਨ ਸੀ ਤੇ ਉਹ ਸਾਰੇ ਸਾਧਨਾਂ ਦੇ ਮਾਲਕ ਸਨ ਉਹ ਕਿਰਤ ਨਹੀਂ ਕਰਦੇ ਸਨ ਤੇ ਜੋ ਪੈਦਾਵਾਰ 'ਚ ਲੱਗੀਆਂ ਜਾਤੀਆਂ ਸਨ ਉਨ੍ਹਾਂ ਕੋਲ ਨਾ ਕੋਈ ਗਿਆਨ-ਵਿਗਿਆਨ ਸੀ, ਨਾ ਹੀ ਉਨ੍ਹਾਂ ਦੀ ਕੋਈ ਇੱਜ਼ਤ ਸੀ, ਨਾ ਕਿਰਤ

ਕਰਨ ਲਈ ਉਨ੍ਹਾਂ ਦੀ ਆਪਣੀ ਕੋਈ ਜ਼ਮੀਨ ਜਾਂ ਹੋਰ ਸਾਧਨ ਸਨ, ਕਿਰਤ ਉਨ੍ਹਾਂ ਲਈ ਇੱਕ ਬੋਝ ਬਣ ਗਈ, ਉਨ੍ਹਾਂ ਦੀ ਗੁਲਾਮੀ ਤੇ ਅਪਮਾਨ ਦੀ ਵਜ੍ਹਾ ਬਣ ਗਈ। ਦਿਮਾਗ ਤੇ ਹੱਥ-ਪੈਰ ਯਾਨੀ ਗਿਆਨ ਤੇ ਵਿਹਾਰ 'ਚ ਇਸ ਵਿਉਂਤਬੱਧ ਅਲਗਾਅ ਦਾ ਹੀ ਲਾਜ਼ਮੀ ਸਿੱਟਾ ਸੀ ਭਾਰਤੀ ਸਮਾਜ ਵਿੱਚ ਪੈਦਾਵਾਰ ਦੇ ਖੇਤਰ ਵਿੱਚ, ਗਿਆਨ-ਵਿਗਿਆਨ ਦੇ ਖੇਤਰ ਵਿੱਚ ਜਬਰਦਸਤ ਖੜੋਤ, ਹਜ਼ਾਰਾਂ ਸਾਲਾਂ ਤੋਂ ਭਾਰਤ ਇਸ ਠਹਿਰਾਅ ਦੀ ਪੀੜਾ ਭੋਗਦਾ ਆ ਰਿਹਾ ਹੈ ਤੇ ਅੱਜ ਵੀ ਭੋਗ ਰਿਹਾ ਹੈ। ਆਜ਼ਾਦੀ ਪਿੱਛੋਂ ਦੇਸ਼ 'ਚ ਲਾਗੂ ਹੋਏ ਅੱਧੇ ਅਧੂਰੇ ਭੂਮੀ ਸੁਧਾਰ ਵੀ ਇਸ ਖੜੋਤ ਨੂੰ ਨਹੀਂ ਤੋੜ ਸਕੇ। ਭੂਮੀ ਸੁਧਾਰਾਂ ਨੇ ਜਿੱਥੇ ਇੱਕ ਪਾਸੇ ਉਪਰਲੀਆਂ ਜਾਤਾਂ ਦੇ ਦਾਬੇ ਨੂੰ ਤੋੜਿਆ ਅਤੇ ਜਾਟ, ਗੁਜਰ, ਯਾਦਵ, ਕੁਰਮੀ ਵਰਗੀਆਂ ਮੱਧਵਰਗੀ ਜਾਤੀਆਂ ਨੂੰ ਜ਼ਮੀਨ ਦਾ ਮਾਲਕ ਬਣਾਇਆ ਉਥੇ ਦੂਜੇ ਪਾਸੇ ਦਲਿਤਾਂ, ਆਦੀਵਾਸੀ ਜਾਤੀਆਂ, ਪਿਛੜੀਆਂ ਜਾਤੀਆਂ ਤੇ ਹੋਰ ਪਿਛੜੀਆਂ ਜਾਤੀਆਂ ਦੀ ਸਥਿਤੀ 'ਚ ਕੋਈ ਗਿਣਨਯੋਗ ਬਦਲਾਅ ਨਹੀਂ ਆਇਆ।

ਉਹ ਅੱਜ ਵੀ ਜ਼ਮੀਨ ਤੋਂ ਵੰਚਿਤ ਹਨ, ਸਭਿਆਚਾਰਕ-ਸਮਾਜਿਕ ਭੇਦਭਾਵ ਦੇ ਸ਼ਿਕਾਰ ਹਨ। ਜਾਤੀਆਂ ਦਾ ਹੋਣਾ ਤੇ ਜ਼ਮੀਨ ਦੀ ਕਾਣੀ ਵੰਡ ਅੱਜ ਵੀ ਨਾ ਸਿਰਫ਼ ਕਾਇਮ ਹੈ ਬਲਕਿ ਭੂਮੀ ਸੁਧਾਰਾਂ ਕਾਰਨ ਜ਼ਮੀਨ ਦੀ ਮਾਲਕੀ ਇੱਕ ਮੁਕਾਬਲਤਣ ਵੱਡੀ ਅਬਾਦੀ ਦੇ ਹੱਥਾਂ 'ਚ ਆ ਜਾਣ ਨਾਲ ਜਾਤੀ-ਪ੍ਰਣਾਲੀ ਨੂੰ ਪਹਿਲਾਂ ਤੋਂ ਕਿਤੇ ਵੱਧ ਵਿਆਪਕ ਅਧਾਰ ਮਿਲਿਆ ਹੈ। ਇਸ ਅਰਥ 'ਚ ਜਾਤੀ-ਪ੍ਰਣਾਲੀ ਅੱਜ ਪਹਿਲਾਂ ਦੀ ਤੁਲਨਾ 'ਚ ਵਿਆਪਕ ਅਧਾਰ 'ਤੇ ਖੜ੍ਹੀ ਹੈ। ਭੂਮੀ ਸੁਧਾਰਾਂ ਦੇ ਕਾਰਨ ਕੁਝ ਮੱਧਵਰਗੀ ਜਾਤੀਆਂ ਨੂੰ ਜ਼ਮੀਨ ਮਿਲਣ ਨਾਲ ਖੇਤੀ ਅਰਥਚਾਰੇ ਦਾ ਠਹਿਰਾਅ ਥੋੜਾ ਟੁੱਟਿਆ ਸੀ ਤੇ ਪੈਦਾਵਾਰ ਵਧੀ ਸੀ ਪਰ ਜਲਦੀ ਹੀ ਖੇਤੀ ਫਿਰ ਸੰਕਟ ਦਾ ਸ਼ਿਕਾਰ ਹੋ ਗਈ। ਖੇਤੀ 'ਚ ਲੱਗੀਆਂ ਜਾਂ ਉਸ 'ਤੇ ਨਿਰਭਰ ਜ਼ਿਆਦਾਤਰ ਜਾਤੀਆਂ ਜਿੱਥੋਂ ਜ਼ਿਆਦਾਤਰ ਖੇਤ ਮਜ਼ਦੂਰ ਤੇ ਗੈਰ-ਜਥੇਬੰਦ ਮਜ਼ਦੂਰ ਆਉਂਦੇ ਹਨ। ਪੈਦਾਵਾਰ ਦੀ ਕੋਈ ਪ੍ਰੇਰਣਾ ਨਹੀਂ ਮਿਲ ਸਕੀ, ਉਸ ਦੀ ਭੂਮੀ ਹੀਣਤਾ, ਸਮਾਜਿਕ ਹੈਸੀਅਤ, ਤੇ ਲੁੱਟ ਘਸੁੱਟ ਪਹਿਲਾਂ ਵਾਂਗ ਹੀ ਬਣੀ ਰਹੀ। ਸਿੱਟੇ ਵਜੋਂ ਅਰਥਚਾਰਾ ਅੱਜ ਫਿਰ ਬੁਰੀ ਤਰ੍ਹਾਂ ਸੰਕਟ ਗ੍ਰਸਤ ਹੋ ਚੁੱਕਿਆ ਹੈ। ਇਸ ਖੜੋਤ ਦੇ ਕਿਰਦਾਰ ਨੂੰ ਹੋਰ ਅੱਛੀ ਤਰ੍ਹਾਂ ਸਮਝਣ ਲਈ ਆਓ, ਪਹਿਲੇ ਸਮਾਜ ਦੀ ਬਹੁਗਿਣਤੀ ਮੇਹਨਤਕਸ਼ ਅਬਾਦੀ ਦੀ ਸਥਿਤੀ 'ਤੇ ਇੱਕ ਨਜ਼ਰ ਮਾਰੀਏ। ਦੇਸ਼ ਦੀ 16 ਕਰੋੜ ਤੋਂ ਵੱਧ ਦਲਿਤ ਆਬਾਦੀ ਅੱਜ ਵੀ ਸਭ ਤਰ੍ਹਾਂ ਦੇ ਅਧਿਕਾਰਾਂ ਤੋਂ ਵੰਚਿਤ ਹੈ ਅਤੇ ਲਗਾਤਾਰ ਲੁੱਟ ਘਸੁੱਟ ਤੇ ਜਬਰ ਸਹਿਣ ਲਈ ਮਜ਼ਬੂਰ ਹੈ।

ਇਸ ਸ਼੍ਰੇਣੀ ਵਿੱਚ ਭੰਗੀ, ਚਮਾਰ, ਮਹਿਰੇ, ਡੂੰਮ, ਦੁਸਾਧ, ਦਰਜੀ, ਤਖਾਣ, ਪਰਜਾਪਤੀ, ਲੁਹਾਰ, ਮਿਸਤਰੀ ਆਦਿ ਵਰਗੀਆਂ ਜਾਤੀਆਂ ਆਉਂਦੀਆਂ ਹਨ। ਜੋ ਸਮਾਜ ਦੇ ਹੇਠਲੇ ਪਾਇਦੇਨ 'ਤੇ ਖੜ੍ਹੀਆਂ ਹਨ, ਹਜ਼ਾਰਾਂ ਸਾਲਾਂ ਤੋਂ ਉਹ ਨਾ ਸਿਰਫ਼ ਸਿਰ ਤੇ ਮੈਲ ਢੋਣ ਵਰਗੇ ਗੈਰ ਮਨੁੱਖੀ ਕੰਮ ਕਰਦੀਆਂ ਆ ਰਹੀਆਂ ਹਨ ਬਲਕਿ ਛੂਤ ਛਾਤ ਤੇ ਜੂਠ ਵਰਗੀਆਂ ਗੈਰ ਮਨੁੱਖੀ ਪ੍ਰਥਾਵਾਂ ਨੂੰ ਵੀ ਝਲਦੇ ਰਹੇ ਹਨ। ਅੱਜ ਵੀ ਉਹ ਪੂਰੀ ਤਰ੍ਹਾਂ ਬੇਜ਼ਮੀਨੇ ਹਨ ਕਿਸੇ ਉਚ ਜਾਤੀ ਲਈ ਉਨ੍ਹਾਂ ਦੀ ਗੁਲਾਮੀ ਦੀ ਸਥਿਤੀ ਦੀ ਕਲਪਨਾ ਕਰ ਸਕਣਾ ਸੰਭਵ ਨਹੀਂ ਹੈ। ਮਲ ਤਿਆਗ ਵਰਗੀਆਂ ਕੁਦਰਤੀ

ਕ੍ਰਿਆਵਾਂ ਲਈ ਉਨ੍ਹਾਂ ਨੂੰ ਦੂਜਿਆਂ ਦੇ ਖੇਤਾਂ ਵਿੱਚ ਜਾਣਾ ਪੈਂਦਾ ਹੈ ਅਤੇ ਬੇਇਜ਼ਤੀ ਸਹਿਣੀ ਪੈਂਦੀ ਹੈ। ਉਨ੍ਹਾਂ ਨੂੰ ਵੋਟ ਪਾਉਣ ਤੋਂ ਧੱਕੇ ਨਾਲ ਰੋਕਿਆ ਜਾਂਦਾ ਹੈ। ਵਗਾਰ ਲਈ ਮਜ਼ਬੂਰ ਕੀਤਾ ਜਾਂਦਾ ਹੈ। ਮੰਦਰ 'ਚ ਦਾਖਲ ਹੋਣ ਅਤੇ "ਪਵਿੱਤਰ ਪੁਸਤਕਾਂ" ਨੂੰ ਛੂਹਣ ਤੱਕ ਦਾ ਉਨ੍ਹਾਂ ਨੂੰ ਅਧਿਕਾਰ ਨਹੀਂ। ਵਿਰੋਧ ਕਰਨ 'ਤੇ ਉਨ੍ਹਾਂ 'ਤੇ ਅਨੇਕਾਂ ਕਿਸਮ ਦੀਆਂ ਸਮਾਜਿਕ-ਆਰਥਿਕ ਪਾਬੰਦੀਆਂ ਲਾਈਆਂ ਜਾਂਦੀਆਂ ਹਨ। ਉਨ੍ਹਾਂ ਨੂੰ ਪੀਣ ਦਾ ਪਾਣੀ ਤੱਕ ਮਿਲਣਾ ਬੰਦ ਹੋ ਜਾਂਦਾ ਹੈ। ਭੂਮੀਹੀਣਤਾ ਕਾਰਨ ਅੱਜ ਵੀ ਉਨ੍ਹਾਂ ਦੀ ਜੀਵਨ ਉਚ-ਮੱਧ ਜਾਤੀਆਂ ਦੇ ਤਰਸ 'ਤੇ ਨਿਰਭਰ ਹੈ ਸਮਾਜ ਦੇ ਇੱਕ ਸਨਮਾਨਿਤ ਨਾਗਰਿਕ ਦਾ ਦਰਜਾ ਉਨ੍ਹਾਂ ਨੂੰ ਨਸੀਬ ਨਹੀਂ ਹੈ। ਭਾਰਤੀ ਲੋਕਤੰਤਰ ਤੇ ਉਨ੍ਹਾਂ ਦੀਆਂ ਸੰਸਥਾਵਾਂ ਉਨ੍ਹਾਂ ਬਾਰੇ ਕਿੰਨੀਆਂ ਸੰਵੇਦਨਸ਼ੀਲ ਸਨ ਇਸ ਦੀ ਤਾਜ਼ਾ ਮਿਸਾਲ ਹੈ ਸਿਰ 'ਤੇ ਮੈਲਾ ਢੋਣ ਦੀ ਪ੍ਰਥਾ ਬਾਰੇ ਸੁਪਰੀਮ ਕੋਰਟ 'ਚ ਸੂਬਾਈ ਸਰਕਾਰਾਂ ਵੱਲੋਂ ਦਿੱਤੇ ਹਲਫਨਾਮੇ। ਲਗਭਗ ਸਭ ਨੇ ਇਹ ਦਾਅਵਾ ਕੀਤਾ ਹੈ ਕਿ ਉਹ ਆਪਣੇ ਸੂਬੇ 'ਚ ਇਸ ਪ੍ਰਥਾ ਨੂੰ ਖਤਮ ਕਰ ਚੁੱਕੇ ਹਨ ਜਦ ਕਿ ਹਕੀਕਤ ਇਹ ਹੈ ਕਿ ਦੇਸ਼ ਦੀ ਰਾਜਧਾਨੀ ਤੱਕ 'ਚ ਹਜ਼ਾਰਾਂ ਕੱਚੇ ਪਖਾਨੇ ਤੇ ਇਹ ਪ੍ਰਥਾ ਅੱਜ ਵੀ ਮੌਜੂਦ ਹੈ। ਪੰਜਾਬ 'ਚ ਵੀ ਇਹੋ ਸਥਿਤੀ ਹੈ ਦਰਅਸਲ ਭਾਰਤੀ ਰਾਜ ਦਾ ਢਾਂਚਾ ਤੇ ਉਨ੍ਹਾਂ ਅੰਦਰ ਵਿਆਪਕ ਬਸਤੀਵਾਦੀ ਕਦਰਾਂ-ਕੀਮਤਾਂ ਦੇ ਨਾਲ ਨਾਲ ਜਾਤੀ ਪ੍ਰਥਾ ਦੀ ਕਿਰਤ ਨਾਲ ਨਫ਼ਰਤ ਦੀ ਕੀਮਤ ਹੈ। ਇਸ ਲਈ ਇਹ ਹੋਣਾ ਕੋਈ ਹੈਰਾਨੀ ਵਾਲੀ ਗੱਲ ਨਹੀਂ।

ਇਸ ਪਿੱਛੋਂ ਸਾਡੇ ਦੇਸ਼ ਦੀਆਂ ਅਨਸੂਚਿਤ ਜਾਤੀਆਂ ਦੀ ਕਰੀਬ 8 ਕਰੋੜ ਅਬਾਦੀ ਆਉਂਦੀ ਹੈ ਜਿਨ੍ਹਾਂ ਨੂੰ ਵਿਕਾਸ ਦੇ ਨਾਂ ਹੇਠ ਜੰਗਲਾਂ ਤੇ ਉਨ੍ਹਾਂ ਦੇ ਕੁਦਰਤੀ ਅਧਿਕਾਰ ਤੋਂ ਜਬਰੀ ਬੇਦਖਲ ਕਰ ਦਿੱਤਾ ਗਿਆ ਹੈ। ਸਭਿਅਕ ਸਮਾਜ ਤੋਂ ਪੂਰੀ ਤਰ੍ਹਾਂ ਨਖੇੜੇ 'ਚ ਪਈ ਇਹ ਅਬਾਦੀ 1947 ਦੇ ਬਾਅਦ ਤੋਂ ਅੱਜ ਤੱਕ ਵਿਕਾਸ ਦੀ ਕੀਮਤ ਚੁਕਾਉਂਦੀ ਆ ਰਹੀ ਹੈ। ਵਿਕਾਸ ਪ੍ਰੋਜੈਕਟਾਂ ਦੇ ਨਾਂ ਹੇਠ ਹੁਣ ਤੱਕ ਦੋ ਕਰੋੜ ਆਦੀਵਾਸੀਆਂ ਨੂੰ ਉਜਾੜਿਆ ਜਾ ਚੁੱਕਿਆ ਹੈ। ਭੂਮੀ ਸੁਧਾਰਾਂ ਦੇ ਨਾਂ ਹੇਠ ਉਨ੍ਹਾਂ ਨੂੰ ਜਿੰਨੀਆਂ ਜ਼ਮੀਨਾਂ ਦਿੱਤੀਆਂ ਗਈਆਂ ਵਿਕਾਸ ਦੇ ਬਹਾਨੇ ਉਸ ਤੋਂ ਵੱਧ ਖੋਹੀਆਂ ਜਾਂਦੀਆਂ ਰਹੀਆਂ ਹਨ। ਪੂਰੀ ਰਾਜ ਮਸ਼ੀਨਰੀ ਉਨ੍ਹਾਂ ਦੇ ਨਾਲ ਅਜਿਹੀ ਜਾਲਮਾਨਾ ਢੰਗ ਨਾਲ ਪੇਸ਼ ਆਉਂਦੀ ਹੈ ਜਿਵੇਂ ਕਿਤੇ ਉਹ ਮਨੁੱਖ ਹੀ ਨਾ ਹੋਣ ਅਤੇ ਇਸ ਦੇਸ਼ ਦੇ ਨਾਗਰਿਕ ਵੀ ਨਾ ਹੋਣ। ਇੱਕ ਪਿਛੋਂ ਖਾਨਾਬਦੋਸ਼ ਜਾਤੀਆਂ ਦੀ ਇੱਕ ਵੱਡੀ ਗਿਣਤੀ ਆਉਂਦੀ ਹੈ ਜਿਨ੍ਹਾਂ ਨੂੰ ਸਦੀਆਂ ਤੋਂ ਹੀ ਚਾਰ-ਲੁਟੇਰੀਆਂ ਜਾਤੀਆਂ ਵਜੋਂ ਸਮਾਜ ਵੇਖਦਾ ਆਇਆ ਹੈ। ਹਾਲਾਂਕਿ 1947 ਪਿਛੋਂ ਕਾਨੂੰਨੀ ਤੌਰ 'ਤੇ ਉਨ੍ਹਾਂ ਨੂੰ ਅਪਰਾਧੀਸ਼ੀਲ ਨਹੀਂ ਮੰਨਿਆ ਜਾਂਦਾ ਪਰ ਸਮਾਜ ਦਾ ਰਵੱਈਆ ਅੱਜ ਵੀ ਉਹੀ ਹੈ। ਚੋਰੀ ਦੇ ਸ਼ੱਕ 'ਚ ਭੀੜ ਵਲੋਂ ਉਨ੍ਹਾਂ ਨੂੰ ਕੁਟ ਕੁਟ ਕੇ ਮਾਰਨ ਦੀਆਂ ਕਈ ਘਟਨਾਵਾਂ ਸਾਹਮਣੇ ਆਉਂਦੀਆਂ ਹਨ। 1947 ਦੀ ਸੱਤਾ ਬਦਲੀ ਤੋਂ 60 ਸਾਲ ਪਿੱਛੋਂ ਅੱਜ ਜਾ ਕੇ ਭਾਰਤ ਸਰਕਾਰ ਨੂੰ ਉਨ੍ਹਾਂ ਦੀ ਸੁੱਧ ਆਈ ਹੈ ਤੇ ਉਨ੍ਹਾਂ ਦੀ ਗਿਣਤੀ ਲਈ ਇੱਕ ਕਮਿਸ਼ਨ ਬਣਾਇਆ ਗਿਆ ਹੈ। ਜਿਸ ਮੁਤਾਬਕ ਇਨ੍ਹਾਂ ਦੀ ਕੁਲ ਗਿਣਤੀ ਲਗਭਗ 15 ਕਰੋੜ ਹੈ ਇਸ ਦੀ ਜ਼ਿਆਦਾਤਰ ਆਬਾਦੀ ਨੂੰ ਅੱਜ ਵੀ ਸਮਾਜ 'ਚ ਸ਼ਹਿਰੀ ਹੋਣ ਦਾ ਦਰਜਾ ਹਾਸਲ ਨਹੀਂ ਹੈ। ਇਸ ਪਿੱਛੋਂ ਸਮਾਜਿਕ-ਸਿੱਖਿਅਕ ਰੂਪ 'ਚ ਪਿਛਲੇ

ਵਰਗ ਤੇ ਹੋਰ ਪਿਛਲੇ ਵਰਗਾਂ ਦੀ ਲਗਭਗ 40 ਕਰੋੜ ਅਬਾਦੀ (ਹਿੰਦੂ ਮੁਸਲਿਮ ਦੋਨੋਂ ਮਿਲਾਕੇ) ਆਉਂਦੀ ਹੈ ਜੋ ਛੂਆਛਾਤ ਦੀ ਸ਼ਿਕਾਰ ਤਾਂ ਨਹੀਂ ਹੈ ਅਤੇ ਸਮਾਜਿਕ ਤੌਰ 'ਤੇ ਉਨੀ ਅਪਮਾਨਿਤ ਵੀ ਨਹੀਂ ਹੈ ਜਿੰਨੀਆਂ ਦਲਿਤ ਜਾਤੀਆਂ ਹਨ ਪਰ ਭੂਮੀਹੀਣਤਾ ਤੇ ਆਰਥਿਕ ਮੰਦਰਹਾਲੀਏ ਕਾਰਨ ਉਨ੍ਹਾਂ 'ਚੋਂ ਬਹੁਤਿਆਂ ਦੀ ਜ਼ਿੰਦਗੀ ਦਲਿਤਾਂ ਦੇ ਬਰਾਬਰ ਜਾ ਪਹੁੰਚੀ ਹੈ। ਉਨ੍ਹਾਂ ਨੂੰ ਅਜ਼ਾਦੀ ਪਿਛੋਂ ਜ਼ਮੀਨਾਂ ਮਿਲੀਆਂ ਪਰ ਜ਼ਿਆਦਾਤਰ ਅੱਜ ਵੀ ਖੇਤ ਮਜ਼ਦੂਰੀ ਕਰਕੇ, ਬਟਾਈ 'ਤੇ ਖੇਤੀ ਕਰਕੇ ਜਾਂ ਗੈਰ ਜਥੇਬੰਦ ਖੇਤਰ 'ਚ ਆਉਣ ਵਾਲੇ ਛੋਟੇ-ਛੋਟੇ ਕੰਮ ਕਰਕੇ ਕਿਸੇ ਤਰ੍ਹਾਂ ਆਪਣਾ ਪੇਟ ਭਰਦੇ ਹਨ।

ਆਪਣੇ ਸਿੱਖਿਅਕ-ਸਭਿਆਚਾਰਕ ਪਿਛੜੇਪਣ ਅਤੇ ਆਰਥਿਕ ਦੁਰਦਸ਼ਾ ਦੇ ਕਾਰਣ ਉਨ੍ਹਾਂ ਨੂੰ ਵੀ ਸਮਾਜ 'ਚ ਮਾਣ ਸਨਮਾਨ ਹਾਸਲ ਨਹੀਂ ਹੈ। ਉਹ ਵੀ ਸ਼ਹਿਰੀ ਅਧਿਕਾਰਾਂ ਤੋਂ ਵਾਂਝੇ ਹਨ। ਇਸ ਤਰ੍ਹਾਂ ਅਸੀਂ ਵੇਖਦੇ ਹਾਂ ਕਿ ਸਾਡੇ ਦੇਸ਼ ਦੇ ਮੋਹਨਤਕਸ਼ਾਂ ਦੀ ਇੱਕ ਵੱਡੀ ਅਬਾਦੀ ਜੋ ਦਲਿਤਾਂ, ਜਨਜਾਤੀਆਂ, ਪਿਛੜੀ ਜਾਤੀਆਂ ਅਤੇ ਅਤੀ ਪਿਛੜੀਆਂ ਜਾਤੀਆਂ ਤੇ ਖਾਨਾਬਦੋਸ਼ ਜਨਜਾਤੀਆਂ ਨਾਲ ਮਿਲਕੇ ਬਣੀਆਂ ਹਨ ਜੋ ਖੇਤ ਮਜ਼ਦੂਰੀ, ਖੇਤੀ ਨਾਲ ਜੁੜੇ ਪੇਸ਼ੇ ਬਟਾਈ ਤੇ ਖੇਤੀ ਅਤੇ ਹੋਰ ਛੋਟੇ ਮੋਟੇ ਕੰਮ ਕਰਕੇ ਕਿਸੇ ਤਰ੍ਹਾਂ ਆਪਣੀ ਰੋਟੀ ਰੋਜ਼ੀ ਕਮਾਉਂਦੀ ਹੈ ਅੱਜ ਵੀ ਜਾਤੀ ਪ੍ਰਣਾਲੀ ਦੇ ਕਾਰਣ ਕਸ਼ਟ ਭੋਗ ਰਹੀ ਹੈ। ਆਰਥਿਕ ਵਿਪਨਤਾ, ਭੂਮੀਹੀਣਤਾ, ਰੁਜ਼ਗਾਰ ਦੀ ਘਾਟ, ਸਿੱਖਿਅਕ-ਸਭਿਆਚਾਰਕ ਪਿਛੜਿਆਪਣ ਤੇ ਜਾਤੀਗਤ ਭੇਦ ਭਾਵ ਦੇ ਕਾਰਨ ਉਹ ਜਮਹੂਰੀ ਹੱਕਾਂ ਤੋਂ ਵਾਂਝੇ ਹਨ ਲਗਾਤਾਰ ਸੁਰੱਖਿਆ ਤੇ ਜਬਰ ਜ਼ੁਲਮ ਝੱਲਣ ਲਈ ਮਜ਼ਬੂਰ ਹਨ ਤੇ ਆਪਣੇ ਮਾਨ ਸਨਮਾਨ ਨਾਲ ਸਮਝੌਤਾ ਕਰਨ ਲਈ ਮਜ਼ਬੂਰ ਹਨ। ਕਨੂੰਨੀ ਤੌਰ 'ਤੇ ਇਸ ਦੇਸ਼ ਦੇ ਨਾਗਰਿਕ ਹੁੰਦੇ ਹੋਏ ਵੀ ਉਨ੍ਹਾਂ ਨੂੰ ਇਸ ਦੇਸ਼ ਦੇ ਸ਼ਹਿਰੀ ਹੱਕ ਹਾਸਲ ਨਹੀਂ ਹਨ। ਨਿਆਂ ਪ੍ਰਣਾਲੀ ਉਨ੍ਹਾਂ ਦੀ ਇਸ ਦੁਰਦਸ਼ਾ ਪ੍ਰਤੀ ਢੀਠ ਹੈ ਅਤੇ ਜ਼ੁਲਮ ਕਰਨ ਵਾਲਿਆਂ ਦਾ ਸਾਥ ਦਿੰਦੀ ਹੈ। ਰਾਜਸੀ ਪਾਰਟੀਆਂ ਤੇ ਲੋਕਤੰਤਰ ਨੂੰ ਉਨ੍ਹਾਂ ਨਾਲ ਬਸ ਏਨਾ ਹੀ ਮਤਲਬ ਹੈ ਕਿ ਉਹ ਵੋਟ ਪਰਚੀ ਤੇ ਮੋਹਰ ਲਗਾ ਦੇਣ। ਉਨ੍ਹਾਂ ਨੂੰ ਇਸ ਨਰਕਮਈ ਹਾਲਤ 'ਚੋਂ ਬਾਹਰ ਕੱਢਕੇ ਇੱਕ ਸਨਮਾਨਿਤ ਨਾਗਰਿਕ ਦਾ ਦਰਜਾ ਦਿਵਾਉਣਾ ਕਿਸੇ ਦੀ ਕਾਰਜਸੂਚੀ 'ਚ ਨਹੀਂ ਹੈ। ਹਾਂ ਆਟਾ-ਦਾਲ-ਚੌਲ ਸਸਤੇ ਭਾਅ ਦੇਣ ਦੇ ਐਲਾਨ ਕਰਕੇ ਉਨ੍ਹਾਂ ਨਾਲ ਭੱਦੇ ਮਜ਼ਾਕ ਜ਼ਰੂਰ ਕੀਤੇ ਜਾਂਦੇ ਹਨ।

ਇਹ ਸਾਡੇ ਦੇਸ਼ ਦੀ ਕੌੜੀ ਸੱਚਾਈ ਹੈ ਕਿ ਪੈਦਾਵਾਰ ਦੀ ਖੜੋਤ, ਜਾਤੀ ਵਰਣ ਵਿਵਸਥਾ ਦੇ ਬਣੇ ਰਹਿਣ ਤੇ ਪਰਿਵਾਰ ਦਾ ਪੇਟ ਪਾਲਣ ਦੀ ਮਜ਼ਬੂਰੀ ਨੇ ਦੇਸ਼ ਦੇ ਕਰੋੜਾਂ ਨਾਗਰਿਕਾਂ ਨੂੰ ਏਨੀ ਤਰਸਯੋਗ ਹਾਲਤ 'ਚ ਪਹੁੰਚਾ ਦਿੱਤਾ ਹੈ ਕਿ ਉਹ ਥੋੜ੍ਹੇ ਜਿਹੇ ਆਟਾ ਦਾਲ ਜਾਂ ਚੌਲ ਜਾਂ ਥੋੜ੍ਹੇ ਜਿਹੇ ਪੈਸਿਆਂ ਲਈ ਆਪਣੀ ਵੋਟ ਵੇਚ ਦੇਣ। ਉਹ ਜੀਵਨ ਦੀਆਂ ਬੁਨਿਆਦੀ ਲੋੜਾਂ ਰੋਟੀ, ਕੱਪੜਾ, ਮਕਾਨ, ਪਾਣੀ, ਸਾਫ਼-ਸਫ਼ਾਈ, ਇਲਾਜ, ਸਿੱਖਿਆ ਤੋਂ ਵਾਂਝੇ ਹਨ। ਉਨ੍ਹਾਂ ਦੇ ਜੀਵਨ ਦੇ ਇਸ ਕਠੋਰ ਯਥਾਰਥ ਨੇ ਉਨ੍ਹਾਂ ਦੇ ਮਾਨ-ਸਨਮਾਨ, ਸਵੈਮਾਨ ਨੂੰ ਕੁਚਲ ਦਿੱਤਾ ਹੈ। ਉਨ੍ਹਾਂ ਨੂੰ ਆਪਣੀ ਕਿਰਤ ਦੀ ਤਾਕਤ 'ਤੇ ਵਿਸ਼ਵਾਸ ਨਹੀਂ ਰਹਿ ਗਿਆ ਹੈ। ਹਜ਼ਾਰਾਂ ਸਾਲਾਂ ਤੋਂ ਅਜਿਹੀਆਂ ਗੈਰ-ਮਨੁੱਖੀ ਹਾਲਤਾਂ 'ਚ ਰਹਿਣ ਕਰਕੇ ਉਨ੍ਹਾਂ ਦੀ ਸੰਕਲਪਸ਼ਕਤੀ

ਟੁੱਟ ਚੁੱਕੀ ਹੈ। ਜਾਤੀ ਵਰਣ ਵਿਵਸਥਾ ਨੇ ਉਨ੍ਹਾਂ ਨੂੰ ਗੁਲਾਮਾਂ ਤੋਂ ਵੀ ਬਦਤਰ ਹਾਲਤਾਂ 'ਚ ਪਹੁੰਚਾ ਦਿੱਤਾ ਹੈ। ਕੀ ਅਜਿਹੇ ਨਾਗਰਿਕ ਕਿਸੇ ਲੋਕਤੰਤਰ ਦੀ ਉਸਾਰੀ ਕਰ ਸਕਦੇ ਹਨ? ਦੂਜੇ ਪਾਸੇ ਦੇਸ਼ ਦੀਆਂ ਉਪਰਲੀਆਂ ਜਾਤੀਆਂ ਨੂੰ ਵੀ ਵਰਣ ਵਿਵਸਥਾ ਨੇ ਪੂੰਜੀ ਹੀ ਬਣਾ ਦਿੱਤਾ ਹੈ। ਉਹ ਹਜ਼ਾਰਾਂ ਸਾਲਾਂ ਤੋਂ ਕਿਰਤ ਮਜ਼ਦੂਰੀ ਤੋਂ ਕੱਟੇ ਹੋਏ ਹਨ।

ਲੰਮੇਂ ਸਮੇਂ ਤੋਂ ਪ੍ਰਜੀਵੀ ਦੀ ਜ਼ਿੰਦਗੀ ਜਿਉਂਦੇ-ਜਿਉਂਦੇ ਉਨ੍ਹਾਂ 'ਚ ਆਪਣੇ ਦਮ 'ਤੇ ਕੁਝ ਕਰ ਲੈਣ ਦਾ ਸਵੈ ਵਿਸ਼ਵਾਸ ਨਹੀਂ ਰਿਹਾ ਹੈ। ਇਤਿਹਾਸ ਤੇ ਗਿਆਨ-ਵਿਗਿਆਨ ਦੀ ਵਿਰਾਸਤ ਤੇ ਦੇਸ਼ ਦੀ ਜ਼ਿਆਦਾਤਰ ਦੌਲਤ ਦੇ ਮਾਲਕ ਹੋਣ ਦੇ ਬਾਵਜੂਦ ਕੋਈ ਵੀ ਮਜ਼ਦੂਰੀ ਵਾਲਾ ਕੰਮ ਕਰਨ ਜਾਂ ਕਠਿਨ ਚਣੌਤੀ ਆਉਣ 'ਤੇ ਉਨ੍ਹਾਂ ਦੇ ਹੱਥ ਪੈਰ ਫੁਲ ਜਾਂਦੇ ਹਨ। ਇਸ ਲਈ ਜਦ ਇਸ ਦੇਸ਼ ਦਾ ਪ੍ਰਧਾਨ ਮੰਤਰੀ ਕੈਂਬ੍ਰਿਜ 'ਚ ਜਾ ਕੇ ਬ੍ਰਿਟਿਸ਼ ਸਾਮਰਾਜੀਆਂ ਦੇ ਸਾਹਮਣੇ ਸਾਨੂੰ ਗੁਲਾਮ ਬਣਾਉਣ ਬਾਰੇ ਅਗਿਆਨਤਾ ਜਾਹਰ ਕਰਦਾ ਹੈ ਜਾਂ ਅਸਾਨਮੰਦ ਹੁੰਦਾ ਹੈ ਤਾਂ ਇਸ 'ਚ ਕੋਈ ਹੈਰਾਨੀ ਨਹੀਂ ਕਿ ਪ੍ਰਬੰਧ ਨੇ ਨਾ ਸਿਰਫ਼ ਦਲਿਤਾਂ, ਪਿਛੜਿਆਂ ਤੇ ਜਨਜਾਤੀਆਂ ਨੂੰ ਹੀ ਨਹੀਂ ਬਲਕਿ ਸਵਰਨ ਜਾਤੀਆਂ ਨੂੰ ਬੰਧਨਾਂ 'ਚ ਜਕੜ ਰੱਖਿਆ ਹੈ। ਅਜਿਹੇ ਆਤਮ ਵਿਸ਼ਵਾਸਹੀਣ ਨਾਗਰਿਕਾਂ ਤੋਂ ਲੋਕਤੰਤਰ ਤਾਂ ਕੀ 1947 ਦੀ ਸੱਤਾ ਬਦਲੀ ਨੂੰ ਕਾਇਮ ਰੱਖਣ ਦੀ ਵੀ ਉਮੀਦ ਨਹੀਂ ਕੀਤੀ ਜਾ ਸਕਦੀ।

ਅਸੀਂ ਪਹਿਲਾਂ ਹੀ ਸਪੱਸ਼ਟ ਕਰ ਚੁੱਕੇ ਹਾਂ ਕਿ ਸਾਡੇ ਦੇਸ਼ 'ਚ ਜ਼ਮੀਨ ਦਾ ਜਾਤੀਆਂ 'ਚ ਨਾ ਬਰਾਬਰ ਬਟਵਾਰਾ ਅਤੇ ਉਚ ਤੇ ਮੱਧ ਵਰਗੀ ਕਿਸਾਨ ਜਾਤੀਆਂ 'ਤੇ ਨਿਚਲੀਆਂ ਜਾਤੀਆਂ ਦੀ ਜੀਵਿਕਾ ਲਈ ਨਿਰਭਰਤਾ ਦੇ ਸਬੰਧ ਅੱਜ ਵੀ ਬਣੇ ਹੋਏ ਹਨ। ਇਹੀ ਗੈਰ ਬਰਾਬਰੀ ਤੇ ਨਿਰਭਰਤਾ ਜਾਤੀ ਪ੍ਰਬੰਧ ਦੀ ਬੁਨਿਆਦ ਰਹੀ ਹੈ ਇਸ ਲਈ ਇਨ੍ਹਾਂ ਭੂਮੀ ਸਬੰਧਾਂ ਨੂੰ ਹਟਾਏ ਬਿਨ੍ਹਾਂ ਨਾ ਤਾਂ ਜਾਤੀ ਪ੍ਰਬੰਧ ਖਤਮ ਹੋ ਸਕਦਾ ਹੈ ਤੇ ਨਾ ਹੀ ਕਿਸੇ ਤਰ੍ਹਾਂ ਜਮਹੂਰੀਅਤ ਸੰਭਵ ਹੈ। ਸਾਡੇ ਦੇਸ਼ 'ਚ ਜਾਤੀ ਵਰਣ ਦੇ ਇਸ ਪ੍ਰਬੰਧ ਖਿਲਾਫ਼ ਹੋਏ ਤਿੰਨ ਸਭ ਤੋਂ ਅਹਿਮ ਤੇ ਜਬਰਦਸਤ ਅੰਦੋਲਨ-ਬੋਧ ਅੰਦੋਲਨ, ਸੰਤ ਤੇ ਸੂਫੀ ਅੰਦੋਲਨ ਤੇ ਅੰਬੇਦਕਰ ਦਾ ਅੰਦੋਲਨ ਮਹਿਜ ਇਸ ਕਰਕੇ ਅਸਫ਼ਲ ਰਹੇ ਕਿਉਂਕਿ ਉਨ੍ਹਾਂ ਨੇ ਜਾਤੀ ਤਾਣੇ ਬਾਣੇ ਦੀ ਇਸ ਬੁਨਿਆਦ 'ਤੇ ਸੱਟ ਨਹੀਂ ਮਾਰੀ। ਰਾਖਵੇਂਕਰਨ ਕਰਕੇ ਥੋੜ੍ਹੇ ਹੀ ਲੋਕ ਉਪਰ ਆਏ ਪਰ ਸਮਾਜ 'ਚ ਗੈਰ ਬਰਾਬਰੀ ਦੇ ਸਬੰਧ ਪੂਰੀ ਤਰ੍ਹਾਂ ਕਾਇਮ ਰਹੇ ਤੇ ਸਮਾਜ ਦੀ ਮੁੱਖ ਧਾਰਾ ਉਪਰ ਉਸ ਨਾਲ ਕੋਈ ਫਰਕ ਨਹੀਂ ਪਿਆ। ਜ਼ਾਹਿਰ ਹੈ ਕਿ ਜਾਤੀ ਪ੍ਰਬੰਧ ਦੇ ਖਾਤਮੇ ਦੇ ਸੁਆਲ ਨੂੰ ਜ਼ਮੀਨ ਦੇ ਸੁਆਲ ਤੋਂ ਵੱਖ ਨਹੀਂ ਕੀਤਾ ਜਾ ਸਕਦਾ। ਇੱਕ ਖਾੜਕੂ ਸਮਾਜਿਕ ਇਨਕਲਾਬ ਹੋਵੇ। ਜਿਨ੍ਹਾਂ ਦੀ ਕਾਰਜ ਸੂਚੀ 'ਚ ਭੂਮੀ ਸੰਬੰਧਾਂ 'ਚੋਂ ਮੁੱਢੋਂ ਤਬਦੀਲੀ ਦਾ ਸੁਆਲ ਮਹੱਤਵਪੂਰਨ ਥਾਂ ਰੱਖਦਾ ਹੋਵੇ, ਇਸ ਸਮੱਸਿਆ ਦਾ ਹੱਲ ਕਰ ਸਕਦੀ ਹੈ ਤੇ ਬਹੁਗਿਣਤੀ ਅਬਾਦੀ ਦੇ ਬੰਧਨਾਂ ਨੂੰ ਕੱਟਕੇ ਦੇਸ਼ 'ਚ ਇਕ ਸਹੀ ਲੋਕਤੰਤਰ ਦੀ ਸਥਾਪਨਾ ਕਰ ਸਕਦੀ ਹੈ। ਇਹੀ ਵਜ੍ਹਾ ਹੈ ਕਿ ਦੁਨੀਆਂ ਦੇ ਸਾਰੇ ਇਨਕਲਾਬਾਂ ਵਿੱਚ ਜ਼ਮੀਨ ਦਾ ਸੁਆਲ ਇੱਕ ਕੇਂਦਰੀ ਸੁਆਲ ਰਿਹਾ ਹੈ ਜਿਥੇ ਭੂਮੀ ਸੁਧਾਰ ਜਿੰਨੀ ਅੱਛੀ ਤਰ੍ਹਾਂ ਨਾਲ ਹੋਏ, ਉਥੇ ਜਨਵਾਦ ਤੇ ਬਰਾਬਰੀ ਉਨੀ ਹੀ ਵੱਧ ਆਈ। ਅਮਰੀਕੀ ਕ੍ਰਾਂਤੀ, ਫਰਾਂਸੀਸੀ ਇਨਕਲਾਬ, ਬ੍ਰਿਟਿਸ਼ ਤੇ ਜਪਾਨੀ ਕ੍ਰਾਂਤੀ-ਸਾਰਿਆਂ 'ਚ ਜਗੀਰਦਾਰਾਂ

ਤੋਂ ਜ਼ਮੀਨ ਲੈ ਕੇ ਕਿਸਾਨਾਂ ਨੂੰ ਵੰਡੀ ਗਈ ਜਿਸ ਕਰਕੇ ਖੇਤੀ ਨਾਲ ਜੁੜੀ ਭਾਰੀ ਅਬਾਦੀ ਬੰਧਨਾਂ ਤੋਂ ਮੁਕਤ ਹੋ ਸਕੀ ਤੇ ਸਨਅਤੀ ਕ੍ਰਾਂਤੀ ਲਈ ਰਾਹ ਪੱਧਰਾ ਹੋ ਸਕਿਆ। ਰੂਸ ਤੇ ਚੀਨ ਦੇ ਇਨਕਲਾਬਾਂ ਵਿੱਚ ਵੀ ਵੱਡੇ ਪੈਮਾਨੇ 'ਤੇ ਜ਼ਮੀਨ ਦੀ ਮੁੜ ਵੰਡ ਕਰਕੇ ਸਮਾਜ ਵਿੱਚ ਮੌਜੂਦ ਨਾ ਬਰਾਬਰੀ ਪੂਰਨ ਸਬੰਧਾਂ ਦੇ ਅਧਾਰ ਨੂੰ ਹੀ ਨਸ਼ਟ ਕਰ ਦਿੱਤਾ ਗਿਆ। ਸਦੀਆਂ ਤੋਂ ਗੁਲਾਮੀ ਦੇ ਬੰਧਨਾਂ 'ਚ ਜਕੜੇ ਕਿਸਾਨ ਤੇ ਭੂਦਾਸ ਮੁਕਤ ਹੋ ਗਏ ਅਤੇ ਸਮਾਜ 'ਚ ਪ੍ਰਚੰਡ ਊਰਜਾ ਦਾ ਵਿਸਫੋਟ ਹੋਇਆ ਜਿਸਨੇ ਸਦੀਆਂ ਤੋਂ ਚਲੀਆਂ ਆ ਰਹੀਆਂ ਰੂੜੀਆਂ ਤੇ ਸੰਸਕਾਰਾਂ ਨੂੰ ਕੱਟ ਕੇ ਇੱਕ ਮੁਕਤ ਸਮਾਜ ਦੀ ਉਸਾਰੀ ਕੀਤੀ। ਸਿੱਟੇ ਵਜੋਂ ਸਮਾਜ ਛਾਲ ਮਾਰਕੇ ਅੱਗੇ ਵਧਿਆ। ਜ਼ਮੀਨ ਦੇ ਮਾਲਕ ਬਣਨ ਨਾਲ ਕਿਸਾਨ ਦੀ ਖੇਤੀ 'ਚ ਰੁਚੀ ਪੈਦਾ ਹੋਈ ਤੇ ਉਨ੍ਹਾਂ ਨੇ ਪੈਦਾਵਾਰ 'ਚ ਵਧ ਚੜ੍ਹਕੇ ਕਰਿਸ਼ਮੇ ਕਰ ਵਿਖਾਏ। ਪਰ ਸਾਡੇ 'ਚ ਹੋਏ ਲੰਗੜੇ ਭੂਮੀ ਸੁਧਾਰ ਪੈਦਾਵਾਰ ਦੀ ਖੜੋਤ ਨੂੰ ਨਹੀਂ ਤੋੜ ਸਕੇ ਇਸ ਨੇ ਪੂੰਜੀਵਾਦੀ ਵਿਕਾਸ ਲਈ ਬਾਜ਼ਾਰ ਦੀਆਂ ਵੀ ਸੀਮਾਵਾਂ ਬਣਾ ਦਿੱਤੀਆਂ ਤੇ ਸੰਕਟ ਗ੍ਰਸਿਤ ਕਰ ਦਿੱਤਾ। ਜਾਟ, ਗੁਜਰ, ਯਾਦਵ, ਕੁਰਮੀ ਵਰਗੀਆਂ ਮੱਧ ਜਾਤੀਆਂ ਦੇ ਹੱਥਾਂ ਵਿੱਚ ਕੁਝ ਜ਼ਮੀਨ ਆਉਣ ਨਾਲ ਪੈਦਾਵਾਰ ਥੋੜ੍ਹੀ ਜ਼ਰੂਰ ਵਧੀ ਪਰ ਜ਼ਮੀਨ ਉਚੀਆਂ ਜਾਤੀਆਂ ਦੇ ਹੱਥਾਂ 'ਚ ਹੀ ਕੇਂਦਰਿਤ ਰਹੀ।

ਜ਼ਮੀਨ ਦੀ ਮੁੜ ਵੰਡ ਦੇ ਸਰਕਾਰੀ ਯਤਨ ਢਕੌਂਜ ਤੋਂ ਅੱਗੇ ਨਹੀਂ ਵਧ ਸਕੇ। ਚੀਨ ਜਿੱਥੇ 33 ਫੀਸਦੀ ਜ਼ਮੀਨ ਦੀ ਮੁੜ ਵੰਡ ਹੋਈ ਸੀ, ਉਥੇ ਭਾਰਤ 'ਚ ਸਾਰੇ ਚੀਕ-ਚਿੰਗਾੜੇ ਦੇ ਬਾਵਜੂਦ ਅਜੇ 32 ਸਿਰਫ਼ 1.25 ਫੀਸਦੀ ਜ਼ਮੀਨ ਦੀ ਮੁੜ ਵੰਡ ਹੋ ਸਕੀ। ਇਸ ਲਈ ਸਾਡੇ ਦੇਸ਼ 'ਚ ਜਗੀਰੂ ਉਚਤਾ ਤੇ ਲੁੱਟ ਘਸੁੱਟ ਦਾ ਅਧਾਰ ਅਜੇ ਵੀ ਮੌਜੂਦ ਹੈ। ਜਾਤੀ-ਵਰਣ ਦੀ ਇਹ ਪ੍ਰਣਾਲੀ ਮੇਹਨਤਕਸ਼ਾਂ ਦੇ ਏਕਤਾ ਮਾਰਗ 'ਚ ਵੀ ਰੋੜਾ ਬਣੀ ਹੋਈ ਹੈ। ਦੂਜੀਆਂ ਦੇ ਸਾਰੇ ਇਨਕਲਾਬਾਂ ਦੇ ਨਾਲ ਮਿਲ ਕੇ ਲੜਨ ਵਾਲੇ ਗਰੀਬ ਕਿਸਾਨ ਤੇ ਖੇਤ ਮਜ਼ਦੂਰ ਭਾਰਤ 'ਚ ਜਾਤੀ ਪ੍ਰਬੰਧ ਦੇ ਕਾਰਨ ਇਕਮੁੱਠ ਨਹੀਂ ਹੋ ਸਕੇ। ਉਹ ਇੱਕ ਦੂਜੇ ਨੂੰ ਦੁਸ਼ਮਣ ਸਮਝਦੇ ਰਹੇ ਅਤੇ ਇਹ ਸਮੱਸਿਆ ਬਣੀ ਰਹੀ। ਜਾਤੀਗਤ ਵੰਡ ਅਤੇ ਦਲਿਤ ਤੇ ਪਿਛੜੀਆਂ ਜਾਤਾਂ ਦੀ ਕਮਜ਼ੋਰ ਸਮਾਜਿਕ ਸਥਿਤੀ ਦਾ ਲਾਭ ਉਨ੍ਹਾਂ ਨੇ 1947 ਪਿੱਛੋਂ ਭੂਮੀ ਸੁਧਾਰ ਕਨੂੰਨ ਆਉਣ ਦੇ ਨਾਲ ਹੀ ਜਿੰਮੀਦਾਰਾਂ ਨੇ ਕਰੋੜਾਂ ਕਾਸ਼ਤਕਾਰਾਂ ਤੇ ਬਟਾਈਦਾਰਾਂ ਨੂੰ ਜ਼ਮੀਨ ਤੋਂ ਬੇਦਖਲ ਕਰ ਦਿੱਤਾ ਤੇ ਏਕੇ ਦੀ ਘਾਟ ਕਾਰਨ ਉਹ ਕੁਝ ਨਹੀਂ ਕਰ ਸਕੇ। ਅੱਜ ਵੀ ਗਰੀਬ ਤੇ ਬੇਜ਼ਮੀਨੇ ਲੋਕਾਂ ਦੀ ਏਕਤਾ 'ਚ ਜਾਤੀ-ਪ੍ਰਬੰਧ ਹੀ ਸਭ ਤੋਂ ਵੱਡਾ ਅੜਿਕਾ ਹੈ। ਜਾਤੀ ਵਿਵਸਥਾ ਦੀ ਮੌਜੂਦਗੀ ਬਰਾਬਰੀ, ਤਰਕਸ਼ੀਲਤਾ, ਨਿਆ, ਭਾਈਚਾਰੇ, ਜਨਵਾਦ ਤੇ ਸਵੈਮਾਨ ਦੇ ਵਿਹਾਰ ਨੂੰ ਅਸੰਭਵ ਬਣਾ ਦਿੰਦੀ ਹੈ। ਇਸ ਲਈ ਇਸ ਦੇ ਬਣੇ ਰਹਿੰਦਿਆਂ ਕਿਸੇ ਸੱਚੇ ਲੋਕਤੰਤਰ ਦੀ ਕਲਪਨਾ ਤੱਕ ਨਹੀਂ ਕੀਤੀ ਜਾ ਸਕਦੀ ਹੈ। ਭਾਰਤ ਸਮਾਜ ਤੇ ਦੇਸ਼ 'ਚ ਲੋਕਤੰਤਰ ਦੇ ਆਦਰਸ਼ਾਂ 'ਤੇ ਸਮਾਜ ਦੀ ਉਸਾਰੀ ਲਈ ਇਹ ਜ਼ਰੂਰੀ ਹੈ ਕਿ ਹਜ਼ਾਰਾਂ ਸਾਲ ਤੋਂ ਕਾਇਮ ਜਾਤੀ-ਵਰਣ ਦੀ ਇਸ ਗੈਰ ਮਨੁੱਖੀ ਵਿਵਸਥਾ ਨੂੰ ਪੂਰੀ ਤਰ੍ਹਾਂ ਜੜੋਂ ਪੁੱਟਿਆ ਜਾਵੇ। ਪਰ ਇਸ ਦੀਆਂ ਜੜ੍ਹਾਂ ਸਮਾਜ 'ਚ ਏਨੀਆਂ ਡੂੰਘੀਆਂ ਹਨ ਕਿ ਇੱਕ ਵਿਸ਼ਾਲ ਅਬਾਦੀ ਨੂੰ ਨਾਲ ਲਏ ਬਿਨ੍ਹਾਂ ਇਸ ਕੰਮ ਨੂੰ ਅਜਾਮ ਨਹੀਂ ਦਿੱਤਾ ਜਾ ਸਕਦਾ। ਇਸ ਲਈ ਸਮਾਜ ਦੇ ਸਭ ਤੋਂ ਹੇਠਲੇ ਪਾਏਦਾਨ ਤੇ ਖੜ੍ਹੀਆਂ

ਜਾਤੀਆਂ, ਦਲਿਤਾਂ, ਪਿਛੜਿਆਂ, ਅਨਸੂਚਿਤ ਤੇ ਖਾਨਾਬਦੋਸ਼ ਜਨਜਾਤੀਆਂ ਦੀ ਸਵਰਨਾ ’ਚੋਂ ਗਰੀਬਾਂ ਦੇ ਨਾਲ ਮਜ਼ਬੂਤ ਏਕਤਾ ਕਾਇਮ ਕਰਨੀ ਪਵੇਗੀ ਜੋ ਹਜ਼ਾਰਾਂ ਸਾਲਾਂ ਤੋਂ ਸੰਸਕਾਰਾਂ ਤੇ ਮੂਲ-ਮਾਨਤਾਵਾਂ ਖਿਲਾਫ਼ ਮਜ਼ਬੂਤ ਵਿਚਾਰਿਕ ਸੰਘਰਸ਼ ਬਿਨ੍ਹਾਂ ਸੰਭਵ ਨਹੀਂ ਹੋਣਾ। ਮਜ਼ਬੂਤ ਵਿਚਾਰਕ ਅਧਾਰ ’ਤੇ ਕਾਇਮ ਇਹ ਮੋਰਚਾ ਜਾਤੀ ਦੇ ਅਧਾਰ ’ਤੇ ਜ਼ਮੀਨ ਦੀ ਨਾ ਬਰਾਬਰ ਵੰਡ ਨੂੰ ਖਤਮ ਕਰਨ ਦੇ ਨਾਲ ਨਾਲ ਦਲਿਤਾਂ, ਪਿਛੜਿਆਂ, ਅਨਸੂਚਿਤ ਤੇ ਖਾਨਾ ਬੇਦੋਸ਼ ਜਨਜਾਤੀਆਂ ਨੂੰ ਸਮਾਜ ’ਚ ਬਰਾਬਰੀ ਦੇ ਅਧਿਕਾਰ ਦਿਵਾਉਣ ਤੇ ਉਨ੍ਹਾਂ ਦੇ ਨਾਲ ਸਮਾਜਿਕ-ਸਭਿਆਚਾਰਕ, ਰਾਜਨੀਤਕ ਸਭ ਪੱਧਰਾਂ ’ਤੇ ਹੋਣ ਵਾਲੇ ਭੇਦਭਾਵ ਦੇ ਖਾਤਮੇ ਲਈ ਸੰਘਰਸ਼ ਕਰੇਗਾ। ਇਹ ਇੱਕ ਅਜਿਹਾ ਚੌਤਰਫਾ ਸੰਘਰਸ਼ ਹੋਵੇਗਾ ਜੋ ਸਮਾਜ ਦੇ ਹਰ ਵਿਅਕਤੀ ਦੇ ਅੰਦਰ ਵੀ ਲੜਿਆ ਜਾਵੇਗਾ ਕਿਉਂਕਿ ਜਦ ਤੱਕ ਹਜ਼ਾਰਾਂ ਸਾਲਾਂ ਦੇ ਸੰਸਕਾਰ ਤੇ ਸਮਾਜਿਕ ਬੰਧਨ ਨਹੀਂ ਟੁੱਟਣਗੇ, ਜਦ ਤੱਕ ਇਸ ਦੇਸ਼ ਦਾ ਸਭ ਤੋਂ ਮਹੱਤਵਪੂਰਨ ਸਾਧਨ ਮਨੁੱਖ ਹਜ਼ਾਰਾਂ ਸਾਲਾਂ ਦੀ ਗੁਲਾਮੀ ਦੇ ਜੂਲੇ ਤੋਂ ਮੁਕਤ ਨਹੀਂ ਹੋਵੇਗਾ ਤਦ ਤੱਕ ਨਾ ਤਾਂ ਸਮਾਜ ਦੀ ਜੜਤਾ ਟੁੱਟੇਗੀ ਤੇ ਨਾ ਹੀ ਕਿਸੇ ਲੋਕਤੰਤਰ ਦੀ ਉਸਾਰੀ ਸੰਭਵ ਹੋ ਸਕੇਗੀ।

# ਦਸ ਕਰੋੜ ਬਜ਼ੁਰਗਾਂ ਨੂੰ ਸਮਾਜਕ ਸੁਰੱਖਿਆ ਕਿਵੇਂ ਮਿਲੇ?

ਸਭਿਅਕ ਤੇ ਸਭਿਆਚਾਰਕ ਸ਼ਹਿਰ ਕਹੇ ਜਾਣ ਵਾਲੇ ਸ਼ਹਿਰ ਕੋਲਕਾਤਾ ਦੇ ਟਾਲੀਗੰਜ ਇਲਾਕੇ ਦੇ ਇਕ ਮੁਹੱਲੇ ਵਿਜੈਗੜ ’ਚ ਇਕ ਬੈਂਕ ਦੇ ਪ੍ਰਬੰਧਕੀ ਅਹੁਦੇ ਤੋਂ ਸੇਵਾ ਮੁਕਤ ਹੋਏ ਜਗਦੀਸ਼ ਡੇ। ਅੱਛੀ ਪੈਂਸ਼ਨ ਸੀ। ਬੇਟੇ ਤੇ ਬਹੁ ਉਹਨਾਂ ਤੋਂ ਵੱਖ ਰਹੀਆਂ ਇਕ ਦਿਨ ਜਗਦੀਸ਼ ਚਲ ਵਸੇ ਬੇਟੇ ਤੇ ਬਹੂ ਘਰ ਪਹੁੰਚੇ ਕੁਝ ਦਿਨ ਬਾਅਦ ਮਕਾਨ ਵੇਚਣ ਦਾ ਫੈਸਲਾ ਹੋਇਆ ਤੇ ਉਹ ਪੈਸੇ ਲੈ ਕੇ ਵਾਪਸ ਚਲੇ ਗਏ। ਮਾਂ ਸੜਕਾਂ ’ਤੇ ਆ ਗਈ। ਗੁਆਂਢੀ ਅੱਛੇ ਸਨ ਉਨ੍ਹਾਂ ਨੇ ਭੱਜ ਨੱਠ ਕਰਕੇ ਵਿਧਵਾ ਪੈਂਸ਼ਨ ਲਵਾ ਦਿੱਤੀ ਵਧਦੀ ਉਮਰ ਤੇ ਬੀਮਾਰੀ ਕਾਰਨ ਰੇਲਵੇ ਸਟੇਸ਼ਨ ਉਹਨਾਂ ਦਾ ਆਸਰਾ ਬਣਿਆ। ਕੁਝ ਦਿਨ ਪਿਛੋਂ ਉਹ ਵੀ ਚਲ ਵਸੀ। ਕੋਲਕਾਤਾ ਦੀ ਇਵਾ ਬਸੂ ਇਕ ਹੋਰ ਉਦਾਹਰਣ ਹੈ। ਉਹਨਾਂ ਦੇ ਬੇਟੇ ਨੇ ਅਦਾਲਤ ’ਚ ਅਪੀਲ ਕੀਤੀ ਕਿ ਉਹਨਾਂ ਦੇ ਪਿਤਾ ਨੇ ਉਹਨਾਂ ਦੀ ਮਾਂ ਲਈ ਕੋਈ ਜਾਇਦਾਦ ਜਾਂ ਪੈਸਾ ਨਹੀਂ ਛੱਡਿਆ। ਇਸ ਲਈ ਉਹ ਬਿਰਧ ਅਸ਼ਰਮ ’ਚ ਦਿਨ ਕੱਟ ਰਹੀ ਆਪਣੀ ਮਾਂ ਦਾ ਖਰਚ ਨਹੀਂ ਚੁੱਕ ਸਕਦੇ ਅਤੇ ਨਾ ਉਨ੍ਹਾਂ ਨੂੰ ਆਪਣੇ ਘਰ ’ਚ ਰਹਿਣ ਦੇ ਸਕਦੇ ਹਨ। ਕੋਲਕਾਤਾ ਅਦਾਲਤ ’ਚ ਇਹ ਮੁਕਦਮਾ ਪਹੁੰਚਿਆਂ। ਹਾਈਕੋਰਟ ਨੇ ਫੌਰੀ ਤੌਰ ’ਤੇ ਵਿਵਸਥਾ ਕੀਤੀ ਕਿ ਆਪਣੇ ਪਤੀ ਦੇ ਬਣਾਏ ਮਕਾਨ ਦੇ ਜਿਸ ਹਿਸੇ ’ਚ ਉਹ ਜਦ ਤਕ ਚਾਹੁਣ ਰਹਿ ਸਕਦੀ ਹੈ। ਨਾਲ ਹੀ ਬੇਟੇ ਨੂੰ ਹਰ ਮਹੀਨੇ ਇਕ ਨਿਸ਼ਚਤ ਰਕਮ ਮਾਂ ਨੂੰ ਦੇਣ ਲਈ ਕਿਹਾ ਗਿਆ। ਮਾਮਲੇ ਦਾ ਪੂਰਾ ਨਿਪਟਾਰਾ ਅਜੇ ਬਾਕੀ ਹੈ। ਜਗਦੀਸ਼ ਡੇ ਤੇ ਸੀਮਤੀ ਬਸੂ ਦੀ ਤਰ੍ਹਾਂ ਹਜ਼ਾਰਾਂ ਮਿਸਾਲਾਂ ਕੋਲਕਾਤਾ ਦੀਆਂ ਹੀ ਹਨ। ਦੇਸ਼ ਦੇ ਦੂਜੇ ਸ਼ਹਿਰਾਂ ਕਸਬਿਆ ’ਚ ਉਘੇ ਬਿਰਧ ਆਸ਼ਰਮਾ ’ਚ ਮਿਲ ਜਾਣਗੀਆਂ। ਬਿਰਧਾਂ ਦੀ ਵਧਦੀ ਬੇਸਹਾਰਾ ਸਥਿਤੀ ਨੂੰ ਵੇਖਦਿਆਂ ਇਸ ਸਾਲ ਮਈ ’ਚ ਕੁਝ ਬੁੱਧੀਜੀਵੀਆਂ ਤੇ ਸਮਾਜਕ ਕਾਰਕੁੰਨਾ ਵਲੋਂ ਗਠਿਤ ਪੈਨਸ਼ਨ ਪ੍ਰੀਸ਼ਦ ਨੇ ਦਿਲੀ ’ਚ ਪੰਜ ਦਿਨਾਂ ਦਾ ਧਰਨਾ ਦਿਤਾ ਤੇ ਦੇਸ਼ ਦੇ ਸਾਰੇ ਬਜ਼ੁਰਗਾਂ ਨੂੰ ਪੈਨਸ਼ਨ ਲੈਣ ਦਾ ਹੱਕ ਦੇਣ ਦੀ ਮੰਗ ਕੀਤੀ ਕੋਲਕਾਤਾ ਬਾਰੇ ਇਕ ਘਿਨੌਣੀ ਸਚਾਈ ਇਹ ਹੈ ਕਿ ਅਜੇਹੇ ਸਤੇ ਹੋਏ ਬਜ਼ੁਰਗਾ ਦੀ 44 ਫੀਸਦੀ ਸੰਖਿਆ ਇਥੇ ਰਹਿੰਦੀ ਹੈ। ਬੰਗਾਲ ’ਚ ਬਜ਼ੁਰਗ ਮਾਂ ਬਾਪ ’ਤੇ ਅਤਿਆਚਾਰ ਦੇ ਹਰ ਸਾਲ ਘੱਟੋ ਘੱਟ ਦੋ ਹਜ਼ਾਰ ਕੇਸ਼ ਸਾਹਮਣੇ ਆਉਂਦੇ ਹਨ, ਜ਼ਿਆਦਾਤਰ ਮਾਮਲੇ ਜਾਇਦਾਦ ’ਤੇ ਕਬਜੇ ਦੇ ਹੁੰਦੇ ਹਨ। ਸੰਨ 2005-07 ਤੋਂ ਬਾਅਦ ਦੇ ਅਜੇਹੇ ਕੇਸ਼ਾਂ ਦਾ ਹੜ ਹੀ ਆ ਗਿਆ ਹੈ। ਇਹ ਸਥਿਤੀ ਦੇਖ ਕੇ ਬੰਗਾਲ ’ਚ ‘ਮੇਂਵਿਨੇਂਸ ਐਂਡ ਵੇਲਫੇਅਰ ਆਫ ਪੇਰੈਂਟਸ ਐਂਡ ਸੀਨੀਅਰ ਸਿਟੀਜਨਸ ਐਕਟ 2007 ’ਚ ਪਾਸ ਕੀਤਾ ਗਿਆ ਤੇ ਅਨੂ ਮੰਡਲ ਅਧਿਕਾਰੀਆਂ ਨੂੰ ਅਜੇਹੇ ਮਾਮਲਿਆਂ ’ਚ ਨਿਪਟਾਰਾ ਕਰਣ ਦਾ ਮੁੱਢਲਾ ਅਧਿਕਾਰ ਸੌਂਪਿਆ ਗਿਆ। ਉਸ ਦੇ ਪਿਛੋਂ ਤੋਂ ਅਜੇਹੇ ਕੇਸ ਦੀ ਭਰਮਾਰ ਹੀ ਹੋ ਗਈ ਹੈ। ਹਰ ਜਿਲੇ ’ਚ ਇਥੇ 60-70 ਅਜਿਹੇ ਕੇਸ਼ ਹੁੰਦੇ ਸਨ, ਉਹ ਸੰਨ 2009 ਤੋਂ ਪਿਛੋਂ ਵਧ ਕੇ 150-160 ਤਕ ਪਹੁੰਚ ਗਏ। ਇਹ

ਗਿਣਤੀ ਵਧ ਹੀ ਰਹੀ ਹੈ। 1947 ਦੀ ਸੱਤਾ ਬਦਲੀ ਦੇ 65 ਸਾਲਾਂ ਪਿਛੋਂ ਵੀ ਪੂਰੇ ਦੇਸ਼ 'ਚ ਲਗਭਗ 10 ਕਰੋੜ ਲੋਕ ਇਸ ਸਮੇਂ ਬਿਰਧ ਅਵਸਥਾ ਦੇ ਘੇਰੇ ਵਿਚ ਹਨ। ਯਾਨੀ ਕੁਲ ਅਬਾਦੀ ਦਾ ਲਗਭਗ 10 ਫੀਸਦੀ ਇਕ ਅਨੁਮਾਨ ਅਨੁਸਾਰ ਇਹ ਗਿਣਤੀ ਸੰਨ 2025 ਤਕ ਵੱਧ ਕੇ ਤਕਰੀਬਨ 25 ਕਰੋੜ ਹੋ ਜਾਵੇਗੀ। ਆਰਥਕ ਤੌਰ 'ਤੇ ਵਿਕਸਤ ਦੇਸ਼ਾਂ ਦੇ ਸਭਿਅਕ ਸਮਾਜ 'ਚ ਏਨੀ ਵੱਡੀ ਤੇਦਾਦ 'ਚ ਬਜ਼ੁਰਗਾਂ ਦੀ ਮੌਜੂਦਗੀ ਇਕ ਵੱਡੀ ਦੌਲਤ ਤੇ ਵਿਰਾਸਤ ਮੰਨੀ ਜਾ ਸਕਦੀ ਹੈ। ਭਾਰਤ 'ਚ ਭੁਖ ਨਾਲ ਮਰਨ ਵਾਲਿਆ 'ਚ ਇਕ ਵੱਡੀ ਗਿਣਤੀ ਬਜ਼ੁਰਗਾਂ ਦੀ ਹੈ' ਸ਼ਹਿਰੀ ਇਲਾਕਿਆਂ 'ਚ ਸੱਠਪਾਰ ਦੀ ਉਮਰ ਦੇ ਜ਼ਿਆਦਾਤਰ ਲੋਕਾਂ ਨੂੰ ਆਪਣੇ ਆਪਣੇ ਭਰਣ-ਪੋਸ਼ਣ ਲਈ ਕੋਈ ਨਾ ਕੋਈ ਕੰਮ ਕਰਨਾ ਪੈਂਦਾ ਹੈ। ਤਕਰੀਬਨ 19 ਫੀਸਦੀ ਬਜ਼ੁਰਗ ਔਰਤਾਂ ਵੀ ਕੰਮ ਧੰਦਿਆਂ 'ਚ ਜੁਟੀਆਂ ਹੋਈਆਂ ਹਨ ਹਾਲਾਂਕਿ ਉਹਨਾਂ ਦੇ ਕੰਮਕਾਜ ਦਾ ਰਿਕਾਰਡ ਹੀ ਨਹੀਂ ਰੱਖਿਆ ਜਾਂਦਾ ਬਿਰਧਾਂ ਲਈ ਕੰਮ ਕਰਨ ਵਾਲੀ ਸੰਸਥਾ 'ਹੇਲ ਪੇਜ਼ ਇੰਡੀਆ' ਦਾ ਅੰਕੜਾ ਹੈ ਕਿ ਆਰਥਿਕ ਭਾਵਨਾਤਮਿਕ ਤੇ ਸਰੀਰਕ ਪਰੇਸ਼ਾਨੀਆਂ ਕਾਰਨ ਦੇਸ਼ 'ਚ 41ਫੀ ਸਦੀ ਬਜ਼ੁਰਗ ਖੁਦ ਨੂੰ ਬੇਇਜਤ ਮਹਿਸੂਸ ਕਰਦੇ ਹਨ। ਹੇਲਪੇਜ਼ ਇੰਡੀਆਂ ਦੀ ਨਿਰਦੇਸ਼ਕ (ਪੂਰਬ ਤੇ ਉੱਤਰ) ਸੁਸਮਿਤਾ ਘੋਸ਼ ਕਹਿੰਦੀ ਹੈ ਕਿ 'ਸਾਂਝੇ ਪ੍ਰੀਵਾਰ ਦੀ ਧਾਰਣਾ ਖਤਮ ਹੋ ਰਹੀ ਹੈ ਤੇ ਬਜ਼ੁਰਗਾਂ ਦੀ ਅਣਦੇਖੀ ਦੀਆਂ ਘਟਨਾਵਾਂ ਵੱਧ ਰਹੀਆਂ ਹਨ।' ਕੋਲਕਾਤਾ ਦੇ ਇਕ ਬਿਰਧ ਧਾਮ 'ਨਵਨੀੜ' ਦੇ ਸਕੱਤਰ ਅਲੋਕ ਮਿਤਰ ਅਨੁਸਾਰ 'ਕਈ ਅਜੇਹੀਆਂ ਉਦਾਹਰਣਾ ਵੀ ਸਾਹਮਣੇ ਆਈਆਂ ਹਨ ਜਦ ਬਜ਼ੁਰਗਾਂ ਨੂੰ ਘਰੋਂ ਬਾਹਰ ਕੱਢ ਦਿੱਤਾ ਗਿਆ। ਉਹਨਾਂ ਨੂੰ ਕਿਸੇ ਬਿਰਧ ਆਸ਼ਰਮ 'ਚ ਸ਼ਰਨ ਲੈਣੀ ਪਈ। ਇਕ ਦਫਾ ਇਕ ਬਜ਼ੁਰਗ ਔਰਤ ਨੂੰ ਉਨ੍ਹਾਂ ਦੇ ਬੇਟਿਆਂ ਨੇ ਮਾਰ ਕੁੱਟ ਕੇ ਘਰੋਂ ਕੱਢ ਦਿੱਤਾ, ਉਸ ਦੀ ਬੇਟੀ ਨੇ ਉਸ ਨੂੰ ਸੜਕ ਬੇਸਹਾਰਾ ਪਿਆ ਦੇਖਿਆ ਤੇ ਇਥੇ ਭਰਤੀ ਕਰਵਾ ਦਿੱਤਾ ਦੇਸ਼ ਦੇ ਸੰਵਿਧਾਨ ਦੀ ਧਾਰਾ-141-ਦੇ ਤਹਿਤ ਰਾਜਾਂ ਨੂੰ ਨਿਰਦੇਸ਼ ਹੈ ਕਿ ਆਰਥਿਕ ਸਮਰਥਾ ਤੇ ਵਿਕਾਸ ਦੇ ਮੱਦੇਨਜ਼ਰ ਦੇਸ਼ ਦੇ ਬੁਰਗਾਂ ਲਈ ਜਨ-ਸਹਿਯੋਗ ਦੀ ਪ੍ਰਭਾਵਸ਼ਾਲੀ ਵਿਵਸਥਾ ਕੀਤੀ ਜਾਵੇ ਜਿਸ ਨਾਲ ਨਾਗਰਿਕਾਂ ਦੀ ਜੀਵਨ ਸ਼ੈਲੀ ਸੁਧਰੇ ਬਜ਼ੁਰਗਾਂ ਦੀ ਸਮਾਜਕ ਸੁਰਖਿਆ ਦੀ ਜ਼ਿੰਮੇਵਾਰੀ ਕੇਂਦਰ ਤੇ ਰਾਜ ਸਰਕਾਰ ਦੀ ਹੈ। ਸਰਕਾਰ ਵਲੋਂ ਹੋਈ ਇਕ ਪਹਿਲ ਦੋਂ ਤਰਫਾ ਪੈਨਸ਼ਨ ਸਕੀਮ ਵਜੋਂ ਹੈ। ਜਿਸ ਵਿਚ ਕੁਝ ਰਕਮ ਪੈਨਸ਼ਨ ਲੈਣ ਦੇ ਚਾਹਵਾਨ ਤੋਂ ਲਈ ਜਾਂਦੀ ਹੈ ਤੇ ਕੁਝ ਰਕਮ ਸਰਕਾਰ ਉਸ ਵਿਚ ਜੋੜਦੀ ਹੈ। ਪਰ ਜੋ ਬਜ਼ੁਰਗ ਸਾਧਾਰਨ ਤਬਕੇ ਦੇ ਹਨ ਉਸ ਨਾਲ ਸਰਕਾਰ ਦਾ ਕੋਈ ਸਰੋਕਾਰ ਨਹੀਂ ਦਿਸਦਾ ਕੇਰਲ ਸਰਕਾਰ ਨੇ ਕੇਂਦਰ ਸਰਕਾਰ ਦੀ ਐਲਾਨੀ ਪੈਨਸ਼ਨ ਯੋਜਨਾ 'ਚ 125 ਰੁਪਏ ਜੋੜਨ ਦਾ ਐਲਾਨ ਕਰਕੇ ਕੁਲ ਰਾਸ਼ੀ 300 ਰੁਪਏ ਮਾਸਿਕ ਕੀਤੀ ਹੈ। ਪੱਛਮੀ ਬੰਗਾਲ ਸਰਕਾਰ ਨੇ ਵੀ ਬਜ਼ੁਰਗ ਪੈਂਸ਼ਨ ਯੋਜਨਾ ਐਲਾਨੀ ਪਰ ਇਹ ਰਾਸ਼ੀ ਉਨ੍ਹਾਂ ਦੇ ਮੂੰਹ 'ਚ ਜੀਰੇ ਦੇ ਬਰਾਬਰ ਹੈ। ਕੁਝ ਹੀ ਰਾਜ ਮਸਲਨ ਤਾਮਿਲਨਾਡੂ, ਗੋਆ, ਦਿਲੀ 'ਚ ਬਜ਼ੁਰਗਾਂ ਨੂੰ 800 ਰੁਪਏ ਮਾਸਕ ਬਤੌਰ ਪੈਂਸਨ ਦਿੰਦੇ ਹਨ ਜਦ ਪੰਜਾਬ 'ਚ ਮਾਸਿਕ ਪੈਂਸਨ 200 ਰੁਪਏ ਹੀ ਹੈ। ਦੇਸ਼ 'ਚ ਕੋਈ ਸਰਭ-ਵਿਆਪੀ ਪੈਂਸ਼ਨ ਯੋਜਨਾਵਾਂ ਨਹੀਂ ਹਨ। ਪੇਂਡੂ ਵਿਕਾਸ ਮੰਤਰਾਲੇ ਅਨੁਸਾਰ ਦੇਸ਼ 'ਚ ਸੱਠ ਤੋਂ ਪਾਰ ਦੇ ਦੋ ਕਰੋੜ ਤੋਂ ਵੀ ਘੱਟ (1.97 ਕਰੋੜ) ਲੋਕਾਂ ਨੂੰ ਇੰਦਰਾ ਗਾਂਧੀ ਕੌਮੀ ਵਿਰਧ ਅਵਸਥਾ

ਪੈਂਸਨ ਯੋਜਨਾਂ ਦਾ ਲਾਭ ਮਿਲਦਾ ਹੈ ਇਹ ਬਿਰਧ ਅਵਸਥਾ ਪੈਂਸਨ ਸਿਰਫ਼ ਦੋ ਸੌ ਰੁਪਏ ਹੀ ਹੈ। ਗਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲਿਆਂ ਨੂੰ 200 ਰੁਪਏ ਮਿਲਦੇ ਹਨ। ਜਿਹਨਾਂ ਨੂੰ ਪੈਂਸਨ ਮਿਲ ਰਹੀ ਹੈ ਉਹ ਬਜ਼ੁਰਗਾਂ ਦਾ ਸਿਰਫ 50 ਫੀਸਦੀ ਹੀ ਹਨ। ਭਾਰਤ ਸਰਕਾਰ ਨੇ ਬਜ਼ੁਰਗਾਂ ਲਈ ਜੋ ਵਿਵਸਥਾ ਕੀਤੀ ਹੈ ਉਹ ਖਾਸ ਤੌਰ ’ਤੇ ਸੰਗਠਿਤ ਖੇਤਰ ਲਈ ਹੈ ਜਾਂ ਰਈਸ ਤੇ ਉਚ ਮੱਧਵਰਗ ਲਈ ਹੈ। ਯਾਨੀ ਅਜੇਹੇ ਬਜ਼ੁਰਗ ਜਿਹਨਾਂ ਦੀ ਤਨਖ਼ਾਹ ਚੋਂ ਆਮਦਨ ਟੈਕਸ ਕਟਦਾ ਹੈ ਜਾਂਨੀ ਘੱਟੋ ਘੱਟ ਤਿੰਨ ਲੱਖ ਰੁਪਏ ਸਲਾਨਾ ਦੀ ਆਮਦਨ ਵਾਲੇ ਲੋਕ। ਇਹਨਾਂ ਨੂੰ ਆਮ ਤੌਰ ’ਤੇ 460 ਰੁਪਏ ਤੋਂ 540 ਰੁਪਏ ਤਕ ਦੀ ਮਾਸਕ ਪੈਂਸਨ ਮਿਲਦੀ ਹੈ। ਸਰਕਾਰ ਕਰਮਚਾਰੀਆਂ ਨੂੰ ਇਹ ਪੈਂਸਨ ਲਗਭਗ 20 ਫੀਸਦੀ ਜ਼ਿਆਦਾ ਮਿਲਦੀ ਹੈ। ਜੋ ਹੌਲੀ ਹੌਲੀ ਵਧਦੀ ਜਾਂਦੀ ਹੈ। ਗੈਰਜਥੇਬੰਦ ਖੇਤਰ ’ਚ ਨਿਜੀ ਲਾਭ ਦਾ ਅਨੁਮਾਨ ਲਾਉਂਦੇ ਹੋਏ ਵੇਤਨ ਨਿਰਧਾਰਿਤ ਹੁੰਦਾ ਹੈ ਤੇ ਸਮਾਜਕ ਸੁਰਖਿਆ ਦਾ ਕੋਈ ਵਾਧਾ ਨਹੀਂ ਹੁੰਦਾ। ਸੰਨ 2000 ਤੋਂ 2010 ਦੌਰਾਨ ਸੰਗਠਿਤ ਖੇਤਰ ਵਿਚ ਸਾਢੇ ਸਤ ਲੱਖ ਨਿਯੁਕਤੀਆਂ ਹੋਈਆਂ ਯਾਨੀ ਸਲਾਨਾ ਤੌਰ ’ਤੇ 0.3 ਫੀਸਦੀ ਤੋਂ ਵੀ ਘੱਟ। ਇਸ ਦੌਰਾਨ ਦੇਸ਼ ਦੀ ਸਾਲਾਨਾ ਕੁਲ ਘਰੇਲੂ ਪੈਦਾਵਾਰ 7.5 ਫੀਸਦੀ ਤੋਂ ਵਧ ਕੇ ਦੁਗਣੀ ਹੋ ਗਈ ਇਹ ਵਾਧਾ ਗੈਰ ਜਥੇ-ਬੰਦ ਖੇਤਰ ਦੇ ਕਾਰੀਗਰਾਂ ਦੇ ਜ਼ਰੀਏ ਹੋਇਆ ਮਹਾਂਨਗਰਾਂ ’ਚ ਬਜ਼ੁਰਗਾਂ ਮੂਹਰੇ ਅੱਜ ਇਕਲਾਪਣ ਤੇ ਸੁਰਖਿਆ ਵੱਡੀਆਂ ਸਮਸਿਆਵਾਂ ਹਨ ਅਪਾਰਟ ਮੈਂਟ ਹੋਵੇ ਜਾਂ ਵੱਖ ਵੱਖ ਕਲੋਨੀਆਂ ਦੇ ਬੰਗਲੇ, ਸੁਰਖਿਆ ਇਕ ਵੱਡੀ ਸਮਸਿਆ ਹੈ। ਦਿਲੀ ਵਰਗੇ ਮਹਾਂਨਗਰਾਂ ’ਚ ਨਜਾਇਜ ਕਬਜੇ ਧਨ ਦੌਲਤ ਦੀ ਲੁਟ ਤੇ ਹੱਤਿਆ ਦੇ ਕਈ ਕੇਸ ਹਰ ਸਾਲ ਸਾਹਮਣੇ ਆਉਂਦੇ ਹਨ। ਇਸ ਨਾਲ ਅਸੁਰਖਿਆ ਦੀ ਭਾਵਨਾ ਤੇਜੀ ਨਾਲ ਵਧਦੀ ਗਈ ਹੈ। ਪ੍ਰੋਫੈਸਰ-ਡਾ. ਜੇ ਪੀ ਸਿੰਘ ਦੇਸ਼-ਵਿਦੇਸ਼ ’ਚ ਜਾਣੇ ਪਹਿਚਾਣੇ ਮੁਦਰਾ ਸਾਸ਼ਤਰੀ ਹਨ। ਉਨ੍ਹਾਂ ਦੇ ਬੱਚੇ ਅਮਰੀਕਾ ਜਾ ਵਸੇ ਹਨ। ਦਿਲੀ ਦੇ ਦਵਾਰਕਾ ’ਚ ਉਨ੍ਹਾਂ ਦੇ ਦੋ ਅਪਾਰਟਮੈਂਟ ਹਨ। ਪਤਨੀ ਦੀ ਮੌਤ ਪਿਛੋਂ ਉਹ ਇਕੱਲੇ ਹੀ ਦੋ ਅਪਾਰਟਮੈਂਟ ਦੀ ਦੇਖਭਾਲ ਦੀ ਜਹਿਮਤ ਚੁਕਦੇ ਹਨ। ਉਹ ਕਹਿੰਦੇ ਹਨ, ਸੁਰਖਿਆ ਕਾਰਨਾ ਕਰਕੇ ਮੈਂ ਕਿਸੇ ਨੂੰ ਘਰ ’ਚ ਸਾਫ ਸਫਾਈ ਜਾਂ ਖਾਣ ਬਣਾਉਣ ਲਈ ਨਹੀਂ ਰੱਖਿਆ। ਜਦ ਵੀ ਸੇਮੀਨਾਰ ਵਗੈਰਾ ਲਈ ਬਾਹਰ ਜਾਂਦਾ ਹਾਂ ਤਾ ਘਰ ਨੂੰ ਤਾਲਾ ਮਾਰ ਕੇ ਜਾਂਦਾ ਹਾਂ। ਮਨ ’ਚ ਅਣਹੋਣੀ ਦਾ ਡਰ ਰਹਿੰਦਾ ਹੈ ਪਰ ਹੋਰ ਕੋਈ ਚਾਰਾ ਵੀ ਨਹੀਂ ਹੈ। ਸਭ ਤੋਂ ਮਾੜੀ ਹਾਲਤ ਵੱਖ ਵੱਖ ਕੰਮ ’ਚ ਲੱਗੇ ਗੈਰਜਥੇਬੰਦ ਦਿਹਾੜੀਦਾਰ ਮਜ਼ਦੂਰਾਂ ਦੀ ਹੈ। ਮਜ਼ਦੂਰੀ ਦੇ ਪੈਸਿਆਂ ਨਾਲ ਘਰ ਸੰਸਾਰ ਤਾਂ ਚਲ ਜਾਂਦੇ ਹੈ। ਪਰ ਬੱਚਿਆਂ ਤੇ ਪ੍ਰੀਵਾਰ ਦੀ ਸਿਹਤ, ਸਿੱਖਿਆ, ਵਿਆਹ ਆਦਿ ਕਾਰਨ ਉਹੇ ਕਰਜੇ ਹੇਠ ਵੀ ਦਬ ਜਾਂਦੇ ਹਨ। 55 ਸਾਲ ਦੀ ਉਮਰ ਤਕ ਉਨ੍ਹਾਂ ਮੂਹਰੇ ਰੋਟੀ ਰੋਜੀ ਦੇ ਦੂਜੇ ਤਰੀਕੇ ਲੱਭਣ ਦੀ ਮਜ਼ਬੂਰੀ ਆ ਜਾਂਦੀ ਹੈ। ਘਰ-ਪ੍ਰੀਵਾਰ ’ਚ ਆਸਰਾ ਤੇ ਦੇਖ ਭਾਲ ਨਾ ਹੋਣ ਦੀ ਸਥਿਤੀ ਵਿਚ ਉਨ੍ਹਾਂ ਨੂੰ ਸੜਕ ਕਿਨਾਰੇ ਆਉਣਾ ਪੈਂਦਾ ਹੈ। ਇਸ ਤੋਂ ਇਲਾਵਾ ਕੁਝ ਅਜੇਹੇ ਵੀ ਤੇ ਪਿਛੜੇ ਤੇ ਹੀਣੇ ਸਮਝੇ ਜਾਣ ਵਾਲੇ ਸਮੂਹ ਹਨ। ਇਨ੍ਹਾਂ ’ਚ ਸੈਕਸ ਵਰਕਰ ਖੁਸਰੇ, ਐਂਚ. ਆਈ. ਵੀ. ਪਾਜੇਟਿਵ ਆਦਿ ਲੋਕ ਹਨ। ਉਨ੍ਹਾਂ ਕੋਲ ਦੇਖ ਰੇਖ ਲਈ ਨਾ ਪ੍ਰੀਵਾਰ ਹੁੰਦਾ ਹੈ ਤੇ ਨਾ ਹੀ ਆਮਦਨ ਦਾ ਕੋਈ ਵਸੀਲਾ। ਸਮਾਜ ਸੇਵੀ ਏਨੀ ਰਾਜਾ ਦਾ ਕਹਿਣਾ ਹੈ ਕਿ ‘ਦੇਸ਼ ’ਚ 93 ਫੀਸਦੀ

ਕੰਮਕਾਜੀ ਲੋਕਾਂ ਕੋਲ ਕੋਈ ਸਮਾਜਕ ਸੁਰਖਿਆ ਨਹੀਂ ਹੈ। ਉਹਨਾਂ ਦੇ ਪੋਸ਼ਣ, ਪੇਟਭਰਨ ਤੇ ਇਲਾਜ ਦੀ ਕੋਈ ਸਹੂਲਤ ਨਹੀਂ ਹੈ। ਦੇਸ਼ 'ਚ ਅਜੇਹਾ ਤਾਣਾ ਬਾਣਾ ਹੋਣਾ ਚਾਹੀਦਾ ਹੈ ਜਿਸ ਤਹਿਤ ਗਰੀਬੀ ਰੇਖਾ ਤੋਂ ਹੇਠਾਂ ਤੇ ਉਪਰ ਰਹਿਣ ਵਾਲੇ ਮੱਧਵਰਗ ਲੋਕਾਂ ਦੇ ਪੇਟ ਭਰਨ ਤੇ ਇਲਾਜ ਦੀ ਸਮੁਚੀ ਸੂਹਲਤ ਬੇਹਤਰ ਸਰਭ ਵਿਆਪੀ ਪੈਂਸਨ ਯੋਜਨਾ ਦੇ ਜ਼ਰੀਏ ਮੁਹਈਆ ਹੋਵੇ। ਬਜ਼ੁਰਗਾਂ ਲਈ ਦੇਸ਼ ਵਿਚ ਵਾਨਪ੍ਰਸਥ ਤੇ ਦੇਸ਼ਾਟਨ ਦੀ ਰਵਾਇਤ ਰਹੀ ਹੈ। ਰਾਜ ਵੰਸ਼ ਕਾਲ ਵਿਚ ਆਸਰਾ ਸਥਲ ਤੇ ਧਰਮਸ਼ਾਲਾਵਾਂ ਨੂੰ ਬਣਵਾਉਣ ਦਾ ਸਿਲਸਿਲਾ ਚਲਦਾ ਰਹਿੰਦਾ ਸੀ ਅੱਜ ਵੀ ਪਿੰਡਾਂ 'ਚ ਘੱਟੋ ਘੱਟ ਖਰਚ ਨਾਲ ਵੱਖ ਵੱਖ ਧਾਰਮਿਕ ਮੌਕਿਆਂ 'ਤੇ ਤੀਰਥ ਜਾਣ ਦੀ ਲਲਕ ਬਜ਼ੁਰਗਾਂ 'ਚ ਦਿਸਦੀ ਹੈ। ਪਰ ਦੋ ਦਹਾਕਿਆਂ 'ਚ ਆਈ ਆਰਥਕ ਸਮਾਜਕ ਤਬਦੀਲੀ 'ਚ ਆਸ਼ਰਮ 'ਤੇ ਧਰਮਸ਼ਾਲਾਵਾਂ ਦਾ ਰੂਪ ਬਦਲ ਗਿਆ। ਖ਼ੁਸ਼ਹਾਲ ਬੁਜ਼ਰਗਾਂ ਲਈ ਹੁਣ ਸਹੂਲਤਾਂ ਭਰਪੂਰ ਆਸਰੇ ਬਤੌਰ ਹੋਮ ਤੇ ਕਾਟੇਜ ਹਨ, ਉਥੇ ਮੱਧ ਵਰਗ ਦੇ ਬੁਜ਼ਰਗਾਂ ਲਈ ਬਿਰਧ ਆਸ਼ਰਮ ਹਨ। ਦੋਨਾਂ ਹੀ ਥਾਵਾਂ ਤੇ ਅਰਜੀ ਦੇ ਕੇ ਕਮਰਿਆਂ ਲਈ ਰਿਜ਼ਰਵੇਸ਼ਨ ਕਰਾਉਣੀ ਹੁੰਦੀ ਹੈ। ਬਤੌਰ ਪੇਸ਼ਗੀ ਨਿਯਤ ਪੈਸੇ ਜਮਾ ਕਰਾਉਣ ਪੈਂਦੇ ਹਨ। ਘੱਟ ਆਮਦਨ ਵਾਲਿਆਂ ਲਈ ਰੇਲਵੇ ਸਟੇਸ਼ਨ ਬੱਸ ਅੱਡੇ ਨਦੀ ਕਿਨਾਰੇ ਤੇ ਮੰਦਰਾਂ ਦੇ ਕੈਂਪਸ ਹੀ ਆਸਰੇ ਹੁੰਦੇ ਹਨ। ਜਿਥੇ ਚੋਰਾਂ ਤੇ ਪੁਲਸ ਦੀ ਮਨਮਾਨੀ ਦਾ ਹਮੇਸ਼ਾਂ ਡਰ ਰਹਿੰਦਾ ਹੈ। ਇਹ ਸਹੀ ਹੈ ਕਿ ਸਾਰੇ ਪ੍ਰੀਵਾਰਾ 'ਚ ਬੇਟੇ ਜਗਦੀਸ਼ ਬਾਬੂ ਦੇ ਬੇਟੇ ਵਰਗੇ ਮਾੜੇ ਨਹੀਂ ਹੁੰਦੇ। ਉਹ ਮਾਂ ਬਾਪੂ ਨਾਲ ਰਖਦੇ ਹਨ। ਆਦਰ ਸਨਮਾਨ ਦਿੰਦੇ ਹਨ ਤੇ ਦੇਖਭਾਲ ਕਰਦੇ ਹਨ। ਜ਼ਿਆਦਾਤਰ ਬਜ਼ੁਰਗ ਵੀ ਜੀਵਨ ਕਾਲ ਵਿਚ ਜਦ ਤਕ ਸੰਭਵ ਹੁੰਦਾ ਹੈ। ਕੁਝ ਨਾ ਕੁਝ ਕਰਨ ਦੀ ਕੋਸ਼ਿਸਿ ਕਰਦੇ ਹਨ। ਪਰ ਜਿਸ ਤਰ੍ਹਾਂ ਗੁਬਾਰੇ 'ਚ ਹਵਾ ਘਟਦੀ ਜਾਂਦੀ ਹੈ, ਉਸ ਤਰ੍ਹਾਂ ਅੱਜ ਸਮਾਜ 'ਚ ਰੁਜਗਾਰ ਵੀ ਘੱਟ ਹੁੰਦੇ ਜਾ ਰਹੇ ਹਨ। ਅਜੇਹੇ 'ਚ ਬਜ਼ੁਰਗਾਂ ਨੂੰ ਚਾਕਰੀ ਕੌਣ ਦੇਵੇਗਾ? ਉਹਨਾਂ ਬਜ਼ੁਰਗਾਂ ਨੂੰ ਕੁਝ ਨਹੀਂ ਮਿਲਦਾ ਜੋ ਸਰਟੀਫੀਕੇਟ ਨਹੀਂ ਦੇ ਸਕਦੇ। ਸਿਟੇ ਵਜੋਂ 65 ਫੀਸਦੀ ਪੇਂਡੂ ਤੇ 35 ਫੀਸਦੀ ਸ਼ਹਿਰੀ ਮਰਦ ਜੋ 60 ਸਾਲ ਤੋਂ ਉਪਰ ਹਨ ਉਨ੍ਹਾਂ ਨੂੰ ਵੀ ਆਪਣਾ ਪੇਟ ਭਰਨ ਲਈ ਕੰਮ ਕਰਨਾ ਪੈਂਦਾ ਹੈ। ਦੇਸ਼ 'ਚ ਅੰਨਪੂਰਨਾ ਯੋਜਨਾ ਦਾ ਵੀ ਐਲਾਨ ਹੋਇਆ ਪਰ ਇਸ ਤਹਿਤ ਪੈਂਸਨ ਕੁਝ ਨੂੰ ਹੀ ਮਿਲੀ ਜਦ ਕਿ ਇਸ ਦਾ ਗਠਨ ਬਜੁਰਗਾਂ ਲਈ ਕੀਤਾ ਗਿਆ। ਸੀ ਜੋ ਪੈਂਸਨ ਦੇ ਹੱਕਦਾਰ ਹਨ ਪਰ ਫੰਡ ਦੀ ਕਮੀ ਕਾਰਨ ਪੈਂਸ਼ਨ ਉਨ੍ਹਾਂ ਨੂੰ ਨਹੀਂ ਮਿਲ ਰਹੀ ਹੈ। ਇਹ ਯੋਜਨਾ ਇਸ ਗੱਲ ਦਾ ਸਬੂਤ ਹੈ ਕਿ ਜੋ ਬਜ਼ੁਰਗ ਪੈਂਸਨ ਯੋਗ ਮੰਨੇ ਗਏ ਉਨ੍ਹਾਂ ਨੂੰ ਵੀ ਸਭ ਨੂੰ ਪੈਂਸ਼ਨ ਹਾਸਲ ਨਹੀਂ। ਇਨ੍ਹਾਂ ਸਾਰੀਆਂ ਯੋਜਨਾਵਾਂ ਦੀ ਅਸਲੀਅਤ ਖੁਦ–ਬ–ਖੁਦ ਉਜਾਗਰ ਹੋ ਜਾਂਦੀ ਹੈ। ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਦੇ ਮੰਤਰੀ ਜੈ ਰਾਮ ਰਮੇਸ਼ ਨੇ ਤਾਂ ਪ੍ਰਧਾਨ ਮੰਤਰੀ ਨੂੰ ਭੇਜੇ ਆਪਣੇ ਪੱਤਰ 'ਚ ਬਿਰਧ ਪੈਂਸਨ ਦੀ ਮੌਜੂਦਾ ਰਾਸ਼ੀ ਨੂੰ ਵਿਅਕਤੀ ਦੇ ਸਨਮਾਨ ਦੇ ਖਿਲਾਫ ਦਸਿਆ ਹੈ।

# ਉੱਤਰ ਪ੍ਰਦੇਸ਼ 'ਚ ਅਖਿਲੇਸ਼ ਸਰਕਾਰ 'ਚ ਲੱਠਮਾਰਾਂ ਦੀ ਚੜ੍ਹਤ ਕਿਵੇ?

ਯੂਪੀ ਦੀ ਸਰਕਾਰ ਆਪਣੀਆਂ ਕਰਤੂਤਾਂ ਕਾਰਨ ਅਲੋਚਨਾਵਾਂ ਦੇ ਰਡਾਰ ਉਪਰ ਹੈ। ਕਦੀ ਉਸਦੀ ਖਿਚਾਈ ਅਵਿਹਾਰਕ ਫੈਸਲਿਆਂ ਕਰਕੇ ਹੁੰਦੀ ਹੈ। ਤਾ ਕਦੀ ਮਾਇਆਵਤੀ ਦੇ ਸਹੀ ਫੈਸਲਿਆ ਨੂੰ ਬਦਲਣ ਕਾਰਣ ਹੁਣ ਸਪਾ ਸਮਰਥਕ ਮਾਇਅਵਤੀ ਦੀਆਂ ਮੂਰਤੀਆਂ ਨੂੰ ਵੀ ਤੋੜਨ ਦੀਆਂ ਕੋਸ਼ਿਸ਼ਾਂ ਕਰਨ ਲੱਗੇ ਹਨ। ਅਖਿਲੇਸ਼ ਵਲੋਂ ਫੈਸਲੇ ਲੈਣ ਤੇ ਉਨ੍ਹਾਂ ਨੂੰ ਬਦਲਣ ਨਾਲ ਹੈਰਾਨ ਲੋਕ ਵੀ ਕਹਿਣ ਲੱਗੇ ਹਨ ਕਿ 'ਪੁੱਤਰ ਤੋਂ ਭਲਾ ਤਾਂ ਬਾਪ ਹੀ ਸੀ ਜਿਹਨਾਂ ਬਾਰੇ ਕੋਈ ਖਾਮਖਿਆਲੀ ਨਹੀਂ ਸੀ। ਫਿਲਹਾਲ ਅਲੋਚਨਾਵਾਂ ਦੇ ਕੇਂਦਰ ਵਿਚ ਅਪਰਾਧਿਕ ਪਿਠਭੂਮੀ ਦੇ ਨੇਤਾਵਾਂ ਤੋਂ ਕੇਸ ਵਾਪਸੀ ਦਾ ਮੁੱਦਾ ਹੈ, ਜਿਸ ਨੂੰ ਲੈ ਕੇ ਵਿਰੋਧੀ ਧਿਰ ਤੇ ਮਨੁੱਖੀ ਅਧਿਕਾਰ ਕਾਰਨ ਦੋਨਾਂ ਵਿਚ ਰੋਸ ਹੈ।

ਸੂਬੇ ਦੇ ਰਾਜਸੀ ਵਿਸਲੇਸ਼ਕ ਸੁਧੀਰ ਪੰਵਾਰ ਦੀ ਰਾਏ ਵਿਚ 'ਸਪਾ ਰਾਜਨੀਤੀ ਤੇ ਅਪਰਾਧ ਵਿਚਕਾਰ ਬਹੁਤ ਹੀ ਬਰੀਕ ਲਕੀਰ ਬਣੀ ਰਹਿੰਦੀ ਹੈ।' ਬਹੁਤਾ ਸਮਾਂ ਪਤਾ ਹੀ ਨਹੀਂ ਲੱਗਦਾ ਕਿ ਪਾਰਟੀ ਕਦੋਂ ਲੋਕ-ਭਾਵਨਾਂਵਾਂ ਦੇ ਨਾਲ ਖੜੀ ਹੈ ਤੇ ਕਦੋਂ ਅਪਰਾਧੀਆਂ ਦੇ ਨਾਲ। ਸਪਾ ਇਸ ਬਰੀਕ ਲਕੀਰ ਦੇ ਨਾਲ ਹੁਣ ਆਪਣੇ ਲੋਕ ਆਗੂਆਂ (ਸਪਾ ਦੇ ਲਈ) ਨੂੰ ਜੇਹਲਾਂ 'ਚੋਂ ਛੁਡਵਾਉਣ ਤੇ ਉਨ੍ਹਾਂ 'ਤੇ ਚਲਦੇ ਮੁਕਦਮਿਆਂ ਨੂੰ ਵਾਪਸ ਕਰਾਉਣ 'ਚ ਜੁਟ ਗਈ ਹੈ ਸਪਾ ਮੁਤਾਬਕ ਮਿਤਰਸੈਨ ਯਾਦਵ, ਰਾਜਾ ਭੈਆ, ਅਭਿਐ ਸਿੰਘ ਜਾਂ ਵਿਜੈ ਮਿਸ਼ਰ ਵਰਗੇ ਸੈਂਕੜੇ ਨੇਤਾਵਾਂ 'ਤੇ ਪਲਿਹੀਆਂ ਸਰਕਾਰਾਂ ਨੇ ਅਗਾਉ ਮੰਨ ਬਣਾ ਕੇ ਕਾਰਵਾਈਆਂ ਕੀਤੀਆਂ ਇਸ ਲਈ ਪਾਰਟੀ ਦਾ ਫਰਜ ਹੈ ਕਿ ਉਹ ਨੇਤਾਵਾਂ-ਕਾਰਕੁੰਨ ਤੇ ਦਰਜ ਫਰਜੀ ਮੁਕਦਮੇ ਦੇ ਕੇਸ਼ਾਂ 'ਚ ਮੁੜ-ਵਿਚਾਰ ਦੀ ਅਮਲ ਸ਼ੁਰੂ ਹੋ ਗਿਆ ਹੈ ਤੇ ਸਰਕਾਰ ਜਲਦੀ ਹੀ ਰਿਹਾਈ ਦਾ ਅਮਲ ਵੀ ਸ਼ੁਰੂ ਕਰੇਗੀ ਜਿਸ ਨਾਲ ਜੇਹਲਾਂ ਵਿਚ ਬੰਦ ਹਜ਼ਾਰਾਂ ਸਪਾ ਕਾਰਕੁੰਨ ਰਿਹਾ ਹੋਣਗੇ।

ਪਰ ਸ਼ੁਰੂ 'ਚ ਅਜਿਹਾ ਨਹੀਂ ਸੀ। ਅਖਿਲੇਸ਼ ਯਾਦਵ ਦੀ ਸਰਕਾਰ ਬਣਦਿਆਂ ਹੀ ਜਿਹਨਾਂ ਲੋਕਾਂ ਦੀ ਰਿਹਾਈ ਦਾ ਐਲਾਨ ਕੀਤਾ ਗਿਆ ਉਹਨਾਂ 'ਚ ਜੇਹਲਾਂ 'ਚ ਬੰਦ ਭੱਟਾ ਪਾਰਸੌਲ ਦੇ ਕਿਸਾਨ ਤੇ ਅੱਤਵਾਦ ਕੇਸਾਂ 'ਚ ਫਰਜੀ ਤੋਰ 'ਤੇ ਦਰਜਨਾ ਦੀ ਗਿਣਤੀ 'ਚ ਗ੍ਰਿਫਤਾਰ ਮੁਸਲਿਮ ਨੌਜਵਾਨ ਸ਼ਾਮਲ ਸਨ। ਸਰਕਾਰ ਦੀ ਇਸ ਪਹਿਲਕਦਮੀ ਨਾਲ ਰਾਜ ਦੇ ਮਨੁੱਖੀ ਅਧਿਕਾਰ ਕਾਰਕੁੰਨਾ ਤੇ ਪੀੜਤਾਂ ਦੇ ਰਿਸ਼ਤੇਦਾਰਾਂ ਦੀ ਆਸਾਂ ਬੱਝੀ ਕਿਹਾ ਜਾਣ ਲੱਗਿਆ ਕਿ ਨਿਆਂ ਪਾਉਣ ਲਈ ਸਿਰਫ ਨਿਆਂ ਪਾਲਿਕਾ 'ਤੇ ਨਿਰਭਰ ਰਹਿਣ ਦੀ ਬਜਾਏ ਸਰਕਾਰਾਂ 'ਤੇ ਵੀ ਦਬਾਅ ਬਣਾਇਆ ਜਾਂ ਸਕਦਾ ਹੈ। ਪਰ ਇਹ ਐਲਾਨ ਤਕ ਹੀ ਸੀਮਤ ਰਿਹਾ ਤੇ ਸਰਕਾਰ ਹੁਣ ਤਕ ਉਨ੍ਹਾਂ ਦੀ ਰਿਹਾਈ ਨਹੀਂ ਕਰਵਾ ਸਕੀ। ਉਹਨਾਂ ਦੀ ਰਿਹਾਈ ਪ੍ਰੀਕ੍ਰਿਆ 'ਤੇ ਮੱਠੀ ਰਫਤਾਰ ਨਾਲ ਸਰਕਾਰੀ ਕਵਾਇਤ ਜਾਰੀ ਹੈ, ਜਿਸ ਨਾਲ ਪੀੜਤਾਂ ਦੇ ਰਿਸ਼ਤੇਦਾਰ ਨਿਰਾਸ਼ ਹੋਣ ਲੱਗੇ ਹਨ।

ਲੋਕਾਂ ਨੂੰ ਸ਼ਾਂਤ ਰੱਖਣ ਲਈ ਸਰਕਾਰ ਨੇ ਟੱਪਲ ਦੇ 24 ਕਿਸਾਨਾਂ ਤੇ ਦਰਜ ਅਪਰਾਧਿਕ ਮਾਮਲਿਆਂ ਨੂੰ ਜਰੂਰ ਵਾਪਸ ਲੈ ਲਿਆ ਗਿਆ ਹੈ। ਸੰਨ 2010 'ਚ ਅਲੀਗੜ ਦੇ ਟੱਪਲ 'ਚ ਜ਼ਮੀਨ ਹਥਿਆਉਣ ਖਿਲਾਫ ਕਿਸਾਨਾਂ ਤੇ ਪੁਲਸ ਵਿਚਕਾਰ ਗੋਲੀਬਾਰੀ 'ਚ ਪੰਜ ਕਿਸਾਨਾਂ ਤੇ ਦੋ ਪੁਲਸ ਕਰਮੀਆ ਦੀ ਮੌਤ ਹੋ ਗਈ ਸੀ ਪਰ ਟੱਪਲ 'ਚ ਹੋਈ ਕੇਸ਼ਾਂ ਵਾਪਸੀ ਪਿਛੋਂ ਫਰਜੀ ਮੁਕਦਮਿਆਂ ਸਬੰਧੀ ਜੋ ਤੇਜੀ ਸਰਕਾਰੀ ਤੰਤਰ 'ਚ ਹੋਣੀ ਚਾਹੀਦੀ ਸੀ, ਉਹ ਨਦਾਰਦ ਦਿਸਦੀ ਹੈ। ਤੇਜੀ ਜੇ ਕਿਤੇ ਆਈ ਹੈ ਤਾਂ ਆਪਰਾਧਿਕ ਪਿੱਠਭੂਮੀ ਵਾਲੇ ਉਨ੍ਹਾਂ ਨੇਤਾਵਾਂ-ਮੰਤਰੀਆਂ ਤੋਂ ਕੇਸ਼ ਵਾਪਸੀ ਤੇ ਰਿਹਾਈ ਦੇ ਅਮਲ 'ਚ ਜੋ ਮਾਇਆਵਤੀ ਦੀ ਹਕੂਮਤ ਵੇਲੇ ਤੋਂ ਜਾਂ ਉਸ ਤੋਂ ਪਹਿਲਾਂ ਅਗਵਾਅ ਹੱਤਿਆ, ਦੰਗਾ ਬਲਤਕਾਰ ਫਿਰੌਤੀ ਤੇ ਘਪਲਿਆਂ ਸਬੰਧੀ ਸਜ਼ਾ ਯਾਫਤਾ ਹਨ। ਜਾਂ ਫਿਰ ਮੁਕਦਮੇ ਝੱਲ ਰਹੇ ਹਨ। ਤਾਜਾ ਕੇਸ ਸੂਬੇ 'ਚ ਹੋਮਗਾਰਡ ਮੰਤਰੀ ਬ੍ਰਾਹਸ਼ੰਕਰ ਤ੍ਰਿਪਾਠੀ ਦਾ ਹੈ, ਜਿਹਨਾਂ 'ਤੇ ਅਪਰਾਧਿਕ ਮਾਮਲਾ ਵਾਪਸ ਲੈਣ ਲਈ ਦੇਵਰਿਆ ਜਿਲਾ ਅਧਿਕਾਰੀਆਂ ਨੂੰ ਰਾਜ ਦੇ ਨਿਆਂ ਤੇ ਕਨੂੰਨ ਵਿਭਾਗ ਨੇ ਪੱਤਰ ਲਿਖਿਆ ਹੈ ਇਹ ਨੇਕ ਕੰਮ ਦੀ ਸ਼ੁਰੂਆਤ ਸਰਕਾਰ ਬਣਨ ਦੀ ਦਸ ਦਿਨਾ ਪਿਛੋਂ 25 ਮਾਰਚ ਨੂੰ ਹੋ ਗਈ ਸੀ।

ਬਹੁਬਲੀਆਂ (ਲੱਠਮਾਰਾਂ) ਤੋਂ ਵਿਧਾਇਕ ਬਣੇ ਗੁਸਾਈਂਗੰਜ ਸਪਾ ਨੇਤਾ ਅਭੈ ਸਿੰਘ ਕਰੀਬ ਦੋ ਸਾਲਾਂ ਤੋਂ ਫੈਜਾਬਾਦ ਜੇਲ 'ਚ ਅਗਵਅ, ਫਿਰੋਤੀ ਤੇ ਹੱਤਿਆ ਦੇ ਕੇਸ 'ਚ ਬੰਦ ਸਨ। ਸਰਕਾਰ ਵਲੋਂ 25 ਮਾਰਚ ਨੂੰ ਹੀ ਹੋ ਗਿਆ ਸੀ ਨਿਆਂਇਕ ਵਿਭਾਗ ਦੇ ਮੁਖ ਅਭਿਯੋਗ ਅਧਿਕਾਰੀ ਨੂੰ ਚਿਠੀ ਭੇਜਕੇ ਕਿਹਾ ਗਿਆ ਕਿ ਅਭੈ ਸਿੰਘ 'ਤੇ ਲਾਇਆ ਗਿਆ ਗੁੰਡਾ ਐਕਟ ਵਾਪਸ ਲਿਆ ਜਾਵੇ। ਇਸ ਪਿਠਭੂਮੀ ਦੇ ਨੇਤਾਵਾਂ 'ਚ ਖੁਦ ਨੂੰ ਪਾਕ-ਸਾਫ ਦਸਣ ਦੀਆਂ ਕੋਸ਼ਿਸ਼ਾਂ ਤੇਜ ਹੋ ਗਈਆਂ ਹਨ। ਪਿਛੇ ਜਿਹੇ ਹੀ 14 ਵਿਧਾਇਕਾਂ-ਮੰਤਰੀਆਂ ਦੇ ਇਕ ਸਮੂਹ ਨੇ ਰਾਜ ਦੇ ਮੁਖੀਆ ਅਖਿਲੇਸ਼ ਯਾਦਵ ਦੇ ਪਿਤਾ ਤੇ ਸਾਬਕਾ ਮੰਤਰੀ ਮੁਲਾਇਮ ਸਿੰਘ ਯਾਦਵ ਨਾਲ ਮੁਲਾਕਾਤ ਕਰਕੇ ਮੁਕਦਮਾ ਵਾਪਸ ਲੈਣ ਦੇ ਕੰਮ ਵਿਚ ਤੇਜੀ ਲਿਆਉਣ ਦੀ ਬੇਨਤੀ ਕੀਤੀ ਗਈ ਹੈ। ਸਪਾ ਸਰਕਾਰ ਵਿਚ ਅਪਰਾਧਿਕ ਪਿੱਠਭੂਮੀ ਵਾਲੇ ਕਰੀਬ 15 ਮੰਤਰੀ ਹਨ। ਇਸ ਫੇਹਰਿਸਤ ਵਿਚ ਆਜਮ ਖਾਨ, ਸ਼ਿਵਪਾਲ ਯਾਦਵ ਅੰਬਿਕਾ ਚੌਧਰੀ, ਰਾਜ ਭੈਆ ਆਨੰਦ ਸਿੰਘ, ਦੁਰਗਾ ਪ੍ਰਸ਼ਾਦ ਯਾਦਵ ਬ੍ਰਹਾ ਸ਼ੰਕਰ ਤ੍ਰਿਪਾਠੀ, ਕਾਮਵਰੇ ਉਪਾਧਿਆਇ ਰਾਜਾਰਾਮ ਪਾਂਡੇ ਰਾਜ ਕਿਸ਼ੋਰ ਸਿੰਘ ਸ਼ਿਵ ਕੁਮਾਰ ਵਕਾਰ ਅਹਿਮਦ ਸ਼ਾਹ, ਰਾਜਾ ਮਹੇਂਦਰ, ਅਰਿੰਦਮ ਸਿੰਘ ਅਵਧੇਸ਼ ਪ੍ਰਸਾਦ, ਓਮ ਪ੍ਰਕਾਸ਼ ਸਿੰਘ ਅਤੇ ਰਾਮ ਗੋਬਿੰਦ ਚੌਧਰੀ ਦੇ ਨਾਂ ਹਨ।

ਉਤਰ ਪ੍ਰਦੇਸ਼ ਇਲੇਕਸ਼ਨ ਯਾਦਵ ' ਦੀ ਰੀਪੋਟ ਮੁਤਾਬਕ, ਪ੍ਰਦੇਸ਼ ਦੀਆਂ ਕੁਲ 403 ਵਿਧਾਨ ਸਭਾ ਸੀਟਾਂ ਵਿਚੋਂ ਅੱਧੀਆਂ 'ਤੇ ਜਿਤੇ ਵਿਧਾਇਕ ਅਪਰਾਧਿਕ ਪਿੱਠਭੂਮੀ ਦੇ ਹਨ। ਇਨ੍ਹਾਂ ਵਿਚ ਅੱਧੇ ਸਮਾਜਵਾਦੀ ਪਾਰਟੀ ਦੇ ਖਾਤੇ ਵਿਚ ਹਨ ਤੇ ਉਹਨਾਂ 'ਚੋਂ 18 'ਤੇ ਹੱਤਿਆ ਤੇ 61 ਉਪਰ ਹੱਤਿਆ ਦੀ ਕੋਸ਼ਿਸ਼ ਦੇ ਮੁਕਦਮੇ ਦਰਜ ਹਨ। ਇਸ 'ਚ ਵੀ ਪਹਿਲੀ ਥਾਂ ਫੈਜਾਵਾਦ ਦੇ ਸਪਾ ਵਿਧਾਇਕ ਮਿਤਰਸੈਨ ਯਾਦਵ ਦੀ ਹੈ ਜਿਸ 'ਤੇ ਅਪਰਾਧਿਕ ਮਾਮਲੇ ਦਰਜ ਹਨ ਤੇ ਦੂਜੀ ਥਾਂ 'ਤੇ ਸੁਸ਼ੀਲ ਸਿੰਘ ਹੈ। ਜੇਹਲਾ 'ਚ ਬੰਦ ਸਪਾ ਸਮਰਥਕ ਨੇਤਾਵਾਂ ਨੂੰ ਤਰ੍ਹਾਂ ਤਰ੍ਹਾਂ ਦੀਆਂ ਸੂਹਲਤਾਂ ਵੀ

ਮੁਹਈਆ ਕਰਵਾ ਰਹੇ ਹਨ। ਇਸ ਵਿਸੇਸ਼ ਛੋਟ ਦੇ ਮੁੱਦੇ ’ਤੇ ਸਰਕਾਰ ਦੀ ਪਹਿਲਾਂ ਤੋਂ ਹੀ ਫਜੀਅਤ ਹੋ ਰਹੀ ਸੀ। ਪਰ ਇਹ ਫਜੀਅਤ ਅਖਿਲੇਸ਼ ਯਾਦਵ ਤੋਂ ਵੱਧ ਰਾਜ ਦੇ ਆਜਾਦ ਵਿਧਾਇਕ ਤੇ ਜੇਹਲ ਮੰਤਰੀ ਰਘੂਰਾਜ ਪ੍ਰਤਾਪ ਸਿੰਘ ਉਰਫ਼ ਰਾਜਾ ਭੈਆ ਦੀ ਹੈ ਜਿਸ ’ਤੇ ਖੁਦ ਵੀ 45 ਅਪਰਾਧਿਕ ਮਾਮਲੇ ਦਰਜ ਹਨ। ਪਰ ਹੁਣ ਸਰਕਾਰ ਨੇ ਦਾਗੇਦਾਰ ਨੇਤਾਵਾਂ ਨੂੰ ਛੱਡਣ ਦਾ ਜੋ ਅਮਲ ਸ਼ੁਰੂ ਕੀਤਾ ਹੈ ਉਸ ਨੇ ਫਿਰ ਇਕ ਵਾਰੀ ਮੁਲਾਇਮ ਰਾਜ ਦੀ ਵਾਪਸੀ ਦੀ ਯਾਦ ਦਿਵਾ ਦਿਤੀ ਹੈ। ਲਖਨਉ ਦੇ ਉਚ ਕੋਟੀ ਦੇ ਪੱਤਰਕਾਰ ਧੀਰੇਂਦਰ ਨਾਥ ਭੱਟ ਕਹਿੰਦੇ ਹਨ ‘ਵੱਡੀ ਪੱਧਰ ’ਤੇ ਆਪਣੇ ਚਹੇਤਿਆ ਤੋਂ ਮੁਕਦਮੇ ਵਾਪਸੀ ਦੀ ਸ਼ੁਰੂਆਤ ਮੁਲਾਇਮ ਨੇ ਆਪਣੇ ਕਾਰਜ ਕਾਲ ’ਚ ਹੀ ਕਰ ਦਿਤੀ ਸੀ। ਪਿਛੋਂ ਮਾਇਆਵਤੀ ਸਰਕਾਰ ਨੇ ਇਹਨਾਂ ਹੀ ਲੱਠਮਾਰਾਂ ਨੂੰ ਬਸਪਾ ’ਚ ਸ਼ਾਮਲ ਕਰਨ ਦੇ ਹਥਿਆਰ ਵਜੋਂ ਵਰਤਿਆ, ਜੋ ਅੱਜ ਵਿਉਂਤ ਬੱਧ ਧੰਦਾ ਬਣ ਚੁਕਿਆ ਹੈ।

ਸਮਾਜਵਾਦੀ ਪਾਰਟੀ ਨੇ ਆਪਣੇ ਮੈਨੀਫੈਸਟੋ ’ਚ ਵਾਅਦਾ ਕੀਤਾ ਸੀ ਕਿ ਉਹ ਜੇਹਲਾਂ ’ਚ ਬੰਦ ਬੇਗੁਨਾਹਾਂ ਨੂੰ ਰਿਹਾ ਕਰਵਾ ਦੇਵੇਗੀ ਇਸ ਐਲਾਨ ਨਾਲ ਸਭ ਤੋਂ ਵੱਧ ਫਾਇਦਾ ਸਮਾਜ ਵਾਦੀ ਪਾਰਟੀ ਨੂੰ ਹੀ ਹੋਇਆ ਚੋਣਾ ਜਿਤਣ ਪਿਛੋਂ ਸੱਪਾ ਮੁਖੀ ਤੇ ਸਾਂਸਦ ਮੁਲਾਇਮ ਸਿੰਘ ਯਾਦਵ ਨੇ ਕਿਹਾ ਵੀ ਕਿ ਸਪਾ ਨੂੰ ਮੁਸਲਮਾਨਾ ਨੇ ਸੌ ਫੀਸਦੀ ਵੋਟਾਂ ਦਿੱਤੀਆਂ। ਮੁਸਲਮਾਨਾਂ ਵਲੋਂ ਸਪਾ ਨੂੰ ਸੌ ਫੀਸਦੀ ਵੋਟ ਦੇਣ ਦਾ ਇਕੋ ਇਕ ਕਾਰਣ ਸੀ ਦਹਿਸ਼ਤ ਗਰਦੀ ਕੇਸ਼ਾਂ ’ਚ ਮੁਸਲਿਮ ਨੌਜਵਾਨਾਂ ਦੀਆਂ ਉਤਰਪ੍ਰਦੇਸ਼ ’ਚ ਹੋ ਰਹੀਆਂ ਗ੍ਰਿਫਤਾਰੀਆਂ ਤੇ ਸਪਾ ਨੂੰ ਛੱਡ ਕੇ ਬਾਕੀ ਪਾਰਟੀਆਂ ਦੀ ਖਾਮੋਸ਼ੀ। ਇਸ ਲਈ ਜਦ ਸਪਾ ਨੇ ਐਲਾਨ ਨਾਮੇ ’ਚ ਉਹਨਾਂ ਨੂੰ ਰਿਹਾ ਕੀ ਤੇ ਜਾਣ ਦਾ ਵਾਅਦਾ ਕੀਤਾ ਤਾਂ ਉਹਨਾਂ ਦਾ ਸਿੱਧਾ ਮਤਲਬ ਸੀ ਕਿ ਉਹ ਤਰਜੀਹ ਦੀ ਪੱਧਰ ’ਤੇ ਉਨ੍ਹਾਂ ਨਿਰਦੋਸ਼ ਮੁਸਲਿਮ ਨੌਜਵਾਨਾ ਨੂੰ ਰਿਹਾ ਕਰਵਾਏਗੀ, ਜਿਹਨਾਂ ਨੂੰ ਸਪਾ ਨੇਤਾ ਖੁਦ ਵੀ ਆਪਣੇ ਬਿਆਨਾ ’ਚ ਉਨ੍ਹਾਂ ਬੇਕਸੂਰ ਕਹਿ ਚੁਕੇ ਹਨ। ਪਰ ਹਕੀਕਤ ਕੁਝ ਹੋਰ ਹੀ ਵੇਖਣ ਨੂੰ ਮਿਲ ਰਹੀ ਹੈ।

ਸਰਕਾਰ ਦੇ ਦਾਅਵੇ ਹਾਸ਼ੀਏ ’ਤੇ ਪਏ ਹਨ ਅਤੇ ਸਤਾ ਦੀਆਂ ਲੋੜਾਂ ਸਿਰ ਚੜ ਕੇ ਬੋਲ ਰਹੀਆਂ ਹਨ। ਉਤਰ ਪ੍ਰਦੇਸ਼ ਪੀ. ਯੂ. ਸੀ. ਐਲ. ਦੇ ਜਨਰਲ ਸਕੱਤਰ ’ਤੇ ਰਿਹਾਈ ਮੰਚ ਨਾਲ ਜੁੜੇ ਅਜੀਤ ਯਾਦਵ ਕਹਿੰਦੇ ਹਨ ਕਿ ‘ਰਿਹਾਈ ਨੂੰ ਲੈ ਕੇ ਸਰਕਾਰ ਨੇ ਅਪਰਾਧੀਆਂ ਨੂੰ ਛੁਡਾਉਣ ਦਾ ਕੰਮ ਤਰਜੀਹ ’ਚ ਰੱਖਿਆ ਗਿਆ ਹੈ। ਇਸ ਤੋਂ ਸਾਫ ਹੈ ਕਿ ਨੌਜਵਾਨ ਅਖਿਲੇਸ਼ ਦੀਆਂ ਵੱਡੀਆਂ ਤਰਜੀਹਾਂ ਹਨ ਜੋ ਬਾਪ ਮੁਲਾਇਮ ਦੀਆਂ ਹੁੰਦੀਆਂ ਸਨ, ਜਿਕਰਯੋਗ ਇਹ ਵੀ ਹੈ ਕਿ ਸੂਬਾਈ ਏ. ਡੀ. ਜੀ. ਕਨੂੰਨ-ਵਿਵਸਥਾ ਜਗਮੋਹਨ ਯਾਦਵ ਨੇ ਪਿਛੇ ਜਿਹੇ ਹੀ ਬਿਆਨ ਦਿਤਾ ਸੀ ਕਿ ਸਭ ਜਿਲਿਆਂ ਦੇ ਕਪਤਾਨਾ (ਐਸ. ਐਸ. ਪੀ.) ਨੂੰ ਕਹਿ ਦਿਤਾ ਗਿਆ ਹੈ ਕਿ ਉਹ ਉਨ੍ਹਾਂ ਸਾਰੇ ਕੇਸਾਂ ਨੂੰ ਮੁਖ ਦਫਤਰ ਭੇਜ ਦੇਣ। ਜਿਹਨਾਂ ਕੇਸਾਂ ’ਚ ਫਰਜੀ ਹੋਣ ਦੀਆਂ ਅਪੀਲਾਂ ਕੀਤੀਆਂ ਗਈਆਂ ਹਨ। ਇਸ ਤੋਂ ਪਹਿਲਾਂ ਸਪਾ ਦੀ ਹੀ ਤਰਜ ’ਤੇ ਮਾਇਆਵਤੀ ਸਰਕਾਰ ਨੇ ਮਈ 2010 ਵਿਚ ਮੁਜਫਰ ਨਗਰ ਜਿਲੇ ਦੇ ਬਸਪਾ ਨੇਤਾ ਤੇਜਪਾਲ ਸੈਨੀ ਤੇ ਹੋਰ 10 ਖਿਲਾਫ ਹੱਤਿਆ ਦਾ ਮੁਕਦਮਾ ਵਾਪਸ ਕਰਵਾ ਲਿਆ ਗਿਆਸੀ। ਇਹ ਸਭ ਦੋਸ਼ੀ 20 ਅਗਸਤ 2010 ’ਚ ਜਿਲੇ ਦੇ ਲੁਹਰੀ ਖੁਰਦ ’ਚ ਹੋਈ ਹੱਤਿਆ ਦੇ

ਮਾਮਲੇ 'ਚ ਨਾਮਜ਼ਦ ਸਨ। ਮੁਜ਼ਫਰਨਗਰ ਵਿਚ ਹੀ ਬਸਪਾ ਦੇ ਲੋਕ ਸਭਾ ਮੈਂਬਰ ਕਾਦਿਰ ਰਾਣਾ ਤੇ "ਦੂਜੇ ਬੰਦਿਆਂ ਵਿਰੁੱਧ ਅਪਰਾਧਿਕ ਕੇਸ ਵਾਪਸ ਲੈਣ ਲਈ ਅਭਿਯੋਗ ਅਧਿਕਾਰੀ ਨੇ ਕਿਹਾ, ਪਰ ਮਾਮਲੇ ਦੀ ਸੁਣਵਾਈ ਕਰ ਰਹੇ ਉਸ ਵੇਲੇ ਦੇ ਵਧੀਕ ਸੈਸ਼ਨ ਜੱਜ ਐਸ ਕੇ ਬੈਨਰਜੀ ਨੇ ਮੁਕਦਮਾ ਲੈਣ ਤੋਂ ਮਨਾ ਕਰ ਦਿੱਤਾ ਸੀ। ਜੱਜ ਦਾ ਕਹਿਣਾ ਸੀ ਕਿ ਇਸ ਕਾਂਡ 'ਚ ਕਈ ਪੁਲਸੀਏ ਤੇ ਪੁਲਸ ਮੁਖੀ ਜਖਮੀ ਹੋਏ ਸਨ। ਸਾਂਸਦ ਅਤੇ ਉਨ੍ਹਾਂ ਦੇ ਸਾਥੀਆਂ 'ਤੇ ਇਹ ਮੁਕਦਮਾ ਸੰਨ 2004 'ਚ ਕੀਤਾ ਗਿਆ ਸੀ। ਹਾਲਾਂਕਿ ਬਸਪਾ ਪ੍ਰਦੇਸ਼ ਮੁਖੀ ਸਵਾਮੀ ਪ੍ਰਸਾਦ ਮੌਰਿਆਂ ਮਾਇਆਵਤੀ ਸਰਕਾਰ ਦੀ ਹਕੂਮਤ ਨੂੰ ਸੌ ਫੀ ਸਦੀ ਦਰੁਸਤ ਦਸਦੇ ਕਹਿੰਦੇ ਹਨ 'ਐਲਾਨਿਆ ਤੌਰ 'ਤੇ ਅਪਰਾਧੀ ਨੇਤਾਵਾਂ ਦੀ ਰਿਹਾਈ ਦੀ ਕੋਸ਼ਿਸ਼ 'ਚ ਲੱਗੀ ਸਰਕਾਰ ਨੇ ਇਹ ਸਾਫ ਕਰ ਦਿਤਾ ਹੈ ਕਿ ਉਤਰ ਪ੍ਰਦੇਸ਼ 'ਚ ਗੁੰਡਾਰਾਜ ਇਕ ਵਾਰ ਫੇਰ ਵਾਪਸ ਆ ਗਿਆ ਹੈ।'

# ਸਤਾ ਤਬਦੀਲੀ ਦੇ 65 ਸਾਲਾਂ ਪਿੱਛੋਂ ਕਿੱਥੇ ਹਾਂ ਅਸੀਂ?

ਅਮਰੀਕੀ ਰਾਸ਼ਟਰਪਤੀ ਬਰਾਕ ਓਬਾਮਾ ਨੇ ਅਜੇ ਕੁਝ ਦਿਨ ਪਹਿਲਾਂ ਹੀ ਬਿਆਨ ਦਿੱਤਾ ਹੈ ਕਿ ਜਿਸ 'ਚ ਉਨ੍ਹਾਂ ਨੇ ਕਿਹਾ ਕਿ ਭਾਰਤ 'ਚ ਪੂੰਜੀ ਨਿਵੇਸ਼ ਦਾ ਮਾਹੌਲ ਲਗਾਤਾਰ ਖਰਾਬ ਹੁੰਦਾ ਜਾ ਰਿਹਾ ਹੈ, ਇਸ ਲਈ ਯੂ. ਪੀ. ਏ. ਸਰਕਾਰ ਨੂੰ ਫਿਰ ਤੋਂ 'ਸੁਧਾਰਾਂ ਦੀ ਇੱਕ ਲਹਿਰ' ਪੈਦਾ ਕਰਨੀ ਹੋਵੇਗੀ। ਉਨ੍ਹਾਂ ਦੇ ਇਸ ਬਿਆਨ ਦਾ ਸਾਫ਼ ਮਤਲਬ ਹੈ ਕਿ ਮਨਮੋਹਨ ਸਿੰਘ ਸਰਕਾਰ 'ਤੇ ਸੁਧਾਰਾਂ ਦੀ ਰਫ਼ਤਾਰ ਨੂੰ ਤੇਜ਼ ਕਰਨ ਲਈ ਦਬਾਅ ਪਾਉਣਾ। ਪਿਛਲੇ ਕੁਝ ਸਮੇਂ ਤੋਂ ਮਨਮੋਹਨ ਸਰਕਾਰ 'ਤੇ ਨੀਤੀਗਤ ਲਕਵੇ ਦਾ ਸ਼ਿਕਾਰ ਹੋਣ ਦਾ ਦੋਸ਼ ਲਗਦਾ ਰਿਹਾ ਹੈ। ਪਿੱਛੇ ਜਿਹੇ ਹੀ ਅਮਰੀਕਾ ਦੀ 'ਟਾਈਮਜ਼ ਪਤ੍ਰਿਕਾ' ਨੇ ਵੀ ਮਨਮੋਹਨ ਨੂੰ 'ਉਮੀਦ ਤੋਂ ਘੱਟ ਹਾਸਲ ਕਰਨ ਵਾਲਾ' ਪ੍ਰਧਾਨ ਮੰਤਰੀ ਕਿਹਾ ਹੈ। ਇਸ ਦਾ ਅਰਥ ਇਹ ਨਹੀਂ ਹੈ ਕਿ ਮਨਮੋਹਨ ਸਾਮਰਾਜੀਆਂ ਦੀਆਂ ਅੱਖਾਂ 'ਚ ਰੜਕ ਰਹੇ ਹਨ। ਯਾਦ ਰਹੇ ਕਿ ਇਹ ਉਹੀ ਮਨਮੋਹਨ ਸਿੰਘ ਹੈ ਜਿਸ ਨੂੰ ਅਮਰੀਕਾ ਨੇ 1991 'ਚ ਚੋਣ ਨਤੀਜੇ ਆਉਣ ਤੋਂ ਪਹਿਲਾਂ ਹੀ ਭਾਰਤ ਦਾ ਵਿੱਤ ਮੰਤਰੀ ਐਲਾਨ ਦਿੱਤਾ ਸੀ ਤੇ ਉਹ ਨਰਸਿਮਾ ਰਾਓ ਸਰਕਾਰ 'ਚ ਸੰਸਾਰ ਬੈਂਕ ਦੀ ਅਫਸਰੀ ਤੋਂ ਹਟ ਕੇ ਸਿੱਧਾ ਵਿੱਤ ਮੰਤਰੀ ਬਣ ਗਏ ਸਨ ਉਸ ਸਮੇਂ ਉਨ੍ਹਾਂ ਨੇ ਸਾਮਰਾਜੀ ਵਿਸ਼ਵੀਕਰਨ, ਉਦਾਰੀਕਰਨ ਤੇ ਨਿੱਜੀਕਰਣ ਦੀਆਂ ਨਵੀਆਂ ਆਰਥਿਕ ਨੀਤੀਆਂ ਦੀ ਸ਼ੁਰੂਆਤ ਕੀਤੀ ਸੀ। ਉਦੋਂ ਤੋਂ ਹੀ ਸਰਕਾਰ ਚਾਹੇ ਕਿਸੇ ਵੀ ਪਾਰਟੀ ਜਾਂ ਗੱਠਜੋੜ ਦੀ ਰਹੀ ਹੋਵੇ ਇਹ ਨੀਤੀਆਂ ਬਦਸਤੂਰ ਜਾਰੀ ਹਨ ਜਿਸ ਨੇ ਦੇਸ਼ ਦਾ ਬੇੜਾ ਗਰਕ ਤੇ ਲੋਕਾਂ ਦਾ ਜੀਣਾ ਦੁਭਰ ਕਰ ਰੱਖਿਆ ਹੈ। ਓਬਾਮਾ ਦੇ ਇਸ ਬਿਆਨ ਦਾ ਇੱਕ ਮਾਤਰ ਮਕਸਦ ਹੈ ਕਿ ਦਬਾ ਵਧਾ ਕੇ ਭਾਰਤ ਦੇ ਅਰਥਚਾਰੇ ਦੇ ਦਰਵਾਜ਼ੇ ਨੂੰ ਹੋਰ ਵੱਧ ਖੁਲਵਾਉਣਾ। ਜਿਵੇਂ ਕਿ ਸਰਕਾਰ ਦੀ ਇੱਛਾ ਤੇ ਸਾਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਜ਼ਬਰਦਸਤ ਵਿਰੋਧ ਕਾਰਨ ਪ੍ਰਚੂਨ ਵਪਾਰ ਨੂੰ ਸਿੱਧੇ ਵਿਦੇਸ਼ੀ ਪੂੰਜੀ ਨਿਵੇਸ਼ ਲਈ ਖੋਹਲਿਆ ਨਹੀਂ ਜਾ ਸਕਿਆ। ਅਮਰੀਕਾ ਚਾਹੁੰਦਾ ਹੈ ਕਿ ਪ੍ਰਚੂਨ ਵਪਾਰ ਤੇ ਹੋਰ ਬਚੇ ਹੋਏ ਖੇਤਰਾਂ ਨੂੰ ਸਿੱਧੇ ਵਿਦੇਸ਼ੀ ਨਿਵੇਸ਼ ਲਈ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਜਾਵੇ। ਇਸ ਉਦੇਸ਼ ਨਾਲ ਅਮਰੀਕੀ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਜਦ ਪਿੱਛਲੇ ਦਿਨੀਂ ਭਾਰਤ ਫੇਰੀ 'ਤੇ ਆਈ ਸੀ ਤਾਂ ਉਨ੍ਹਾਂ ਨੇ ਸਭ ਤੋਂ ਪਹਿਲਾਂ ਕਲਕੱਤਾ ਜਾ ਕੇ ਮਮਤਾ ਬੈਨਰਜੀ ਨਾਲ ਭੇਂਟ ਕੀਤੀ ਸੀ। ਸੁਧਾਰਾਂ ਦੀ ਰਫ਼ਤਾਰ ਤੇਜ਼ ਕਰਨ ਲਈ ਕਹਿਣ ਦਾ ਦੂਜਾ ਅਰਥ ਇਹ ਹੈ ਕਿ ਸਰਕਾਰ ਵੱਲੋਂ ਸਭ ਖੇਤਰਾਂ 'ਚ ਸਰਕਾਰੀ ਗਰਾਂਟ (ਸਬਸਿਡੀ) 'ਚ ਸਖਤੀ ਨਾਲ ਕਟੌਤੀ ਕਰੇ। ਆਰਥਿਕ ਸੁਧਾਰਾਂ ਦੇ ਹਾਮੀਆਂ ਦਾ ਤਰਕ ਹੈ ਕਿ ਅਰਥਚਾਰੇ 'ਚ ਆ ਰਹੀ ਖਤਰਨਾਕ ਗਿਰਾਵਟ ਨੂੰ ਰੋਕਣ ਤੇ ਫਿਰ ਤੋਂ 'ਵਿਕਾਸ' ਦੀ ਲੀਹ 'ਤੇ ਵਾਪਸ ਲਿਆਉਣ ਲਈ ਵਿਦੇਸ਼ੀ ਪੂੰਜੀ ਨੂੰ ਵਧਾਉਣਾ ਤੇ ਸਬਸਿਡੀ 'ਚ ਕਟੌਤੀ ਕਰਨਾ ਹੀ ਇੱਕੋ ਇੱਕ ਬਦਲ ਹੈ। ਹਾਲ ਦੀ ਘੜੀ ਸਾਰੀ ਦੁਨੀਆਂ ਜਾਣਦੀ ਹੈ ਕਿ ਅਜਿਹਾ ਕਰਨ ਨਾਲ ਜਨ-ਸਮੂਹ ਦੀ ਕਾਰਜ ਸ਼ਕਤੀ ਪਹਿਲਾਂ ਤੋਂ ਵੀ ਘੱਟ ਹੋ ਜਾਵੇਗੀ ਅਤੇ ਅਰਥਚਾਰੇ 'ਚ ਗਿਰਾਵਟ ਦੀ ਰਫ਼ਤਾਰ ਪਹਿਲਾਂ ਨਾਲੋਂ ਤੇਜ਼ ਹੋ ਜਾਵੇਗੀ। ਇਹ ਕਦਮ ਦੇਸ਼ ਦੇ ਲੋਕਾਂ ਦੀ ਮਦਦ ਕਰਨ ਦੀ ਥਾਂ ਸਾਮਰਾਜੀ ਦੇਸ਼ਾਂ ਦੇ ਸੰਕਟ ਗ੍ਰਸਿਤ ਅਰਥਚਾਰੇ ਨੂੰ ਉਭਾਰਨ 'ਚ ਮਦਦ ਕਰਨਗੇ ਮਦਦਗਾਰ ਹੋਣਗੇ।

ਵਿਚਾਰ ਕਰਨ ਦੀ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਓਬਾਮਾ ਨੇ ਇਸ ਤਰ੍ਹਾਂ ਦਾ ਅਪਮਾਨਜਨਕ ਸੁਝਾਅ ਦੇਣ ਦੀ ਜੁਅਰਤ ਕੀਤੀ ਤਾਂ ਕੀਤੀ ਕਿਵੇਂ? ਜਦ ਕਿ ਅਮਰੀਕੀ ਸਾਮਰਾਜ ਦੇ ਹੁਕਮ ’ਤੇ ਪਿਛਲੇ 20 ਸਾਲਾਂ ਤੋਂ ਜਾਰੀ ਉਦਾਰੀਕਰਨ ਦੀਆਂ ਨੀਤੀਆਂ ਨੇ ਲੋਕਾਂ ਦੇ ਜੀਵਨ ਨੂੰ ਤਬਾਹੀ ਕੰਢੇ ਪਹੁੰਚਾ ਦਿੱਤਾ ਹੈ ਭਾਰਤ ਦਾ ਪੂੰਜੀਵਾਦੀ ਮੀਡੀਆ ਤੇ ਸਤਾ ਦੇ ਅਹਿਮ ਅਹੁਦਿਆਂ ’ਤੇ ਬੈਠੇ ਸਾਮਰਾਜ ਦੇ ਦੂਤ ਜਿਸ ਤਰ੍ਹਾਂ ਨਾਲ ਓਬਾਮਾ ਦੇ ਬਿਆਨ ਦੀ ਹਮਾਇਤ ਕਰ ਰਹੇ ਹਨ ਉਹ ਇਹ ਦਰਸਾਉਂਦਾ ਹੈ ਕਿ ਉਹ ਨਾ ਸਿਰਫ਼ ਇਨ੍ਹਾਂ ਨੀਤੀਆਂ ਨੂੰ ਜਾਰੀ ਰੱਖਣਾ ਚਾਹੁੰਦੇ ਹਨ ਬਲਕਿ ਇਨ੍ਹਾਂ ਨੂੰ ਤੇਜ਼ ਕਰਨ ਦੇ ਪੱਖ ’ਚ ਵੀ ਹਨ ਜਿਸ ਨਾਲ ਮੁਠੀਭਰ ਲੋਕਾਂ ਨੂੰ ਹੀ ਫਾਇਦਾ ਪਹੁੰਚ ਰਿਹਾ ਹੈ। ਇਸ ਤੋਂ ਇਹ ਵੀ ਸਪੱਸ਼ਟ ਹੋ ਜਾਂਦਾ ਹੈ ਕਿ 15 ਅਗਸਤ 1947 ਨੂੰ ਹੋਈ ਸੱਤਾ ਤਬਦੀਲੀ ਪਿੱਛੋਂ ਪਿਛਲੇ 65 ਸਾਲਾਂ ਵਿੱਚ ਭਾਰਤ ਦੀ ਹਾਕਮ ਜਮਾਤ ਦਾ ਦਲਾਲ ਕਿਰਦਾਰ ਲਗਾਤਾਰ ਮਜ਼ਬੂਤ ਹੁੰਦਾ ਜਾ ਰਿਹਾ ਹੈ ਅਤੇ ਦੇਸ਼ ’ਤੇ ਨਵ-ਬਸਤੀਵਾਦੀ ਗੁਲਾਮੀ ਦਾ ਸ਼ਿਕੰਜਾ ਮਜ਼ਬੂਤੀ ਨਾਲ ਕੱਸਿਆ ਹੀ ਗਿਆ ਹੈ। ਇਸ ਸਾਲ 15 ਅਗਸਤ ਦੀ ਸਵੇਰੇ ਜਦ ਪ੍ਰਧਾਨ ਮੰਤਰੀ ਇੱਕ ਵਾਰ ਫੇਰ ਲਾਲ ਕਿਲੇ ਤੋਂ ਲੋਕਾਂ ਨੂੰ ਸੰਬੋਧਨ ਕਰ ਰਹੇ ਹੋਣਗੇ ਤਾਂ 65 ਸਾਲ ਦੀ ਇਸ ਦਲਾਲ ਹਕੂਮਤ, ਖਾਸ ਕਰਕੇ ਪਿੱਛੇ 20 ਸਾਲਾਂ ਦੀ ਨਵ-ਉਦਾਰਵਾਦੀ ਨੀਤੀਆਂ ਦਾ ਮਾੜਾ ਸਿੱਟਾ ਸਭ ਖੇਤਰਾਂ ’ਚ ਸਾਫ਼ ਤੌਰ ’ਤੇ ਮਹਿਸੂਸ ਕੀਤਾ ਜਾ ਰਿਹਾ ਹੋਵੇਗਾ। ਸਭ ਜੀਵਨ ਉਪਯੋਗੀ ਵਸਤੂਆਂ ਤੇ ਸੇਵਾਵਾਂ ਦੀਆਂ ਕੀਮਤਾਂ ਸਤਵੇਂ ਆਕਾਸ਼ ‘ਤੇ ਹਨ ਅਤੇ ਇਹ ਵਿਆਪਕ ਜਨਤਾ ਦੀ ਪਹੁੰਚ ਤੋਂ ਬਾਹਰ ਹੁੰਦੀ ਜਾ ਰਹੀ ਹੈ। ਡਾਲਰ ਦੀ ਤੁਲਨਾ ’ਚ ਰੁਪਿਆਂ ਦੀ ਕੀਮਤ ’ਚ ਤੇਜ਼ ਗਿਰਾਵਟ ਜਾਰੀ ਹੈ ਤੇ ਇਸ ਦੀ ਕਾਰਜ ਸਮਰੱਥਾ ਲਗਾਤਾਰ ਘੱਟ ਰਹੀ ਹੈ। ਪੈਦਾਵਾਰ ’ਚ ਵਿਕਾਸ ਰੁਕ ਹੀ ਗਿਆ ਹੈ ਜਦ ਕਿ ਸਿੱਕੇ ਦਾ ਫੈਲਾਅ ਵਧ ਰਿਹਾ ਹੈ। ਬਜ਼ਾਰ ਸਮਾਨ ਨਾਲ ਭਰਿਆ ਪਿਆ ਹੈ ਪਰ ਕੀਮਤਾਂ ਆਕਾਸ਼ ਛੂ ਰਹੀਆਂ ਹਨ। ਉਤਪਾਦਨ ‘ਚ ਸਥਿਰਤਾ ਤੇ ਸਿੱਕੇ ਦਾ ਫੈਲਾਅ ਇਨ੍ਹਾਂ ਦੋਹਾਂ ਨੇ ਮਿਲ ਕੇ ਜਿਸ ਸਥਿਤੀ ਦਾ ਨਿਰਮਾਣ ਕੀਤਾ ਹੈ ਉਸ ਨੂੰ ਸਿਥਰਾ ਸਫੀਤੀ ਕਿਹਾ ਜਾ ਰਿਹਾ ਹੈ। 1970 ਦੇ ਦਹਾਕੇ ਦੀ ਸਿਥਰਾਸਫਿਤੀ ਤੋਂ ਬਦਤਰ ਹਾਲਤ ਹੈ। ਇਸ ਲਈ ਵਿੱਤੀ ਪੂੰਜੀ ਯਾਨੀ ਕਿ ਸਾਮਰਾਜੀ ਵਿਵਸਥਾ ਦਾ ਸੰਕਟ ਡੂੰਘਾ ਹੁੰਦਾ ਜਾ ਰਿਹਾ ਹੈ। 2008 ’ਚ ਅਮਰੀਕਾ ਤੋਂ ਸ਼ੁਰੂ ਹੋਇਆ ਜਾਂ ਸੰਕਟ ਨੇ ਅੱਜ ਪੂਰੇ ਯੂਰਪ ਨੂੰ ਆਪਣੀ ਲਪੇਟ ’ਚ ਲੈ ਲਿਆ ਹੈ ਤੇ ਭਾਰਤ ਸਮੇਤ ਪੂਰੀ ਦੁਨੀਆਂ ’ਤੇ ਅਸਰ ਪਾ ਰਿਹਾ ਹੈ। ਦੂਜੇ ਪਾਸੇ ਬਹੁਕੌਮੀ ਕੰਪਨੀਆਂ, ਸਨਅਤੀ ਘਰਾਣਿਆਂ, ਨੌਕਰਸ਼ਾਹੀ ਰਾਜਸੀ ਨੇਤਾਵਾਂ ਤੇ ਠੇਕੇਦਾਰਾਂ ਨੇ ਨਾਪਾਕ ਗੱਠਜੋੜ ਬਣਾ ਲਿਆ ਹੈ ਅਤੇ ਮਾਫ਼ੀਆਂ ਰਾਜ ਚਲਾ ਰਹੇ ਹਨ। ਉਹ ਕੁਦਰਤੀ ਤੇ ਮਨੁੱਖੀ ਵਸੀਲਿਆਂ ਨੂੰ ਬੇਰਹਿਮੀ ਨਾਲ ਲੁੱਟ ਰਹੇ ਹਨ ਜਿਸ ਨਾਲ ਮੁਠੀਭਰ ਲੋਕ ਅਮੀਰ ਤੋਂ ਅਤੀ ਅਮੀਰ ਤੇ ਸਰਭ ਸ਼ਕਤੀਮਾਨ ਬਣਾ ਦਿੱਤਾ ਹੈ। ਬੇਰੁਜ਼ਗਾਰੀ, ਅਰਧ-ਬੇਰੁਜ਼ਗਾਰੀ ਵੇਤਨ ਤੇ ਸੰਘਰਸ਼ ਤੋਂ ਹਾਸਲ ਅਧਿਕਾਰਾਂ ’ਚ ਕਟੌਤੀ, ਹਾਇਰ ਐਂਡ ਫਾਇਰੇ (ਜਦੋਂ ਚਾਹੋ ਕੰਮ ’ਤੇ ਰੱਖੋ, ਜਦੋਂ ਚਾਹੋ ਮਰਜ਼ੀ ਕੰਮ ਤੋਂ ਬਾਹਰ ਕੱਢ ਦਿਉ) ਤੇ ਠੇਕੇਦਾਰੀ ਪ੍ਰਥਾ ਨੇ ਮਜ਼ਦੂਰ ਜਮਾਤ ਨੂੰ ਨਿਚੋੜ ਦਿੱਤਾ ਹੈ ਜਿਸ ਕਾਰਨ ਪਿਛਲੇ ਇੱਕ ਦਹਾਕੇ ’ਚ ਲੱਖਾਂ ਕਿਸਾਨ ਆਤਮ ਹੱਤਿਆ ਕਰਨ ਲਈ ਮਜ਼ਬੂਰ ਹੋਏ ਹਨ। ਦਲਿਤ ਜੋ ਅਬਾਦੀ ਦਾ ਲਗਭਗ 18 ਫੀਸਦੀ ਹਨ,

ਆਰਥਿਕ ਤੇ ਸਮਾਜਿਕ ਜਬਰ ਦਾ ਸ਼ਿਕਾਰ ਹਨ। ਉਥੇ ਆਦੀਵਾਸੀ ਜਿਨ੍ਹਾਂ ਦੀ ਅਬਾਦੀ 10 ਕਰੋੜ ਹੈ, ਲਗਾਤਾਰ ਉਜਾੜੇ ਜਾ ਰਹੇ ਹਨ ਤੇ ਉਨ੍ਹਾਂ ਉਪਰ ਹਰ ਕਿਸਮ ਦਾ ਅਤਿਆਚਾਰ ਹੋ ਰਿਹਾ ਹੈ। ਔਰਤਾਂ ਜਿੱਥੇ ਅੱਜ ਵੀ ਬਰਾਬਰ ਅਧਿਕਾਰਾਂ ਤੋਂ ਵਾਂਝੇ ਹਨ ਉਥੇ ਉਨ੍ਹਾਂ 'ਤੇ ਲਿੰਗਿਕ ਹਮਲਿਆਂ ਸਮੇਤ ਸਭ ਖੇਤਰਾਂ 'ਚ ਹਮਲੇ ਹੋ ਰਹੇ ਹਨ। ਗਰੀਬ ਤਬਕਿਆਂ ਦੇ ਬੱਚਿਆਂ ਦੀ ਦੁਰਦਸ਼ਾ ਦਿਨ-ਬ-ਦਿਨ ਬਦਤਰ ਹੁੰਦੀ ਜਾ ਰਹੀ ਹੈ ਕਿਉਂਕਿ ਹਰ ਚੀਜ਼ ਦਾ ਨਿੱਜੀਕਰਨ ਕਰ ਦਿੱਤਾ ਗਿਆ ਅਤੇ ਸਭ ਚੀਜ਼ਾਂ ਬਜ਼ਾਰ ਦੇ ਹਵਾਲੇ ਕਰ ਦਿੱਤੀਆਂ ਗਈਆਂ ਹਨ। ਇਸ ਲਈ ਸਿਖਿਆ, ਸਿਹਤ ਤੇ ਮਕਾਨ ਵਰਗੀਆਂ ਬੁਨਿਆਦੀ ਸਹੂਲਤਾਂ ਵਿਆਪਕ ਲੋਕਾਂ ਦੀ ਪਹੁੰਚ ਤੋਂ ਦੂਰ ਹੋ ਗਈਆਂ ਹਨ। ਇਨ੍ਹਾਂ ਸਭ 'ਤੇ ਧਾਰਮਿਕ ਰੀਤੀ ਰਿਵਾਜ, ਅੰਧ ਵਿਸ਼ਵਾਸ, ਜਾਤੀ ਪ੍ਰਥਾ, ਜਾਗੀਰੂ ਸਭਿਆਚਾਰ ਦੇ ਚਿੰਨ ਅਤੇ ਸਾਮਰਾਜੀ ਸਭਿਆਚਾਰ ਦੇ ਹਮਲੇ ਨੇ ਸਮਾਜ ਨੂੰ, ਗੈਰ-ਮਨੁੱਖੀ ਤੇ ਢੀਠ ਬਣਾ ਦਿੱਤਾ ਹੈ। ਕੀ ਅਜ਼ਾਦੀ ਦੀ ਲੜਾਈ ਸਮੇਂ ਜਿਸ ਨਵੇਂ ਸਮਾਜ ਦਾ ਸੁਪਨਾ ਵੇਖਿਆ ਗਿਆ ਸੀ, ਇਹ ਇਹੀ ਭਾਰਤ ਸੀ? ਸ਼ਹੀਦੇ ਆਜ਼ਮ ਭਗਤ ਸਿੰਘ ਨੇ ਸਾਫ਼ ਜੋ ਚੇਤਾਵਨੀ ਦਿੱਤੀ ਸੀ, ਉਹੀ ਕੁਝ ਹੋਇਆ। ਅੰਗਰੇਜ਼ਾਂ ਵੱਲੋਂ ਸੱਤਾ ਦੀ ਤਬਦੀਲੀ ਨਾਲ ਗੋਰਿਆਂ ਦੀ ਥਾਂ ਕਾਲਿਆਂ ਦੀ ਹਕੂਮਤ ਕਾਇਮ ਹੋਈ ਮੁਠੀਭਰ ਲੋਕਾਂ ਦੀ ਚਾਂਦੀ ਹੈ ਪਰ ਵਿਆਪਕ ਲੋਕਾਂ ਦੀ ਜ਼ਿੰਦਗੀ ਬਦ ਤੋਂ ਬਦਤਰ ਹੁੰਦੀ ਗਈ। ਇਨ੍ਹਾਂ ਦੀ ਹਕੂਮਤ ਮੇਹਨਤਕਸ਼ ਲੋਕਾਂ ਨੂੰ ਮਹਿੰਗੀ ਪੈ ਰਹੀ ਹੈ। ਉਨ੍ਹਾਂ ਨੂੰ ਪਾਈ ਪਾਈ ਲਈ ਮੋਹਤਾਜ ਤੇ ਕੰਗਾਲ ਬਣਾ ਦਿੱਤਾ ਗਿਆ ਹੈ। ਪਿਛਲੇ 65 ਸਾਲਾਂ ਦਾ ਅਨੁਭਵ ਸਾਬਤ ਕਰਦਾ ਹੈ ਕਿ ਚਾਹੇ ਕਿੰਨਾ ਵੀ ਸੁਧਾਰ ਕੀਤਾ ਜਾਵੇ ਇਹ ਪਿਛਾਖੜੀ ਵਿਵਸਥਾ ਬੇਹਤਰ ਨਹੀਂ ਬਣ ਸਕਦੀ ਹੈ ਕਿਉਂਕਿ ਸਭ ਵੱਡੀਆਂ ਰਾਜਸੀ ਪਾਰਟੀਆਂ ਤੇ ਉਸ ਦੇ ਸਹਿਯੋਗੀ, ਜੋ ਕੇਂਦਰ ਤੇ ਰਾਜਾਂ ਦੀ ਸਤਾ 'ਚ ਭਾਗੀਦਾਰੀ ਕਰ ਰਹੇ ਹਨ ਤੇ ਇਸ ਦੇਸ਼ ਦੀ ਨੀਤੀ ਨੂੰ ਨਿਰਧਾਰਿਤ ਕਰ ਰਹੇ ਹਨ, ਇੱਕ ਹੀ ਥੈਲੀ ਦੇ ਚੱਟੇ-ਬੱਟੇ ਇੱਕ ਵਰਗੇ ਲੋਕ-ਵਿਰੋਧੀ, ਪਿਛਾਖੜੀ ਤੇ ਦਲਾਲ ਸਾਬਿਤ ਹੋਏ ਹਨ। 15 ਅਗਸਤ ਨੂੰ ਜਦ ਪ੍ਰਧਾਨ ਮੰਤਰੀ ਲਾਲ ਕਿਲੇ 'ਤੇ ਤਿਰੰਗਾ ਲਹਿਰਾ ਰਹੇ ਹਨ ਤੇ ਰੰਗ-ਰੰਗ ਦੀਆਂ ਪਾਰਟੀਆਂ ਦੇ ਮੁੱਖ ਮੰਤਰੀ ਤੇ ਮੰਤਰੀਗਣ ਵੱਖ ਵੱਖ ਰਾਜਾਂ ਤੇ ਜ਼ਿਲ੍ਹਾ ਹੈਡਕੁਆਰਟਰਾਂ 'ਤੇ ਇਹੀ ਕਰ ਰਹੇ ਹੋਣਗੇ ਤੇ ਹਕੂਮਤੀ ਪ੍ਰਣਾਲੀ ਆਪਣੀ ਤੇ ਆਪਣੀਆਂ ਪ੍ਰਾਪਤੀਆਂ ਦਾ ਗੁਣਗਾਣ ਕਰਦਿਆਂ ਉਕਾਊ ਭਾਸ਼ਣ ਦੇ ਰਹੇ ਹੋਣਗੇ, ਤਾਂ ਇਹ ਐਲਾਨ ਕਰਨਾ ਇਨਕਲਾਬੀ ਤਾਕਤਾਂ ਦਾ ਇਹ ਫਰਜ਼ ਹੈ ਕਿ ਅਜ਼ਾਦੀ ਸੰਗਰਾਮ ਦੇ ਸੈਨਾਨੀਆਂ ਤੇ ਸਮਾਜਿਕ ਤਬਦੀਲੀ ਲਈ ਆਪਣੀਆਂ ਜਾਨਾਂ ਦੀ ਅਹੂਤੀ ਦੇਣ ਵਾਲੇ ਲੱਖਾਂ ਸ਼ਹੀਦਾਂ ਦੇ ਸੁਪਨਿਆਂ ਨੂੰ ਇਸ ਗਲੀਸੜੀ, ਭਰਿਸ਼ਟ, ਲੋਕ-ਵਿਰੋਧੀ, ਦਲਾਲ ਨੌਕਰਸ਼ਾਹ ਸ਼ਰਮਾਏਦਾਰੀ ਦੀ ਵਿਵਸਥਾ ਦਾ ਅੰਤ ਕਰਕੇ ਹੀ ਸਾਕਾਰ ਕੀਤਾ ਜਾ ਸਕਦਾ ਹੈ। ਅੱਜ ਇਸ ਪ੍ਰਬੰਦ 'ਚ ਸੁਧਾਰ ਦੀ ਗੱਲ ਕਰਨਾ ਵਿਅਰਥ ਹੈ ਤੇ ਸ਼ਹੀਦਾਂ ਪ੍ਰਤੀ ਵਿਸ਼ਵਾਸਘਾਤ ਹੈ।

# ਬੰਬ ਵਿਸਫੋਟਾਂ ਦੀ ਸਾਜਿਸ਼ ਕਿਸਦੀ?

ਲੋਕਰਾਜ 'ਚ ਘੱਟ ਗਿਣਤੀ ਨੂੰ ਬਹੁਗਿਣਤੀ 'ਤੇ ਹਕੂਮਤ ਕਰਨ ਦਾ ਅਧਿਕਾਰ ਨਹੀਂ ਹੁੰਦਾ। ਪਰ ਸਾਡੇ ਦੇਸ਼ 'ਚ ਅਜਿਹਾ ਹੀ ਹੈ। ਸਾਡੇ ਇਥੇ ਪੂੰਜੀਪਤੀ ਤੇ ਬ੍ਰਾਹਮਣਾਂ ਦੀ ਗਿਣਤੀ ਸਿਰਫ 3 ਫੀ ਸਦੀ ਹੈ। ਫੇਰ ਵੀ ਸੱਤਾ 'ਤੇ ਉਹਨਾਂ ਦਾ ਕਬਜ਼ਾ ਹੈ, ਅਜੇਹਾ ਹੋਣਾ ਨਹੀਂ ਚਾਹੀਦਾ। ਵਿਧਾਨ ਪਾਲਿਕਾ, ਕਾਰਜ ਪਾਲਿਕਾ, ਨਿਆਂ ਪਾਲਿਕਾ ਤੇ ਮੀਡੀਆ ਹੀ ਨਹੀਂ ਬਲਕਿ ਫੌਜ, ਸਿਖਿਆ, ਗਵਰਨਰ, ਵਾਈਸ ਚਾਂਸਲਰ ਤੇ ਹਰ ਅਦਾਰੇ ਦੇ ਮੁੱਖ ਵਿਭਾਗਾਂ 'ਤੇ ਕਬਜਾ ਪੂੰਜੀਪਤੀਆਂ ਤੇ ਬ੍ਰਾਹਮਣੀ ਕਿਰਦਾਰ ਵਾਲਿਆਂ ਦਾ ਹੈ। ਨਿਆਂਪੂਰਨ ਤੇ ਕਾਨੂੰਨੀ ਤਰੀਕੇ ਨਾਲ ਅਜਿਹਾ ਦਾਅਵਾ ਜਾਂ ਕਬਜ਼ਾ ਸੰਭਵ ਨਹੀਂ ਹੈ। ਘੱਟ ਗਿਣਤੀ ਦਾ ਬਹੁਗਿਣਤੀ ਲੋਕਾਂ 'ਤੇ ਰਾਜ ਤੇ ਸਾਰੇ ਤਾਣੇ-ਬਾਣੇ 'ਤੇ ਕਬਜ਼ਾ ਜਮਹੂਰੀਅਤ 'ਚ ਜਾਇਜ਼ ਨਹੀਂ ਹੈ। ਮੌਲਿਕ ਸਿਧਾਂਤਾਂ ਨੂੰ ਸਮਝਣਾ ਜ਼ਰੂਰੀ ਹੈ। ਇਸ ਖਾਤਰ ਕਈ ਤਰੀਕੇ ਅਪਣਾਏ ਗਏ ਹਨ। ਜਵਾਹਰ ਲਾਲ ਨਹਿਰੂ ਨੇ ਮੀਡੀਆ ਦਾ ਕਾਨੂੰਨ ਬਣਾ ਕੇ ਮੀਡੀਆ 'ਤੇ ਕਬਜ਼ਾ ਕੀਤਾ। ਉਹਨਾਂ ਨੂੰ ਸੈਕੂਲਰ ਕਿਹਾ ਗਿਆ। ਆਰ.ਐਸ.ਐਸ ਵਾਲਿਆਂ ਨੂੰ ਵੀ ਜ਼ਿਆਦਾਤਰ ਲੋਕ ਖਤਰਨਾਕ ਕਹਿੰਦੇ ਹਨ ਪਰ ਸੈਕੂਲਰ ਬ੍ਰਾਹਮਣ ਵੱਧ ਖਤਰਨਾਕ ਹੋ ਸਕਦੈ। ਇਸ ਤੋਂ ਸਾਨੂੰ ਚੌਕਸ ਰਹਿਣ ਦੀ ਲੋੜ ਹੈ। ਮੀਡੀਆ ਦਾ ਕੰਮ ਲੋਕ ਰਾਇ ਬਣਾਉਣਾ ਹੁੰਦਾ ਹੈ। ਘੱਟ ਗਿਣਤੀ ਦੇ ਹੱਕ 'ਚ ਬਹੁਗਿਣਤੀ ਦੀ ਰਾਇ ਬਣਾਉਣਾ ਅੱਜ ਦੇ ਮੀਡੀਆ ਦਾ ਕੰਮ ਹੈ। ਇਹ ਕੰਮ ਮੀਡੀਆ ਨਿਰੰਤਰ ਕਰਦਾ ਰਹਿੰਦਾ ਹੈ। ਬਹੁਗਿਣਤੀ ਨੂੰ ਵੰਡ ਕੇ ਅਦਾਰਿਆਂ 'ਚ ਲੋਕਾਂ ਦੇ ਨੁਮਾਇੰਦੇ ਜਾਣ ਦੇਣ ਦੀ ਬਜਾਏ ਲੋਕਾਂ 'ਚ ਦਲਾਲ ਤੇ ਝੋਲੀ ਚੁੱਕ ਪੈਦਾ ਕੀਤੇ ਗਏ। ਦਲਾਲ ਜਿਥੇ ਵੀ ਹੋਵੇ, ਕਮਿਸ਼ਨ ਲੈਂਦਾ ਹੈ। ਭਾਰਤ ਦੀ ਸਾਰੀ ਸ਼ਰਮਾਏਦਾਰੀ ਦਲਾਲ ਨੌਕਰਸ਼ਾਹਾਂ ਦੀ ਹੈ। ਇਸ ਕਮਿਸ਼ਨ ਬਦਲੇ ਉਹ ਪੂੰਜੀਪਤੀਆਂ ਜਾਂ ਬ੍ਰਾਹਮਣਵਾਦੀਆਂ ਲਈ ਵੋਟਾਂ ਦਾ ਪ੍ਰਬੰਧ ਵੀ ਕਰਦਾ ਹੈ। ਜਿੰਨੇ ਵੀ ਦਲਾਲ ਪਿੰਡ ਪੱਧਰ ਤੋਂ ਲੈ ਕੇ ਦਿੱਲੀ ਤਕ ਪੈਦਾ ਕੀਤੇ ਗਏ ਹਨ ਉਹਨਾਂ ਦਾ ਕੰਮ ਘੱਟ ਗਿਣਤੀ ਲੋਕਾਂ ਨੂੰ ਵੋਟਾਂ ਪੁਆ ਕੇ ਬਹੁਗਿਣਤੀ 'ਚ ਬਦਲਣਾ ਰਿਹਾ ਹੈ। ਕਦੇ ਵੀ 100 ਫੀ ਸਦੀ ਵੋਟਾਂ ਨਹੀਂ ਪੈਂਦੀਆਂ। ਗਰੀਬੀ ਰੇਖਾ ਤੋਂ ਹੇਠਾਂ ਵਾਲਿਆਂ ਵੋਟਰਾਂ 'ਚੋਂ 42 ਫੀ ਸਦੀ ਪੈਸੇ ਲੈ ਕੇ ਵੋਟਾਂ ਪਾਉਂਦੇ ਹਨ। ਪਾਰਲੀਮਾਨੀ ਪਾਰਟੀਆਂ ਪੈਸੇ ਦੇ ਕੇ ਵੋਟਾਂ ਖਰੀਦ ਦੀਆਂ ਹਨ। ਅਮੀਰਾਂ ਕੋਲ ਪੈਸੇ ਦੀ ਨਹੀਂ ਵੋਟਾਂ ਦੀ ਘਾਟ ਹੈ, ਉਹ ਪੈਸੇ ਨਾਲ ਵੋਟਾਂ ਵਧਾਉਂਦੇ ਹਨ। ਇਸ ਨਾਲ ਘੱਟ ਗਿਣਤੀ ਲੋਕ ਬਹੁਗਿਣਤੀ ਵੋਟਰਾਂ 'ਚ ਬਦਲ ਰਹੇ ਹਨ।

ਭਾਰਤ 'ਚ ਕਾਂਗਰਸ ਨੇ ਸਭ ਤੋਂ ਪਹਿਲਾਂ ਗੁੰਡੇ ਵਰਤੇ ਸਨ। ਰਾਜਨੀਤੀ ਤੇ ਚੋਣਾਂ 'ਚ ਇਹ ਰਵਾਇਤ ਕਾਂਗਰਸ ਦੀ ਸ਼ੁਰੂਆਤ ਸੀ, ਜਦ ਓ.ਬੀ.ਸੀ ਦੇ ਨੁਮਾਇੰਦਿਆ ਨੇ ਵੀ ਕਾਂਗਰਸ ਦੀ ਰੀਸ ਕਰਦਿਆ ਗੁੰਡੇ ਵਰਤਣੇ ਸ਼ੁਰੂ ਕਰ ਦਿਤੇ ਤਾਂ ਬ੍ਰਾਹਮਣਵਾਦੀਆਂ ਨੇ 'ਰਾਜਨੀਤੀ ਦੇ ਅਪਰਾਧੀ ਕਰਨ' ਦਾ ਦੋਸ਼ ਲਾ ਕੇ ਪ੍ਰਚਾਰ ਸ਼ੁਰੂ ਕਰ ਦਿੱਤਾ। ਹੌਲੀ-ਹੌਲੀ ਗੁੰਡਿਆਂ ਨੂੰ ਲੱਗਿਆ ਕਿ ਸਾਡੇ ਵਜਾਹ ਨਾਲ ਕਾਂਗਰਸ ਚੋਣਾਂ ਜਿੱਤ ਰਹੀ ਹੈ ਤਾਂ ਫਿਰ ਅਸੀਂ ਆਪ (ਗੁੰਡੇ) ਚੋਣਾਂ ਕਿਉਂ ਨਾ ਲੜੀਏ। ਇਸ

ਤਰ੍ਹਾਂ ਗੁੰਡਿਆਂ ਨੇ ਆਪ ਚੋਣਾਂ ਲੜਨੀਆਂ ਸ਼ੁਰੂ ਕਰ ਦਿੱਤੀਆਂ। ਘੱਟ ਗਿਣਤੀ ਨੂੰ ਬਹੁਗਿਣਤੀ ਬਣਾਉਣ 'ਚ ਗੁੰਡਿਆਂ ਦਾ ਵੱਡਾ ਰੋਲ ਚੱਲਦਾ ਆ ਰਿਹਾ ਹੈ। ਅਗਲੀ ਗੱਲ ਚੋਣਾਂ 'ਚ ਪ੍ਰਸ਼ਾਸਨ ਦੀ ਵਰਤੋਂ ਨਾਲ ਵੋਟਾਂ 'ਚ ਧਾਂਦਲੀ ਕਰਵਾਈ ਜਾਂਦੀ ਹੈ। ਬੈਲਟ ਬਾਕਸ ਤਕ ਬਦਲੇ ਜਾਂਦੇ ਹਨ। ਇਹ ਸਭ ਪ੍ਰੈਕਟੀਕਲ 'ਚ ਹੈ। ਕਲੈਕਟਰ ਤਕ ਵੋਟਾਂ ਦੀ ਗਿਣਤੀ ਮੌਕੇ ਘੱਟ ਗਿਣਤੀ ਨੂੰ ਬਹੁਗਿਣਤੀ 'ਚ ਬਦਲ ਲੈਂਦੇ ਹਨ। ਹਾਰੇ ਹੋਏ ਹਾਈਕੋਰਟ ਜਾਂਦੇ ਹਨ ਤਾਂ ਅਗਲੀਆਂ ਚੋਣਾਂ ਤਕ ਕੋਈ ਫੈਸਲਾ ਹੀ ਨਹੀਂ ਹੁੰਦਾ। ਨਿਆਂਪਾਲਿਕਾ ਦੀ ਵੀ ਵਰਤੋਂ ਬ੍ਰਾਹਮਣਵਾਦੀ (ਪੂੰਜੀਪਤੀ) ਸੋਚ ਵਾਲਿਆਂ ਵਲੋਂ ਕਰ ਲਈ ਜਾਂਦੀ ਹੈ। ਇਸ ਤੋਂ ਇਲਾਵਾ ਮੁਸਲਮਾਨਾਂ ਦੇ ਵਿਰੋਧ 'ਚ ਫਸਾਦ ਦੀ ਵਰਤੋਂ ਵੀ ਕੀਤੀ ਜਾਂਦੀ ਹੈ। ਛੂਤ-ਛਾਤ ਦੀ ਸਮਸਿਆ, ਔਰਤ ਤੇ ਜ਼ਬਰ, ਜਾਤੀ ਪ੍ਰਥਾ, ਵਰੰਟ ਵਿਵਸਥਾ ਸਮਸਿਆ ਮੁਸਲਮਾਨਾਂ ਦੇ ਆਉਣ ਨਾਲ ਕੀ ਖਤਮ ਹੋ ਗਈਆਂ, ਜਿਸ ਕਾਰਨ ਮੁਸਲਮਾਨਾਂ ਨੂੰ ਹੀ ਇਕੋ-ਇਕ ਸਮਸਿਆ ਵਜੋਂ ਪੇਸ਼ ਕੀਤਾ ਜਾਣ ਲੱਗਿਆ ਹੈ। ਇਹ ਸਮਸਿਆਵਾਂ ਤਾਂ ਕਦੇ ਵੀ ਗਾਇਬ ਨਹੀਂ ਹੋਈਆਂ, ਅੱਜ ਵੀ ਮੌਜੂਦ ਹਨ। ਬਾਕੀ ਹਿੰਦੂ-ਮੁਸਲਮਾਨ ਦੀ ਸਮਸਿਆ ਬ੍ਰਾਹਮਣਵਾਦੀਆਂ (ਹਾਕਮਾਂ) ਨੇ ਪੈਦਾ ਕਰਕੇ ਲੋਕਾਂ ਨੂੰ ਭਰਮ 'ਚ ਪਾ ਦਿੱਤਾ। ਇਸ ਭਰਮ ਕਰਕੇ ਹੀ ਲੋਕ ਮੁਸਲਮਾਨਾਂ ਨੂੰ ਇਕ ਸਮਸਿਆ ਵਜੋਂ ਸਮਝਣ ਲੱਗ ਗਏ। ਉਹਨਾਂ ਦੇ ਦਿਮਾਗ 'ਚ ਭਰ ਦਿੱਤਾ ਕਿ ਮੁਸਲਮਾਨ ਸਾਡੀ ਸਮਸਿਆ ਹੈ। ਜਦਕਿ ਉਹਨਾਂ ਦੇ ਮਸਲੇ ਬਦਸੂਤਰ ਜਿਉਂ ਦੇ ਤਿਉਂ ਹੀ ਜਾਰੀ ਰਹੇ ਤਾਂ ਫਿਰ ਮੁਸਲਮਾਨਾਂ ਦੀ ਸਮਸਿਆ ਉਭਾਰ ਕੇ ਇਹਨਾਂ ਦੇ ਹੱਲ ਵਜੋਂ ਪੇਸ਼ ਕਰਨਾ ਠੀਕ ਤਰੀਕਾ ਨਹੀਂ ਹੈ। ਲੋਕਾਂ ਨੂੰ ਮੁਸਲਮਾਨਾਂ ਦੇ ਵਿਰੋਧ 'ਚ ਵਰਤਣ ਦਾ ਇਹ ਇਕ ਤਰੀਕਾ ਹੈ। ਫਸਾਦਾਂ ਮੌਕੇ ਕ੍ਰਿਆ ਤੇ ਪ੍ਰਤੀਕ੍ਰਿਆ ਨਾਲ ਧਰੁਵੀਕਰਨ ਹੋ ਜਾਂਦਾ ਹੈ। ਇਕ ਪਾਸੇ ਹਿੰਦੂਆਂ ਦੇ ਨਾਂ 'ਤੇ 6000 ਜਾਤਾਂ ਦੇ ਟੁਕੜੇ ਇੱਕਠੇ ਹੋ ਜਾਂਦੇ ਹਨ ਤੇ ਉਹ ਬ੍ਰਾਹਮਣਵਾਦੀਆਂ ਨੂੰ ਆਪਣਾ ਆਗੂ ਕਬੂਲ ਕਰ ਲੈਂਦੇ ਹਨ। ਫੇਰ ਸਾਰੀਆਂ ਇਹਨਾਂ ਜਾਤਾਂ ਦੀ ਵਰਤੋਂ ਕੀਤੀ ਜਾਂਦੀ ਹੈ। ਫਸਾਦਾਂ ਬਾਰੇ ਲੋਕਾਂ 'ਚ ਜਾਗ੍ਰਿਤੀ ਆਉਣ ਕਰਕੇ ਹੁਣ ਇਹ ਵੀ ਢੰਗ ਚਲਦਾ ਨਾ ਦੇਖ ਬ੍ਰਾਹਮਣਵਾਦੀਆਂ ਨੇ ਨਵਾਂ ਢੰਗ ਅਪਣਾਇਆ, ਬੰਬ ਧਮਾਕਿਆਂ ਦਾ।

ਬੰਬ ਧਮਾਕਾ ਹੁੰਦਿਆਂ ਹੀ ਟੀ.ਵੀ ਤੇ ਖਬਰ ਆਉਣ ਲਗਦੀ ਹੈ ਕਿ ਇਹ ਕੰਮ ਇੰਡੀਅਨ ਮੁਜਾਹਰਦੀਨ ਤੇ ਮੁਸਲਮਾਨਾਂ ਦਾ ਹੋਵੇਗਾ। ਇਸ ਨਾਲ ਮੁਸਲਮਾਨਾਂ ਦੇ ਵਿਰੁਧ ਧਰੁਵੀਕਰਣ ਸ਼ੁਰੂ ਹੋ ਜਾਂਦਾ ਹੈ ਤੇ ਇਹ ਹਿੰਦੂਆਂ ਦੇ ਨਾਂ 'ਤੇ ਹੁੰਦਾ ਹੈ। ਹਿੰਦੂ ਭੂਮੀ ਤਿਆਰ ਹੋ ਜਾਂਦੀ ਹੈ ਜਿਸ ਦਾ ਫਾਇਦਾ ਕਾਂਗਰਸ, ਬੀ.ਜੇ.ਪੀ ਆਦਿ ਪਾਰਟੀਆਂ ਨੂੰ ਹੁੰਦਾ ਹੈ। ਧਰੁਵੀਕਰਣ ਜੇ ਸਮਾਜ ਦੇ ਨਾਂ 'ਤੇ ਹੁੰਦਾ ਤਾਂ ਬ੍ਰਾਹਮਣਵਾਦੀ ਨੇਤਾ ਨਾ ਬਣ ਸਕਦੇ। ਬਹੁਗਿਣਤੀ ਲੋਕਾਂ 'ਤੇ ਦਾਬਾ ਕਾਇਮ ਕਰਨ ਦਾ ਫਸਾਦ ਇਕ ਤਰੀਕਾ ਹੈ। ਇਸ ਲਈ ਘੱਟ ਗਿਣਤੀ ਬ੍ਰਾਹਮਣਾਂ ਨੂੰ ਬਹੁਗਿਣਤੀ ਬਣੇ ਬਗੈਰ ਤੇ ਬਹੁਗਿਣਤੀ ਬਣਨ ਲਈ ਸਾਰੇ ਨਜਾਇਜ਼ ਤਰੀਕਿਆਂ ਨੂੰ ਅਪਣਾਉਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ। ਕਾਨੂੰਨ ਬਣਾਉਣਾ ਹੀ ਘੱਟ ਗਿਣਤੀ ਬ੍ਰਾਹਮਣਾਂ ਨੂੰ ਬਹੁਗਿਣਤੀ ਬਣਾਉਣ ਦਾ ਢੰਗ ਹੈ ਕਿਵੇਂ? 52 ਫੀ ਸਦੀ ਓ.ਬੀ.ਸੀ ਦੇ ਲੋਕ ਹਨ। 1948 'ਚ ਜਵਾਹਰ ਲਾਲ ਨਹਿਰੂ ਨੇ ਕਾਨੂੰਨ ਬਣਾਇਆ ਕਿ ਜਾਤੀ ਅਧਾਰਤ ਗਿਣਤੀ ਨਹੀਂ ਹੋਵੇਗੀ ਜਦ 52 ਫੀ ਸਦੀ ਲੋਕਾਂ ਦੀ ਗਿਣਤੀ ਬੰਦ ਹੋ ਗਈ ਤਾਂ

52 ਫੀ ਸਦੀ ਓ.ਬੀ.ਸੀ ਦੀ ਗਿਣਤੀ ਹਿੰਦੂਆਂ ਦੇ ਨਾਂ ਹੇਠ ਕਰਨੀ ਸ਼ੁਰੂ ਕਰ ਦਿਤੀ ਗਈ। ਜਦ ਘਟਗਿਣਤੀ ਬ੍ਰਾਹਮਣ 52 ਫੀ ਸਦੀ ਓ.ਬੀ.ਬੀ ਦੀ ਗਿਣਤੀ ਹਿੰਦੂਆਂ ਵਜੋਂ ਕਰਦਾ ਹੈ ਤਾਂ ਘੱਟ ਗਿਣਤੀ ਬ੍ਰਾਹਮਣ ਬਹੁਗਿਣਤੀ 'ਚ ਬਦਲ ਜਾਂਦਾ ਹੈ। ਤਦ 3 ਫੀ ਸਦੀ ਬ੍ਰਾਹਮਣ 15 ਫੀ ਸਦੀ ਮੁਸਲਮਾਨਾਂ ਨੂੰ ਕਹਿੰਦਾ ਹੈ ਕਿ ਮੁਸਲਮਾਨ ਘੱਟ ਗਿਣਤੀ ਹਨ। ਜੇ ਇਸ ਸਿਧਾਂਤ ਨੂੰ ਸਮਝਿਆ ਜਾਵੇ ਤਾਂ ਮੁਸਲਮਾਨਾਂ ਦੀ ਤੁਲਨਾ 'ਚ ਬ੍ਰਾਹਮਣ ਪੰਜ ਗੁਣਾ ਵੱਧ ਘਟਗਿਣਤੀ ਹੈ। ਪਰ ਬ੍ਰਾਹਮਣ ਕਦੀ ਵੀ ਇਸ ਗੱਲ ਨੂੰ ਨਹੀਂ ਮੰਨਦਾ ਹੈ ਕਿ ਉਹ ਘੱਟ ਗਿਣਤੀ ਹੈ ਕਿਉਂਕਿ 1948 'ਚ ਕਾਨੂੰਨ ਬਣਾ ਜੇ ਜਾਤੀ ਅਧਾਰਤ ਗਿਣਤੀ ਬੰਦ ਕਰਵਾ ਦਿਤੀ ਗਈ। 52 ਫੀ ਸਦੀ ਓ.ਬੀ.ਸੀ ਦੀ ਗਿਣਤੀ ਹਿੰਦੂਆਂ ਵਜੋਂ ਕਰਨੀ ਸ਼ੁਰੂ ਕਰ ਦਿਤੀ, 3 ਫੀ ਸਦੀ ਬ੍ਰਾਹਮਣ +52 ਫੀ ਸਦੀ ਓ.ਬੀ.ਸੀ ਕੁਲ ਹੋ ਗਏ 55 ਫੀ ਸਦੀ ਜੋ ਬ੍ਰਾਹਮਣਾਂ ਨੂੰ ਬਹੁਗਿਣਤੀ ਬਣਾਉਣ ਦਾ ਤਰੀਕਾ ਹੈ। ਇਹਨਾਂ ਸਾਰੇ ਤਰੀਕਿਆਂ ਤੋਂ ਵੀ ਉਪਰ ਤਾਜਾ ਢੰਗ ਹੈ ਬੰਬ ਵਿਸਫੋਟ ਕਰਵਾਉਣੇ। ਅਨੁਸੂਚਿਤ ਜਾਤੀ ਦੇ ਦੇਸ਼ 'ਚ 18 ਕਰੋੜ ਲੋਕ ਹਨ ਪਰ ਨੌ ਹੋਰ ਸਮਾਜਕ ਸਮੂਹਾਂ ਅਨੁਸੂਚਿਤ ਜਨਜਾਤੀ, ਅਤਿਪਿਛੜੀ ਅਨੁਸੂਚਿਤ ਜਨਜਾਤੀ ਓ.ਬੀ.ਸੀ, ਐਮ.ਬੀ.ਸੀ, ਐਨ.ਟੀ, ਡੀ.ਐਨ.ਟੀ, ਬੀ.ਜੇ.ਐਨ.ਟੀ ਤੇ ਇਸ ਨਾਲ ਧਰਮ ਪ੍ਰੀਵਰਤਿਤ ਘਣਗਿਣਤੀ ਤੇ ਇਸ ਤਰ੍ਹਾਂ ਇਹਨਾਂ ਸਮੂਹ ਨੂੰ ਇੱਕਠਾ ਕਰਕੇ 15 ਫੀ ਸਦੀ ਲੋਕ ਹੋ ਸਕਦੇ ਹਨ। ਇਸ ਨਾਲ ਘਣਗਿਣਤੀ ਨੂੰ ਬਹੁਗਿਣਤੀ ਸਾਬਤ ਕਰਨ ਦੇ ਸਾਰੇ ਤਰੀਕੇ ਨਾਕਾਮ ਹੋ ਜਾਣਗੇ। ਇਸ ਲਈ ਵਿਸ਼ਾਲ ਮੇਹਨਤਕਸ਼ ਬਹੁਗਿਣਤੀ ਹਾਕਮਾਂ ਤੋਂ ਆਪਣੀ ਗੁਲਾਮੀ ਦੀ ਜੰਜੀਰ ਛੁਡਵਾ ਸਕਦੇ ਹਨ। ਜਮਾਤੀ ਲੜਾਈ 'ਚ ਇਸ ਦੀ ਅਹਿਮ ਭੂਮਿਕਾ ਰਹੇਗੀ। ਪੂੰਜੀਪਤੀ ਤੇ ਬ੍ਰਾਹਮਣਵਾਦੀ ਸੋਚ ਦਾ ਦਾਬਾ ਖਤਮ ਕਰਨ ਲਈ ਇਹ ਜ਼ਰੂਰੀ ਹੈ।

# ਅਮੀਰ ਸਾਂਸਦ ਬਨਾਮ ਗਰੀਬ ਜਨਤਾ

ਪੁਰਾਣਾ ਮੁਹਾਵਰਾ ਹੈ 'ਆਮ ਕੇ ਆਮ, ਗੁਠਲੀਆਂ ਕੇ ਦਾਮ! ਆਮ ਆਦਮੀ ਦੀ ਨਜ਼ਰ 'ਚ ਗਿੜਕ ਜਾਂ ਗੁਠਲੀ ਫਾਲਤੂ ਹੀ ਰਹੀ ਹੈ। ਵਿਡੰਬਨਾਂ ਇਹ ਹੈ ਕਿ ਸਾਂਸਦਾ ਦੀਆਂ ਤਨਖਾਹਾਂ, ਭੱਤਿਆਂ ਵਿਚ ਵਾਧੇ ਦੇ ਫੈਸਲੇ ਅਤੇ ਇਸ ਤੋਂ ਪਹਿਲਾਂ ਇਸ ਮੁੱਦੇ ਨਾਲ ਜੁੜੇ ਅਸ਼ਲੀਲ ਝਮੇਲੇ ਨੇ ਇਸ ਕਹਾਵਤ ਨੂੰ ਸਿਰ ਪੈਰ ਕਰਨ ਲਈ ਮਜਬੂਰ ਕਰ ਦਿੱਤਾ ਹੈ ਪ੍ਰੇਸ਼ਾਨੀ ਇਸ ਗੱਲ ਦੀ ਹੀ ਨਹੀਂ ਕਿ ਗੁਠਲੀ ਦਾ ਮੁੱਲ ਫਲ ਤੋਂ ਵੱਧ ਮੰਗਿਆ ਜਾ ਰਿਹਾ ਹੈ, ਪ੍ਰੇਸ਼ਾਨੀ ਇਹ ਹੈ ਕਿ ਖਸਤਾਹਾਲ ਇਸ ਦੇਸ਼ ਦਾ ਆਮ ਆਦਮੀ ਹੈ ਜੋ ਆਪਣੀ ਗੁਠਲੀ (ਗਿਟਕ) ਤੋਂ ਹੀ ਰੁਖੇ-ਸੁਕੇ ਅਤੇ 'ਬੇਕਾਰ' ਐ. ਪੀ. ਜ਼. (ਸਾਂਸਦਾਂ) ਦੀ ਵਧਦੀ ਤਨਖਾਹ ਦਾ ਬੋਝ ਚੁਕਦਿਆਂ ਆਪਣੀ ਕਮਰ ਤੁੜਵਾ ਚੁਕਿਆ ਹੈ। ਇਸ ਬਹਿਸ ਦੌਰਾਨ ਜੋ ਮੁੱਦੇ ਟਿੱਕੇ ਗਏ ਹਨ ਉਹਨਾਂ ਨੂੰ ਬਿਨਾਂ ਵਜਾਹ ਦੁਹਰਾਈਏ ਉਹਨਾਂ 'ਤੇ ਸੰਖੇਪ ਟਿਪਣੀ ਬੇਹੱਦ ਜ਼ਰੂਰੀ ਹੈ। ਸਭ ਤੋਂ ਉਚੀ ਆਵਾਜ਼ 'ਚ ਇਹ ਸਮੂਹਕ ਮੰਗ ਉਠਾਉਣ ਵਾਲੇ ਲਾਲੂ ਯਾਦ ਮੁਲਾਇਮ ਸਿੰਘ ਤੇ ਸ਼ਰਦ ਯਾਦਵ ਸਨ। ਉਹੀ ਤਿਕੜੀ ਪਹਿਲਾਂ ਤੋਂ ਔਰਤ ਰਾਖਵੇਂਕਰਨ ਸਬੰਧੀ ਕਿਸਾਨਾਂ ਦੀ ਰਹਿਨੁਮਾਈ ਦੇ ਨਾਂ 'ਤੇ ਸ਼ਹਿਰੀ-ਆਧੁਨਿਕ ਭਾਰਤ ਨਿਰਮਾਣ ਦੀਆਂ ਲਾਲਸਾਵਾਂ ਨੂੰ ਆਮ ਆਦਮੀ ਦੇ ਹੱਕ ਦਾ ਨਕਾਬ ਪਾ ਕੇ ਤਹਿਸ ਨਹਿਸ ਕਰਨ ਦਹ ਮੁਹਿੰਮ ਨਾਲ ਜੁੜੀ ਰਹੀ ਹੈ। ਲਾਲੂ ਜਦੋਂ ਤੋਂ ਕੇਂਦਰੀ ਮੰਡਲ ਤੋਂ ਬਾਹਰ ਕੀਤੇ ਗਏ ਹਨ ਅਤੇ ਮੁਲਾਇਮ ਨੂੰ ਜਦੋਂ ਤੋਂ ਮਾਇਆਵਤੀ ਨੇ ਉਤਰ ਪ੍ਰਦੇਸ਼ ਦੇ ਅਖਾੜੇ 'ਚ ਧੋਬੀ ਪਟੜਾ ਮਾਰਿਆ ਹੈ ਅਤੇ ਜਦੋਂ ਤੋਂ ਨਤੀਸ਼ ਨੇ ਸ਼ਰਦ ਯਾਦਵ ਨੂੰ ਪਿਛੜਿਆਂ ਦੀ ਨੁਮਾਇੰਦਗੀ ਵਾਲੇ ਮੋਰਚੇ 'ਤੇ ਪਿਛਾੜਿਆ ਹੈ। ਇਹਨਾਂ ਸਾਰਿਆਂ ਦੀ ਹਾਲਤ ਧੋਬੀ ਦੇ ਕੁੱਤੇ ਵਾਲੀ ਰਹੀ ਹੈ ਲਾਲੂ ਯਾਦਵ ਵਾਰ ਵਾਰ ਸ਼ੋਰ ਸ਼ਰਾਬੇ ਦਾ ਸਹਾਰਾ ਲੈ ਕੇ ਅਤੇ ਅੜਿਕੇ ਡਾਹੁਣ 'ਚ ਏਨੇ ਮਾਹਰ ਹੋ ਚੁੱਕੇ ਹਨ ਕਿ ਕਿਸੇ ਨੂੰ ਅੱਜ ਇਹ ਗੱਲ ਯਾਦ ਨਹੀਂ ਕਿ ਚਾਰ ਘਪਲੇ ਦੀ ਜਾਂਚ ਅੱਜ ਤਕ ਵੀ ਜਾਰੀ ਹੈ ਅਤੇ ਬਿਹਾਰ ਦੇ ਇਹ ਸਾਬਕਾ ਮੁੱਖ ਮੰਤਰੀ ਅੱਜਤਕ ਇਸ ਦੇਸ਼ ਤੋਂ ਬਾਇਜਤ ਬਰੀ ਨਹੀਂ ਹੋ ਸਕੇ ਹਨ। ਜਦ ਉਹਨਾਂ 'ਤੇ ਆਮਦਨ ਤੋਂ ਵਧ ਜਾਇਦਾਦ ਰਖਣ ਦਾ ਦੋਸ਼ ਲੱਗਿਆ ਸੀ ਤਾਂ ਉਹਨਾਂ ਨੇ ਆਪਣੀ ਪਸ਼ੂਪਾਲਣ ਵਾਲੀ ਕਮਾਈ ਦਾ ਬੇਝਿਜਕ ਜ਼ਿਕਰ ਕੀਤਾ ਸੀ। ਇਹ ਗੱਲ ਲਾਲੂ ਤਕ ਸੀਮਤ ਨਹੀਂ। ਅੱਜ ਸਾਡੀ ਸੰਸਦ 'ਚ ਇਕ-ਦੋ ਨਹੀਂ ਦਰਜਨਾ ਅਜੇਹੇ ਲੋਕ ਨੁਮਾਇੰਦੇ ਹਨ ਜੋ ਚੋਣਾਂ ਸਮੇਂ ਆਪਣੇ ਕਾਗਜ਼ ਭਰਦਿਆਂ ਖੁਦ ਆਪਣੀ ਜਾਇਦਾਦ ਕਰੋੜਾਂ ਵਿਚ ਭਰਦੇ ਹਨ। ਇਕ ਚੋਣ ਤੋਂ ਦੂਜੀ ਚੋਣ ਦਰਮਿਆਨ ਇਸ ਜਾਇਦਾਦ 'ਚ ਜੋ ਵਾਧਾ ਹੋਇਆ ਹੁੰਦਾ ਹੈ ਉਸ ਨੂੰ ਵੀ ਜਨਤਕ ਤੌਰ 'ਤੇ ਦਰਜ ਕਰਦੇ ਹਨ। ਜਾਹਿਰ ਹੈ ਕਿ ਇਹਨਾਂ 'ਚੋਂ ਕਿਸੇ ਦੀ ਵੀ ਗੁਜਰ ਬਸਰ ਐਮ. ਪੀ. ਵਜੋਂ ਤਨਖਾਹ ਨਾਲ ਨਹੀਂ ਹੁੰਦਾ। ਲਾਲੂ ਘੱਟੋ ਘੱਟ ਸਾਡ ਗੋਈ ਕਰ ਰਹੇ ਹਨ। ਜਦ ਉਹ ਇਹ ਕਹਿੰਦੇ ਹਨ ਕਿ ਐਮ. ਪੀ. ਨੂੰ ਆਪਣੇ ਹਲਕੇ ਤੋਂ ਆਉਣ ਵਾਲੇ ਜ਼ਰੂਰਤਮੰਦ ਮੁਫਤਖੋਰਾਂ ਨੂੰ ਖਿਲਾਉਣ ਪਿਲਾਉਣ 'ਚ ਵੱਡੀ ਰਕਮ ਖਰਚ ਕਰਨੀ ਪੈਂਦੀ ਹੈ। ਉਹਨਾਂ ਨੇ ਵੈਸੇ ਖੁਦ ਮੁਫਤਖੋਰ ਸ਼ਬਦ ਦੀ ਵਰਤੋਂ ਨਹੀਂ ਕੀਤੀ। ਸ਼ਾਇਦ ਸੰਯੋਗਵਸ਼ ਹੀ ਉਹ ਉਹਨਾਂ ਮੇਹਮਾਨਾ ਦਾ ਜਿਕਰ ਕਰਨਾ ਭੁੱਲ ਗਏ

ਜੋ ਸਾਂਸਦਾ ਦੇ ਘਰਰ ਪਹੁੰਚਦੇ ਤਾਂ ਅਟੈਚੀਆਂ--ਸੂਟਕੇਸਾਂ ਨੂੰ ਲੈ ਕੇ ਹਨ ਤੇ ਜਦ ਬਾਹਰ ਨਿਕਲਦੇ ਹਨ ਤਾਂ ਖਾਲੀ ਹੱਥ ਹੋਣ ’ਤੇ ਵੀ ਉਹਨਾਂ ਦੇ ਚੇਹਰੇ ’ਤੇ ਮੁਸਕਾਨ ਹੁੰਦੀ ਹੈ। ਇਕ ਹੱਥ ਦੇਣਾ ਦੂਜੇ ਹੱਥ ਲੈਣਾ ਉਹਨਾਂ ਦਾ ਮਕਸਦ ਹੁੰਦਾ ਹੈ। ਆਪਣੀਆਂ ਜਰੂਰਤਾਂ ਨੂੰ ਸਮਝਦਿਆਂ ਹੋਇਆ ਚੰਦੇ ਤੇ ਤੋਹਫਿਆ ਵਜੋਂ ਖੁਸ਼ਹਾਲ ਅਤੇ ਹਮੇਸ਼ਾਂ ਹੀ ਜਰੂਰਤਮੰਦ ਨਿਰਵਾਚਕ ਗੁਮਨਾਮੀ ਦੇ ਹੱਥ ਮਦਦ ਕਰਨ ਲਈ ਬੇਚੈਨ ਰਹਿੰਦੇ ਹਨ। ਬਹੁਤਿਆਂ ਮਿਸਾਲਾਂ ਦੇਣ ਦੀ ਲੋੜ ਨਹੀਂ ਪਿਛਲੇ ਕੁਝ ਸਾਲਾਂ ’ਚ ਕਈ ਵਾਰੀ ਸਾਡੇ ਘੱਟ ਤਨਖਾਹ ਤਨਖਾਹ ਲੈਣ ਵਾਲੇ ਐਮ. ਪੀ. ਜ਼. ਦਾ ਕਿਰਦਾਰ, ਚਾਲ ਚਲਣ ਆਪਣੀ ਕਮਾਈ ਵਧਾਉਣ ਵਾਲੇ ਉਦਮਾਂ ਕਾਰਨ ਸ਼ਰਮਨਾਕ ਢੰਗ ਨਾਲ ਚਰਚਿਤ ਰਿਹਾ ਹੈ। ਕਦੀ ਉਹਨਾਂ ਨੇ ਇਹ ਹਾਸਲ ਕੀਤਾ ਹੈ ਕਿ ਸਿਰਫ ਸੁਆਲ ਪੁੱਛਣ ਦੇ ਨਾਂ ’ਤੇ ਕਦੀ ਦੇਸ਼ ਨੂੰ ਅਸਥਿਰਤਾ ਦੀ ਘੁੰਮਣਘੇਰੀ ’ਚ ਪਾਉਣ ਤੋਂ ਰੋਕਣ ਦੇ ਨਾਂ ’ਤੇ ਸਰਕਾਰ ਨੂੰ ਬਚਾਉਣ ਲਈ। ਘੱਟੋ ਘੱਟ ਕੁਝ ਲੋਕਾਂ ਨੂੰ ਅੱਜ ਵੀ ਝਾਰਖੰਡ ਮੁਕਤੀ ਮੋਰਚਾ ਸਾਂਸਦ ਰਿਸ਼ਵਤਖੋਰੀ ਕਾਂਡ ਤੇ ਜੈਨ ਡਾਇਰੀ ਹਵਾਲਾ ਪ੍ਰਸੰਗ ਦੀ ਯਾਦ ਹੋਵੇਗੀ। ਇਸ ਨੂੰ ਭਾਰਤ ਦੇ ਅਖੌਤੀ ਲੋਕ ਤੰਤਰ ਦਾ ਇਹ ਹਾਲ ਹੈ ਕਿ ਸੁਪਰੀਮ ਕੋਰਟ ਨੇ ਇਸ ਕਾਂਡ ’ਚਚ ਸ਼ਾਮਲ ਲੋਕਾਂ ਨੂੰ ਸਿਰਫ ਇਸ ਅਧਾਰ ’ਤੇ ਛੱਡ ਦਿੱਤਾ ਸੀ ਕਿ ਪਾਰਲੀਮੈਂਟ ਅੰਦਰ ਦੇ ਘਟਨਾਕ੍ਰਮ ’ਚ ਨਿਆਪਾਲਿਕਾ ਦੀ ਕੋਈ ਦਖਲ ਅੰਦਾਜੀ ਨਹੀਂ ਹੋ ਸਕਦੀ। ਉਦੋਂ ਤੋਂ ਐਮ. ਪੀ. ਇਸ ਸੰਵਿਧਾਨਕ ਵਜੋਂ ਕਰਦੇ ਆ ਰਹੇ ਹਨ। ਇਸ ਤੋਂ ਇਲਾਵਾ ਅਨੇਕਾਂ ਘਪਲੇ, ਘੁਟਾਲਿਆਂ ਦੇ ਖੁਂਖਾਰ ਹੋਣ ਪਿਛੋਂ ਕਿਸੇ ਅਪਰਾਧਿਕ ਮਾਮਲੇ ’ਚ ਅਦਾਲਤ ਦੇ ਕਟਹਿਰੇ ’ਚ ਖੜੇ ਹੋਣ ਵਾਲੇ ਪਹਿਲੇ ਪ੍ਰਧਾਨ ਮੰਤਰੀ ਦੇ ਕ੍ਰੀਤੀ ਮਾਨ ਬਣਾਉਣ ਵਾਲੇ ਨਰਮਿਸਰਾਓ ਸੰਸਦੀ ਖੇਤਰੀ ਵਿਕਾਸ ਫੰਡ ਦਾ ਜੋ ਤੋਹਫਾ ਐਮ. ਪੀ. ਜ਼. ਨੂੰ ਦੇ ਗਏ ਹਨ। ਉਸ ਨੂੰ ਵੀ ਯਾਦ ਰਖਿਆ ਜਾਣਾ ਜਰੂਰੀ ਹੈ। ਇਹ ਸੱਚ ਹੈ ਕਿ ਭਾਰਤੀ ਸਾਂਸਦਾ ਦੀ ਤਨਖਾਹ ਦੂਜੇ ਦੇਸ਼ ਮਸਲਨ ਅਮਰੀਕਾ, ਜਪਾਨ, ਆਸਟ੍ਰੇਲੀਆ ਆਦਿ ਦੇ ਸਾਂਸਦਾ ਦੀ ਤਨਖਾਹ ਦੇ ਮੁਕਾਬਲੇ ਕਾਫੀ ਘੱਟ ਹੈ ਤੇ ਭਾਰਤ ਦੇ ਆਲਾ ਅਫਸਰਾਂ ਦੀ ਤਨਖਾਹ ਮੂਹਰੇ ਉਹ ਕਾਫੀ ਫਿੱਕੀ ਲਗਦੀ ਹੈ। ਪਰ ਇਹ ਦਲੀਲ ਬਿਲਕੁਲ ਲੱਚਰ ਹੈ। ਪਾਰਲੀਮੈਂਟ ਭਾਰਤ ਪ੍ਰਭੂਸਤਾ ਦਾ ਮੂਰਤੀਮਾਨ ਹੈ। ਜਾਹਿਰ ਹੈ ਇਸ ਦੀ ਕੀਮਤ ਰੁਪਏ-ਪੈਸੇ ਜਾਂ ਅਫਸਰਸ਼ਾਹੀ ਦੀ ਤਕੜੀ ’ਚ ਨਹੀ ਤੋਲੀ ਜਾ ਸਕਦੀ। ਕਿਸੇ ਵੀ ਐਮ. ਪੀ. ਦਾ ਰੁਤਬਾ ਕਿਸੇ ਵੀ ਸਰਕਾਰੀ ਅਫਸਰ ਤੋਂ ਕਿਤੇ ਵੱਧ ਹੁੰਦਾ ਹੈ। ਉਚੇ ਤੋਂ ਉਚਾ ਹਾਕਮ ਸਹਿਮਾ ਰਹਿੰਦਾ ਹੈ ਕਿ ਸਾਂਝੀ ਸਰਕਾਰ ਦੇ ਇਸ ਯੁੱਗ ’ਚ ਪਤਾ ਨਹੀਂ ਕੌਣ ਐਮ ਪੀ ਮੰਤਰੀ ਬਣ ਜਾਵੇ ਅਤੇ ਉਸ ਦੀ ਧੌਣ ਤੇ ਆ ਬੈਠੇ। ਇਸ ਤੋਂ ਇਲਾਵਾ ਐਮ ਪੀ ਨੂੰ ਨਾਰਾਜ਼ ਕਰਨ ਵਾਲਾ ਕਦੀ ਵੀ ਸਾਂਸਦ ਦੀ ਹੁਕਮ ਅਦੂਲੀ ਦੇ ਦੋਸ਼ ’ਚ ਘਿਰ ਸਕਦਾ ਹੈ। ਇਸਸ ਲਈ ਭਾਰਤ ਸਰਕਾਰ ਦੇ ਸਕੱਤਰ ਦੀ ਤਨਖਾਹ ਤੋਂ ਇਕ ਰੁਪਇਆ ਵੱਧ ਤਨਖਾਹ ਦੀ ਮੰਗ ਵੀ ਬਚਕਾਨਾ ਲਗਦੀ ਹੈ। ਇਸ ਪ੍ਰਸੰਗ ’ਚ ਦੋਰਾਬ ਸੋਪਾਰੀ ਵਾਲਾ ਵਰਗੇ ਵਿਸਲੇਸ਼ਕਾਂ ਨੇ ਕੁਝ ਅਜੇਹੇ ਤੱਥਾਂ ਵੱਲ ਧਿਆਨ ਦਵਾਇਆ ਹੈ ਕਿ ਜਿਹਨਾਂ ਦੀ ਜਾਣਕਾਰੀ ਭਾਰਤ ਦੇ ਹਰ ਸ਼ਹਿਰੀ ਨੂੰ ਹੋਣੀ ਚਾਹੀਦੀ ਹੈ। ਜਦ ਭਾਰਤੀ ਐਮ ਪੀ ਦੀ ਤਨਖਾਹ ਦੀ ਤੁਲਨਾ ਵਿਦੇਸ਼ੀ ਐਮ ਪੀ ਨਾਲ ਕੀਤੀ ਜਾਂਦੀ ਹੈ ਤਾਂ ਭਾਰਤੀ ਰੁਪਏ ਦੀ ਅਤੇ ਦੂਜੇ ਦੇਸ਼ਾਂ ਦੇ ਰੁਪਏ ਦੀ ਖਰੀਦ ਸਮਰਥਾ ਦ ਸੰਤੁਲਨ-ਸਮੀਕਾਰਨ ਰਖਵਾ ਬੇਹੱਦ ਜਰੂਰੀ

ਹੈ। ਇਹ ਯਾਦ ਰਖਣਾ ਚਾਹੀਦਾ ਹੈ ਕਿ ਖੁਸ਼ਹਾਲ ਸਨਅਤੀ ਦੇਸ਼ਾਂ ਦੇ ਲੋਕ ਨੁਮਾਇੰਦਿਆਂ ਦੀ ਲੋੜਾਂ ਤੇ ਜੀਵਨ ਸ਼ੈਲੀ ਦੀ ਤੁਲਨਾ ਭਾਰਤ ਵਰਗੇ ਗਰੀਬ ਵਿਕਾਸਸ਼ੀਲ ਦੇਸ਼ ਦੇ ਲੋਕ ਸੇਵਕਾਂ ਨੂੰ ਦਿਤੇ ਜਾਣ ਵਾਲੇ ਮੁਆਵਜਿਆਂ ਨਾਲ ਨਹੀਂ ਹੋ ਸਕਦੀ। ਸਭ ਤੋਂ ਵੱਡਾ ਫਰਕ ਭੱਤਿਆਂ ਦਾ ਹੈ। ਇਸ ਸੂਚੀ 'ਚ ਵਿਸ਼ੇਸ਼ ਅਧਿਕਾਰ ਤੇ ਰਿਆਇਤਾਂ ਵੀ ਸ਼ਾਮਲ ਕੀਤੀਆਂ ਜਾਣ। ਸੋਪਾਰੀਵਾਲਾ ਤੇ ਜੈ ਪ੍ਰਕਾਸ਼ ਨਰਾਇਣ ਨੇ ਇਸ ਗੱਲ ਨੂੰ ਟਿਕਿਆ ਸੀ ਕਿ ਮੁਫਤ ਹਵਾਈ ਸਫਰ ਦੀ ਸਹੂਲਤ ਸਿਰ ਦੂਰ ਦਰਾਡੇ ਐਮ ਦੀ ਹੀ ਨਹੀਂ ਰਾਜਧਾਨੀ ਤੇ ਉਸ ਦੇ ਬਿਲਕੁਲ ਗੁਆਂਢੀ 'ਚ ਰਹਿੰਦੇ ਐਮ ਪੀ ਜ਼ ਦਾ ਵੀ ਅਧਿਕਾਰ ਹੈ। ਸਰਕਾਰੀ ਦੌਰਿਆਂ ਦਾ ਖਰਚਾ ਸਰਕਾਰ ਚੁਕਦੀ ਹੈ। ਮੁਫਤ ਰਿਹਾਇਸ਼ ਦੀ ਕੁਰਵਰਤੋਂ ਤੇ ਰਿਹਾਇਸ਼ ਕਿਰਾਏ 'ਤੇ ਦੇਣਾ ਇਜ਼ਤ ਦੀ ਜ਼ਿੰਦਗੀ ਬਸਰ ਕਰਨ ਲਈ ਸਾਇਦ ਸਹਿਜ ਇਕ ਬਦਲ ਹੈ। ਇਸ ਸਬੰਧੀ ਸਿਰਫ ਭਰਿਸ਼ਟ ਪੁਲਸੀ ਏ ਹੀ ਯਾਦ ਆ ਸਕਦੇ ਹਨ। ਤਨਖਾਹ ਜਿੰਨੀ ਮਰਜੀ ਵਧਾ ਦਿਉ ਤ ਸੇਵਾ ਸਹੂਲਤਾਂ ਦੇ ਦਿਉ ਕਿ ਇਹਨਾਂ 'ਚ ਕੋਈ ਵੀ ਬੇਸ਼ੁਮਾਰ ਨਜਾਇਜ ਉਪਰਲੀ ਆਮਦਨ ਦਾ ਮੁਕਾਬਲਾ ਕਰ ਸਕਦਾ ? ਸਾਡੇ ਐਮ ਪੀ ਜ ਦਾ ਆਚਰਣ ਤੇ ਵੇਤਨ ਭੱਤਿਆਂ ਦੇ ਹੱਦ 'ਚ ਦਿਤੇ ਤਰਕ ਸਹੀ ਸੋਚਣ ਨੂੰ ਮਜਬੂਰ ਕਰਦੇ ਹਨ। ਸੱਤਾ 'ਚ ਅੰਨੀ ਹਾਕਮ ਜਮਾਤ ਤੋਂ ਹੋਰ ਭਲਾ ਉਮੀਦ ਵੀ ਕੀ ਕੀਤੀ ਜਾ ਸਕਦੀ ਹੈ?

# ਕੀ ਹੈ ਬਿਹਾਰ 'ਚ ਕਤਲੇਆਮਾ ਦਾ ਇਤਿਹਾਸ ਤੇ ਭੂਮੀ ਸੁਧਾਰ?

'ਜ਼ਿੰਮੀਦਾਰਾਂ ਦੀ ਰਾਜਨੀਤੀ 'ਚ ਸ਼ਮੂਲੀਅਤ ਕਾਰਨ ਬਿਹਾਰ 'ਚ ਭੂਮੀ ਸੁਧਾਰ ਅਸੰਭਵ ਹਨ'। ਇਹ ਬਿਆਨ ਕਿਸੇ ਵਿਰੋਧੀ ਪਾਰਟੀ ਦੇ ਨੇਤਾ ਦਾ ਨਹੀਂ ਬਲਕਿ ਨਿਤੀਸ਼ ਸਰਕਾਰ ਵਲੋਂ ਸੰਨ 2006 'ਚ ਗਠਿਤ ਭੂਮੀ ਸੁਧਾਰ ਕਮਿਸ਼ਨ ਦੇ ਪ੍ਰਧਾਨ ਦੇਵ ਵਰਤ ਬੰਘੋਪਾਧਾਇਐ ਦਾ ਹੈ ਜਿਹਨਾਂ ਨੇ ਪੱਛਮੀ ਬੰਗਾਲ 'ਚ ਵੀ ਭੂਮੀ ਸੁਧਾਰ ਕਮਿਸ਼ਨ ਦੀ ਅਗਵਾਈ ਕੀਤੀ ਸੀ ਤੇ ਉਹਨਾਂ ਦੀਆਂ ਸਿਫ਼ਾਰਸ਼ਾਂ ਬੰਗਾਲ ਸਰਕਾਰ ਨੇ ਵੀ ਲਾਗੂ ਕੀਤੀਆਂ ਸਨ। ਪਰ ਬਿਹਾਰ 'ਚ ਉਹਨਾਂ ਦੀਆਂ ਸਿਫ਼ਾਰਸ਼ਾਂ 'ਤੇ ਅੰਸ਼ਿਕ ਤੌਰ 'ਤੇ ਹੀ ਅਮਲ ਦੀ ਗੱਲ ਉਠੀ ਤਾਂ ਜ਼ਿੰਮੀਦਾਰਾਂ 'ਚ ਖਲਬਲੀ ਮੱਚ ਗਈ। ਭਾਰੀ ਅੰਤਰ ਵਿਰੋਧਾਂ ਦੇ ਦਰਮਿਆਨ ਬੰਘੋਪਾਧਾਇਆ ਸੰਮਤੀ ਦੀਆਂ ਸਿਫ਼ਾਰਸ਼ਾਂ ਤੋਂ ਕਿਨਾਰਾ ਕਸਦੀ ਸੱਤਾ ਕਾਇਦੇ ਨਾਲ ਰੇਖਾਂਕਿਤ ਕੀਤੀ ਗਈ। ਨਿਤਿਸ਼ ਸਰਕਾਰ ਦੇ ਸਾਹਮਣੇ ਅੱਜ ਜਿਹੋ ਜਿਹੀ ਦੁਵਿਧਾ ਹੈ, ਕੁਲ ਮਿਲਾ ਕੇ ਉਹੋ ਜਿਹੀ ਹੀ 'ਸਤਾ-ਜਨਿਤ ਮਜ਼ਬੂਰੀਆਂ' ਹੋਰਾਂ ਸਰਕਾਰਾਂ ਦੇ ਨਾਲ ਵੀ ਰਹੀਆਂ, ਜਿਸ ਦੇ ਸਿੱਟੇ ਵਜੋਂ ਅੱਜ ਤਕ ਬਿਹਾਰ 'ਚ ਵਿਹਾਰਕ ਭੂਮੀ ਸੁਧਾਰ ਹੋ ਹੀ ਨਹੀਂ ਸਕਿਆ। ਸੰਨ 1977 ਤੋਂ ਹੁਣ ਤਕ ਹੋਏ ਕਰੀਬ 91 ਕਤਲੇਆਮਾਂ ਦੀ ਮੁੱਖ ਵਜਾਹ ਜ਼ਮੀਨ ਨਾਲ ਜੁੜੇ ਵਿਵਾਦ ਹੀ ਰਹੇ ਹਨ। 1951 'ਚ ਸ਼ੁਰੂ ਹੋਏ ਭੂ-ਦਾਨ ਅੰਦੋਲਨ 'ਚ ਸਭ ਤੋਂ ਵੱਧ ਜ਼ਮੀਨ ਬਿਹਾਰ ਤੋਂ ਮਿਲੀ ਸੀ। ਬਿਹਾਰ 'ਚ ਭੂ-ਦਾਨ ਸੰਮਤੀ ਗਰੀਬਾਂ 'ਚ ਜ਼ਮੀਨ ਵੰਡਣ ਦਾ ਕੰਮ ਵੇਖਦੀ ਹੈ। ਕਮੇਟੀ ਦੇ ਮੁਖੀ ਸ਼ੁਭ ਮੂਰਤੀ ਅਨੁਸਾਰ ਭੂ-ਦਾਨ ਅੰਦੋਲਨ ਤੋਂ 6 ਲੱਖ 48 ਹਜ਼ਾਰ 593 ਏਕੜ ਅਤੇ 14 ਡੈਸੀਮਿਲ ਜ਼ਮੀਨ ਹਾਸਲ ਹੋਈ ਸੀ ਇਸ ਵਿਚੋਂ 2 ਲੱਖ 63 ਹਜ਼ਾਰ 176 ਏਕੜ ਤੇ 2 ਡੈਸੀਮਲ ਜ਼ਮੀਨ ਖੇਤੀਯੋਗ ਸੀ। ਅਜੇ ਤਕ ਕੁਲ ਦੋ ਲੱਖ 55 ਹਜ਼ਾਰ 452 ਏਕੜ ਅਤੇ 87 ਡੈਸੀਮਲ ਜ਼ਮੀਨ ਦੀ ਵੰਡ ਭੂਮੀਹੀਣਾਂ 'ਚ ਵੰਡੀ ਜਾ ਚੁੱਕੀ ਹੈ। ਯਾਨੀ ਹੁਣ ਵੀ ਤਿੰਨ ਲੱਖ 93 ਹਜ਼ਾਰ ਏਕੜ ਜ਼ਮੀਨ ਸਰਕਾਰ ਦੇ ਕੋਲ ਹੈ।

ਜ਼ਮੀਨ ਵੰਡ ਤੇ ਸਰਕਾਰੀ ਕਾਗਜ਼ਾਤ ਬਣਾਉਣ 'ਚ ਅਧਿਕਾਰੀਆਂ-ਕਰਮਚਾਰੀਆਂ ਦੀ ਵਿਆਪਕ ਧਾਂਦਲੀ ਦਾ ਹੀ ਨਤੀਜਾ ਸੀ ਕਿ ਬਿਹਾਰ 'ਚ ਭੂ-ਦਾਨ ਦੀ ਜ਼ਮੀਨ ਸਰਕਾਰ ਪਾਸ ਰਹਿਣ ਦੇ ਬਾਵਜੂਦ ਭਾਰੀ ਗਿਣਤੀ 'ਚ ਖੇਤੀ ਮਜ਼ਦੂਰ ਭੂਮੀ ਹੀਣ ਰਹਿ ਗਏ ਹਨ। ਸਰਕਾਰ ਖੁਦ ਮੰਨਦੀ ਹੈ ਕਿ ਭੂ-ਦਾਨ ਦੀ ਜ਼ਮੀਨ ਅਜੇ ਤਕ ਕੁਲ ਤਿੰਨ ਲੱਖ 86 ਹਜ਼ਾਰ 859 ਬੇਜ਼ਮੀਨੇ ਕਿਸਾਨਾਂ 'ਚ ਵੰਡੀ ਗਈ ਹੈ ਪਰ ਹਕੀਕਤ ਇਹ ਹੈ ਕਿ ਇਸ ਵਿਚੋਂ ਲਗਭਗ 50 ਫੀ ਸਦੀ ਕਿਸਾਨ ਅਜੇ ਤਕ ਜ਼ਮੀਨ ਤੇ ਕਬਜ਼ਾ ਹਾਸਲ ਨਹੀਂ ਕਰ ਸਕੇ। ਇਸ ਦੀ ਮੁੱਖ ਵਜਾਹ ਹੈ ਜ਼ਮੀਨ 'ਤੇ ਦਬੰਗ (ਲਾਠੀਮਾਰ) ਜ਼ਿੰਮੀਦਾਰ ਦਾ ਕਬਜ਼ਾ ਹੋਣਾ। ਇਹ ਹਾਲਾਤ ਪਿਛਲੇ 5 ਦਹਾਕਿਆਂ ਤੋਂ ਚਲੇ ਆ ਰਹੇ ਹਨ। ਕਾਲਾਂਤਰ 'ਚ ਗਰੀਬ ਕਿਸਾਨਾਂ ਦੇ ਪਾਸ ਇਕ ਹੀ ਵਿਕਲਪ ਸੀ, ਬਟਾਈਦਾਰੀ ਦਾ। ਬਟਾਈਦਾਰੀ 'ਚ ਮਜ਼ਦੂਰਾਂ ਨੂੰ ਜ਼ਿੰਮੀਦਾਰਾਂ ਤੋਂ ਜ਼ਮੀਨ ਮਿਲਦੀ ਹੈ, ਇਸ 'ਤੇ ਖੇਤੀ ਕਰਕੇ ਉਹ ਅੱਧੀ-ਅੱਧੀ ਫਸਲ (ਅਨਾਜ) ਆਪਸ 'ਚ ਵੰਡ ਲੈਂਦੇ ਹਨ। ਸੰਨ 1990 ਤੋਂ 2005 ਵਿਚਕਾਰ ਸੂਬੇ 'ਚ ਲਾਲੂ-ਰਾਬੜੀ (ਰਜਦ) ਦੀ ਸਰਕਾਰ ਰਹੀ। ਇਸ ਸਰਕਾਰ ਦੇ ਸਾਰੇ ਵੱਡੇ ਕਤਲੇਆਮ ਹੋਏ ਜਿਹਨਾਂ

ਨੂੰ ਜ਼ਿੰਮੀਦਾਰਾਂ ਤੇ ਬੇਜ਼ਮੀਨੇ ਕਿਸਾਨਾਂ ਵਿਚਾਲੇ ਜਮਾਤੀ ਸੰਘਰਸ਼ ਮੰਨਿਆ ਜਾਂਦਾ ਹੈ। ਸੰਨ 1980 ਅਤੇ 90 ਦੇ ਦਹਾਕੇ 'ਚ ਮੋਹਰੀ ਜਾਤ ਦੇ ਜ਼ਿੰਮੀਦਾਰਾਂ ਦੀਆਂ ਜ਼ਿਆਦਤੀਆਂ ਦਾ ਜੁਆਬ ਦੇਣ ਲਈ ਮਾਓਵਾਦੀਆਂ ਨੇ ਮੱਧ ਬਿਹਾਰ 'ਚ ਆਪਣੀ ਜਬਰਦਸਤੀ ਮੌਜੂਦਗੀ ਦਰਜ ਕਰਵਾਈ ਤਾਂ ਜੁਆਬ 'ਚ ਜ਼ਿੰਮੀਦਾਰਾਂ ਨੇ ਭੂਮੀ ਸੈਨਾ, ਲੈਰਿਕ ਸੈਨਾ, ਬ੍ਰਹਮ ਰਾਸ਼ੀ ਸੈਨਾ, ਸਤੇਂਦਰ ਸੈਨਾ, ਸਵਰਨ ਲਿਬਰੇਸ਼ਨ ਫਰੰਟ, ਸਨਲਾਈਟ ਸੈਨਾ ਤੇ ਰਣਬੀਰ ਸੈਨਾ, ਵਰਗੇ ਖਾੜਕੂ ਸੰਗਠਨ ਤਿਆਰ ਕਰ ਲਏ। ਲਾਲੂ-ਰਾਬੜੀ ਦੇ ਕਾਰਜਕਾਲ ਦੇ ਅਜ਼ਾਦ ਵਿਸਲੇਸ਼ਕ ਇਸ ਗੱਲ ਤੋਂ ਨਾਂਹ ਨਹੀਂ ਕਰਦੇ ਕਿ ਜ਼ਿੰਮੀਦਾਰਾਂ ਦੇ ਇਹਨਾਂ ਗੁੰਡਾ ਸੰਗਠਨਾਂ ਨੂੰ ਸਰਦਾਰ ਦੀ ਸ਼ਹਿ ਹਾਸਲ ਸੀ। ਦਲਿਤਾਂ-ਮੁਸਲਮਾਨਾਂ ਦੀ ਹਮਦਰਦੀ ਐਮ.ਸੀ.ਸੀ ਤੇ ਪੀਪਲਜ਼ ਵਾਰ ਵਰਗੇ ਪਾਬੰਦੀਸ਼ੁਦਾ ਸੰਗਠਨਾਂ ਦੇ ਨਾਲ ਸੀ। ਮੱਧ ਬਿਹਾਰ 'ਚ ਇਸ ਨਵੇਂ ਸਮੀਕਰਣ ਕਾਰਨ ਗਰੀਬਾਂ ਦੀ ਪਾਰਟੀ ਹੋਣ ਦਾ ਦਾਅਵਾ ਕਰਨ ਵਾਲੇ ਦਲਾਂ ਦਾ ਜਨਤਕ ਅਧਾਰ ਖਿਸਕ ਰਿਹਾ ਸੀ। ਸ਼ਾਇਦ ਇਹ ਵਜ੍ਹਾ ਸੀ ਕਿ ਰਣਬੀਰ ਸੈਨਾ ਵਰਗੇ ਸੰਗਠਨਾਂ ਨੂੰ ਬੇਲਗਾਮ ਛੱਡ ਦਿੱਤਾ ਗਿਆ। ਇਸ ਤੋਂ ਇਲਾਵਾ ਭੂਮੀ ਸੁਧਾਰ ਕਾਨੂੰਨ ਨੂੰ ਕਰੜਾਈ ਨਾਲ ਲਾਗੂ ਕਰਨ ਦੀ ਕੋਈ ਕੋਸ਼ਿਸ਼ ਨਹੀਂ ਕੀਤੀ ਗਈ। ਕਿਹਾ ਜਾਂਦਾ ਹੈ ਕਿ ਲਾਲੂ-ਰਾਬੜੀ ਸਰਕਾਰ ਨੇ ਆਪਣੇ ਕਾਰਜਕਾਲ ਸਮੇਂ ਭੂਦਾਨ, ਗੈਰ-ਮਜਰੂਆ ਤੇ ਟਾਂਡ ਜ਼ਮੀਨ ਬੇਜ਼ਮੀਨਿਆਂ 'ਚ ਵੰਡ ਦਿਤੀ ਹੁੰਦੀ ਤਾਂ ਬਥਾਨੀ ਟੱਲਾ (1996) ਲਕਸ਼ਮਣਪੁਰ ਬਾਥੇ (1997), ਸ਼ੰਕਰ ਬਿਘਹਾ (1999) ਤੇ ਮਿਆਂਪੁਰ (2000) ਵਰਗੇ ਕਤਲੇਆਮਾਂ ਤੋਂ ਬਚਿਆ ਜਾ ਸਕਦਾ ਸੀ। ਜਿਹਨਾਂ ਦੀ ਜੜ੍ਹ 'ਚ ਜ਼ਮੀਨੀ ਝਮੇਲਾ ਹੀ ਸੀ। ਨਵੰਬਰ 2005 'ਚ ਜਦ ਨਿਤੀਸ਼ ਸਰਕਾਰ ਬਣੀ ਤਾਂ ਲੋਕਾਂ ਨੂੰ ਇਹ ਉਮੀਦ ਸੀ ਕਿ ਉਹ ਬਿਹਾਰ 'ਚ ਜ਼ਿੰਮੀਦਾਰਾਂ ਤੇ ਭੂਮੀ ਹੀਣਾਂ ਦੇ ਜਮਾਤੀ ਸੰਘਰਸ਼ ਨੂੰ ਖਤਮ ਕਰਨ ਦੀ ਦਿਸ਼ਾ 'ਚ ਕੋਈ ਕਾਰਗਰ ਕਦਮ ਚੁਕਣਗੇ। ਪਰ ਇਹ ਸਰਕਾਰ ਵੀ ਕੋਈ ਠੋਸ ਫੈਸਲਾ ਨਹੀਂ ਲੈ ਸਕੀ। ਬੰਘੋਪਾਧਾਇਆ ਸੰਮਤੀ ਦੀ ਰੀਪੋਟ 'ਚ ਕੀਤੀਆਂ ਸਿਫ਼ਾਰਸ਼ਾਂ ਅਨੁਸਾਰ ਬਟਾਈਦਾਰ ਨੂੰ ਹੀ ਜ਼ਮੀਨ ਦੇ ਅਸਲੀ ਮਾਲਕ ਕਰਾਰ ਦੇਣ ਦੀ ਸਰਕਾਰੀ ਯੋਜਨਾ ਦੀ ਆਹਟ ਮਿਲਦੇ ਹੀ ਜ਼ਿੰਮੀਦਾਰਾਂ ਨੇ ਆਪਣੀ ਰਣਨੀਤੀ ਬਦਲ ਲਈ ਹੈ।

ਉਹਨਾਂ ਨੇ ਬਟਾਈਦਾਰਾਂ ਤੋਂ ਆਪਣੀ ਜ਼ਮੀਨ ਵਾਪਸ ਲੈਣੀ ਸ਼ੁਰੂ ਕਰ ਦਿਤੀ ਹੈ। ਹੁਣ ਮੁਸੀਬਤ ਇਹ ਹੈ ਕਿ ਗਰੀਬ ਕਿਸਾਨਾਂ ਕੋਲ ਨਾ ਤਾਂ ਜ਼ਿੰਮੀਦਾਰਾਂ ਦੀ ਜ਼ਮੀਨ ਤੇ ਖੇਤੀ ਕਰਕੇ ਆਪਣਾ ਜੀਵਨ ਗੁਜਾਰਨ ਦਾ ਜ਼ਰੀਆ ਬਚਿਆ ਹੈ ਤੇ ਨਾ ਹੀ ਸਰਕਾਰ ਉਹਨਾਂ ਨੂੰ ਭੂ-ਦਾਨ ਦੀ ਜ਼ਮੀਨ 'ਤੇ ਕਬਜ਼ਾ ਦਿਵਾਉਣ 'ਚ ਸਮਰਥ ਹੈ। ਕੁਝ ਲੋਕ ਇਸ ਨੂੰ ਰਾਜਸੀ ਬੰਦਸ਼ ਮੰਨਦੇ ਹਨ ਤੇ ਕੁਝ ਲੋਕ ਹਕੂਮਤ 'ਚ ਇੱਛਾ ਸ਼ਕਤੀ ਦੀ ਘਾਟ। ਅਜੇਹੇ 'ਚ ਬੇਜ਼ਮੀਨਿਆਂ ਪਾਸ ਬਦਲ ਦੀ ਐਸੀ ਬਦਨਸੀਬੀ ਮੂੰਹ ਅੱਡੀ ਖੜੀ ਹੈ। ਜਿਸ ਕਾਰਨ ਉਹਨਾਂ ਮੂਹਰੇ ਭੁੱਖੇ ਮਰਨ ਜਾਂ ਫਿਰ ਸੰਘਰਸ਼ ਕਰਨ ਦਾ ਹੀ ਰਾਹ ਬਚਿਆ ਹੈ। ਇਕ ਪੁਰਾਣੇ ਭੋਜਪੁਰੀ ਗੀਤ ਦੀਆਂ ਦੋ ਪੰਗਤੀਆਂ ਨਾਲ ਬੇਜ਼ਮੀਨਿਆਂ ਦਾ ਦਰਦ ਸਮਝਿਆ ਜਾ ਸਕਦਾ ਹੈ:-

*ਪੁਲਸ ਕੇਕਰ, ਮਿਲਟਰੀ ਕੇਕਰ, ਕੇਕਰ ਥਾਣਾ, ਕਚਹਿਰੀ ਕੇਕਰ।*
*ਹਮ ਭਅਨੀ ਕੌਡੀ ਦੇ ਤਿੰਨ, ਫਟਕਾਰੀ ਕੇਕਰਾਂ ਨਾਮੇ ਜ਼ਮੀਨ,*
*ਕੇਕਰਾ ਨਾਮੇ ਜ਼ਮੀਨ।*

# ਕੀ ਨਕਸਲੀ ਅੰਦੋਲਨ ਦੇਸ਼ 'ਚ ਲੋਕ ਰਾਜ ਦੀ ਅਣਹੋਂਦ ਕਾਰਨ ਹੈ?

ਕਿਸੇ ਵੀ ਲੋਕ ਰਾਜ 'ਚ ਨੁਮਾਇੰਦਗੀ ਅਹਿਮ ਹੁੰਦੀ ਹੈ। ਸਾਡੀ ਅਬਾਦੀ 121 ਕਰੋੜ ਹੈ ਪਰ ਸੰਸਦ 'ਚ 21 ਕਰੋੜ ਲੋਕ ਜਾ ਨਹੀਂ ਸਕਦੇ। ਸਿਰਫ 543 ਸੰਸਦ ਮੈਂਬਰ ਚੁਣਕੇ ਲੋਕ ਸਭਾ 'ਚ ਜਾਂਦੇ ਹਨ। ਜੇ ਲੋਕ ਰਾਜ 'ਚ ਨੁਮਾਇੰਦਗੀ ਸਹੀ ਨਾ ਹੋਵੇ ਤਾਂ ਉਹ ਲੋਕ ਰਾਜ ਨਹੀਂ ਹੋ ਸਕਦਾ ਭਾਵ ਸਹੀ ਨੁਮਾਇੰਦਗੀ ਲੋਕਤੰਤਰ ਦੀ ਜਾਨ ਹੈ। ਨੁਮਾਇੰਦਗੀ ਲੋਕ ਸਭਾ 'ਚ ਜਾਂਦੀ ਕਿਵੇਂ ਹੈ? ਉਸ ਦੀ ਪ੍ਰਣਾਲੀ ਹੈ ਚੋਣਾਂ। ਇਸ ਪ੍ਰਣਾਲੀ ਰਾਹੀਂ ਨੁਮਾਇੰਦੇ ਚੁਣ ਕੇ ਜਾਂਦੇ ਹਨ। ਪਰ ਚੋਣ ਪ੍ਰਣਾਲੀ ਦੋਸ਼ ਪੂਰਨ ਹੈ ਤਾਂ ਅਸਲੀ ਨੁਮਾਇੰਦਾ ਚੁਣ ਕੇ ਨਹੀਂ ਜਾ ਸਕਦਾ ਤੇ ਉਹ ਲੋਕਾਂ ਦੇ ਪੱਖ 'ਚ ਕੋਈ ਕੰਮ ਨਹੀਂ ਕਰੇਗਾ ਤਾਂ ਫਿਰ ਨੁਮਾਇੰਦਗੀ ਦੀ ਪ੍ਰਣਾਲੀ ਅਸਫਲ ਹੋ ਜਾਂਦੀ ਹੈ ਜਿਸ ਕਾਰਨ ਲੋਕਤੰਤਰ ਝੂਠਾ ਸਾਬਤ ਹੋ ਜਾਂਦਾ ਹੈ।

ਭਾਰਤ 'ਚ ਇਸ ਕਰਕੇ 212 ਜ਼ਿਲ੍ਹਿਆਂ 'ਚ ਨਕਸਲਬਾੜੀ ਅੰਦੋਲਨ ਉਭਰਿਆ। ਇਹ ਲੋਕਰਾਜ ਦੀ ਅਸਫਲਤਾ ਹੈ। ਉਸ ਦਾ ਸਬੂਤ ਹੈ। ਐਸ.ਸੀ, ਐਸ.ਟੀ ਦੇ ਨੁਮਾਇੰਦੇ ਵੀ ਦਲਾਲ ਬਣ ਗਏ ਹਨ। ਇਸ ਕਰਕੇ ਸੰਸਦ 'ਚ ਭ੍ਰਿਸ਼ਟਾਚਾਰ ਤੇ ਬਹਿਸ ਚਲ ਰਹੀ ਹੈ। ਲੋਕਪਾਲ ਦਾ ਡਰਾਮਾ ਰਚਿਆ ਜਾ ਰਿਹਾ ਹੈ। ਨੁਮਾਇੰਦੇ ਉਥੇ ਅੱਛਾ ਕਾਨੂੰਨ ਬਣਾ ਲੈਣਗੇ ਇਸ ਉਪਰ ਲੋਕਾਂ ਦਾ ਵਿਸਵਾਸ਼ ਨਹੀਂ ਹੈ। ਨਹੀਂ ਤਾਂ ਲੋਕ ਭੁੱਖ ਹੜਤਾਲਾਂ ਨਾ ਕਰਦੇ। ਇਸ ਸਭ ਸਾਡੇ ਸਾਹਮਣੇ ਵਾਪਰ ਰਿਹਾ ਹੈ। ਦਲਿਤ ਸਮਾਜ ਦੇ ਲੋਕ ਵੀ ਦਲਿਤਾਂ ਦੀਆਂ ਮੰਗਾਂ ਵੱਲ ਧਿਆਨ ਦੇਣ ਤੋਂ ਨਾਂਹ ਕਰਦੇ ਹਨ ਕਿਉਂਕਿ ਉਹ ਤਾਂ ਬੀ.ਜੇ.ਪੀ ਦੀਆਂ ਵੋਟਾਂ ਨਾਲ ਐਮ.ਪੀ ਬਣੇ ਹਨ। ਇਸ ਤਰ੍ਹਾਂ ਉਹਨਾਂ ਦਾ ਨੁਮਾਇੰਦਿਆਂ ਤੋਂ ਯਕੀਨ ਖਤਮ ਹੋ ਜਾਂਦਾ ਹੈ। ਸੁਪਰੀਮ ਕੋਰਟ ਦੇ ਸਾਬਕਾ ਜੱਜ ਰਾਮਾਸਵਾਮੀ ਨੇ 2500 ਫੈਸਲੇ ਦਿਤੇ। ਦੁਨੀਆਂ ਦੀ ਸਭ ਤੋਂ ਵੱਡੀ ਕੋਰਟ (ਸੁਪਰੀਮ ਕੋਰਟ) ਦੇ ਇਤਿਹਾਸ 'ਚ ਆ ਕੇ ਰਾਮਾਸਵਾਮੀ ਸਭ ਤੋਂ ਵੱਧ ਫੈਸਲੇ ਦੇਣ ਵਾਲੇ ਜੱਜ ਹਨ। ਦੂਜੇ ਨੰਬਰ 'ਤੇ ਗੁਜਰਾਤ ਦਾ ਜੱਜ ਸ਼ਾਹ ਹੈ। ਤੀਜੇ, ਚੌਥੇ ਸਥਾਨ 'ਤੇ ਵੀ ਸਵਰਨਜਾਤੀ (ਬ੍ਰਾਹਮਣ) ਨਹੀਂ ਹਨ। ਰਾਮਾਸਵਾਮੀ ਅਨੁਸੂਚਿਤ ਜਾਤੀ ਦੇ ਹਨ। ਰਾਮਾਸੁਆਮੀ ਨੇ ਦਲਿਤ ਸਾਂਸਦਾਂ ਨੂੰ ਆਪਣੇ ਘਰ ਖਾਣੇ ਤੇ ਬੁਲਾ ਕੇ ਪੁੱਛਿਆ ਕਿ ਰਾਖਵਾਂਕਰਨ ਖਤਮ ਕਰਨ ਲਈ ਜੋ ਕੋਸ਼ਿਸ਼ਾਂ ਹੋ ਰਹੀਆਂ ਹਨ ਤੁਸੀਂ ਲੋਕ ਉਸ ਵਿਰੁਧ ਕੋਈ ਗੱਲ ਕਿਉਂ ਨਹੀਂ ਕਰਦੇ ਕਿਉਂਕਿ ਮੇਰੇ ਦਿਤੇ ਫੈਸਲੇ (ਰਾਖਵੇਂਕਰਨ ਦੇ ਹੱਕ 'ਚ) ਇਸ ਨਾਲ ਖਤਮ ਹੋ ਜਾਣਗੇ। ਇਸ ਮੀਟਿੰਗ 'ਚ 57 ਐਸ.ਸੀ ਸਾਂਸਦ ਸਨ। ਉਹ ਕਹਿ ਰਹੇ ਸੀ ਕਿ ਰਾਖਵੇਂ ਕਰਨ ਦੀ ਗੱਲ ਕਰਨੀ ਹੀ ਛੱਡ ਦਿਉ ਕਿਉਂਕਿ ਰਾਖਵਾਂ ਕਰਨ ਤੋਂ ਖਤਮ ਹੋ ਗਿਆ ਹੈ। ਤੁਸੀਂ ਕੋਈ ਹੋਰ ਗੱਲ ਕਰੋ। ਪਰ ਇਹਨਾਂ ਨੁਮਾਇੰਦਿਆਂ ਨੂੰ ਕੋਈ ਫਰਕ ਨਹੀਂ। ਕਿਸੇ ਦੀ ਸਿਹਤ ਤੇ ਅਸਰ ਨਹੀਂ ਇਥੇ ਪੂਨਾ ਪੈਕਟ ਦਾ ਐਗਰੀਮੈਂਟ ਖਤਮ ਹੋ ਰਿਹਾ ਹੈ। ਜੇ ਦੋ ਪਾਰਟੀਆਂ 'ਚੋਂ ਇਕ ਪਾਰਟੀ ਐਗਰੀਮੈਂਟ ਖਤਮ ਕਰ ਰਹੀ ਹੈ ਤਾਂ ਦੂਜੀ ਪਾਰਟੀ ਦੀ ਸਹਿਮਤੀ ਵੀ ਜ਼ਰੂਰੀ ਹੈ। ਮਤਲਬ ਤੁਹਾਨੂੰ ਤੇ ਸਰਕਾਰ ਨੂੰ ਭਰੋਸੇ 'ਚ ਲੈਣਾ ਪਵੇਗਾ। ਨਿਜੀਕਰਨ ਲਾਗੂ ਕਰਨ ਤੋਂ

ਪਹਿਲਾਂ ਨਿਜੀਕਰਨ 'ਚ ਰਾਖਵਾਂ ਕਰਨ ਲਾਗੂ ਕਰਨਾ ਪਵੇਗਾ। ਇਹ ਉਸ ਨੂੰ ਸਮਝ 'ਚ ਆਵੇਗਾ ਜਿਸ ਨੇ ਪੂਨਾ ਪੈਕਟ ਦੀ ਗੱਲ ਪੜ੍ਹੀ ਹੈ ਤੇ ਉਸ ਦਾ ਇਤਿਹਾਸ ਸਮਝ 'ਚ ਆਵੇਗਾ। ਜੇ ਸਾਡੀ ਨੁਮਾਇੰਦਗੀ ਸਹੀ ਹੋਵੇ ਤਾਂ ਹੀ ਇਹ ਹੋ ਸਕੇਗਾ। ਜੇ ਅਮੀਰ ਬ੍ਰਾਹਮਣਾਂ ਨੇ ਚੋਣਾਂ 'ਚ ਨੁਮਾਇੰਦੇ ਆਪਣੀ ਮਰਜੀ ਨਾਲ ਚੁਣਵਾਏ, ਕਾਨੂੰਨ ਬਣਵਾਏ ਤੇ ਸਾਰੀਆਂ ਸੰਸਥਾਵਾਂ 'ਤੇ ਕਬਜ਼ਾ ਕੀਤਾ ਤਾਂ ਉਸ ਦਾ ਮੂਲ ਕਾਰਨ ਨੁਕਸਦਾਰ ਚੋਣ ਪ੍ਰਣਾਲੀ ਹੈ, ਨੁਕਸਦਾਰ ਸੰਵਿਧਾਨ ਹੈ। ਦੇਵੇਗੌੜਾ ਦੇ ਮੰਤਰੀ ਮੰਡਲ 'ਚ ਗ੍ਰਹਿ ਮੰਤਰੀ ਚੰਦਰ ਭਾਨੂ ਗੁਪਤ (ਜੋ ਕਮਿਊਨਿਸਟ ਪਾਰਟੀ ਦੇ ਜਨਰਲ ਸਕੱਤਰ ਸਨ) ਉਹਨਾਂ ਨੇ ਚੋਣ ਸੁਧਾਰਾਂ ਲਈ ਬਹੁਤ ਪਹਿਲ ਕੀਤੀ ਸੀ। ਪਰ ਪੰਦਰਾਂ ਸਾਲ ਬੀਤ ਗਏ। ਪਰ ਚੋਣ ਸੁਧਾਰ ਲਾਗੂ ਨਹੀਂ ਹੋਏ।

ਸਲਮਾਨ ਖੁਰਸ਼ੀਦ ਨੇ ਚੋਣ ਸੁਧਾਰਾਂ ਦੇ ਏਜੰਡੇ 'ਚ ਰਾਜਨੀਤੀ ਦਾ ਅਪਰਾਧੀਕਰਨ ਦੇ ਮੁੱਦੇ 'ਤੇ ਕਿਹਾ ਕਿ ਗੰਭੀਰ ਕਿਸਮ ਦੇ ਦੋਸ਼ ਜਿਹਨਾਂ ਉਪਰ ਹਨ, ਉਹਨਾਂ 'ਤੇ ਚੋਣ ਲੜਨ ਦੀ ਪਾਬੰਦੀ ਲਾ ਦਿਤੀ ਜਾਵੇ। ਇਸ ਦਾ ਮਤਲਬ ਇਹ ਹੈ ਕਿ ਬ੍ਰਾਹਮਣ ਤੇ ਅਮੀਰਾਂ ਲਈ ਜੋ ਗੱਲਾਂ ਚੋਣਾਂ 'ਚ ਅੜਿਕਾ ਪੈਦਾ ਕਰਦੀਆਂ ਹਨ। ਉਹਨਾਂ ਅੜਿਕਿਆਂ ਲਈ ਚੋਣ ਸੁਧਾਰਾਂ ਦੀ ਗੱਲ ਉਹ ਕਰਦੇ ਹਨ। ਇਸ ਨੂੰ ਚੋਣ ਸੁਧਾਰ ਹੀ ਨਹੀਂ ਕਿਹਾ ਜਾ ਸਕਦਾ। ਜੋ ਸੁਧਾਰ ਕਰਨਾ ਹੈ ਤਾਂ ਬੁਨਿਆਦੀ ਚੋਣ ਸੁਧਾਰ ਕਰਨ ਲਈ ਜੋ ਖੇਤਰੀ ਚੋਣ ਪ੍ਰਣਾਲੀ ਹੈ ਉਸ ਦੀ ਥਾਂ ਸਮਾਜਕ ਚੋਣ ਪ੍ਰਣਾਲੀ ਲਿਆਂਦੀ ਜਾਵੇ। ਖੇਤਰੀ ਚੋਣ ਪ੍ਰਣਾਲੀ ਦੀ ਕਲਪਨਾ ਕਰੋ ਕਿ 200 ਜਾਤੀਆਂ ਦੇ ਲੋਕ ਇਕ ਚੋਣ ਖੇਤਰ 'ਚ ਰਹਿੰਦੇ ਹਨ ਤੇ ਉਸ ਖੇਤਰ ਤੋਂ ਇਕ ਜਾਤੀ ਦਾ ਹੀ ਆਦਮੀ ਚੁਣਿਆ ਜਾਂਦਾ ਹੈ ਅਤੇ 199 ਜਾਤਾਂ ਦੇ ਆਦਮੀ ਨੁਮਾਇੰਦਗੀ ਤੋਂ ਵਾਂਝੇ ਹੋ ਜਾਂਦੇ ਹਨ। ਇਸ ਲਈ ਇਹ ਚੋਣ ਪ੍ਰਣਾਲੀ ਦੋਸ਼ ਪੂਰਨ ਹੈ, ਗੈਰ-ਜਮਹੂਰੀ ਹੈ। 30 ਫੀ ਸਦੀ ਵੋਟਾਂ ਲੈ ਕੇ ਉਮੀਦਵਾਰ ਜਿੱਤ ਜਾਂਦਾ ਹੈ ਤੇ ਉਸ ਵਿਰੁੱਧ 70 ਫੀ ਸਦੀ ਵੋਟਾਂ ਪੈਂਦੀਆਂ ਹਨ। ਜੇ 70 ਫੀ ਸਦੀ ਲੋਕ ਚੁਣੇ ਹੋਏ ਬੰਦੇ ਦੇ ਵਿਰੁੱਧ ਹਨ। ਇਸ ਖੇਤਰੀ ਚੋਣ ਦਾ ਮਤਲਬ ਹੀ ਹੈ ਕਿ ਚੋਣ ਪ੍ਰਣਾਲੀ ਦੇ ਪ੍ਰਬੰਧ 'ਚ ਨੁਕਸ ਹਨ। ਜੇ ਅਨੁਪਾਤਿਕ, ਨੁਮਾਇੰਦਗੀ ਦੀ ਚੋਣ ਪ੍ਰਣਾਲੀ ਹੋਵੇ ਤਾਂ ਸ਼ਾਇਦ ਪੂੰਜੀਵਾਦ 'ਚ ਇਹ ਬੇਹਤਰ ਹੋਵੇ। ਜੇ ਅਨੁਪਾਦਕ ਪ੍ਰਣਾਲੀ ਹੋਵੇ ਤਾਂ ਭਾਰਤ 'ਚ ਕਾਂਗਰਸ ਦਾ ਰਾਜ ਨਹੀਂ ਹੋ ਸਕਦਾ। ਕਾਂਗਰਸ ਸਿਰਫ 30 ਫੀ ਸਦੀ ਲੋਕਾਂ ਦੀ ਨੁਮਾਇੰਦਗੀ ਕਰ ਸਕੇਗੀ ਜਦਕਿ 70 ਫੀ ਸਦੀ ਨੁਮਾਇੰਦੇ ਚੁਣ ਕੇ ਆਉਣਗੇ। ਕਾਂਗਰਸ ਦੇ ਵਿਰੋਧੀ 70 ਫੀ ਸਦੀ ਨੁਮਾਇੰਦਗੀ ਨਾਲ ਆਪਸੀ ਤਾਲਮੇਲ ਕਰਕੇ ਸਰਕਾਰ ਬਣਾ ਸਕਦੇ ਹਨ। ਇਹ ਦੋਸ਼ ਪੂਰਨ ਚੋਣ ਪ੍ਰਣਾਲੀ 'ਚ ਲੋਕਾਂ ਨੂੰ ਨੁਮਾਇੰਦਗੀ ਦੇ ਅਧਿਕਾਰ ਤੋਂ ਵਾਂਝਿਆਂ ਕਰਨ ਦੀਆਂ ਗੱਲਾਂ ਹਨ। ਕਾਂਗਰਸ ਦੀ ਜੋ ਬੇਲਗਾਮ ਨੁਮਾਇੰਦਗੀ ਸੰਵਿਧਾਨ 'ਚ ਸੀ, ਉਸ ਨਾਲ ਜੋ ਨੁਮਾਇੰਦੇ ਲਾਇਕ ਬਣਨ ਵਾਲੇ ਨਹੀਂ ਸਨ ਉਹ ਵੀ ਨੁਮਾਇੰਦੇ ਬਣੇ ਤੇ ਇਸ ਤਰ੍ਹਾਂ ਬਣੀ ਪਾਰਲੀਮੈਂਟ ਨੂੰ ਸੁਪਰੀਮ ਬਣਾਇਆ ਗਿਆ। ਸਮਾਜਕ ਨੁਮਾਇੰਦਗੀ ਦੇ ਅਧਾਰ 'ਤੇ ਚੋਣ ਪ੍ਰਣਾਲੀ ਲਾਗੂ ਕਰਨ ਨਾਲ ਲੜਾਕੂ ਲੋਕ ਵੀ ਚੁਣ ਕੇ ਜਾ ਸਕਦੇ ਹਨ ਤੇ ਸਮਸਿਆਵਾਂ ਬੇਹਤਰ ਢੰਗ ਨਾਲ ਪੇਸ਼ ਕਰਕੇ ਵੱਧ ਤੋਂ ਵੱਧ ਹੱਲ ਕੱਢ ਸਕਦੇ ਹਨ। ਪਰ ਚੋਣ ਸੁਧਾਰਾਂ ਦਾ ਪ੍ਰੋਗਰਾਮ ਚਲਾਇਆ ਹੀ ਨਹੀਂ ਗਿਆ, ਉਹ ਤਾਂ ਸਿਰਫ ਚਰਚਾ ਕਰ ਰਹੇ ਹਨ। ਸਾਡੇ ਲੋਕਾਂ ਨੂੰ ਰਾਜਨੀਤੀ

ਸਮਝ 'ਚ ਨਹੀਂ ਆਉਂਦੀ। ਜਦ ਖਬਰ ਆਉਂਦੀ ਹੈ ਕਿ ਚਰਚਾ ਹੋ ਰਹੀ ਹੈ, ਅਸੀਂ ਸਮਝਦੇ ਹਾਂ ਸੁਧਾਰ ਹੋ ਰਿਹਾ ਹੈ ਤੇ ਸਾਨੂੰ ਕੁਝ ਕਰਨ ਦੀ ਲੋੜ ਨਹੀਂ ਹੈ। ਲੋਕ ਕੁਝ ਵੀ ਨਾ ਕਰਨ ਤੇ ਸੰਘਰਸ਼ ਚਲੇ ਹੀ ਨਾ। ਜਦ ਸੰਘਰਸ਼ ਨਹੀਂ ਹੁੰਦਾ ਤਾਂ ਸਰਕਾਰ ਸਿਰਫ ਬਿਆਨ ਦਿੰਦੀ ਰਹਿੰਦੀ ਹੈ। ਮੌਜੂਦਾ ਚੋਣ ਪ੍ਰਣਾਲੀ ਉਚ ਵਰਗ (ਬ੍ਰਾਹਮਣਵਾਦੀ ਜਮਾਤ) ਦੇ ਦਾਬੇ ਨੂੰ ਬਣਾਈ ਰਖਣ ਵਾਲੀ ਹੈ। ਇਸ ਤਬਦੀਲੀ ਲਈ ਪਿੰਡ-ਪਿੰਡ ਜਥੇਬੰਦੀ ਬਣੇ ਅੰਦੋਲਨ ਦੇਸ਼ ਵਿਆਪੀ ਹੋਵੇ। ਜੇ ਉਹ ਲੋਕ ਸੁਧਾਰ ਨਹੀਂ ਲਿਆ ਸਕਦੇ ਤਾਂ ਸਾਨੂੰ ਚਾਹੀਦਾ ਹੈ ਕਿ ਉਹਨਾਂ ਨੂੰ ਹੀ ਸੁਧਾਰ ਦੇਈਏ ਜਾਂ ਫਿਰ ਉਹਨਾਂ ਨੂੰ ਸਵਰਗ 'ਚ ਸੁਧਾਰ ਦੇਈਏ।

# ਤਕਨੀਕੀ ਕਾਰਨਾਂ ਕਰਕੇ ਦੋਸ਼ੀ ਬਰੀ ਕਿਉਂ ਹੋਣ? (ਦੇਰੀ ਜਾਂ ਹਨੇਰਗਰਦੀ)

ਕਤਲੇਆਮ ਦੀ ਜਾਂਚ ਤੇ ਨਿਆਂਇਕ ਸੁਣਵਾਈ 'ਚ ਲੋੜੋਂ ਵੱਧ ਦੇਰੀ ਹੋਣ ਕਰਕੇ ਸਜ਼ਾ ਦਾ ਅਮਲ ਬੁਰੀ ਤਰ੍ਹਾਂ ਪ੍ਰਭਾਵਿਤ ਹੁੰਦਾ ਹੈ ਅਤੇ ਦੋਸ਼ੀ ਤਕਨੀਕੀ ਕਾਰਨਾਂ ਕਰਕੇ ਬਰੀ ਹੋਣ 'ਚ ਸਫ਼ਲ ਹੋ ਜਾਂਦੇ ਹਨ। ਸੱਚ ਤਾਂ ਇਹ ਹੈ ਕਿ ਬਿਹਾਰ 'ਚ ਲੰਮੇ ਸਮੇਂ ਤੋਂ ਜਮਾਤੀ ਲੜਾਈ ਚਲਦੀ ਆ ਰਹੀ ਹੈ ਪਰ 80 ਦੇ ਦਹਾਕੇ ਤੋਂ ਇਹ ਖ਼ੂਨੀ ਸੰਘਰਸ਼ 'ਚ ਬਦਲ ਗਈ ਜੋ ਅਗਲੇ 15 ਸਾਲਾਂ ਤਕ ਬੇਰੋਕ ਚਲਦੀ ਰਹੀ। ਮੱਧ ਬਿਹਾਰ 'ਚ ਇਸ ਦਾ ਭਿਅੰਕਰ ਰੂਪ ਵੇਖਣ ਨੂੰ ਮਿਲਿਆ ਹੈ ਤੇ ਵੱਡੇ ਪੈਮਾਨੇ 'ਤੇ ਜਾਨਾਂ ਗਈਆਂ ਹਨ। ਸੰਨ 1980 ਤੋਂ 2000 ਵਿਚਕਾਰ ਮੱਧ ਬਿਹਾਰ 'ਚ 15 ਵੱਡੇ ਕਤਲੇਆਮ ਹੋਏ। ਇਸ ਸੰਘਰਸ਼ 'ਚ ਇਕ ਪਾਸੇ ਅਜਿਹੇ ਲੋਕ ਹਨ ਜਿਹਨਾਂ ਕੋਲ ਸਾਰੇ ਵਸੀਲੇ ਹਨ ਤਾਂ ਦੂਜੇ ਪਾਸੇ ਮਜ਼ਦੂਰ ਜਮਾਤ ਸੀ ਜਿਸ ਦੀ ਅਗਵਾਈ ਖਾੜਕੂ ਜਥੇਬੰਦੀਆਂ ਕਰਦੀਆਂ ਸਨ। ਗਰੀਬ ਤੇ ਲੋੜਾਂ ਦੀ ਪੂਰਤੀ ਤੋਂ ਵਾਂਝੇ ਵਰਗ ਦੇ ਲੋਕਾਂ ਨੇ ਜਦ ਜਥੇਬੰਦ ਹੋ ਕੇ ਖੁਸ਼ਹਾਲ ਤੇ ਖਾਂਦੀ ਪੀਂਦੀ ਜਮਾਤ ਨੂੰ ਚਣੌਤੀ ਦਿੱਤੀ ਹੋਈ ਹੈ ਤਾਂ ਉਹਨਾਂ ਨੇ ਵੀ ਆਪਣੇ ਹਥਿਆਰਾਂ ਦੀ ਵਰਤੋਂ ਲਈ ਦਸਤੇ ਖੜ੍ਹੇ ਕਰ ਲਏ। ਹਿੰਸਾ-ਮੋੜਵੀਂ ਹਿੰਸਾ ਦਾ ਦੌਰ ਸ਼ੁਰੂ ਹੋ ਗਿਆ। ਸੁਆਲ ਹੈ ਕਿ ਆਖਰ ਕੀ ਕਾਰਨ ਸਨ ਕਿ ਸਰਕਾਰ ਕਤਲੇਆਮ ਨੂੰ ਰੋਕ ਨਹੀਂ ਸਕੀ। ਇਹਨਾਂ ਖ਼ੂਨੀ ਸੰਘਰਸ਼ਾਂ ਦੀਆਂ ਗੰਭੀਰ ਰਾਜਸੀ, ਆਰਥਕ ਤੇ ਸਮਾਜਕ ਜੜ੍ਹਾਂ ਹਨ, ਕਾਰਨ ਸਨ ਪਰ ਕੁਝ ਪ੍ਰਾਸ਼ਕੀ ਕਾਰਨ ਵੀ ਹਨ। ਅਕਸਰ ਕਤਲੇਆਮ ਅਜੇਹੇ ਇਲਾਕੇ 'ਚ ਹੁੰਦੇ ਸਨ ਜਿਥੇ ਪ੍ਰਸ਼ਾਸਨਿਕ ਮਸ਼ੀਨਰੀ ਦੀ ਪਹੁੰਚ ਨਹੀਂ ਸੀ। ਅਜੇਹੇ ਇਲਾਕੇ ਥਾਂਣਿਆਂ ਤੇ ਸੜਕਾਂ ਤੋਂ ਕਾਫੀ ਦੂਰ ਹੁੰਦੇ ਸਨ। ਘਟਨਾ ਵਾਲੀ ਥਾਂ 'ਤੇ ਪਹੁੰਚਣ ਲਈ ਘੰਟਿਆਂ ਬੱਧੀ ਪੈਦਲ ਚਲਣਾ ਪੈਂਦਾ ਸੀ। ਜਦੋਂ ਕਾਂਡ ਹੋ ਜਾਂਦਾ ਉਦੋਂ ਸਰਕਾਰੀ ਅਮਲਾ ਨਹੀਂ ਪੁਜਦਾ ਸੀ। ਘਟਨਾਵਾਂ ਪਿਛੋਂ ਮੁਆਵਜਿਆਂ ਤੇ ਕਲਿਆਣਕਾਰੀ ਯੋਜਨਾਵਾਂ ਦੀਆਂ ਗੱਲਾਂ ਕਰਕੇ ਮਿੱਟੀ ਪਾ ਦਿੱਤੀ ਜਾਂਦੀ ਸੀ। ਕਹਿਣ ਤੋਂ ਭਾਵ ਸਰਕਾਰਾਂ ਵਲੋਂ ਘਟਨਾਵਾਂ ਨੂੰ ਢੱਕਣ ਦੀ ਕੋਸ਼ਿਸ਼ ਕੀਤੀ ਜਾਂਦੀ ਸੀ ਤੇ ਫਿਸ ਸਭ ਕੁਝ ਭੁਲਾ ਦਿੱਤਾ ਜਾਂਦਾ ਸੀ। ਕਤਲੇਆਮ ਦੇ ਬੁਨਿਆਦੀ ਕਾਰਨਾਂ 'ਚ ਜਾਣ ਦੀ ਕੋਸ਼ਿਸ਼ ਨਹੀਂ ਕੀਤੀ ਜਾਂਦੀ ਸੀ। ਸ਼ਾਇਦ ਖੁਸ਼ਹਾਲ ਜਮਾਤ ਵਲੋਂ ਕਤਲੇਆਮ ਨੂੰ ਸਰਕਾਰ ਹੱਲਾਸ਼ੇਰੀ 'ਤੇ ਸ਼ਹਿ ਦਿੰਦੀ ਰਹੀ ਹੋਵੇ।

ਦੋਸ਼ੀਆਂ ਨੂੰ ਜਿਥੋਂ ਤਕ ਸਜ਼ਾ ਦਿਵਾਉਣ ਦੀ ਗੱਲ ਹੈ ਇਸ 'ਚ ਅਨੇਕਾਂ ਖਾਮੀਆਂ ਹਨ। ਜਾਂਚ ਤੇ ਨਿਆਂ ਅਮਲ ਦੀ ਦੇਰੀ ਸਭ ਤੋਂ ਵੱਡੀ ਖਾਮੀ ਹੈ। ਦੇਰ ਨਾਲ ਮਿਲਣ ਵਾਲੇ ਇਨਸਾਫ ਦਾ ਮਤਲਬ ਇਨਸਾਫ ਦਾ ਨਾਂ ਹੋਣਾ ਹੈ। ਕਤਲੇਆਮ ਦੇ ਕੇਸਾਂ 'ਚ ਨਿਆਂ ਅਮਲ ਦੀ ਦੇਰੀ ਨੇ ਮੁਕੱਦਮਿਆਂ ਨੂੰ ਬੁਰੀ ਤਰ੍ਹਾਂ ਪ੍ਰਭਾਵਿਤ ਕੀਤਾ ਹੈ। ਦੇਰੀ ਹੋਣ ਨਾਲ ਸਬੂਤ ਘਟਦੇ ਤੇ ਕੰਮਜ਼ੋਰ ਹੁੰਦੇ ਜਾਂਦੇ ਹਨ। ਬਹੁਤ ਸਾਰੇ ਸਬੂਤ ਗੁੰਮ ਜਾਂ ਨਸ਼ਟ ਵੀ ਹੋ ਜਾਂਦੇ ਹਨ। ਦੋਸ਼ੀਆਂ ਨੂੰ ਫਰਾਰ ਹੋਣ ਦਾ ਮੌਕਾ ਮਿਲ ਜਾਂਦਾ ਹੈ। ਇਸ ਦੌਰਾਨ ਦੋਸ਼ੀਆਂ ਦੀ ਮੌਤ ਤਕ ਹੋ ਜਾਂਦੀ ਹੈ। ਗਵਾਹ ਵੀ ਪ੍ਰਭਾਵਿਤ ਹੁੰਦੇ ਹਨ। ਕੁਝ ਟੁੱਟ ਜਾਂਦੇ ਹਨ। ਕੁਝ ਲੋਭ, ਲਾਲਚ ਜਾਂ ਡਰ ਦਾ ਸ਼ਿਕਾਰ ਹੋ ਜਾਂਦੇ ਹਨ।

ਗਵਾਹੀ ਦੀ ਯਾਦਦਾਸਤ ਵੀ ਪੁਰਾਣੀ ਪੈ ਜਾਂਦੀ ਹੈ। ਬਥਾਨੀ ਟੋਲਾ ਕਤਲੇਆਮ ਨੂੰ ਹੀ ਵੇਖੋ ਤਾਂ ਹਾਈਕੋਰਟ ਤੋਂ ਜੋ ਫੈਸਲਾ ਆਇਆ ਹੈ, ਉਸ 'ਚ 16 ਸਾਲ ਲੱਗ ਗਏ ਹਨ। ਏਨੇ ਸਾਲਾਂ 'ਚ ਮੁਕੱਦਮੇ ਨਾਲ ਜੁੜੇ ਬਹੁਤ ਸਾਰੇ ਸਬੂਤ ਤੇ ਗਵਾਹ ਘੱਟ ਹੋ ਗਏ ਜਾਂ ਨਸ਼ਟ ਹੋ ਗਏ ਹਨ। ਬਥਾਨੀ ਟੋਲਾ ਕਤਲੇਆਮ ਦੇ ਦੋਸ਼ੀ ਕਿਹੜੇ ਕਾਰਨਾਂ ਕਰਕੇ ਬਰੀ ਹੋਏ? ਉਹਨਾਂ 'ਤੇ ਦੋਸ਼ ਕਿਉਂ ਨਹੀਂ ਸਾਬਤ ਹੋ ਸਕੇ ਆਦਿ ਸੁਆਲਾਂ ਦਾ ਸਟੀਕ ਜੁਆਬ ਤਾਂ ਮੁਕੱਦਮੇ ਨਾਲ ਜੁੜੇ ਵਕੀਲ ਜਾਂ ਨਿਆਂਇਕ ਮਾਹਰ ਹੀ ਦੇ ਸਕਦੇ ਹਨ ਪਰ ਮੋਟੇ ਤੌਰ 'ਤੇ ਕਿਹਾ ਜਾ ਸਕਦਾ ਹੈ ਕਿ ਅਜੇਹੇ ਮਾਮਲਿਆਂ ਪਿਛੇ ਬਹੁਤੀ ਵਾਰੀ ਤਕਨੀਕੀ ਕਾਰਨ ਹੀ ਹੁੰਦੇ ਹਨ। ਕਾਨੂੰਨ ਦੀਆਂ ਤਕਨੀਕੀ ਖਾਮੀਆਂ ਦਾ ਲਾਭ ਅਕਸਰ ਦੋਸ਼ੀਆਂ ਨੂੰ ਮਿਲਦਾ ਰਿਹਾ ਹੈ। ਇਹ ਅਦਾਲਤ ਨਹੀਂ ਬਲਕਿ ਸਰਕਾਰ ਤੇ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ ਕਿ ਉਹ ਅਜੇਹੀ ਸਥਿਤੀ ਨੂੰ ਰੋਕੇ। ਪਿਛਲੇ ਸਾਲਾਂ 'ਚ ਰਾਜ 'ਚ ਕਾਨੂੰਨੀ-ਵਿਵਸਥਾ ਦੀ ਹਾਲਤ 'ਚ ਸੁਧਾਰ ਹੋਇਆ ਹੈ। ਰਾਜਸੀ ਬਦਲਾਅ ਦੇ ਕਾਰਨ ਪ੍ਰਸ਼ਾਸਨਿਕ ਤੌਰ ਤਰੀਕਿਆਂ 'ਚ ਬਦਲਾਅ ਆਇਆ ਹੈ। ਸਭ ਤਰੱਕੀਆਂ ਦੇ ਬਾਵਜੂਦ ਕਤਲੇਆਮਾਂ ਦੀ ਸਥਿਤੀ 'ਚ ਕੋਈ ਸੁਧਾਰ ਨਹੀਂ ਹੋਇਆ ਹੈ। ਮਾਮਲਿਆਂ ਦੇ ਨਿਪਟਾਰੇ ਨਿਰਾਸ਼ਾਜਨਕ ਹਨ। ਬਥਾਨੀ ਟੋਲੇ 'ਚ ਦਿਨ ਦਿਹਾੜੇ 22 ਲੋਕਾਂ ਦਾ ਕਤਲ ਹੋਇਆ ਸੀ। ਕਾਂਡ 'ਚ ਕਈ ਲੋਕ ਸ਼ਾਮਲ ਰਹੇ ਹੋਣਗੇ। ਕਾਨੂੰਨ 'ਤੇ ਲੋਕਾਂ ਦਾ ਭਰੋਸਾ ਬਣਿਆ ਰਹੇ ਇਸ ਲਈ ਜ਼ਰੂਰੀ ਹੈ ਕਿ ਕਾਤਲਾਂ ਦੀ ਸ਼ਨਾਖ਼ਤ ਹੋਵੇ ਤੇ ਉਹਨਾਂ ਨੂੰ ਸਜ਼ਾ ਮਿਲੇ। ਜੇ ਕੋਈ ਨਵਾਂ ਤੱਥ (ਸਬੂਤ) ਸਾਹਮਣੇ ਆਉਂਦਾ ਹੈ ਤਾਂ ਸਰਕਾਰ ਪੂਰੇ ਮਾਮਲੇ ਦੀ ਫਿਰ ਤੋਂ ਜਾਂਚ ਕਰਵਾ ਸਕਦੀ ਹੈ। ਨਵੇਂ ਸਬੂਤ ਤੇ ਗਵਾਹ ਲੱਭੇ ਜਾ ਸਕਦੇ ਹਨ। ਮੁਹਿੰਮ ਚਲਾ ਕੇ ਫ਼ਰਾਰ ਦੋਸ਼ੀਆਂ ਨੂੰ ਫੜਿਆ ਜਾ ਸਕਦਾ ਹੈ, ਅਜੇਹੇ ਕੇਸਾਂ ਦੀ ਜਾਂਚ ਤੇ ਪੁਲਸ ਖੋਜ਼ ਸਬੰਧੀ ਜੋ ਕਨੂੰਨ ਹਨ ਉਹਨਾਂ ਦੀਆਂ ਤਕਨੀਕੀ ਖਾਮੀਆਂ ਦੂਰ ਕਰਨ ਲਈ ਕਨੂੰਨ 'ਚ ਬਦਲਾਅ ਕੀਤੇ ਜਾ ਸਕਦੇ ਹਨ। ਜਿਸ ਤਰ੍ਹਾਂ ਅਪਰਾਧੀਆਂ ਨੂੰ ਲੋੜੀਂਦੀ ਸਜ਼ਾ ਦਿਵਾਉਣ ਲਈ ਫਾਸਟ-ਟ੍ਰੈਕ ਅਦਾਲਤਾਂ ਦਾ ਗਠਨ ਕੀਤਾ ਗਿਆ ਸੀ, ਉਸ ਤਰ੍ਹਾਂ ਕਤਲੇਆਮ ਦੇ ਦੋਸ਼ੀਆਂ ਨੂੰ ਸਜ਼ਾ ਦਿਵਾਉਣ ਲਈ ਫਾਸਟ-ਟ੍ਰੈਕ ਕੋਰਟਾਂ ਬਣਾਈਆਂ ਜਾ ਸਕਦੀਆਂ ਹਨ। ਚਾਹੇ ਜਿੰਨਾ ਵੀ ਪੈਸਾ ਲੱਗੇ ਸਰਕਾਰ ਨੂੰ ਵਧੀਆ ਤੋਂ ਵਧੀਆ ਵਕੀਲ ਰਖਣੇ ਚਾਹੀਦੇ ਹਨ। ਮੁਕੱਦਮੇ ਨੂੰ ਪੂਰੀ ਪ੍ਰਤੀਵੱਧਤਾ ਨਾਲ ਲੜਨਾ ਚਾਹੀਦਾ ਹੈ। ਦੋਸ਼ੀ ਵਿਅਕਤੀ ਤਕਨੀਕੀ ਕਾਰਨਾਂ ਦਾ ਫਾਇਦਾ ਉਠਾ ਕੇ ਬਰੀ ਹੋ ਜਾਂਦੇ ਹਨ। ਇਹ ਠੀਕ ਨਹੀਂ ਹੈ। ਬਥਾਨੀ ਟੋਲਾ ਦਾ ਮਾਮਲਾ ਜੇ ਸੁਪਰੀਮ ਕੋਰਟ 'ਚ ਜਾਂਦਾ ਹੈ ਤਾਂ ਅਜੇ ਹੋਰ ਕਿੰਨਾ ਸਮਾਂ ਲੱਗੇਗਾ, ਇਹ ਕਹਿਣਾ ਮੁਸ਼ਕਲ ਹੈ। ਬਥਾਨੀ ਟੋਲਾ ਹੀ ਨਹੀਂ, ਸ਼ੰਕਰ-ਬਿਗਹਾ, ਸੇਨਾਰੀ, ਮਿਆਂਪੁਰ ਵਰਗੇ ਸਾਰੇ ਮਾਮਲਿਆਂ ਵਿਚ ਵੀ ਉਸੇ ਨਜ਼ਰੀਆ ਨਾਲ ਵੇਖਣਾ ਚਾਹੀਦਾ ਹੈ ਅਤੇ ਤਵਾਰਿਤ ਨਿਆਂ ਦੇ ਉਪਾਅ ਖੋਜਣੇ ਚਾਹੀਦੇ ਹਨ। ਜੇ ਦੋਸ਼ੀ ਬਚਦੇ ਰਹਿਣਗੇ ਤਾਂ ਉਹਨਾਂ ਦਾ ਹੌਂਸਲਾ ਵਧੇਗਾ। ਉਹਨਾਂ ਨੂੰ ਲੱਗੇਗਾ ਕਿ ਉਹਨਾਂ ਦਾ ਕੋਈ ਕੁਝ ਨਹੀਂ ਵਿਗਾੜ ਸਕਿਆ। ਇਸ ਦੇ ਉਲਟ ਪੀੜਤ ਸਮੂਹ 'ਚ ਬੇਚੈਨੀ ਤੇ ਰੋਹ ਵਧੇ ਫੁਲੇਗਾ, ਪੁਰਾਣੀ ਬਦਲਾਖੋਰੀ ਵਾਪਸ ਆ ਜਾਵੇਗੀ ਤੇ ਖ਼ੂਨੀ ਸੰਘਰਸ਼ ਦੇ ਫਿਰ ਪਰਤ ਆਉਣ ਦਾ ਡਰ ਵੀ ਵਧੇਗਾ।